## Start CDL TRAINING

**Become Professional Truck Driver**

www.cdlstart.com
startcdl@gmail.com

**(844) 227-2162**

**We speak Hindi and English**

START CDL TRAINING



**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com

**Midland Realty Group-Company You Trust**



*Kamaljeet Kaur*

*Mortgage rates available from 2.1% to 3%*



Twenty-Second Year of Publication

*ਨਿਊ ਯਾਰਕ ਐਡੀਸ਼ਨ* Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 01, January 1, 2022 20451 N. Plum Grove Rd., Palatine, IL 60074 Ph:847-359-0746, Fax:847-705-9388


# ਸਿਆਸੀ ਧਿਰਾਂ ਦੀ ਗਿਣਤੀ-ਮਿਣਤੀ ਹਿੱਲੀ

## ਕਿਸਾਨ ਜਥੇਬੰਦੀਆਂ ਦੇ ਸਿਆਸੀ ਮੈਦਾਨ ਵਿਚ ਕੁੱਦਣ ਨਾਲ ਨਵੀਂ ਸਫਬੰਦੀ ਦੇ ਸੰਕੇਤ

**ਚੰਡੀਗੜ੍ਹ:** ਪੰਜਾਬ ਵਿਚ ਵਿਧਾਨ ਸਭਾ ਚੋਣਾਂ ਲਈ ਸਿਆਸੀ ਮਾਹੌਲ ਭਖਿਆ ਹੋਇਆ ਹੈ। ਚਰਚਾ ਹੈ ਕਿ ਚੋਣ ਕਮਿਸ਼ਨ ਵੱਲੋਂ ਜਨਵਰੀ ਮਹੀਨੇ ਕਿਸੇ ਵੇਲੇ ਵੀ ਚੋਣਾਂ ਦਾ ਐਲਾਨ ਕੀਤਾ ਜਾ ਸਕਦਾ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਸਰਗਰਮੀਆਂ ਤਾਂ ਦਿਖਾ ਰਹੀਆਂ ਹਨ ਪਰ ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਸੂਬੇ ਦਾ ਸਿਆਸੀ ਦ੍ਰਿਸ਼ ਬਦਲਦਾ ਜਾ ਰਿਹਾ ਹੈ।

ਤਾਜ਼ਾ ਹਾਲਾਤ ਨੇ ਸਿਆਸੀ ਧਿਰਾਂ ਦੀਆਂ ਗਿਣਤੀਆਂ-ਮਿਣਤੀਆਂ ਹਿਲਾਈਆਂ ਹੋਈਆਂ ਹਨ। ਉਮੀਦ ਕੀਤੀ ਜਾ ਰਹੀ ਸੀ ਕਿ ਕਿਸਾਨ ਅੰਦੋਲਨ ਮੁਲਤਵੀ ਹੋਣ ਪਿੱਛੋਂ ਪੰਜਾਬ ਦਾ ਸਿਆਸੀ ਦ੍ਰਿਸ਼ ਤਕਰੀਬਨ ਸਾਫ ਨਜ਼ਰ ਆਉਣ ਲੱਗੇਗਾ ਪਰ ਮੌਜੂਦਾ ਹਾਲਾਤ ਕੁਝ ਹੋਰ ਹੀ ਇਸ਼ਾਰਾ ਕਰ ਰਹੇ ਹਨ। ਦਿੱਲੀ ਫਤਿਹ ਕਰਨ ਪਿੱਛੋਂ ਪੰਜਾਬ ਦੀਆਂ ਕੁਝ ਕਿਸਾਨ ਜਥੇਬੰਦੀਆਂ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਚੋਣ ਮੈਦਾਨ ਵਿਚ ਕੁੱਦ ਪਈਆਂ ਹਨ। ਪੰਜਾਬ ਦੀਆਂ 32 ਵਿਚੋਂ 22 ਕਿਸਾਨ ਜਥੇਬੰਦੀਆਂ ਨੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿਚ ਸੰਯੁਕਤ ਸਮਾਜ ਮੋਰਚਾ ਦੇ ਨਾਮ ਉਤੇ ਨਵੀਂ ਸਿਆਸੀ ਧਿਰ ਦਾ ਐਲਾਨ ਕਰ ਦਿੱਤਾ ਹੈ, ਹਾਲਾਂਕਿ ਕੁਝ ਕਿਸਾਨ ਜਥੇਬੰਦੀਆਂ ਨੇ ਚੋਣਾਂ ਤੋਂ ਦੂਰ ਰਹਿਣ ਦਾ ਐਲਾਨ ਕੀਤਾ ਹੋਇਆ ਹੈ।

ਚੋਣਾਂ ਤੋਂ ਦੂਰ ਰਹਿਣ ਦਾ ਐਲਾਨ ਕਰਨ ਵਾਲੀਆਂ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ), ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨਾਲ ਕਿਸਾਨਾਂ ਦੇ ਨਾਲ-ਨਾਲ ਵੱਡੀ ਗਿਣਤੀ ਮਜ਼ਦੂਰ ਤੇ ਦਲਿਤ ਭਾਈਚਾਰਾ ਜੁੜਿਆ ਹੋਇਆ ਹੈ। ਇਸ ਸੂਰਤ ਵਿਚ 'ਸੰਯੁਕਤ ਸਮਾਜ ਮੋਰਚੇ' ਲਈ ਰਾਹ ਇੰਨੀ ਅਸਾਨ ਨਹੀਂ ਜਾਪ ਰਹੀ।



### ਚੰਡੀਗੜ੍ਹ ਵਿਚ ਜਿੱਤ ਪਿੱਛੋਂ 'ਆਪ' ਦੇ ਹੌਸਲੇ ਬੁਲੰਦ

**ਚੰਡੀਗੜ੍ਹ:** ਚੰਡੀਗੜ੍ਹ ਮਿਊਂਸਪਲ ਕਾਰਪੋਰੇਸ਼ਨ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) 35 ਵਿਚੋਂ 14 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਧਿਰ ਬਣ ਕੇ ਉਭਰੀ ਹੈ। ਭਾਰਤੀ ਜਨਤਾ ਪਾਰਟੀ ਨੇ 12, ਸ਼੍ਰੋਮਣੀ ਅਕਾਲੀ ਦਲ ਨੇ ਇਕ ਅਤੇ ਕਾਂਗਰਸ ਨੇ 8 ਸੀਟਾਂ ਜਿੱਤੀਆਂ ਹਨ। ਆਪ ਵੱਲੋਂ ਇਸ ਸਫਲਤਾ ਨੂੰ ਪੰਜਾਬ ਵਿਧਾਨ ਸਭਾ ਨਾਲ ਜੋੜਿਆ ਜਾ ਰਿਹਾ ਹੈ। 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਚੰਡੀਗੜ੍ਹ 'ਚ ਮਿਲੀ ਸਫਲਤਾ ਦੇ ਆਧਾਰ 'ਤੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਸੰਦਰਭ 'ਚ ਟਿੱਪਣੀ ਕੀਤੀ ਹੈ ਕਿ ਪੰਜਾਬ ਬਦਲਾਉ ਲਈ ਤਿਆਰ ਹੈ ਤੇ ਪਾਰਟੀ ਸੂਬੇ ਵਿਚ ਵਧੀਆ ਪ੍ਰਦਰਸ਼ਨ ਕਰੇਗੀ।

ਉਧਰ, ਕਿਸਾਨ ਅੰਦੋਲਨ ਦੌਰਾਨ ਘਰਾਂ ਵਿਚ ਨੂੜੇ ਭਾਜਪਾ ਆਗੂਆਂ ਨੇ ਇਕਦਮ ਸਰਗਰਮੀਆਂ ਵਧਾ ਦਿੱਤੀਆਂ ਹਨ। ਭਾਜਪਾ ਨੇ ਕੈਪਟਨ ਅਮਰਿੰਦਰ ਸਿੰਘ ਦੀ ਲੋਕ ਕਾਂਗਰਸ ਪਾਰਟੀ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਸੰਯੁਕਤ ਨਾਲ ਗੱਠਜੋੜ ਕਰਕੇ ਪੰਜਾਬ ਵਿਚ ਪੈਰ ਧਰਨ ਦੀ ਕੋਸ਼ਿਸ਼ ਪਿੱਛੋਂ ਹੁਣ ਰਵਾਇਤੀ ਧਿਰਾਂ ਦੇ ਵੱਡੇ ਆਗੂਆਂ ਨੂੰ ਆਪਣੇ ਵੱਲ ਖਿੱਚਣ ਲਈ ਟਿੱਲ ਲਾ ਦਿੱਤਾ ਹੈ। ਕਾਂਗਰਸ ਦੇ ਦੋ ਮੌਜੂਦਾ ਵਿਧਾਇਕ ਫਤਹਿਜੰਗ ਬਾਜਵਾ ਅਤੇ ਬਲਵਿੰਦਰ ਸਿੰਘ ਲਾਡੀ ਨੂੰ ਇਕੋ ਦਿਨ ਭਾਜਪਾ ਵਿਚ ਸ਼ਾਮਲ ਕਰਕੇ ਭਗਵਾ ਧਿਰ ਨੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਸਣੇ ਕਈ ਵੱਡੇ ਆਗੂ ਭਾਜਪਾ ਦਾ ਹਿੱਸਾ ਬਣੇ ਹਨ। ਮੌਜੂਦਾ ਬਣ ਰਹੇ ਮਾਹੌਲ ਪਿੱਛੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ 5 ਜਨਵਰੀ ਨੂੰ ਪੰਜਾਬ ਫੇਰੀ ਪਾਉਣ ਲਈ ਤਿਆਰ ਹਨ। ਫਿਰੋਜ਼ਪੁਰ ਵਿਚ ਵੱਡੀ ਰੈਲੀ ਦੌਰਾਨ ਉਹ ਚੋਣ ਬਿਗਲ ਵਜਾਉਣਗੇ।

ਭਾਜਪਾ ਦਾ ਦਾਅਵਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਕਾਂਗਰਸ, ਅਕਾਲੀ ਦਲ ਦੇ ਵੱਡੀ ਗਿਣਤੀ ਵਿਧਾਇਕ ਤੇ ਵੱਡੇ ਆਗੂ ਉਨ੍ਹਾਂ ਨਾਲ ਆ ਮਿਲਣਗੇ। ਭਾਜਪਾ ਦੀਆਂ ਕੋਸ਼ਿਸ਼ਾਂ ਤੋਂ ਜਾਪ ਰਿਹਾ ਹੈ ਕਿ ਉਹ ਇਸੇ ਵਰ੍ਹੇ ਪੱਛਮੀ ਬੰਗਾਲ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਾਲੀ ਰਣਨੀਤੀ ਨੂੰ ਅੱਗੇ ਕਰ ਰਹੀ ਹੈ। ਜਿਥੇ ਇਸ (ਭਾਜਪਾ) ਨੇ ਚੋਣ ਤੋਂ ਗਿਣਵੇਂ ਦਿਨ ਪਹਿਲਾਂ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਦਰਜਨ ਤੋਂ ਵੱਧ ਵਿਧਾਇਕ ਤੇ ਵੱਡੇ ਆਗੂ ਆਪਣੇ ਵੱਲ ਖਿੱਚ ਲਏ ਸਨ। ਉਸ ਸਮੇਂ ਭਾਵੇਂ ਭਾਜਪਾ ਦੀ ਇਹ ਰਣਨੀਤੀ ਸਫਲ ਨਹੀਂ ਹੋਈ ਤੇ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ ਇਤਿਹਾਸਕ ਫਤਿਹ ਹਾਸਲ ਕੀਤੀ ਪਰ ਭਗਵਾ ਧਿਰ ਦਾ ਇਹ ਰੰਗ ਦੇਖ ਕੇ ਵਿਰੋਧੀ ਧਿਰਾਂ ਦੇ ਪੈਰਾਂ ਹੇਠੋਂ ਜ਼ਮੀਨ ਜ਼ਰੂਰ ਖਿਸਕ ਗਈ ਸੀ।

ਇਧਰ, ਢੀਂਡਸਾ ਧੜੇ ਅਤੇ ਭਾਜਪਾ ਦੀ ਸਾਂਝ ਨੇ ਪਿਛਲੇ 3 ਸਾਲਾਂ ਤੋਂ ਤੀਜੇ ਬਦਲ ਦੀਆਂ ਕੋਸ਼ਿਸ਼ਾਂ ਵਿਚ ਜੁਟੇ 'ਮੋਰਚੇ' ਨੂੰ ਵੀ ਖਲਾਰ ਕੇ ਰੱਖ ਦਿੱਤਾ ਹੈ। ਢੀਂਡਸਾ ਦੀ ਭਾਜਪਾ ਨਾਲ ਨੇੜਤਾ ਤੋਂ ਦੁਖੀ ਰਣਜੀਤ ਸਿੰਘ ਬ੍ਰਹਮਪੁਰਾ ਸਣੇ ਵੱਡੀ ਗਿਣਤੀ ਟਕਸਾਲੀ ਆਗੂ ਅਕਾਲੀ ਦਲ ਸੰਯੁਕਤ ਛੱਡ ਕੇ ਵਾਪਸ ਬਾਦਲ ਧੜੇ ਨਾਲ ਜਾ ਰਲੇ ਹਨ। ਇਸ ਤੋਂ ਇਲਾਵਾ ਅਕਾਲੀ ਦਲ ਸੰਯੁਕਤ ਨਾਲ ਸਾਂਝ ਪਾਉਣ ਵਾਲੇ ਬਾਕੀ ਦਲ ਵੀ ਇਸੇ ਦੁੱਖੋਂ ਪਿੱਛੇ


*(ਬਾਕੀ ਸਫਾ 6 'ਤੇ)*


# ਪੰਜਾਬ ਵਿਚ ਬਦਅਮਨੀ ਬਣੀ ਵੱਡੀ ਵੰਗਾਰ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਕੁਝ ਦਿਨਾਂ ਵਿਚ ਵਾਪਰੀਆਂ ਘਟਨਾਵਾਂ ਨੇ ਸੂਬੇ ਵਿਚ ਬੇਚੈਨੀ ਅਤੇ ਬਦਅਮਨੀ ਵਾਲੇ ਮਾਹੌਲ ਵੱਲ ਇਸ਼ਾਰਾ ਕੀਤਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਤੇ ਨਿਜ਼ਾਮਪੁਰ, ਕਪੂਰਥਲਾ ਦੇ ਗੁਰਦੁਆਰੇ ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਕਾਰਨ ਬਣੇ ਤਣਾਅ ਵਾਲੇ ਮਾਹੌਲ ਦੌਰਾਨ ਲੁਧਿਆਣਾ ਦੀ ਕਚਹਿਰੀ ਵਿਚ ਹੋਏ ਬੰਬ ਧਮਾਕੇ ਨੇ ਇਕ ਵਾਰ ਫਿਰ ਪੰਜਾਬ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਣ ਰਹੇ ਇਸ ਮਾਹੌਲ ਨੂੰ ਸ਼ੱਕੀ ਨਜ਼ਰ ਨਾਲ ਵੇਖਿਆ ਜਾ ਰਿਹਾ ਹੈ।

ਇਸ ਧਮਾਕੇ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੌੜ ਮੰਡੀ (ਬਠਿੰਡਾ) ਵਿਚ ਹੋਏ ਉਸ ਧਮਾਕੇ ਦੀ ਯਾਦ ਲੋਕਾਂ ਦੇ ਮਨਾਂ ਵਿਚ ਤਾਜ਼ਾ ਕਰ ਦਿੱਤੀ ਹੈ ਜਿਸ ਨੇ ਚੋਣਾਂ ਦਾ ਪੂਰਾ ਮਾਹੌਲ ਬਦਲ ਕੇ ਰੱਖ ਦਿੱਤਾ ਸੀ। ਉਨ੍ਹਾਂ ਚੋਣਾਂ ਤੋਂ ਪਹਿਲਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ। 2017 ਵਿਚ ਹੋਏ ਬੰਬ ਧਮਾਕੇ ਨੂੰ ਸਿਆਸੀ ਲਾਹਾ ਲੈਣ ਦੇ ਇਰਾਦੇ ਨਾਲ ਜੋੜਿਆ ਗਿਆ ਸੀ।

ਤਾਜ਼ਾ ਹਾਲਾਤ ਇਹ ਹਨ ਸੂਬੇ ਵਿਚ ਸਰਹੱਦ ਪਾਰੋਂ ਡਰੋਨਾਂ ਦਾ ਆਉਣਾ ਆਮ ਗੱਲ ਬਣਦੀ ਜਾ ਰਹੀ ਹੈ, ਉਥੋਂ ਹੀ ਟਿਫਨ ਬੰਬਾਂ ਦਾ ਆਉਣਾ ਵੀ ਇਕ ਚੁਣੌਤੀ ਬਣਿਆ ਹੋਇਆ ਹੈ। ਚਰਚਾ ਹੈ ਕਿ ਪੰਜਾਬ ਵਿਚ ਚੋਣਾਂ ਤੋਂ ਪਹਿਲਾਂ ਡਰ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਕਿਸਾਨ ਅੰਦੋਲਨ ਦੌਰਾਨ ਵੀ ਅੰਦੋਲਨ ਨੂੰ ਕਦੇ ਅਤਿਵਾਦੀ, ਕਦੇ ਖਾਲਿਸਤਾਨੀ, ਕਦੇ ਨਕਸਲੀ ਤੇ ਕਦੇ ਦੇਸ਼ ਵਿਰੋਧੀ ਕਰਾਰ ਦੇਣ ਅਤੇ ਧਰਮ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਪੰਜਾਬ ਤੇ ਕੇਂਦਰ ਦੇ ਕੁਝ ਸਿਆਸੀ ਆਗੂਆਂ ਨੇ ਅੰਦੋਲਨ ਆਸਰੇ


*(ਬਾਕੀ ਸਫਾ 6 'ਤੇ)*





*M Vivek Malik*

## Law Office of M Vivek Malik

**Toll free no 866-424-4000**

ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law

**Business immigration & worksite compliance**
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
**Family & general immigration**
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
**Naturalization & citizenship**
ਨੈਚੂਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
**Removal defense & waivers**

**Our offices**

432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com





*ਬੌਬੀ ਸਿੰਘ*

**ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ**

**(ਸੈਲ): 718-757-7809**
ਫੋਨ (ਦਫਤਰ): 718-262-9700
(ਫੈਕਸ): 516-439-5418

*ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।*

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100%
OWNER OPERATOR
COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

## ਖਾਲਸਾ ਦੀਵਾਨ ਸੁਸਾਇਟੀ ਵਲੋਂ ਹਸਪਤਾਲ ਨੂੰ ਦੋ ਲੱਖ ਡਾਲਰ ਦਾਨ

**ਸਰੀ:** ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਆਪਣਾ ਵਾਅਦਾ ਪੂਰਾ ਕਰਦਿਆਂ ਖਾਲਸਾ ਦੀਵਾਨ ਸੁਸਾਇਟੀ ਪੋਰਟ ਅਲਬਰਨੀ ਦੇ ਗੁਰਦੁਆਰੇ ਦੀ ਜਾਇਦਾਦ ਵੇਚਣ ਉਪਰੰਤ ਮਿਲਿਆ ਸਾਰਾ ਧਨ ਪੋਰਟ ਅਲਬਰਨੀ ਦੇ ਹਸਪਤਾਲ ਅਤੇ ਉਥੋਂ ਦੀ ਕ੍ਰੀਮੈਟੋਰੀਅਮ ਸੁਸਾਇਟੀ ਨੂੰ ਦਾਨ ਕਰ ਦਿੱਤਾ ਹੈ।

ਇਹ ਜਾਣਕਾਰੀ ਦਿੰਦਿਆਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਜਨਰਲ ਸਕੱਤਰ ਜਰਨੈਲ ਸਿੰਘ ਭੰਡਾਲ ਨੇ ਦੱਸਿਆ ਕਿ ਖਾਲਸਾ ਦੀਵਾਨ ਸੁਸਾਇਟੀ ਪੋਰਟ ਅਲਬਰਨੀ ਦਾ ਗੁਰਦੁਆਰਾ ਸਾਹਿਬ 15 ਜੁਲਾਈ, 1962 ਨੂੰ ਸਥਾਪਿਤ ਕੀਤਾ ਗਿਆ ਸੀ ਅਤੇ ਇਸ ਦਾ ਟਾਈਟਲ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਕੋਲ ਸੀ, ਕਿਉਂਕਿ ਖਾਲਸਾ ਦੀਵਾਨ ਸੁਸਾਇਟੀ ਦੇ ਨਾਂ ਥੱਲੇ ਜਿੰਨੇ ਵੀ ਗੁਰਦੁਆਰੇ ਉਸਾਰੇ ਜਾਂਦੇ ਸਨ, ਉਨ੍ਹਾਂ ਸਾਰਿਆਂ ਦੇ ਟਾਈਟਲ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਕੋਲ ਹੁੰਦੇ ਸਨ। ਇਸ ਕਰਕੇ ਪੋਰਟ ਅਲਬਰਨੀ ਗੁਰਦੁਆਰਾ ਸਾਹਿਬ ਦਾ ਟਾਈਟਲ ਵੀ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੋਲ ਸੀ ਅਤੇ 1983 ਵਿਚ ਇਹ ਟਾਈਟਲ ਖਾਲਸਾ ਦੀਵਾਨ ਸੁਸਾਇਟੀ ਪੋਰਟ ਅਲਬਰਨੀ ਨੂੰ ਦੇ ਦਿੱਤਾ ਗਿਆ ਸੀ।

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਹੁਣ ਇਸ ਨੂੰ ਵੇਚ ਦਿੱਤਾ ਹੈ ਅਤੇ ਇਸ ਦੀ ਜੋ ਵੀ ਕੀਮਤ ਪ੍ਰਾਪਤ ਹੋਈ ਹੈ, ਉਸ ਵਿਚੋਂ 2 ਲੱਖ ਡਾਲਰ ਪੋਰਟ ਅਲਬਰਨੀ ਦੇ ਜਨਰਲ ਹਸਪਤਾਲ ਨੂੰ ਦਾਨ ਕਰ ਦਿੱਤੇ ਹਨ ਅਤੇ 25,000 ਡਾਲਰ ਈਸਟ ਇੰਡੀਅਨ ਕ੍ਰੀਮੈਟੋਰੀਅਮ ਸੁਸਾਇਟੀ ਨੂੰ ਦੇ ਦਿੱਤੇ ਹਨ। ਸ. ਭੰਡਾਲ ਨੇ ਕਿਹਾ ਕਿ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਮੁੱਖ ਸੇਵਾਦਾਰ ਮਲਕੀਅਤ ਸਿੰਘ ਧਾਮੀ ਅਤੇ ਸਾਰੇ ਪ੍ਰਬੰਧਕਾਂ ਦਾ ਪੋਰਟ ਅਲਬਰਨੀ ਦੀ ਸੰਗਤ ਨਾਲ ਵਾਅਦਾ ਸੀ ਕਿ ਇਹ ਸਾਰਾ ਧਨ ਪੋਰਟ ਅਲਬਰਨੀ ਸੰਗਤ ਦੀ ਜਾਇਦਾਦ ਹੈ ਅਤੇ ਪੋਰਟ ਅਲਬਰਨੀ ਦੀ ਸੰਗਤ ਵਾਸਤੇ ਹੀ ਖਰਚ ਕੀਤੀ ਜਾਵੇਗੀ।

## ਨਾਦ ਪ੍ਰਗਾਸੁ ਯੂ.ਐਸ.ਏ. ਵੱਲੋਂ ਫਾਰਸੀ ਦੀਆਂ ਕਲਾਸਾਂ 9 ਜਨਵਰੀ ਤੋਂ

ਮਿਸ਼ੀਗਨ: ਨਾਦ ਪ੍ਰਗਾਸੁ ਯੂ.ਐਸ.ਏ. ਵੱਲੋਂ ਵਿਦਿਆਰਥੀਆਂ ਨੂੰ ਸਿੱਖ ਸਾਹਿਤ ਦੇ ਅਧਿਐਨ ਪ੍ਰਤੀ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਫ਼ਾਰਸੀ ਭਾਸ਼ਾ ਦੀ ਸਿਖਲਾਈ ਦੀਆਂ ਕਲਾਸਾਂ 9 ਜਨਵਰੀ, 2022 ਤੋਂ ਪਲੀਮਥ ਮਿਸ਼ੀਗਨ ਦੇ ਮਾਤਾ ਤ੍ਰਿਪਤਾ ਜੀ ਗੁਰਦੁਆਰਾ ਸਾਹਿਬ ਵਿਖੇ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਰਜਿਸਟਰੇਸ਼ਨ ਵੈੱਬਸਾਈਟ ਨਾਦਪ੍ਰਗਾਸੁਯੂਐਸਏ.ਕਾਮ/ਰਜਿਸਟਰੇਸ਼ਨ 'ਤੇ ਕੀਤੀ ਜਾ ਸਕਦੀ ਹੈ। ਇਨ੍ਹਾਂ ਕਲਾਸਾਂ ਦੌਰਾਨ ਜਿਥੇ ਫ਼ਾਰਸੀ ਦੀ ਮੁਢਲੀ ਸਿਖਲਾਈ ਦਿੱਤੀ ਜਾਵੇਗੀ, ਉਥੇ ਜ਼ਫ਼ਰਨਾਮਾ ਅਤੇ ਭਾਈ ਨੰਦ ਲਾਲ ਗੋਯਾ ਜੀ ਦੇ ਦੀਵਾਨ ਨਾਲ ਸਾਂਝ ਵੀ ਪਵਾਈ ਜਾਵੇਗੀ। ਇਹ ਕਲਾਸਾਂ ਵਿਦਵਾਨ ਪ੍ਰੋ. ਜਗਦੀਸ਼ ਸਿੰਘ ਜੀ ਵੱਲੋਂ ਦਿੱਤੀਆਂ ਜਾਣਗੀਆਂ।

ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਸਕੱਤਰ ਵਰਿੰਦਰਪਾਲ ਸਿੰਘ ਨੇ ਦੱਸਿਆ ਕਿ ਨਾਦ ਪ੍ਰਗਾਸੁ ਯੂ.ਐਸ.ਏ. ਦੇ ਡਾਇਰੈਕਟਰ ਅਮਨਦੀਪ ਸਿੰਘ ਅਤੇ ਮਾਤਾ ਤ੍ਰਿਪਤਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਆਰੰਭ ਕੀਤੇ ਜਾ ਰਹੇ ਇਸ ਯਤਨ ਪ੍ਰਤੀ ਵਿਦਿਆਰਥੀ ਵਰਗ ਵੱਲੋਂ ਵਿਸ਼ੇਸ਼ ਉਤਸ਼ਾਹ ਵਿਖਾਇਆ ਜਾ ਰਿਹਾ ਹੈ ਅਤੇ ਇਨ੍ਹਾਂ ਕਲਾਸਾਂ ਦਾ ਲਾਈਵ ਸਟਰੀਮ ਵੀ ਉਲੀਕਿਆ ਜਾ ਰਿਹਾ ਹੈ। ਇਨ੍ਹਾਂ ਕਲਾਸਾਂ ਦੀ ਕੋਈ ਵੀ ਫੀਸ ਚਾਰਜ ਨਹੀਂ ਕੀਤੀ ਜਾਵੇਗੀ।

## ਭਾਰਤੀ ਮੂਲ ਦੇ ਅਸ਼ਵਿਨ ਵਾਸਨ ਸਿਹਤ ਕਮਿਸ਼ਨਰ ਨਿਯੁਕਤ



**ਸੈਕਰਾਮੈਂਟੋ:** ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਅਸ਼ਵਿਨ ਵਾਸਨ ਨੂੰ 'ਡਿਪਾਰਟਰਮੈਂਟ ਆਫ ਹੈਲਥ ਐਂਡ ਮੈਂਟਲ ਹਾਈਜੀਨ' ਦਾ ਕਮਿਸ਼ਨਰ ਨਿਯੁਕਤ ਕੀਤਾ ਹੈ। ਉਹ 15 ਮਾਰਚ, 2022 ਨੂੰ ਅਹੁਦਾ ਸੰਭਾਲਣਗੇ। ਡਾਕਟਰ ਅਸ਼ਵਿਨ ਜਨਤਕ ਸਿਹਤ ਸਬੰਧੀ ਸੀਨੀਅਰ ਸਲਾਹਕਾਰ ਵਜੋਂ ਕੰਮ ਕਰਨਗੇ। ਮੇਅਰ ਨੇ ਐਲਾਨ ਕੀਤਾ ਹੈ ਕਿ 15 ਮਾਰਚ, 2022 ਤਕ ਮੌਜੂਦਾ ਕਮਿਸ਼ਨਰ ਡਾਕਟਰ ਡਵੇ ਏ ਚੌਕਸੀ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ। ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਡਾਕਟਰ ਵਾਸਨ ਕੋਵਿਡ-19 ਨਾਲ ਸਬੰਧਤ ਸਾਰੀਆਂ ਨੀਤੀਆਂ ਸਬੰਧੀ ਸਲਾਹ ਦੇਣਗੇ ਤੇ ਉਹ ਪ੍ਰਮੁੱਖ ਆਗੂ ਦੀ ਭੂਮਿਕਾ ਨਿਭਾਉਣਗੇ। ਡਾਕਟਰ ਵਾਸਨ ਨੂੰ ਜਨਤਕ ਸਿਹਤ ਸੇਵਾਵਾਂ ਵਿਚ ਕੰਮ ਕਰਨ ਦਾ 20 ਸਾਲਾਂ ਦਾ ਤਜ਼ਰਬਾ ਹੈ।


# ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

**Flat For Sale**

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

***For more details please contact: Singh***

**Ph: 513-884-0456 or 513-759 0010**

*(Leave Message)*

40-41



# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635



LAW OFFICES OF VIVEK MALIK

Follow us on :

ACCOMPLISHED IMMIGRATION Attorneys help FAMILIES REUNITE in the UNITED STATES



Our Global & Nationwide Services in the field of U.S. Immigration & Nationality Law

Business Immigration & Worksite Compliance
ਬਿੱਜਨੈਸ ਇੱਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੱਮੀਗਰੇਸ਼ਨ

Naturalization & Citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



# ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

41-48



*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**



*Gurdip Singh Sandhu*

Email: Homeomedicine@yahoo.com

# ਜਲੰਧਰ ਦੂਰਦਰਸ਼ਨ ਦਾ ਨਵੇਂ ਸਾਲ ਦਾ ਪ੍ਰੋਗਰਾਮ 'ਸਭ ਨੂੰ ਵਧਾਈ 2022' 31 ਦਸੰਬਰ ਨੂੰ ਹੋਵੇਗਾ ਪ੍ਰਸਾਰਿਤ

**ਜਲੰਧਰ (ਬਿਊਰੋ):** ਦੂਰਦਰਸ਼ਨ, ਨਵੇਂ ਸਾਲ ਦੇ ਮੌਕੇ 'ਤੇ ਵਿਸ਼ੇਸ਼ ਸੰਗੀਤਕ ਹਿੱਟ ਪ੍ਰੋਗਰਾਮ ਦੇਣ ਲਈ ਜਾਣਿਆ ਜਾਂਦਾ ਰਿਹਾ ਹੈ। ਇਨ੍ਹਾਂ ਪ੍ਰੋਗਰਾਮਾਂ 'ਚੋਂ ਕਈ ਗੀਤ ਲੋਕ ਗੀਤ ਬਣੇ ਹਨ। ਦਸੰਬਰ ਦੀ ਰਾਤ ਨੂੰ 9:00 ਤੋਂ 10:00 ਵਜੇ ਤਕ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਨਿਰਮਾਤਾ ਕੀਮਤੀ ਲਾਲ ਅਤੇ ਦਿਲਬਾਗ ਸਿੰਘ ਨੇ ਦੱਸਿਆ ਕਿ ਦੂਰਦਰਸ਼ਨ ਨੇ ਆਪਣੀ ਰਵਾਇਤ ਨੂੰ ਕਾਇਮ ਆਧੁਨਿਕ ਪ੍ਰਸੰਗ 'ਚ ਪੇਸ਼ ਕਰਨ ਲਈ ਫਿਰੋਜ਼ ਖਾਨ ਤੇ ਗੁਰਲੇਜ਼ ਅਖਤਰ, ਰਜ਼ਾ ਹੀਰ, ਦਲੇਰ ਅਲੀ, ਕੁਲਵਿੰਦਰ ਕਿੰਦਾ, ਜੈਸਮੀਨ ਅਖਤਰ, ਦੀਪ ਢਿੱਲੋਂ ਤੇ ਜੈਸਮੀਨ ਜੱਸੀ, ਯਾਕੂਬ ਗਿੱਲ,



*ਜਲੰਧਰ ਦੂਰਦਰਸ਼ਨ ਕੇਂਦਰ ਦੇ ਨਿਰਦੇਸ਼ਕ ਅਨੂਪ ਖਜੂਰੀਆ, ਨਿਰਮਾਤਾ ਕੀਮਤੀ ਲਾਲ, ਦਿਲਬਾਗ ਸਿੰਘ ਤੇ ਤਕਨੀਕੀ ਟੀਮ।*

ਕਰੋਨਾ ਕਾਰਨ ਦੋ ਸਾਲ ਦੇ ਵਕਫੇ ਪਿੱਛੋਂ ਦੂਰਦਰਸ਼ਨ ਕੇਂਦਰ ਜਲੰਧਰ ਦੇ ਨਿਰਦੇਸ਼ਕ ਅਨੂਪ ਖਜੂਰੀਆ ਦੀ ਦੇਖ-ਰੇਖ ਹੇਠ ਇਸ ਵਾਰ ਤਿਆਰ ਵਿਸ਼ੇਸ਼ ਪ੍ਰੋਗਰਾਮ 'ਸਭ ਨੂੰ ਵਧਾਈ 2022' 31 ਰੱਖਦਿਆਂ ਇਸ ਵਾਰ ਵੀ ਦਰਸ਼ਕਾਂ ਦੀ ਹਾਜ਼ਰੀ 'ਚ ਇਸ ਪ੍ਰੋਗਰਾਮ ਦਾ ਫਿਲਮਾਂਕਣ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਇਖਲਾਕੀ ਸੱਭਿਆਚਾਰ, ਵਿਰਾਸਤੀ ਗੀਤ-ਸੰਗੀਤ ਨੂੰ ਸਰਦਾਰ ਅਲੀ, ਸਲਾਮਤ ਅਲੀ, ਪਵਨਦੀਪ ਤੋਂ ਇਲਾਵਾ ਹਾਸਰਸ ਕਲਾਕਾਰ ਅਸ਼ਵਨੀ ਭਾਰਦਵਾਜ, ਤੁਸ਼ਾਰ ਤੇ ਲਵ ਕੁਮਾਰ ਅਤੇ ਸ਼ੁਗਲੀ ਜੁਗਲੀ ਆਪਣੀ ਕਲਾ ਦੇ ਜੌਹਰ ਵਿਖਾਉਣਗੇ।

# ਸਿੱਖਸ ਆਫ ਅਮਰੀਕਾ ਅਤੇ ਬੀਜੇਪੀ ਸਿੱਖ ਵਿੰਗ ਵਲੋਂ ਮੋਦੀ ਦਾ ਧੰਨਵਾਦ

**ਵਾਸ਼ਿੰਗਟਨ, ਡੀ.ਸੀ (ਬਿਊਰੋ):** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਪਿਛਲੇ ਦਿਨੀਂ ਤਿੰਨ ਖੇਤੀਬਾੜੀ ਕਾਨੂੰਨ ਰੱਦ ਕਰਨ ਲਈ ਕੀਤੇ ਗਏ ਉਪਰਾਲੇ ਲਈ ਧੰਨਵਾਦ ਵਜੋਂ ਬੰਬੇ ਤੰਦੂਰ ਟਾਇਸਨ ਕਾਰਨਰ ਵਰਜੀਨੀਆ ਵਿਖੇ ਖ਼ਾਸ ਇਕੱਤਰਤਾ ਕੀਤੀ ਗਈ, ਜਿਸ ਵਿਚ ਭਾਰਤੀ ਸਫ਼ਾਰਤਖ਼ਾਨੇ ਵਲੋਂ ਅੰਸੂ ਸ਼ਰਮਾਂ ਤੋਂ ਇਲਾਵਾ ਇਲਾਕੇ ਦੇ ਨਾਮੀ ਕਾਰੋਬਾਰੀਆਂ ਨੇ ਸ਼ਮੂਅਲੀਅਤ ਕੀਤੀ। ਪਰਵਾਸੀ ਭਾਜਪਾ ਵਿੰਗ ਦੇ ਅਡੱਪਾ ਪ੍ਰਸਾਦ ਦੀ ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਇਸ ਗੱਲ ਲਈ ਪ੍ਰਸ਼ੰਸਾ ਕੀਤੀ ਕਿ ਅਡੱਪਾ ਪ੍ਰਸਾਦ ਨੇ ਪਰਵਾਸੀ ਕਿਸਾਨੀ ਪਰਿਵਾਰਾਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਜੇ ਗਏ ਸੁਨੇਹੇ ਬਾਖ਼ੂਬੀ ਪਹੁੰਚਦੇ ਕੀਤੇ। ਅਡੱਪਾ ਪ੍ਰਸਾਦ ਦਾ ਧੰਨਵਾਦ ਕਰਦਿਆਂ ਜਸਦੀਪ ਸਿੰਘ ਜੱਸੀ ਨੇ ਭਾਜਪਾ ਵਲੋਂ ਸਿੱਖਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੀ ਪਹਿਲ ਅਤੇ ਹੋਰ ਮੁੱਦਿਆਂ 'ਤੇ ਚਾਨਣ ਪਾਇਆ।

ਅਡੱਪਾ ਪ੍ਰਸਾਦ ਨੇ ਪੰਜਾਹ ਵਾਅਦਿਆਂ ਵਿਚੋਂ 48 ਪੂਰੇ ਕਰਨ ਦੀ ਜਾਣਕਾਰੀ ਸਾਂਝੀ ਕੀਤੀ। ਜਸਦੀਪ ਸਿੰਘ ਜੱਸੀ ਨੇ ਸਿੱਖ ਧਰਮ ਨੂੰ ਅਲਹਿਦਾ ਧਰਮ ਅਤੇ ਆਨੰਦ ਕਾਰਜ ਐਕਟ ਲਾਗੂ ਕਰਨ ਲਈ ਯਾਦ ਦਿਵਾਇਆ। ਜਸਦੀਪ ਸਿੰਘ ਅਤੇ ਬਲਜਿੰਦਰ ਸਿੰਘ ਸੰਮੀ ਨੇ ਭਾਰਤੀ ਸਫ਼ਾਰਤਖ਼ਾਨੇ ਦੀ ਤਾਰੀਫ਼ ਕਰਦਿਆਂ ਧੰਨਵਾਦ ਕੀਤਾ ਅਤੇ ਦੱਸਿਆ ਕਿ ਭਾਰਤੀ ਸਫ਼ਾਰਤਖ਼ਾਨੇ ਨੇ ਉਨ੍ਹਾਂ ਵੱਲੋਂ ਦਿੱਤੇ ਸਾਰੇ ਮੰਗ ਪੱਤਰ ਅਧਿਕਾਰੀਆਂ ਨੂੰ ਭੇਜਣ ਤੋਂ ਇਲਾਵਾ ਜਾਣਕਾਰੀ ਸਹੀ ਅਦਾਰਿਆਂ ਵਿਚ ਪਹੁੰਚਾਈ, ਜਿਸ ਦਾ ਅਸਰ ਕਿਸਾਨੀ ਕਾਨੂੰਨ ਰੱਦ ਹੋਣ ਵਿੱਚ ਮਦਦਗਾਰ ਸਾਬਤ ਹੋਇਆ।

ਅਡੱਪਾ ਪ੍ਰਸਾਦ ਨੇ ਸਿੱਖਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਉਨ੍ਹਾਂ ਲਈ ਹਰ ਸਹੂਲਤ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ ਅਤੇ ਬੀ ਜੇ ਪੀ ਵੱਲੋਂ ਪ੍ਰਵਾਸੀ ਸਿੱਖਾਂ ਦੀ ਸਾਰਥਿਕ ਪਹੁੰਚ ਅਤੇ ਪਹਿਲ ਕਦਮੀ ਦਾ ਧੰਨਵਾਦ ਕੀਤਾ।


# ਰਾਗੀ ਜਥੇ ਦੀ ਲੋੜ ਹੈ

ਗੁਰਦੁਆਰਾ ਸਾਹਿਬ, ਸਾਊਥ ਵੈਸਟ ਹਿਊਸਟਨ (14811 Lindita dr Houston TX 77083) ਲਈ 3 ਮੈਂਬਰੀ ਰਾਗੀ ਜਥੇ ਦੀ ਲੋੜ ਹੈ, ਜੋ ਗੁਰਮਤਿ ਦਾ ਮਨੋਹਰ ਕੀਰਤਨ ਕਰ ਸਕਦਾ ਹੋਵੇ ਅਤੇ ਹਰ ਤਰ੍ਹਾਂ ਦੀਆਂ ਧਾਰਮਿਕ ਸੇਵਾਵਾਂ ਨਿਭਾ ਸਕਦਾ ਹੋਵੇ।

**ਗੁਰਮਤਿ ਵਿਚਾਰ ਅੰਗਰੇਜ਼ੀ ਵਿਚ ਸਮਝਾਉਣ ਦੀ ਸਮਰੱਥਾ ਰੱਖਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।**

ਜੇ ਕੈਨੇਡਾ ਜਾਂ ਹੋਰ ਕਿਸੇ ਮੁਲਕ ਤੋਂ ਜਥਾ ਆਉਣਾ ਚਾਹੁੰਦਾ ਹੈ ਤਾਂ ਗੁਰਦੁਆਰਾ ਸਾਹਿਬ ਵਲੋਂ ਉਸ ਨੂੰ ਸਾਰੇ ਕਾਗਜ਼ਾਤ ਮੁਹੱਈਆ ਕਰਵਾਏ ਜਾਣਗੇ ਤੇ ਵੀਜ਼ਾ ਲੈਣ 'ਚ ਮਦਦ ਕੀਤੀ ਜਾਵੇਗੀ।

**ਗੁਰਦੁਆਰੇ ਵਲੋਂ ਤਨਖਾਹ, ਰਿਹਾਇਸ਼ ਤੇ ਆਉਣ-ਜਾਣ ਦੀ ਸਹੂਲਤ ਦਿੱਤੀ ਜਾਵੇਗੀ।**

**ਸੰਪਰਕ ਕਰੋ: ਭਜਨ ਸਿੰਘ ਦੁਲਈ 832-867-5467, ਹਰਦੀਪਕ ਸਿੰਘ ਮੁੰਡੇ ਫੋਨ: 281-725-3880**

E-Mail- secretarygsswh@yahoo.com


# Matrimonials

## ਲੜਕੇ ਦੀ ਲੋੜ ਹੈ

Jatt Sikh family, well settled in the Midwest looking for *suitable* match for their daughter: 28, 5' 5", US citizen, has great family values, educated (Masters & Juris Doctorate), employed as an attorney at a law firm. Only serious responses from a suitable, modern Jatt Sikh gentleman (ages 29-33), professional or business-man. Email *csahi1949@gmail.com or call at (317) 670-7665.*

*49-52*

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

36 ਸਾਲਾ ਜੱਟ ਸਿੱਖ, 5'11", ਆਪਣਾ ਬਿਜ਼ਨਸ ਕਰਦੇ Green Card Holder ਅਣਵਿਆਹੇ ਲੜਕੇ ਲਈ ਘੱਟੋ-ਘੱਟ 5'5" ਸੋਹਣੀ, ਸੁਨੱਖੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਗਰੀਨ ਕਾਰਡ ਹੋਲਡਰ, ਵਿਜ਼ਟਰ ਵੀਜ਼ੇ ਜਾਂ ਸਟੂਡੈਂਟ ਵੀਜ਼ੇ 'ਤੇ ਅਮਰੀਕਾ ਆਈ ਲੜਕੀ ਨੂੰ ਪਹਿਲ। ਚਾਹਵਾਨ singhjeet6084@yahoo.com 'ਤੇ ਆਪਣਾ ਬਾਇਓਡਾਟਾ ਤੇ ਤਸਵੀਰਾਂ ਭੇਜ ਸਕਦੇ ਹਨ। ਮੈਰਿਜ ਬਿਊਰੋ ਮੁਆਫ਼ ਕਰਨ।

*1-4*

Suitable match for Tonk-Kshatriya turbanator, trimmed Beard sikh boy 29, 5'10". Qualification Btech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759

jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com.

*DEC-MARCH*

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

# ਸਿੱਖ ਰਾਜ ਦੀ ਕਾਇਮੀ ਲਈ ਬਾਬਾ ਬੰਦਾ ਸਿੰਘ ਬਹਾਦਰ ਤੋਂ ਪ੍ਰੇਰਨਾ ਦੀ ਲੋੜ: ਮਾਨ

**ਫਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦੀ ਜੋੜ ਮੇਲ ਦੇ ਦੂਸਰੇ ਦਿਨ ਰਾਜਸੀ ਕਾਨਫਰੰਸ ਦੌਰਾਨ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ, ਮਾਤਾ ਗੁਜਰੀ ਅਤੇ ਬਾਬਾ ਮੋਤੀ ਰਾਮ ਮਹਿਰਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਹ ਸ਼ਹਾਦਤਾਂ ਸਾਨੂੰ ਜਬਰ ਜ਼ੁਲਮ ਅਤੇ ਵਿਤਕਰਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਪ੍ਰੇਰਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਰਾਜ ਕਾਇਮ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ।

ਉਨ੍ਹਾਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਪੰਜਾਬ, ਪੰਜਾਬੀਅਤ ਅਤੇ ਸਿੱਖ ਕੌਮ ਵਿਰੋਧੀ ਕਾਂਗਰਸ, ਭਾਜਪਾ, ਬਾਦਲ ਦਲ ਅਤੇ ਆਮ ਆਦਮੀ ਪਾਰਟੀ ਨੂੰ ਕਰਾਰੀ ਹਾਰ ਦੇਣ ਲਈ ਅਕਾਲੀ ਦਲ ਅੰਮ੍ਰਿਤਸਰ ਨੂੰ ਸਹਿਯੋਗ ਦੇਣ ਦੀ ਵਕਾਲਤ ਕੀਤੀ। ਕੇਂਦਰ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਤਿੰਨ ਖੇਤੀ ਕਾਨੂੰਨ ਰੱਦ ਹੋ ਗਏ ਹਨ ਪਰ ਜਦੋਂ ਤਕ ਫ਼ਸਲਾਂ ਦੀ ਐਮ.ਐਸ.ਪੀ. ਨੂੰ ਕਾਨੂੰਨੀ ਮਾਨਤਾ ਅਤੇ ਸਰਹੱਦਾਂ ਖੋਲ੍ਹ ਕੇ ਵਪਾਰ ਦੀ ਆਗਿਆ ਨਹੀਂ ਮਿਲਦੀ, ਉਦੋਂ ਤੱਕ ਲੜਾਈ ਜਾਰੀ ਰੱਖਣ ਦੀ ਲੋੜ ਹੈ। ਉਨ੍ਹਾਂ ਪਾਸਪੋਰਟ, ਆਧਾਰ ਕਾਰਡ ਅਤੇ ਵੋਟਰ



ਕਾਰਡ ਤੋਂ ਬਿਨਾਂ ਪਾਕਿਸਤਾਨ ਦੇ ਗੁਰੂ ਘਰਾਂ ਦੇ ਦਰਸ਼ਨ ਖੋਲ੍ਹਣ ਦੀ ਮੰਗ ਵੀ ਕੀਤੀ।

ਇਸ ਮੌਕੇ 18 ਮਤੇ ਪਾਸ ਕਰਵਾਏ ਗਏ, ਜਿਨ੍ਹਾਂ ਵਿਚ ਇਨਸਾਫ਼ ਮਿਲਣ ਤਕ ਬਰਗਾੜੀ ਮੋਰਚਾ ਜਾਰੀ ਰੱਖਣ, ਦਰਬਾਰ ਸਾਹਿਬ, ਕੇਸਗੜ੍ਹ ਸਾਹਿਬ ਅਤੇ ਕਪੂਰਥਲਾ 'ਚ ਬੇਅਦਬੀਆਂ ਦੀ ਨਿਰਪੱਖ ਜਾਂਚ ਕਰਨ ਸਮੇਤ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਕਰਵਾਉਣ ਦੀਆਂ ਮੰਗਾਂ ਸ਼ਾਮਲ ਹਨ।

## ਕ੍ਰਿਸਮਿਸ ਮੌਕੇ ਘਰ 'ਚ ਅੱਗ ਲੱਗਣ ਕਾਰਨ ਪਿਤਾ ਤੇ ਦੋ ਪੁੱਤਰਾਂ ਦੀ ਮੌਤ

**ਸੈਕਰਾਮੈਂਟੋ:** ਪੈਨਸਿਲਵੇਨੀਆ ਦੇ ਕੁਆਕਰਟਾਊਨ ਵਿਚ ਕ੍ਰਿਸਮਿਸ ਵਾਲੇ ਦਿਨ ਇਕ ਘਰ ਵਿਚ ਅੱਗ ਲੱਗਣ ਕਾਰਨ ਇਕ ਵਿਅਕਤੀ ਤੇ ਉਸ ਦੇ ਦੋ ਪੁੱਤਰਾਂ ਦੀ ਮੌਤ ਹੋ ਗਈ ਜਦਕਿ ਉਸ ਦੀ ਪਤਨੀ ਤੇ ਵੱਡੇ ਪੁੱਤਰ ਦਾ ਕਿਸੇ ਤਰ੍ਹਾਂ ਬਚਾਅ ਹੋ ਗਿਆ। ਅੱਗ ਕਾਰਨ ਪਰਿਵਾਰ ਦੇ ਦੋ ਕੁੱਤੇ ਵੀ ਸੜ ਕੇ ਮਰ ਗਏ। ਭਿਆਨਕ ਅੱਗ ਕਾਰਨ ਉਹ ਭੱਜ ਨਾ ਸਕੇ ਤੇ ਅੱਗ ਦੀ ਲਪੇਟ 'ਚ ਆ ਕੇ ਉਨ੍ਹਾਂ ਦੀ ਮੌਤ ਹੋ ਗਈ।

ਇਹ ਘਟਨਾ ਪੂਰਬੀ ਪੈਨਸਿਲਵੇਨੀਆ ਦੀ ਹੈ, ਜਿਥੇ ਇਕ ਘਰ ਵਿਚ 'ਕ੍ਰਿਸਮਿਸ ਟਰੀ' ਨੂੰ ਬੱਲਬਾਂ ਨਾਲ ਤੇ ਹੋਰ ਸਮੱਗਰੀ ਨਾਲ ਸਜਾਇਆ ਹੋਇਆ ਸੀ। ਇਸੇ ਦੌਰਾਨ ਕਿਸੇ ਕਾਰਨ ਬੱਲਬਾਂ ਤੋਂ ਸ਼ੁਰੂ ਹੋਈ ਅੱਗ ਭਾਂਬੜ ਦਾ ਰੂਪ ਅਖਤਿਆਰ ਕਰ ਗਈ। ਅਧਿਕਾਰੀ ਇਸ ਘਟਨਾ ਦੀ ਜਾਂਚ ਕਰ ਰਹੇ ਹਨ। ਅਧਿਕਾਰੀਆਂ ਨੇ ਦੱਸਆ ਕਿ ਮ੍ਰਿਤਕਾਂ ਦੀ ਪਛਾਣ ਐਰਿਕ ਕਿੰਗ (41) ਤੇ ਉਸ ਦੇ 11 ਤੇ 8 ਸਾਲ ਦੇ ਪੁੱਤਰਾਂ ਕ੍ਰਮਵਾਰ ਲਿਐਮ ਤੇ ਪੈਟਰਿਕ ਵਜੋਂ ਹੋਈ ਹੈ। ਕੁਆਕਰਟਾਊਨ ਪੁਲਿਸ ਮੁਖੀ ਮੈਕਲਰੀ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨ ਦਾ ਪਤਾ ਲਾਉਣ ਲਈ ਹਾਲਾਂਕਿ ਉਹ ਅਜੇ ਅੰਤਿਮ ਸਿੱਟੇ 'ਤੇ ਨਹੀਂ ਪੁੱਜ ਸਕੇ ਪਰ ਹਾਲਾਤ ਤੋਂ ਸਪੱਸ਼ਟ ਹੈ ਕਿ ਅੱਗ ਘਰ ਵਿਚ ਸਜਾਏ ਕ੍ਰਿਸਮਿਸ ਟਰੀ ਤੋਂ ਸ਼ੁਰੂ ਹੋਈ।

**ਕ੍ਰਿਸਮਿਸ ਟਰੀ ਦੇ ਬਲਬਾਂ ਕਾਰਨ ਲੱਗੀ ਅੱਗ**

ਉਨ੍ਹਾਂ ਕਿਹਾ ਕਿ ਅੱਗ ਏਨੀ ਭਿਆਨਕ ਸੀ ਕਿ ਮੌਕੇ 'ਤੇ ਪੁੱਜੇ ਪੁਲਿਸ ਅਧਿਕਾਰੀ ਵੀ ਘਰ ਵਿਚ ਦਾਖਲ ਹੋਣ ਵਿਚ ਨਾਕਾਮ ਰਹੇ। ਅੱਗ ਨਾਲ ਘਰ ਪੂਰੀ ਤਰ੍ਹਾਂ ਸੜ ਕੇ ਸਵਾਹ ਹੋ ਗਿਆ, ਜੋ ਲੱਕੜ ਦੇ ਢਾਂਚੇ 'ਤੇ ਬਣਾਇਆ ਗਿਆ ਸੀ। ਘਰ ਵਿਚ ਬਣੀ ਇਕ ਕੰਧ ਕਾਰਨ ਪਰਿਵਾਰ ਦੇ ਬਾਕੀ ਜੀਅ ਬਚ ਗਏ।


**ਤੰਦੂਰੀਏ ਅਤੇ ਕੁੱਕ ਦੀ ਲੋੜ ਹੈ**

ਸੇਨ ਅੰਤੋਨੀਓ (ਟੈਕਸਾਸ) ਸਥਿਤ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਕੁੱਕ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਰਜਿੰਦਰ ਸਿੰਘ ਸੰਘੇੜਾ

ਕਾਲ ਕਰੋ ਜਾਂ ਟੈਕਸਟ ਕਰੋ:

ਫੋਨ: 210-834-2469

**ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

41-48

**ਇੰਡੀਅਨ ਰੈਸਟੋਰੈਂਟ ਵਿਕਾਊ ਹੈ**

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੇਲ: 60,000 ਪ੍ਰਤੀ ਮਹੀਨਾ

ਸੰਪਰਕ ਕਰੋ: 317-874-8086

**Indian Restaurent For Sale**

Indian Restaurent For Sale
Near Milwaukee (WI)
Per Month Sale: 60,000

Contact: 317-874-8086

**ਤੰਦੂਰੀਏ ਦੀ ਲੋੜ ਹੈ**

ਜਾਰਜੀਆ, ਕੋਲੰਬਸ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਸੰਪਰਕ ਕਰੋ: ਸੂਰਤ ਸਿੰਘ ਖਾਰਾ

ਫੋਨ: 205-799-2350



*Punjab Times Ph: 847-359-0746*

*Fax:847-705-9388, e-mail:punjabtimes1@sbcglobal.net*

*Visit us on the web:wwwpunjabtimesusa.com*



# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ? ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

# ਲੁਧਿਆਣਾ ਬੰਬ ਕਾਂਡ ਦਾ ਮੁੱਖ ਸਾਜ਼ਿਸ਼ਘਾੜਾ ਜਰਮਨੀ ਵਿਚ ਗ੍ਰਿਫਤਾਰ

**ਨਵੀਂ ਦਿੱਲੀ:** ਸਿੱਖਸ ਫਾਰ ਜਸਟਿਸ ਦੇ ਮੈਂਬਰ ਜਸਵਿੰਦਰ ਸਿੰਘ ਮੁਲਤਾਨੀ ਨੂੰ 23 ਦਸੰਬਰ ਨੂੰ ਲੁਧਿਆਣਾ ਦੇ ਜਿਲ੍ਹਾ ਅਦਾਲਤੀ ਕੰਪਲੈਕਸ ਵਿਚ ਹੋਏ ਧਮਾਕੇ ਦੇ ਮਾਮਲੇ ਵਿਚ ਜਰਮਨੀ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਬਰਲਿਨ ਵਿਚ ਭਾਰਤ ਵੱਲੋਂ ਅਤਿਵਾਦ ਵਿਰੋਧੀ ਏਜੰਸੀਆਂ ਨਾਲ ਸਬੂਤ ਸਾਂਝੇ ਕਰਨ ਬਾਅਦ ਉਸ ਨੂੰ ਗ੍ਰਿਫਤਾਰ ਕੀਤਾ ਗਿਆ।

ਸੂਤਰ ਨੇ ਕਿਹਾ, 'ਅਸੀਂ ਸਾਰੇ ਸਬੂਤ ਸਾਂਝੇ ਕੀਤੇ ਜੋ ਅਸੀਂ ਧਮਾਕੇ ਵਾਲੀ ਥਾਂ ਤੋਂ ਇਕੱਠੇ ਕੀਤੇ ਸਨ ਅਤੇ ਇਹ ਸਬੂਤ ਸੌਂਪੇ ਗਏ ਕਿ ਮੁਲਤਾਨੀ ਨੇ ਸਾਜ਼ਿਸ਼ ਕਿਵੇਂ ਰਚੀ।' ਮੁਲਤਾਨੀ ਪਾਕਿਸਤਾਨ ਤੋਂ ਹੋਰ ਧਮਾਕਾਖੇਜ ਸਮੱਗਰੀ ਨੂੰ ਅੰਤਰਰਾਸ਼ਟਰੀ ਸੀਮਾ ਰਾਹੀਂ ਭਾਰਤ ਵਿਚ ਲਿਆਉਣ ਦੀ ਸਾਜ਼ਿਸ਼ ਰਚ ਰਿਹਾ ਸੀ ਅਤੇ ਦੇਸ ਦੇ ਹੋਰ ਹਿੱਸਿਆਂ ਵਿਚ ਵੀ ਅਜਿਹੇ ਧਮਾਕੇ ਕਰਨ



ਦੀ ਯੋਜਨਾ ਬਣਾ ਰਿਹਾ ਸੀ। ਇਹ ਵੀ ਦੋਸ਼ ਹੈ ਕਿ ਇਸ ਸਾਲ ਅਕਤੂਬਰ ਵਿਚ ਪੰਜਾਬ ਦੇ ਤਰਨਤਾਰਨ ਜਿਲ੍ਹੇ ਦੇ ਖੇਮਕਰਨ ਖੇਤਰ ਵਿਚ ਹਥਿਆਰਾਂ ਦਾ ਜਖੀਰਾ ਭੇਜਣ ਵਿਚ ਵੀ ਮੁਲਤਾਨੀ ਦਾ ਹੱਥ ਸੀ।

ਦੱਸ ਦਈਏ ਕਿ ਇਹ ਧਮਾਕਾ ਲੁਧਿਆਣੇ ਦੀ ਅਦਾਲਤ ਦੀ ਦੂਸਰੀ ਮੰਜ਼ਿਲ 'ਤੇ ਹੋਇਆ ਜਿਸ ਵਿਚ ਇਕ ਆਦਮੀ ਦੀ ਮੌਤ ਹੋ ਗਈ ਅਤੇ ਕੁਝ ਵਿਅਕਤੀ ਜ਼ਖਮੀ ਹੋਏ। ਦੱਸ ਦਈਏ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹਨ ਅਤੇ ਇਸ ਧਮਾਕੇ ਨੇ 2017 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੌੜ ਮੰਡੀ (ਬਠਿੰਡਾ) ਵਿਚ ਹੋਏ ਉਸ ਧਮਾਕੇ ਦੀ ਯਾਦ ਲੋਕਾਂ ਦੇ ਮਨਾਂ ਵਿਚ ਤਾਜ਼ਾ ਕਰ ਦਿੱਤੀ ਹੈ ਜਿਸ ਨੇ ਚੋਣਾਂ ਦਾ ਪੂਰਾ ਮਾਹੌਲ ਬਦਲ ਕੇ ਰੱਖ ਦਿੱਤਾ ਸੀ। ਉਨ੍ਹਾਂ ਚੋਣਾਂ ਤੋਂ ਦੋ ਵਰ੍ਹੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ।

## ਖਾਲਿਸਤਾਨ ਦਾ ਪ੍ਰਚਾਰ ਕਰਦੇ ਤਿੰਨ ਗ੍ਰਿਫਤਾਰ

**ਪਟਿਆਲਾ:** ਜ਼ਿਲ੍ਹਾ ਪੁਲਿਸ ਪਟਿਆਲਾ ਨੇ ਖਾਲਿਸਤਾਨ ਪੱਖੀ ਪ੍ਰਚਾਰ ਕਰਨ ਵਾਲੇ ਮਾਂ-ਪੁੱਤ ਸਣੇ ਤਿੰਨ ਜਣਿਆ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫਤਾਰ ਕੀਤੀ ਗਈ ਮਹਿਲਾ ਦਾ ਜੇਠ ਬੱਬਰ ਖਾਲਸਾ ਦਾ ਏਰੀਆ ਕਮਾਂਡਰ ਰਿਹਾ ਹੈ, ਜੋ ਅਤਿਵਾਦ ਸਮੇਂ ਮਾਰਿਆ ਗਿਆ ਸੀ। ਪਟਿਆਲਾ ਦੇ ਐਸ.ਐਸ.ਪੀ. ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਰਾਜਪੁਰਾ ਸਰਕਲ ਦੇ ਡੀ.ਐਸ.ਪੀ. ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਟੀਮ ਨੇ ਨਾਕੇ ਦੌਰਾਨ ਗ੍ਰਿਫਤਾਰ ਕੀਤਾ ਗਿਆ ਹੈ। ਮੁਲਜ਼ਮਾਂ ਵਿਚ ਜਿਲ੍ਹਾ ਗੁਰਦਾਸਪੁਰ ਦੇ ਪਿੰਡ ਦਰਗਾਪੁਰ ਦੇ ਮੂਲ ਵਾਸੀ ਜਸਬੀਰ ਕੌਰ ਅਤੇ ਜਗਮੀਤ ਸਿੰਘ (ਹੁਣ ਵਾਸੀ ਬਨੂੜ) ਸਮੇਤ ਰਵਿੰਦਰ ਸਿੰਘ ਵਾਸੀ ਪਿੰਡ ਜੱਸੜਾਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਨਾਮ ਸ਼ਾਮਲ ਹਨ। ਉਨ੍ਹਾਂ ਦੇ ਕਬਜ਼ੇ ਵਿਚੋਂ ਖਾਲਿਸਤਾਨ ਪੱਖੀ ਅਤੇ ਭਾਰਤ ਵਿਰੋਧੀ ਸਮੱਗਰੀ ਬਰਾਮਦ ਹੋਈ ਹੈ।

# ਮੁੱਖ ਮੰਤਰੀ ਦੇ ਭਰੋਸੇ ਪਿੱਛੋਂ ਰੇਲ ਰੋਕੋ ਅੰਦੋਲਨ ਮੁਲਤਵੀ

**ਜੰਡਿਆਲਾ ਗੁਰੂ:** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ 9 ਦਿਨਾਂ ਤੋਂ ਰੇਲ ਪਟੜੀਆਂ ਉਤੇ ਮੰਗਾਂ ਮਨਵਾਉਣ ਲਈ ਸ਼ੁਰੂ ਕੀਤਾ ਰੇਲ ਰੋਕੋ ਅੰਦੋਲਨ ਮੁੱਖ ਮੰਤਰੀ ਵੱਲੋਂ ਮੰਗਾਂ ਮੰਨਣ ਉਪਰੰਤ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਬਾਰੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿਸਾਨ ਆਗੂਆਂ ਨਾਲ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਵੱਲੋਂ ਚੰਡੀਗੜ੍ਹ ਸਥਿਤ ਰਿਹਾਇਸ਼ ਵਿਖੇ ਡੇਢ ਘੰਟਾ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਹੋਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਕਿਸਾਨ ਆਗੂਆਂ ਨੇ ਦੱਸਿਆ ਗੜ੍ਹੇਮਾਰੀ ਨਾਲ ਮਾਝੇ ਵਿਚ ਤਬਾਹ ਹੋਈ ਬਾਸਮਤੀ ਦੀ ਫਸਲ ਦਾ ਮੁਆਵਜ਼ਾ 12 ਹਜ਼ਾਰ ਤੋਂ ਵਧਾ ਕੇ 17 ਹਜ਼ਾਰ ਦਿੱਤਾ ਜਾਵੇਗਾ, ਸ਼ਹੀਦ ਪਰਿਵਾਰਾਂ ਨੂੰ ਨੌਕਰੀ ਤੇ ਮੁਆਵਜ਼ਾ ਹਫਤੇ ਵਿਚ ਦੇ ਦਿੱਤਾ ਜਾਵੇਗਾ, ਵੱਖ-ਵੱਖ ਅੰਦੋਲਨਾਂ ਦੇ ਪਹਿਲੇ ਰਹਿੰਦੇ ਸ਼ਹੀਦ ਪਰਿਵਾਰਾਂ ਨੂੰ ਨੌਕਰੀ ਤੇ ਮੁਆਵਜ਼ਾ ਦਿੱਤਾ ਜਾਵੇਗਾ, ਰੇਲਵੇ ਪੁਲਿਸ ਦੇ ਸਾਰੇ ਕੇਸ ਗ੍ਰਿਹ ਮੰਤਰੀ ਨਾਲ ਮੀਟਿੰਗ ਕਰਕੇ ਜਲਦੀ ਰੱਦ ਕਰ ਦਿੱਤੇ ਜਾਣਗੇ। ਆਗੂਆਂ ਵੱਲੋਂ ਸਮੁੱਚਾ ਕਰਜ਼ਾ ਖਤਮ ਕਰਨ ਦੀ ਮੰਗ ਕੀਤੀ ਗਈ, ਜਿਸ 'ਤੇ ਮੁੱਖ ਮੰਤਰੀ ਵੱਲੋਂ 5 ਏਕੜ ਤੱਕ ਦੇ ਸਾਰੇ ਕਿਸਾਨਾਂ ਦਾ ਕਰਜ਼ਾ ਹਫਤੇ ਵਿਚ ਖਤਮ ਕਰਨ ਦਾ ਭਰੋਸਾ ਦਿੱਤਾ ਗਿਆ ਹੈ ਤੇ ਆਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦੇਣ ਦੀ ਸਹਿਮਤੀ ਵੀ ਬਣੀ ਹੈ ਤੇ 65 ਫੀਸਦ ਕਲੈਕਟਰ ਰੇਟ ਨੂੰ 4 ਕਿਸ਼ਤਾਂ ਵਿੱਚ ਕਿਸਾਨ ਦੇਣਗੇ, ਤਾਰ ਪਰਲੀਆਂ ਜ਼ਮੀਨਾਂ ਦੇ ਮੁਆਵਜ਼ੇ ਬਾਰੇ ਗ੍ਰਿਹ ਮੰਤਰੀ ਨਾਲ ਮੀਟਿੰਗ ਕਰਕੇ ਮਸਲੇ ਦਾ ਹੱਲ ਕੀਤਾ ਜਾਵੇਗਾ, 36 ਹਜ਼ਾਰ ਨੌਕਰੀਆਂ ਪੰਜਾਬ ਦੇ ਨੌਜਵਾਨਾਂ ਨੂੰ ਦਿੱਤੀਆਂ ਜਾਣਗੀਆਂ, ਕੇਂਦਰ ਵਾਲੇ ਮਸਲਿਆਂ ਤੇ ਡੀਓ ਲੈਟਰ ਕੇਂਦਰ ਨੂੰ ਲਿਖੇ ਜਾਣਗੇ। ਇਸ ਤੋਂ ਇਲਾਵਾ ਨਸ਼ਾਬੰਦੀ, ਬੇਰੁਜ਼ਗਾਰੀ ਦੇ ਖਾਤਮੇ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ।

# ਸਿਆਸੀ ਧਿਰਾਂ ਦੀ ਗਿਣਤੀ-ਮਿਣਤੀ ਹਿੱਲੀ

*(ਸਫਾ ਇਕ ਦੀ ਬਾਕੀ)*

ਹਟ ਗਏ ਹਨ।

ਯਾਦ ਰਹੇ ਕਿ ਪੰਜਾਬ ਦੀ ਸਿਆਸਤ ਬਾਰੇ ਹੁਣ ਤੱਕ ਇਹੀ ਧਾਰਨ ਬਣੀ ਹੋਈ ਹੈ ਕਿ ਰਵਾਇਤੀ ਧਿਰਾਂ- ਅਕਾਲੀ ਦਲ ਬਾਦਲ ਤੇ ਕਾਂਗਰਸ ਵਿਚੋਂ ਹੀ ਇਕ ਨੇ ਸੱਤਾ ਸਾਂਭਣੀ ਹੈ। ਪਿਛਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਤੀਜੇ ਬਦਲ ਵਜੋਂ ਜ਼ਰੂਰ ਅੱਗੇ ਆਏ ਪਰ ਅੰਦਰੂਨੀ ਕਲੇਸ਼ ਤੇ ਲੀਡਰਸ਼ਿੱਪ ਦੀ ਘਾਟ ਨੇ ਉਸ ਦਾ ਰਾਹ ਰੋਕ ਲਿਆ, ਇਸ ਧਿਰ ਲਈ ਹਾਲਾਤ ਹੁਣ ਵੀ ਉਸੇ ਤਰ੍ਹਾਂ ਦੇ ਨਜ਼ਰ ਆ ਰਹੇ ਹਨ, ਕਿਉਂਕਿ ਇਸ ਧਿਰ ਨੇ ਪਿਛਲੇ ਤਕਰੀਬਨ 5 ਸਾਲਾਂ ਵਿਚ ਆਪਣੀਆਂ ਕਮਜ਼ੋਰੀਆਂ/ਗਲਤੀਆਂ ਉਤੇ ਝਾਤ ਮਾਰਨ ਦੀ ਲੋੜ ਨਹੀਂ ਸਮਝੀ। ਇਸ ਪਾਰਟੀ ਦੀ ਮੌਜੂਦਾ ਹਾਲਤ ਇਹ ਜਾਪ ਰਹੀ ਹੈ ਕਿ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਆਪਣੀ ਮੁੱਖ ਮੰਤਰੀ ਉਮੀਦਵਾਰੀ ਛੱਡਣ ਦੇ ਮੂਡ ਵਿਚ ਨਹੀਂ ਅਤੇ ਇਸ ਧਿਰ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਪੰਜਾਬ ਲੀਡਰਸ਼ਿਪ ਦੀਆਂ ਵਾਗਾਂ ਆਪਣੇ ਹੱਥ ਰੱਖਣ ਲਈ ਬਜ਼ਿੱਦ ਹਨ।

ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ਇਹ ਹਨ ਕਿ ਸੱਤਾਧਾਰੀ ਕਾਂਗਰਸ ਦੀ ਤਾਣੀ ਆਪਸੀ ਕਲੇਸ਼ ਤੇ ਪੰਜਾਬੀਆਂ ਨਾਲ ਵਾਅਦਾਖਿਲਾਫ ਦੇ ਮਸਲੇ ਉਤੇ ਉਲਝੀ ਹੋਈ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਨਸ਼ੇਖੋਰੀ, ਬੇਰੁਜ਼ਗਾਰੀ, ਮਾਫੀਆ ਰਾਜ, ਬੇਅਦਬੀ ਵਰਗੇ ਮੁੱਦਿਆਂ ਕਾਰਨ ਲੋਕ ਰੋਹ ਦਾ ਸ਼ਿਕਾਰ ਹੋਇਆ ਅਕਾਲੀ ਦਲ ਬਾਦਲ ਵੀ 5 ਸਾਲਾਂ ਵਿਚ ਆਪਣੇ ਉਤੇ ਲੱਗੇ ਇਨ੍ਹਾਂ ਦਾਗਾਂ ਨੂੰ ਧੋ ਨਹੀਂ ਸਕਿਆ। ਉਲਟਾ, ਖੇਤੀ ਕਾਨੂੰਨਾਂ ਦੀ ਸ਼ੁਰੂ-ਸ਼ੁਰੂ ਵਿਚ ਕੀਤੀ ਹਮਾਇਤ ਨੇ ਇਸ ਧਿਰ ਨੂੰ ਕੱਖੋਂ ਹੌਲਾ ਕਰ ਦਿੱਤਾ ਜਾਪਦਾ ਹੈ।

ਅਜਿਹੇ ਹਾਲਾਤ ਵਿਚ ਸੰਯੁਕਤ ਸਮਾਜ ਮੋਰਚੇ ਨੇ ਸਭ ਦਾ ਧਿਆਨ ਖਿੱਚਿਆ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਆਉਣ ਵਾਲੇ ਦਿਨਾਂ ਵਿਚ ਇਹ ਮੋਰਚੇ ਆਪਣੀਆਂ ਹਮਖ਼ਿਆਲੀ ਧਿਰਾਂ ਨਾਲ ਸਾਂਝ ਪਾਉਣ ਵਿਚ ਸਫਲ ਹੁੰਦਾ ਹੈ ਤਾਂ ਰਵਾਇਤੀ ਸਿਆਸਤ ਲਈ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ। ਮੋਰਚੇ ਦੀ ਆਮ ਆਦਮੀ ਪਾਰਟੀ ਨਾਲ ਸਿਆਸੀ ਸਾਂਝ ਪਾਉਣ ਦੇ ਵੀ ਚਰਚੇ ਹਨ। ਇਸ ਤੋਂ ਇਲਾਵਾ ਅਕਾਲੀ ਸੰਯੁਕਤ ਨਾਲੋਂ ਟੁੱਟੀਆਂ ਧਿਰਾਂ ਵੀ ਕਿਸਾਨ ਮੋਰਚੇ ਨਾਲ ਜੁੜ ਸਕਦੀਆਂ ਹਨ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤ੍ਰਿਣਮੂਲ ਕਾਂਗਰਸ ਨੇ ਵੀ ਇਸ ਵਾਰ ਜੈ ਕਿਸਾਨ ਜੈ ਜਵਾਨ ਪਾਰਟੀ ਨਾਲ ਗੱਠਜੋੜ ਕੀਤਾ ਹੈ। ਇਸ ਤੋਂ ਇਲਾਵਾ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਸਿਆਸੀ ਪਾਰਟੀ ਬਣਾਈ ਹੋਈ ਹੈ। ਚਰਚਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਹ ਸਿਆਸੀ ਧਿਰਾਂ ਇਕ ਹੋ ਕੇ ਰਵਾਇਤੀ ਧਿਰਾਂ ਨੂੰ ਟੱਕਰ ਦੇਣ ਦਾ ਐਲਾਨ ਕਰ ਸਕਦੀਆਂ ਹਨ।

# ਪੰਜਾਬ ਵਿਚ ਬਦਅਮਨੀ ਬਣੀ ਵੱਡੀ ਵੰਗਾਰ

*(ਸਫਾ ਇਕ ਦੀ ਬਾਕੀ)*

ਪਾਕਿਸਤਾਨ ਤੋਂ ਅਤਿਵਾਦ ਆਉਣ ਦੇ ਦਾਅਵੇ ਕੀਤੇ ਸਨ। ਬਾਅਦ ਵਿਚ ਸਰਹੱਦ ਪਾਰੋਂ ਡਰੋਨਾਂ ਦਾ ਆਉਣਾ ਤੇ ਟਿਫਨ ਬੰਬਾਂ ਮਿਲਣ ਦੀਆਂ ਘਟਨਾਵਾਂ ਨੂੰ ਸਿਆਸੀ ਆਗੂਆਂ ਨੇ ਆਪਣੇ ਦਾਅਵਿਆਂ ਨੂੰ ਪੁਖਤਾ ਕਰਨ ਲਈ ਵਰਤਿਆ।

ਅਸਲ ਵਿਚ, ਸਰਕਾਰੀ ਨਾਲਾਇਕੀਆਂ ਕਾਰਨ ਪਿਛਲੇ ਸਮੇਂ ਤੋਂ ਪੰਜਾਬ ਇਕ ਤਰ੍ਹਾਂ ਨਾਲ ਜੰਗ ਦਾ ਮੈਦਾਨ ਬਣਿਆ ਹੋਇਆ ਹੈ। ਵੱਖ-ਵੱਖ ਵਰਗਾਂ ਦੇ ਮੁਲਾਜ਼ਮ, ਜਿਨ੍ਹਾਂ ਵਿਚ ਘੱਟ ਉਜਰਤ 'ਤੇ ਕੰਮ ਕਰਨ ਵਾਲੇ ਕੱਚੇ ਮੁਲਾਜ਼ਮ, ਟੈੱਟ ਪਾਸ ਬੇਰੁਜ਼ਗਾਰ ਅਧਿਆਪਕ, ਸਿਹਤ ਸੇਵਾਵਾਂ ਨਾਲ ਸਬੰਧਤ ਨਰਸਾਂ ਤੇ ਡਾਕਟਰ ਅਤੇ ਹੋਰ ਬੇਰੁਜ਼ਗਾਰ ਨੌਜਵਾਨ ਵੀ ਧਰਨੇ ਤੇ ਵਿਖਾਵਿਆਂ ਦੇ ਰੂਪ ਵਿਚ ਅੰਦੋਲਨ ਕਰਨ ਲਈ ਮਜਬੂਰ ਹਨ। ਚੋਣਾਂ ਤੋਂ ਪਹਿਲਾਂ ਸੱਤਾ ਧਿਰ ਨੂੰ ਅਜਿਹੇ ਲੋਕਾਂ ਨੂੰ ਸ਼ਾਂਤ ਕਰਨਾ ਚੁਣੌਤੀ ਬਣ ਗਿਆ ਹੈ ਤੇ ਇਸ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ।

## ਨਰਿੰਦਰ ਮੋਦੀ ਦੀ ਪੰਜਾਬ ਫੇਰੀ 5 ਜਨਵਰੀ ਨੂੰ

**ਜਲੰਧਰ:** ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 5 ਜਨਵਰੀ ਨੂੰ ਪੰਜਾਬ ਆਉਣਗੇ। ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੱਸਿਆ ਹੈ ਕਿ ਸ੍ਰੀ ਮੋਦੀ 5 ਜਨਵਰੀ ਨੂੰ ਫਿਰੋਜ਼ਪੁਰ ਪੁੱਜਣਗੇ। ਮੁੱਖ ਮੰਤਰੀ ਸਕੱਤਰੇਤ ਵੱਲੋਂ ਕੁਝ ਵਿਭਾਗਾਂ ਨੂੰ ਇਸ ਸੰਬੰਧੀ ਕਿਹਾ ਗਿਆ ਹੈ ਕਿ ਇਸ ਮੌਕੇ ਪ੍ਰਧਾਨ ਮੰਤਰੀ ਨੂੰ ਪੰਜਾਬ ਵੱਲੋਂ ਪੇਸ਼ ਕੀਤੀਆਂ ਜਾ ਰਹੀਆਂ ਮੰਗਾਂ ਸਬੰਧੀ ਤਜਵੀਜ਼ਾਂ ਤੁਰਤ ਪੇਸ਼ ਕੀਤੀਆਂ ਜਾਣ। ਸਰਕਾਰੀ ਹਲਕਿਆਂ 'ਚ ਚਰਚਾ ਹੈ ਕਿ ਮੁੱਖ ਮੰਤਰੀ ਜੋ ਰਵਾਇਤੀ ਤੌਰ ਉਤੇ ਪ੍ਰਧਾਨ ਮੰਤਰੀ ਦੀ ਆਮਦ 'ਤੇ ਉਨ੍ਹਾਂ ਨੂੰ ਏਅਰਪੋਰਟ 'ਤੇ ਜੀ ਆਇਆਂ ਕਹਿੰਦੇ ਹਨ, ਸ੍ਰੀ ਮੋਦੀ ਨੂੰ ਆਪਣੀ ਸਰਕਾਰ ਵੱਲੋਂ ਸੂਬੇ ਦੀਆਂ ਇਹ ਮੰਗਾਂ ਇਕ ਮੰਗ ਪੱਤਰ ਦੇ ਰੂਪ 'ਚ ਪੇਸ਼ ਕਰ ਸਕਦੇ ਹਨ। ਪ੍ਰਧਾਨ ਮੰਤਰੀ 5 ਜਨਵਰੀ ਨੂੰ ਪੰਜਾਬ ਆ ਰਹੇ ਹਨ, ਜਿਥੇ ਉਹ ਇਕ ਜਨਤਕ ਰੈਲੀ ਨੂੰ ਵੀ ਸੰਬੋਧਨ ਕਰਨਗੇ ਅਤੇ ਉਸ ਸਮੇਂ ਤੱਕ ਭਾਜਪਾ ਨਾਲ ਗਠਜੋੜ 'ਚ ਸ਼ਾਮਲ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀਆਂ ਨਾਲ ਟਿਕਟਾਂ ਦੀ ਵੰਡ ਸੰਬੰਧੀ ਸਮਝੌਤਾ ਹੋ ਜਾਣ ਦੀ ਸੰਭਾਵਨਾ ਵੀ ਹੈ।

## ਦੋ ਕਾਂਗਰਸੀ ਵਿਧਾਇਕ ਭਾਜਪਾ 'ਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਉਸ ਦੇ ਦੋ ਵਿਧਾਇਕ ਵਿਧਾਇਕ ਫਤਹਿਜੰਗ ਬਾਜਵਾ ਅਤੇ ਬਲਵਿੰਦਰ ਲਾਡੀ ਭਾਜਪਾ 'ਚ ਸ਼ਾਮਲ ਹੋ ਗਏ। ਇਸ ਦੇ ਨਾਲ ਸਾਬਕਾ ਕ੍ਰਿਕਟਰ ਦਿਨੇਸ਼ ਮੋਂਗੀਆ ਵੀ ਭਾਜਪਾ ਵਿਚ ਸ਼ਾਮਲ ਹੋ ਗਏ।

## ਕੇਂਦਰ ਨੇ ਮਦਰ ਟੈਰੇਸਾ ਚੈਰਿਟੀ ਦੇ ਖਾਤੇ ਸੀਲ ਕੀਤੇ: ਮਮਤਾ

**ਕੋਲਕਾਤਾ:** ਕੇਂਦਰ ਸਰਕਾਰ ਨੇ ਮਦਰ ਟੈਰੇਸਾ ਵੱਲੋਂ ਸਥਾਪਤ 'ਮਿਸ਼ਨਰੀਜ ਆਫ ਚੈਰਿਟੀ' ਦੇ ਸਾਰੇ ਬੈਂਕ ਖਾਤਿਆਂ ਦਾ ਲੈਣ-ਦੇਣ ਰੋਕ ਦਿੱਤਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਇਸ ਕਦਮ ਨਾਲ ਮਿਸ਼ਨਰੀਜ ਆਫ ਚੈਰਿਟੀ ਦੇ 22,000 ਮਰੀਜ਼ਾਂ ਅਤੇ ਮੁਲਾਜ਼ਮਾਂ ਨੂੰ ਭੋਜਨ ਤੇ ਦਵਾਈਆਂ ਨਹੀਂ ਮਿਲ ਰਹੇ। ਉਨ੍ਹਾਂ ਟਵੀਟ ਕਰਕੇ ਕਿਹਾ, "ਕਾਨੂੰਨ ਸਭ ਤੋਂ ਉਪਰ ਹੈ, ਪਰ ਮਾਨਵਤਾ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ।"

## ਮਲੋਟ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਕੋਸ਼ਿਸ਼

**ਮਲੋਟ:** ਮਲੋਟ ਤੋਂ ਸ੍ਰੀ ਮੁਕਤਸਰ ਰੋਡ 'ਤੇ ਸਥਿਤ ਪਿੰਡ ਈਨਾਖੇੜਾ ਦੇ ਗੁਰਦੁਆਰਾ ਬਾਬਾ ਬਿਧੀ ਚੰਦ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਪਿੰਡ ਦੇ ਹੀ ਵਸਨੀਕ 20-22 ਸਾਲਾਂ ਦੇ ਨੌਜਵਾਨ ਨੂੰ ਗ੍ਰੰਥੀ ਸਿੰਘ ਵੱਲੋਂ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ ਹੈ। ਨੌਜਵਾਨ ਆਪਣੇ ਪਰਿਵਾਰ ਸਮੇਤ ਸਵੇਰੇ ਗੁਰਦੁਆਰਾ ਸਾਹਿਬ ਵਿਖੇ ਆਇਆ ਸੀ ਅਤੇ ਉਸ ਨੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਅੱਗੇ ਪਏ ਸ਼ਾਸ਼ਤਰਾਂ ਨਾਲ ਛੇੜਛਾੜ ਕੀਤੀ ਅਤੇ ਫਿਰ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੁੱਕ ਕੇ ਬਾਹਰ ਲੈ ਆਇਆ, ਜਿਸ ਨੂੰ ਨਿੱਤਨੇਮ ਕਰਕੇ ਹਟੇ ਗੁਰਦੁਆਰਾ ਦੇ ਗ੍ਰੰਥੀ ਸਿੰਘ ਨੇ ਦੇਖ ਲਿਆ ਅਤੇ ਉਸ ਤੋਂ ਪਵਿੱਤਰ ਸਰੂਪ ਲੈ ਕੇ ਮੁੜ ਅੰਦਰ ਸਸ਼ੋਭਿਤ ਕਰ ਦਿੱਤਾ, ਜਿਸ ਕਰਕੇ ਉਹ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਸਕਿਆ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |



**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ



**ਫਤਹਿਗੜ੍ਹ ਸਾਹਿਬ:** ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਚਮਕੌਰ ਸਾਹਿਬ ਸ਼ਹੀਦੀ ਜੋੜ ਮੇਲ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਤਿੰਨ ਪਿਆਰਿਆਂ ਅਤੇ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਤੋਂ ਬਾਅਦ ਇਤਿਹਾਸਕ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ, ਸ੍ਰੀ ਜੋਤੀ ਸਰੂਪ ਸਾਹਿਬ ਸਮੇਤ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਸਾਹਿਬਾਨ ਵਿਚ ਦੇਸ਼-ਵਿਦੇਸ਼ ਵਿਚੋਂ ਪਹੁੰਚੀਆਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਈਆਂ। ਇਨ੍ਹਾਂ ਦੀ ਸਹੂਲਤ ਲਈ ਪ੍ਰਸ਼ਾਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਪ੍ਰਬੰਧ ਕੀਤੇ ਗਏ ਸਨ। ਫ਼ਤਹਿਗੜ੍ਹ ਸਾਹਿਬ ਦੀ ਧਰਤੀ ਨੂੰ ਮਿਲਦੀ ਕਿਸੇ ਵੀ ਪਿੰਡ ਜਾਂ ਸ਼ਹਿਰ ਦੀ ਕੋਈ ਵੀ ਅਜਿਹੀ ਸੜਕ ਨਹੀਂ ਜਿੱਥੇ ਸੰਗਤਾਂ ਵੱਲੋਂ ਆਉਣ-ਜਾਣ ਵਾਲੀ ਸੰਗਤ ਦੀ ਸਹੂਲਤ ਲਈ ਲੰਗਰ ਨਾ ਲਗਾਏ ਗਏ ਹੋਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੰਗਰਾਂ ਵਾਲੀ ਥਾਂ ਤੋਂ ਇਲਾਵਾ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਦੀਆਂ ਸੰਗਤਾਂ ਨੇ ਥਾਂ-ਪੁਰ-ਥਾਂ ਲੰਗਰ ਲਗਾਏ ਗਏ ਸਨ। ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਦੀ ਯਾਦ ਵਿਚ ਸ਼ਹੀਦੀ ਜੋੜ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਤੱਕ ਸਜਾਏ ਵਿਸ਼ਾਲ ਨਗਰ ਕੀਰਤਨ ਮਗਰੋਂ ਸ਼ਹੀਦੀ ਜੋੜ ਮੇਲ ਸਮਾਪਤ ਹੋ ਗਿਆ।

ਨਗਰ ਕੀਰਤਨ ਦੀ ਅਰੰਭਤਾ ਮੌਕੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਤੇ ਮੁੱਖ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਜਪੁਜੀ ਸਾਹਿਬ ਦੇ ਪਾਠ ਮਗਰੋਂ ਅਰਦਾਸ ਕੀਤੀ ਤੇ ਗਿਆਨੀ ਜਗਤਾਰ ਸਿੰਘ ਨੇ ਹੁਕਮਨਾਮਾ ਲਿਆ। ਨਗਰ ਕੀਰਤਨ ਵਿਚ ਸੇਵਾ ਸੁਸਾਇਟੀਆਂ ਤੇ ਵੱਖ-ਵੱਖ ਸਕੂਲ ਕਾਲਜਾਂ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਭਾਗ ਲਿਆ। ਵੱਖ-ਵੱਖ ਗੱਤਕਾ ਪਾਰਟੀਆਂ ਨੇ ਜੌਹਰ ਦਿਖਾਏ।

ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨੂੰ ਇਕਜੁੱਟ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਸਿੱਖ ਪਰੰਪਰਾਵਾਂ ਉਪਰ ਹਮਲਿਆਂ ਨੂੰ ਰੋਕਣ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਧੰਨਵਾਦ ਕਰਦਿਆਂ ਕਿਹਾ ਕਿ ਸਮੁੱਚੀ ਸਿੱਖ ਕੌਮ ਗੁਰੂ ਨਾਨਕ ਦੇਵ ਵੱਲੋਂ ਬਖਸ਼ੇ ਸ਼ਬਦ ਗੁਰਬਾਣੀ ਦੇ ਸਿਧਾਂਤ ਨਾਲ ਜੁੜੇ।

# ਸਿੱਖ ਧਰਮ 'ਭਗਤੀ ਨਾਲ ਸ਼ਕਤੀ' ਦਾ ਅਨੋਖਾ ਸੰਗਮ: ਯੋਗੀ



**ਲਖਨਊ:** ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਹੈ ਅਤੇ ਕਿਹਾ ਉਨ੍ਹਾਂ ਦੀ ਸ਼ਹਾਦਤ 'ਜ਼ੁਲਮ ਅਤੇ ਅਧਰਮ' ਖਿਲਾਫ ਲੜਨ ਦੀ ਪ੍ਰੇਰਨਾ ਦਿੰਦੀ ਰਹੇਗੀ। ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਆਪਣੀ ਸਰਕਾਰੀ ਰਿਹਾਇਸ਼ 'ਤੇ ਦਸਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਵਿਚ ਸ਼ਾਮਲ ਹੋਏ। ਸਮਾਗਮ ਵਿਚ ਸ਼ਬਦ ਕੀਰਤਨ ਹੋਇਆ।

ਅਦਿੱਤਿਆਨਾਥ ਨੇ ਕਿਹਾ, ''ਇਹ ਸਿੱਖ ਗੁਰੂ ਸਹਿਬਾਨ ਦੀ ਪਵਿੱਤਰ ਰਵਾਇਤ ਸੀ, ਜਿਸ ਨੇ ਵਿਦੇਸ਼ੀ ਦਹਿਸ਼ਤਗਰਦਾਂ ਦੇ ਸਨਾਤਨ ਧਰਮ ਵਿਰੋਧੀ ਇਰਾਦਿਆਂ ਨੂੰ ਕਦੇ ਵੀ ਸਫਲ ਨਹੀਂ ਹੋਣ ਦਿੱਤਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ, ਸਿੱਖ ਧਰਮ 'ਭਗਤੀ ਨਾਲ ਸ਼ਕਤੀ' ਦਾ ਅਨੋਖਾ ਸੰਗਮ ਹੈ। ਇਹ ਰੂਹਾਨੀ ਪਰੰਪਰਾ ਭਾਰਤ ਨੂੰ ਬਚਾਉਣ ਆਈ ਸੀ। 'ਸਾਹਿਬਜ਼ਾਦਾ ਦਿਹਾੜਾ' ਸਾਨੂੰ ਹਮੇਸ਼ਾ ਜ਼ੁਲਮ ਅਤੇ ਅਧਰਮ ਖਿਲਾਫ ਲੜਨ ਲਈ ਪ੍ਰੇਰਦਾ ਰਹੇਗਾ।'' ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ, ''ਦਹਿਸ਼ਤਗਰਦਾਂ ਨੇ ਦੇਸ਼ ਨੂੰ ਇਸਲਾਮ 'ਚ ਤਬਦੀਲ ਕਰਨ ਅਤੇ ਭਾਰਤ ਨੂੰ ਗੁਲਾਮ ਬਣਾਉਣ ਦੀ ਕੋਸ਼ਿਸ਼ ਕੀਤੀ।'' ਅਦਿੱਤਿਆਨਾਥ ਮੁਤਾਬਕ, ''ਹਾਲਾਂਕਿ ਸਿੱਖ ਗੁਰੂ ਸਹਿਬਾਨ ਵੱਲੋਂ ਉਨ੍ਹਾਂ ਦੇ ਇਰਾਦੇ ਪੂਰੇ ਨਹੀਂ ਹੋਣ ਦਿੱਤੇ ਗਏ।'' ਉਨ੍ਹਾਂ ਕਿਹਾ, ''ਇਹ ਗੱਲ ਕੌਣ ਨਹੀਂ ਜਾਣਦਾ ਕਿ ਔਰੰਗਜ਼ੇਬ ਚਾਹੁੰਦਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਆਪਣੇ ਧਰਮ ਅਤੇ ਗੁਰੂ ਸਹਿਬਾਨ ਦੀਆਂ ਮਹਾਨ ਸਿੱਖਿਆਵਾਂ ਛੱਡ ਕੇ ਇਸਲਾਮ ਕਬੂਲ ਕਰ ਲੈਣ, ਜਿਸ ਲਈ ਉਸ ਨੇ ਕਈ ਲਾਲਚ ਵੀ ਦਿੱਤੇ ਪਰ ਉਨ੍ਹਾਂ ਨੇ ਦੇਸ਼ ਦੀ ਰੱਖਿਆ ਲਈ ਜਿੰਦਾ ਹੀ ਨੀਂਹਾਂ ਵਿਚ ਚਿਣੇ ਜਾਣ ਨੂੰ ਤਰਜੀਹ ਦਿੱਤੀ।'' ਮੁੱਖ ਮੰਤਰੀ ਨੇ ਕਿਹਾ ਕਿ ਸਿੱਖ ਭਾਈਚਾਰਾ ਦੇਸ਼ ਪ੍ਰਤੀ ਸਮਰਪਣ ਲਈ ਪੂਰੀ ਦੁਨੀਆਂ ਵਿਚ ਜਾਣਿਆਂ ਜਾਂਦਾ ਹੈ। ਉਨ੍ਹਾਂ ਕਿਹਾ, ''ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰੀ ਹਿੰਦੂਆਂ ਅਤੇ ਕਸ਼ਮੀਰੀ ਪੰਡਿਤਾਂ ਲਈ ਬਲੀਦਾਨ ਦੇ ਕੇ ਕਸ਼ਮੀਰੀ ਪੰਡਿਤਾਂ ਅਤੇ ਦੇਸ਼ ਦੀ ਰੱਖਿਆ ਕੀਤੀ ਸੀ।'' ਇਕ ਅਧਿਕਾਰਤ ਤਰਜਮਾਨ ਮੁਤਾਬਕ ਉਤਰ ਪ੍ਰਦੇਸ਼ ਸਰਕਾਰ ਵੱਲੋਂ 2020 ਵਿਚ 'ਸਾਹਿਬਜ਼ਾਦਾ ਦਿਵਸ' ਮਨਾਉਣਾ ਸ਼ੁਰੂ ਕੀਤਾ ਗਿਆ ਸੀ।

# ਸਿੱਖ ਕੈਦੀਆਂ ਦੀ ਰਿਹਾਈ ਲਈ ਦਰਬਾਰ ਸਾਹਿਬ ਤੱਕ ਮਾਰਚ




**ਅੰਮ੍ਰਿਤਸਰ:** ਉਮਰ ਕੈਦ ਦੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਨੌਂ ਸਿੱਖ ਰਾਜਸੀ ਕੈਦੀਆਂ ਦੀ ਰਿਹਾਈ ਲਈ ਸਿੱਖ ਯੂਥ ਆਫ ਪੰਜਾਬ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸੱਦੇ 'ਤੇ ਪੰਥਕ ਜਥੇਬੰਦੀਆਂ ਨੇ ਮਾਰਚ ਕੱਢਿਆ ਅਤੇ ਅਕਾਲ ਤਖਤ ਸਾਹਿਬ ਅਰਦਾਸ ਕੀਤੀ।

ਭਾਈ ਪਰਮਜੀਤ ਸਿੰਘ ਮੰਡ, ਭਾਈ ਕੰਵਰ ਚੜ੍ਹਤ ਸਿੰਘ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਗੁਰਨਾਮ ਸਿੰਘ ਮੂਨਕਾਂ ਅਤੇ ਭਾਈ ਜੁਗਰਾਜ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਨੌਜਵਾਨਾਂ ਨੇ ਗੁਰਦੁਆਰਾ ਸੰਤੋਖਸਰ ਤੋਂ ਦਰਬਾਰ ਸਾਹਿਬ ਤੱਕ ਮਾਰਚ ਕੀਤਾ ਅਤੇ ਰਿਹਾਈ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ। ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਸ਼ਮਸ਼ੇਰ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਗੁਰਦੀਪ ਸਿੰਘ ਨੂੰ ਉਮਰ ਕੈਦ ਦੀ ਸਜਾ ਕੱਟਦਿਆਂ 25 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ।

ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦਾ ਐਲਾਨ ਕੀਤਾ ਸੀ ਪਰ ਅਫਸੋਸ ਕਿ ਉਹ ਫੈਸਲਾ ਅੱਜ ਤੱਕ ਸਰਕਾਰ ਨੇ ਅਮਲ ਵਿਚ ਨਹੀਂ ਲਿਆਂਦਾ।

# ਮੋਦੀ ਨੇ ਸਰਕਾਰ ਵੱਲੋਂ ਸਿੱਖ ਭਾਈਚਾਰੇ ਲਈ ਕੀਤੇ ਕੰਮ ਗਿਣਵਾਏ



**ਕੱਛ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁਗਲਾਂ ਅਤੇ ਅੰਗਰੇਜ਼ਾਂ ਖਿਲਾਫ ਭਾਰਤ ਦੇ ਸੰਘਰਸ਼ 'ਚ ਸਿੱਖ ਗੁਰੂਆਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਕਿਹਾ ਕਿ ਸਿੱਖ ਗੁਰੂਆਂ ਨੇ ਜਿਨ੍ਹਾਂ ਚੁਣੌਤੀਆਂ ਨੂੰ ਲੈ ਕੇ ਲੋਕਾਂ ਨੂੰ ਆਪਣੇ ਜੀਵਨ ਕਾਲ ਦੌਰਾਨ ਚੌਕਸ ਕੀਤਾ ਸੀ, ਉਹ ਅੱਜ ਵੀ ਕਾਇਮ ਹਨ।

ਗੁਜਰਾਤ ਦੇ ਕੱਛ 'ਚ ਗੁਰਦੁਆਰਾ ਲਖਪਤ ਸਾਹਿਬ 'ਚ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਵਿਚ ਸਿੱਖ ਗੁਰੂਆਂ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ ਇਹ ਸਿਰਫ ਸਮਾਜ ਅਤੇ ਰੂਹਾਨੀਅਤ ਤੱਕ ਹੀ ਸੀਮਤ ਨਹੀਂ ਸਨ। ਇਸ ਮੌਕੇ ਮੋਦੀ ਨੇ ਸਿੱਖਾਂ ਲਈ ਆਪਣੀ ਸਰਕਾਰ ਵੱਲੋਂ ਕੀਤੇ ਕੰਮ ਵੀ ਗਿਣਵਾਏ। ਉਨ੍ਹਾਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਕਈ ਦਹਾਕਿਆਂ ਮਗਰੋਂ ਖੋਲ੍ਹਣ ਅਤੇ ਸਿੱਖ ਭਾਈਚਾਰੇ ਲਈ ਉਠਾਏ ਗਏ ਕਦਮਾਂ ਦੀ ਜਾਣਕਾਰੀ ਵੀ ਦਿੱਤੀ।

ਪ੍ਰਧਾਨ ਮੰਤਰੀ ਨੇ ਏਕੇ ਦੀ ਅਪੀਲ ਉਸ ਸਮੇਂ ਕੀਤੀ ਹੈ ਜਦੋਂ ਦੋ ਦਿਨ ਪਹਿਲਾਂ ਲੁਧਿਆਣਾ ਜਿਲ੍ਹਾ ਅਦਾਲਤ ਕੰਪਲੈਕਸ 'ਚ ਧਮਾਕੇ ਕਾਰਨ ਇਕ ਵਿਅਕਤੀ ਹਲਾਕ ਅਤੇ ਛੇ ਹੋਰ ਜਖਮੀ ਹੋ ਗਏ ਸਨ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਬਹਾਦਰੀ ਅਤੇ ਔਰੰਗਜ਼ੇਬ ਖਿਲਾਫ ਉਨ੍ਹਾਂ ਦੀ ਸ਼ਹਾਦਤ ਸਾਨੂੰ ਸਿੱਖਿਆ ਦਿੰਦੀ ਹੈ ਕਿ ਕਿਵੇਂ ਮੁਲਕ ਦਹਿਸ਼ਤਵਾਦ ਅਤੇ ਧਾਰਮਿਕ ਕੱਟੜਤਾ ਖਿਲਾਫ ਲੜ ਸਕਦਾ ਹੈ। 'ਇਸੇ ਤਰ੍ਹਾਂ 10ਵੇਂ ਗੁਰੂ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜੀਵਨ ਵੀ ਦ੍ਰਿੜ੍ਹਤਾ ਅਤੇ ਬਲਿਦਾਨ ਦੀ ਜਿਉਂਦੀ ਜਾਗਦੀ ਮਿਸਾਲ ਹੈ।' ਸ੍ਰੀ ਮੋਦੀ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਦੇਸ਼ ਦੀ ਵਿਰਾਸਤ ਨੂੰ ਸੰਭਾਲਣ ਦਾ ਕੰਮ ਕੀਤਾ ਅਤੇ ਜਲ੍ਹਿਆਂਵਾਲਾ ਬਾਗ ਸਿੱਖ ਭਰਾਵਾਂ ਅਤੇ ਭੈਣਾਂ ਵੱਲੋਂ ਦਿੱਤੇ ਗਏ ਬਲਿਦਾਨ ਦਾ ਗਵਾਹ ਹੈ ਜੋ ਬ੍ਰਿਟਿਸ਼ ਹਕੂਮਤ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪੂਰੀ ਬਹਾਦਰੀ ਨਾਲ ਲੜੇ ਸਨ। 'ਕਰਤਾਰਪੁਰ ਸਾਹਿਬ ਲਾਂਘਾ ਕਈ ਦਹਾਕਿਆਂ ਦੀ ਉਡੀਕ ਮਗਰੋਂ ਸਾਡੀ ਸਰਕਾਰ ਨੇ ਇਸ ਦੀ ਉਸਾਰੀ ਮੁਕੰਮਲ ਕਰਵਾ ਕੇ 2019 'ਚ ਖੋਲ੍ਹਿਆ।' ਸ੍ਰੀ ਮੋਦੀ ਨੇ ਕਿਹਾ ਕਿ ਹੁਣੇ ਜਿਹੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪੂਰੇ ਸਤਿਕਾਰ ਨਾਲ ਅਫ਼ਗਾਨਿਸਤਾਨ ਤੋਂ ਭਾਰਤ ਲਿਆਂਦੇ ਗਏ ਹਨ।

# ਸਿੱਖ ਰਾਜ ਦੀ ਕਾਇਮੀ ਲਈ ਬਾਬਾ ਬੰਦਾ ਸਿੰਘ ਬਹਾਦਰ ਤੋਂ ਪ੍ਰੇਰਨਾ ਦੀ ਲੋੜ: ਮਾਨ



**ਫਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦੀ ਜੋੜ ਮੇਲ ਦੇ ਦੂਸਰੇ ਦਿਨ ਰਾਜਸੀ ਕਾਨਫਰੰਸ ਦੌਰਾਨ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ, ਮਾਤਾ ਗੁਜਰੀ ਅਤੇ ਬਾਬਾ ਮੋਤੀ ਰਾਮ ਮਹਿਰਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਹ ਸ਼ਹਾਦਤਾਂ ਸਾਨੂੰ ਜਬਰ ਜ਼ੁਲਮ ਅਤੇ ਵਿਤਕਰਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਪ੍ਰੇਰਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਰਾਜ ਕਾਇਮ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ।

ਉਨ੍ਹਾਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਪੰਜਾਬ, ਪੰਜਾਬੀਅਤ ਅਤੇ ਸਿੱਖ ਕੌਮ ਵਿਰੋਧੀ ਕਾਂਗਰਸ, ਭਾਜਪਾ, ਬਾਦਲ ਦਲ ਅਤੇ ਆਮ ਆਦਮੀ ਪਾਰਟੀ ਨੂੰ ਕਰਾਰੀ ਹਾਰ ਦੇਣ ਲਈ ਅਕਾਲੀ ਦਲ ਅੰਮ੍ਰਿਤਸਰ ਨੂੰ ਸਹਿਯੋਗ ਦੇਣ ਦੀ ਵਕਾਲਤ ਕੀਤੀ। ਕੇਂਦਰ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਤਿੰਨ ਖੇਤੀ ਕਾਨੂੰਨ ਰੱਦ ਹੋ ਗਏ ਹਨ ਪਰ ਜਦੋਂ ਤਕ ਫ਼ਸਲਾਂ ਦੀ ਐਮ.ਐਸ.ਪੀ. ਨੂੰ ਕਾਨੂੰਨੀ ਮਾਨਤਾ ਅਤੇ ਸਰਹੱਦਾਂ ਖੋਲ੍ਹ ਕੇ ਵਪਾਰ ਦੀ ਆਗਿਆ ਨਹੀਂ ਮਿਲਦੀ, ਉਦੋਂ ਤੱਕ ਲੜਾਈ ਜਾਰੀ ਰੱਖਣ ਦੀ ਲੋੜ ਹੈ। ਉਨ੍ਹਾਂ ਪਾਸਪੋਰਟ, ਆਧਾਰ ਕਾਰਡ ਅਤੇ ਵੋਟਰ ਕਾਰਡ ਤੋਂ ਬਿਨਾਂ ਪਾਕਿਸਤਾਨ ਦੇ ਗੁਰੂ ਘਰਾਂ ਦੇ ਦਰਸ਼ਨ ਖੋਲ੍ਹਣ ਦੀ ਮੰਗ ਵੀ ਕੀਤੀ।

ਇਸ ਮੌਕੇ 18 ਮਤੇ ਪਾਸ ਕਰਵਾਏ ਗਏ, ਜਿਨ੍ਹਾਂ ਵਿਚ ਇਨਸਾਫ਼ ਮਿਲਣ ਤਕ ਬਰਗਾੜੀ ਮੋਰਚਾ ਜਾਰੀ ਰੱਖਣ, ਦਰਬਾਰ ਸਾਹਿਬ, ਕੇਸਗੜ੍ਹ ਸਾਹਿਬ ਅਤੇ ਕਪੂਰਥਲਾ 'ਚ ਬੇਅਦਬੀਆਂ ਦੀ ਨਿਰਪੱਖ ਜਾਂਚ ਕਰਨ ਸਮੇਤ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਕਰਵਾਉਣ ਦੀਆਂ ਮੰਗਾਂ ਸ਼ਾਮਲ ਹਨ।

# ਬੇਅਦਬੀ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਜੱਜ ਦੀ ਨਿਗਰਾਨੀ ਹੇਠ ਮੰਗੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਤੇ ਹੋਰਨਾਂ ਥਾਵਾਂ 'ਤੇ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਪਾਰਟੀ ਦੀ ਕੋਰ ਕਮੇਟੀ ਨੇ ਇਥੇ ਇਹ ਵੀ ਫੈਸਲਾ ਕੀਤਾ ਹੈ ਕਿ ਪੁਲਿਸ ਵੱਲੋਂ ਬੇਅਦਬੀ ਮਾਮਲਿਆਂ ਵਿਚ ਕਾਰਵਾਈ ਨਾ ਕਰਨ ਦੇ ਰੋਸ ਵਜੋਂ 2 ਜਨਵਰੀ ਨੂੰ ਅੰਮ੍ਰਿਤਸਰ ਦੇ ਮੰਜੀ ਸਾਹਿਬ ਵਿਖੇ ਪੰਥਕ ਰੋਸ ਇਕੱਠ ਕੀਤਾ ਜਾਵੇਗਾ। ਮੀਟਿੰਗ ਦੀ ਪ੍ਰਧਾਨਗੀ ਸੁਖਬੀਰ ਸਿੰਘ ਬਾਦਲ ਨੇ ਕੀਤੀ ਅਤੇ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਲੰਮੇ ਸਮੇਂ ਬਾਅਦ ਮੀਟਿੰਗ 'ਚ ਸ਼ਾਮਲ ਹੋਏ। ਸੁਖਬੀਰ ਬਾਦਲ ਨੇ ਕੋਰ ਕਮੇਟੀ 'ਚ ਲਏ ਫੈਸਲਿਆਂ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖਾਂ ਅਤੇ ਪੰਜਾਬੀਆਂ ਨੂੰ ਕਾਂਗਰਸ ਸਰਕਾਰ ਤੇ ਸੂਬੇ ਦੇ ਗ੍ਰਹਿ ਮੰਤਰੀ 'ਤੇ ਕੋਈ ਵਿਸ਼ਵਾਸ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਅਜਿਹੇ ਮਾਮਲਿਆਂ ਪਿਛਲੀ ਸਾਜ਼ਿਸ਼ ਬੇਨਕਾਬ ਕਰਨ ਵਿਚ ਨਾਕਾਮ ਰਹੀ ਹੈ ਹਾਲਾਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਟਕਾ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਸੁੱਟਣ ਵਾਲਾ ਵਿਅਕਤੀ ਪੁਲਿਸ ਹਵਾਲੇ ਵੀ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੇ 15 ਦਸੰਬਰ ਨੂੰ ਵਾਪਰੇ ਬੇਅਦਬੀ ਮਾਮਲੇ 'ਚ 48 ਘੰਟਿਆਂ ਅੰਦਰ ਸਾਰੀ ਸਾਜ਼ਿਸ਼ ਬੇਨਕਾਬ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਤੱਕ ਕੁਝ ਵੀ ਜਨਤਕ ਨਹੀਂ ਕੀਤਾ ਗਿਆ।

# ਤਖਤ ਪਟਨਾ ਸਾਹਿਬ ਦੇ ਜਥੇਦਾਰ ਤੇ ਪ੍ਰਧਾਨ ਦੀ ਅਮਿਤ ਸ਼ਾਹ ਨਾਲ ਮੁਲਾਕਾਤ ਨੇ ਛੇੜੇ ਚਰਚੇ

**ਲੁਧਿਆਣਾ:** ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗਹੌਰ ਅਤੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਹੋਈ ਮੁਲਾਕਾਤ ਪੰਥਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿਉਂਕਿ ਅਕਾਲੀ ਦਲ ਬਾਦਲ ਨਾਲ ਸਬੰਧਤ ਕਈ ਆਗੂ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਜਪਾ 'ਚ ਲਗਾਤਾਰ ਸ਼ਾਮਲ ਹੋ ਰਹੇ ਹਨ।

ਇਨ੍ਹਾਂ ਆਗੂਆਂ ਵਿਚਾਲੇ ਹੋਈ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸਮਾਜ ਸੇਵੀ ਜਸਵੰਤ ਸਿੰਘ ਛਾਪਾ ਨੇ ਦੱਸਿਆ ਕਿ ਅਮਿਤ ਸ਼ਾਹ ਨਾਲ ਉਨ੍ਹਾਂ ਦੀ ਨਵੀਂ ਦਿੱਲੀ ਸਥਿਤ ਰਿਹਾਇਸ਼ 'ਤੇ ਹੋਈ ਮੁਲਾਕਾਤ ਵਿਚ ਕੇਂਦਰੀ ਮੰਤਰੀ ਨੂੰ 9 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਤਖਤ ਸ੍ਰੀ ਪਟਨਾ ਸਾਹਿਬ ਵਿਚ ਹੋ ਰਹੇ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ ਜੋ ਉਨ੍ਹਾਂ ਪ੍ਰਵਾਨ ਕਰ ਲਿਆ ਹੈ।

ਉਨ੍ਹਾਂ ਦੱਸਿਆ ਕਿ ਮੁਲਾਕਾਤ ਦੌਰਾਨ ਕੋਈ ਵੀ ਰਾਜਸੀ ਗੱਲਬਾਤ ਨਹੀਂ ਹੋਈ ਸਿਰਫ ਸਿੱਖ ਪੰਥ ਨਾਲ ਸਬੰਧਤ ਮਾਮਲਿਆਂ ਬਾਰੇ ਹੀ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਾਕਾਤ ਦੌਰਾਨ ਅਮਿਤ ਸ਼ਾਹ ਨੇ ਕਿਹਾ ਹੈ ਕਿ ਸਿੱਖਾਂ ਨਾਲ ਸਬੰਧਤ ਜੋ ਵੀ ਮਸਲੇ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਗ੍ਰਹਿ ਮੰਤਰੀ ਨੇ ਜਥੇਦਾਰ ਗਹੌਰ ਤੇ ਜਥੇਦਾਰ ਹਿੱਤ ਨੂੰ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਸਿੱਖਾਂ ਦੀ ਕਾਲੀ ਸੂਚੀ ਖਤਮ ਕਰ ਦਿੱਤੀ ਗਈ ਹੈ ਅਤੇ ਤਖਤ ਸ੍ਰੀ ਪਟਨਾ ਸਾਹਿਬ ਸਮੇਤ ਸਾਰੇ ਗੁਰੂ ਘਰਾਂ ਦੇ ਲੰਗਰ 'ਤੇ ਜੀ.ਐਸ.ਟੀ. ਵੀ ਖਤਮ ਕਰ ਦਿੱਤਾ ਗਿਆ ਹੈ।



ਜਥੇਦਾਰ ਗਹੌਰ ਅਤੇ ਪ੍ਰਧਾਨ ਹਿੱਤ ਨੇ ਅਮਿਤ ਸ਼ਾਹ ਤੋਂ ਮੰਗ ਕੀਤੀ ਕਿ ਸ੍ਰੀ ਅੰਮ੍ਰਿਤਸਰ ਤੋਂ ਸ੍ਰੀ ਪਟਨਾ ਸਾਹਿਬ ਲਈ ਬੰਦ ਪਈਆਂ ਉਡਾਣਾਂ ਸ਼ੁਰੂ ਕੀਤੀਆਂ ਜਾਣ ਅਤੇ ਪੰਜ ਤਖਤਾਂ ਨੂੰ ਜੋੜਨ ਵਾਲੀਆਂ ਉਡਾਣਾਂ ਵੀ ਸ਼ੁਰੂ ਕੀਤੀਆਂ ਜਾਣ। ਸ਼ਾਹ ਨੇ ਕਿਹਾ ਕਿ ਜਲਦੀ ਹੀ ਬੰਦ ਕੀਤੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣਗੀਆਂ।

# ਸਿੱਖਾਂ 'ਤੇ ਹਮਲਿਆਂ ਦੇ ਟਾਕਰੇ ਲਈ ਪੰਥਕ ਏਕਤਾ ਦੀ ਲੋੜ: ਜਥੇਦਾਰ

**ਅੰਮ੍ਰਿਤਸਰ:** ਬੇਅਦਬੀਆਂ ਦੀਆਂ ਵਾਪਰ ਰਹੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟਾਉਂਦਿਆਂ ਪੰਜ ਸਿੰਘ ਸਾਹਿਬਾਨ ਨੇ ਕਿਹਾ ਹੈ ਕਿ ਘਟੀਆ ਕਿਸਮ ਦੀ ਰਾਜਨੀਤੀ ਅਤੇ ਘਿਣਾਉਣੀ ਸਾਜ਼ਿਸ਼ ਤਹਿਤ ਸਿੱਖ ਧਰਮ ਅਸਥਾਨ 'ਤੇ ਗੁਰੂ ਗ੍ਰੰਥ ਸਾਹਿਬ ਦੇ ਮਾਣ-ਸਨਮਾਨ ਨੂੰ ਢਾਹ ਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਬੇਅਦਬੀ ਲਈ ਔਰਤਾਂ, ਬੱਚਿਆਂ ਅਤੇ ਨੀਮ ਪਾਗਲਾਂ ਨੂੰ ਵਰਤੇ ਜਾਣ ਦਾ ਖਦਸ਼ਾ ਜਤਾਇਆ ਹੈ। ਉਨ੍ਹਾਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸੁਚੇਤ ਕੀਤਾ ਕਿ ਉਹ ਗੁਰੂਘਰਾਂ ਦੀ ਸੁਰੱਖਿਆ ਲਈ ਢੁਕਵੇਂ ਪ੍ਰਬੰਧ ਕਰਨ।

ਇਕੱਤਰਤਾ ਤੋਂ ਪਹਿਲਾਂ ਪੰਜ ਸਿੰਘ ਸਾਹਿਬਾਨ ਨੇ ਬੇਅਦਬੀ ਦੇ ਮਾਮਲਿਆਂ ਸਬੰਧੀ ਸਿੱਖ ਬੁੱਧੀਜੀਵੀਆਂ ਨਾਲ ਵੀ ਮੀਟਿੰਗ ਕੀਤੀ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਪਿਛਲੇ ਕਈ ਸਾਲਾਂ ਤੋਂ ਕੁਝ ਤਾਕਤਾਂ ਗੁਰੂ ਗ੍ਰੰਥ ਸਾਹਿਬ ਦੇ ਮਾਣ-ਸਨਮਾਨ ਨੂੰ ਢਾਹ ਲਾ ਰਹੀਆਂ ਹਨ। ਇਹ ਵਰਤਾਰਾ ਪਿੰਡਾਂ ਅਤੇ ਕਸਬਿਆਂ ਦੇ ਗੁਰਦੁਆਰਿਆਂ ਤੋਂ ਬਾਅਦ ਹੁਣ ਸ੍ਰੀ ਹਰਿਮੰਦਰ ਸਾਹਿਬ ਤੱਕ ਪੁੱਜ ਗਿਆ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਕਾਨੂੰਨ ਬੇਅਦਬੀਆਂ ਨੂੰ ਰੋਕਣ ਅਤੇ ਨਿਆਂਪਾਲਿਕਾ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਕਾਰਗਰ ਸਾਬਤ ਨਹੀਂ ਹੋਈ। 'ਕਈ ਦੋਸ਼ੀਆਂ ਨੂੰ ਮਾਨਸਿਕ ਰੋਗੀ ਆਖ ਕੇ ਬਰੀ ਕਰ ਦਿੱਤਾ ਗਿਆ ਅਤੇ ਕਈ ਜ਼ਮਾਨਤਾਂ ਲੈ ਕੇ ਬਾਹਰ ਬੇਖ਼ੌਫ ਘੁੰਮ ਰਹੇ ਹਨ। ਸਰਕਾਰਾਂ ਇਨ੍ਹਾਂ ਘਟਨਾਵਾਂ ਪਿੱਛੇ



ਲੁਕੀਆਂ ਤਾਕਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਮੰਤਵ ਨੂੰ ਸਾਹਮਣੇ ਲਿਆਉਣ ਵਿਚ ਅਸਫਲ ਰਹੀਆਂ ਹਨ।'

ਉਨ੍ਹਾਂ ਦੁੱਖ ਪ੍ਰਗਟਾਇਆ ਕਿ ਸਿੱਖਾਂ ਦੀਆਂ ਭਾਵਨਾਵਾਂ ਅਤੇ ਕਾਨੂੰਨ ਦੀ ਨਿਰਾਸ਼ਾਜਨਕ ਭੂਮਿਕਾ ਨੂੰ ਅਣਗੌਲਿਆ ਕਰਦਿਆਂ ਮੁੱਖ ਧਾਰਾ ਦੇ ਮੀਡੀਆ ਦੇ ਇਕ ਹਿੱਸੇ ਨੇ ਸਿੱਖਾਂ ਦੇ ਅਕਸ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ, ਉਸ ਦੀਆਂ ਏਜੰਸੀਆਂ ਅਤੇ ਨਿਆਂਪਾਲਿਕਾ ਆਪਣੀ ਜ਼ਿੰਮੇਵਾਰੀ ਤੁਰਤ ਨਿਭਾਉਂਦੀਆਂ ਤਾਂ ਕਿਸਾਨ ਅੰਦੋਲਨ ਦੀ ਸਮਾਪਤੀ ਤੋਂ ਬਾਅਦ ਕਾਇਮ ਹੋਈ ਫਿਰਕੂ ਸਦਭਾਵਨਾ ਤੇ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਘੜਨ ਵਾਲਿਆਂ ਦੀ ਵੱਡੀ ਹਾਰ ਹੋਣੀ ਸੀ। ਉਨ੍ਹਾਂ ਸਮੁੱਚੇ ਖਾਲਸਾ ਪੰਥ ਨੂੰ ਅਪੀਲ ਕੀਤੀ ਹੈ ਕਿ ਸਿੱਖ ਧਾਰਮਿਕ ਅਸਥਾਨਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਣ-ਸਨਮਾਨ ਨੂੰ ਢਾਹ ਲਾਉਣ ਦੇ ਹੋ ਰਹੇ ਯਤਨਾਂ ਤੋਂ ਉਹ ਸੁਚੇਤ ਰਹਿਣ।

# ਕਪੂਰਥਲਾ ਬੇਅਦਬੀ ਕਾਂਡ 'ਚ ਮੁੱਖ ਪ੍ਰਬੰਧਕ ਗ੍ਰਿਫਤਾਰ, ਕੇਸ ਦਰਜ

**ਜਲੰਧਰ:** ਕਪੂਰਥਲਾ ਜ਼ਿਲ੍ਹੇ 'ਚ ਲੰਘੇ ਐਤਵਾਰ ਵਾਪਰੀ ਕਥਿਤ ਬੇਅਦਬੀ ਦੀ ਘਟਨਾ ਦੇ ਮਾਮਲੇ ਵਿਚ ਪੁਲਿਸ ਨੇ ਗੁਰਦੁਆਰਾ ਸਾਹਿਬ ਨਿਜਾਮਪੁਰ ਮੋੜ ਦੇ ਮੁੱਖ ਪ੍ਰਬੰਧਕ ਬਾਬਾ ਅਮਰਜੀਤ ਸਿੰਘ ਨੂੰ ਕਤਲ ਦੇ ਕੇਸ ਵਿਚ ਗ੍ਰਿਫਤਾਰ ਕਰ ਲਿਆ ਹੈ। ਇਸ ਮਾਮਲੇ ਵਿਚ 100 ਦੇ ਕਰੀਬ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

ਉਧਰ, ਅਮਰਜੀਤ ਸਿੰਘ ਦਾ ਪਰਿਵਾਰ ਕਿਸੇ ਨੂੰ ਬਿਨਾਂ ਕੁਝ ਦੱਸੇ ਕੋਤਵਾਲੀ ਪੁਲਿਸ ਮੁਲਾਜ਼ਮਾਂ ਦੀ ਹਾਜ਼ਰੀ ਵਿਚ ਆਪਣਾ ਸਾਮਾਨ ਟੈਂਪੂ ਵਿਚ ਲੱਦ ਕੇ ਕਿਤੇ ਚਲਾ ਗਿਆ। ਪੁਲਿਸ ਨੇ ਮਗਰੋਂ ਗੁਰਦੁਆਰੇ ਨੂੰ ਤਾਲਾ ਜੜ ਦਿੱਤਾ। ਜਲੰਧਰ ਰੇਂਜ ਦੇ ਆਈ.ਜੀ. ਗੁਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਉਸ ਦਿਨ ਗੋਲੀ ਵੀ ਚੱਲੀ ਜਿਹੜੀ ਫਰਸ਼ 'ਤੇ ਲੱਗੀ ਸੀ। ਇਕ ਪਿਸਤੌਲ ਬਰਾਮਦ ਕੀਤਾ ਹੈ। 25-30 ਤੇਜ਼ਧਾਰ ਹਥਿਆਰ ਹੋਰ ਵੀ ਹਨ ਜਿਹੜੇ ਅਜੇ ਬਰਾਮਦ ਕਰਨੇ ਹਨ। ਉਨ੍ਹਾਂ ਕਿਹਾ ਕਿ ਤਫਤੀਸ਼ ਦੌਰਾਨ ਦਰਜ ਐਫ.ਆਈ.ਆਰ .'ਚ ਕਤਲ ਤੇ ਅਸਲਾ ਐਕਟ ਦੀਆਂ ਧਾਰਾਵਾਂ ਵੀ ਜੋੜੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਬੰਧਤ ਥਾਣੇ ਦੇ ਐਸ.ਐਚ.ਓ. ਦੀ ਜਾਂਚ ਤੋਂ ਬਾਅਦ ਜਿਹੜੀਆਂ ਧਾਰਾਵਾਂ ਜੋੜੀਆਂ ਗਈਆਂ ਹਨ ਉਨ੍ਹਾਂ ਵਿਚ 302, 307 ਅਸਲਾ ਐਕਟ 25-54-59 ਅਤੇ 353, 148, 149, 120ਬੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਪੁਲੀਸ ਵੀਡੀਓ ਤੇ ਫੋਟੋਆਂ ਤੋਂ ਬਾਕੀ ਰਹਿੰਦੇ ਕਥਿਤ ਮੁਲਜ਼ਮਾਂ ਦੀ ਪਛਾਣ ਕਰ ਰਹੀ ਹੈ। ਚੇਤੇ ਰਹੇ ਕਿ 19 ਦਸੰਬਰ ਨੂੰ ਗੁਰਦੁਆਰਾ ਨਿਜਾਮਪੁਰ ਮੋੜ ਦੇ ਨਿਸ਼ਾਨ ਸਾਹਿਬ ਦੀ ਕਥਿਤ ਬੇਅਦਬੀ ਕੀਤੇ ਜਾਣ ਦੇ ਰੋਸ ਵਜੋਂ ਹਜੂਮ ਨੇ ਇਕ 20-22 ਸਾਲਾਂ ਦੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ।

## ਪੁਲਿਸ ਦਾ ਦਾਅਵਾ

**ਜਲੰਧਰ:** ਆਈ.ਜੀ. ਜੀ.ਐਸ. ਢਿੱਲੋਂ ਨੇ ਦੱਸਿਆ ਕਿ ਜਾਂਚ ਦੌਰਾਨ ਬੇਅਦਬੀ ਦੀ ਅਜੇ ਕੋਈ ਗੱਲ ਸਾਹਮਣੇ ਨਹੀਂ ਆਈ। ਹੋ ਸਕਦਾ ਹੈ ਕਿ ਉਕਤ ਸ਼ੱਕੀ ਵਿਅਕਤੀ ਚੋਰੀ ਦੇ ਇਰਾਦੇ ਨਾਲ ਆਇਆ ਸੀ ਜਾਂ ਕਿਸੇ ਹੋਰ ਇਰਾਦੇ ਨਾਲ। ਸ਼ੱਕੀ ਵਿਅਕਤੀ ਪਹਿਲਾਂ ਭੱਜ ਗਿਆ ਸੀ, ਉਸ ਨੂੰ ਦੁਬਾਰਾ ਫੜ ਕੇ ਲਿਆਂਦਾ। ਭੀੜ ਨੇ ਉਹ ਨਿਹੱਥਾ ਨੌਜਵਾਨ ਕੁੱਟ-ਕੁੱਟ ਕੇ ਮਾਰ ਦਿੱਤਾ। ਇਸ ਘਟਨਾ ਵਿਚ ਤਿੰਨ ਪੁਲਿਸ ਵਾਲੇ ਵੀ ਜ਼ਖਮੀ ਹੋਏ ਸਨ। ਆਈ.ਜੀ. ਨੇ ਦਾਅਵਾ ਕੀਤਾ ਕਿ ਇਹ ਕਤਲ ਇਕ ਸਾਜ਼ਿਸ਼ ਤਹਿਤ ਕੀਤਾ ਗਿਆ ਹੈ।

# ਬਹਿਬਲ ਗੋਲੀ ਕਾਂਡ: ਦੋਸ਼ ਆਇਦ ਦੀ ਸੁਣਵਾਈ ਰੋਕਣ ਬਾਰੇ ਫੈਸਲਾ ਟਲਿਆ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਗਏ ਪੁਲਿਸ ਅਧਿਕਾਰੀਆਂ ਦੀਆਂ ਅਰਜ਼ੀਆਂ ਦਾ ਅਦਾਲਤ ਨੇ ਫੈਸਲਾ ਕਰਨਾ ਸੀ ਪਰ ਮੁਲਜ਼ਮ ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸ਼ਰਮਾ ਅਤੇ ਐਸ.ਪੀ. ਬਿਕਰਮ ਸਿੰਘ ਦੇ ਪੇਸ਼ੀ ਤੋਂ ਗ਼ੈਰਹਾਜ਼ਰ ਹੋਣ ਕਾਰਨ ਅਦਾਲਤ ਅਰਜ਼ੀਆਂ 'ਤੇ ਕੋਈ ਫੈਸਲਾ ਨਹੀਂ ਸੁਣਾ ਸਕੀ।

ਮੁਲਜ਼ਮਾਂ ਨੇ ਮੰਗ ਕੀਤੀ ਹੈ ਕਿ ਜਦੋਂ ਤੱਕ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਦਾਲਤ ਵਿਚ ਪੇਸ਼ ਨਹੀਂ ਹੁੰਦੇ, ਉਦੋਂ ਤੱਕ ਦੋਸ਼ ਆਇਦ ਕਰਨ ਦੀ ਸੁਣਵਾਈ ਨੂੰ ਰੋਕਿਆ ਜਾਵੇ। ਹਾਈ ਕੋਰਟ ਦੇ ਹੁਕਮਾਂ ਅਨੁਸਾਰ ਸੁਮੇਧ ਸੈਣੀ ਨੂੰ ਫਰਵਰੀ 2022 ਤੱਕ ਅਦਾਲਤ ਵਿਚ ਪੇਸ਼ ਹੋਣ ਤੋਂ ਛੋਟ ਮਿਲੀ ਹੋਈ ਹੈ। ਹੁਣ ਇਹ ਫੈਸਲਾ 4 ਜਨਵਰੀ ਨੂੰ ਹੋਣ ਦੀ ਸੰਭਾਵਨਾ ਹੈ। ਪਰਮਰਾਜ ਸਿੰਘ ਉਮਰਾਨੰਗਲ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਉਮਰਾਨੰਗਲ ਨੂੰ ਵਧੇਰੇ ਸੁਰੱਖਿਆ ਦੇਣ ਲਈ ਕੇਂਦਰ ਸਰਕਾਰ ਨੇ ਪੰਜਾਬ ਦੇ ਪ੍ਰਮੁੱਖ ਸਕੱਤਰ ਨੂੰ ਲਿਖਿਆ ਹੋਇਆ ਹੈ ਪਰ ਇਸ ਦੇ ਬਾਵਜੂਦ ਉਸ ਦੀ ਸੁਰੱਖਿਆ ਨਹੀਂ ਵਧਾਈ ਗਈ। ਸਾਬਕਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਨੇ ਆਪਣੀ ਅਰਜ਼ੀ ਵਿਚ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਹਾਲ ਹੀ ਵਿਚ ਸ੍ਰੀ ਦਰਬਾਰ ਸਾਹਿਬ ਅਤੇ ਕਪੂਰਥਲਾ ਵਿਚ ਵਾਪਰੀਆਂ ਘਟਨਾਵਾਂ ਕਾਰਨ ਉਹ ਆਪਣੀ ਜਾਨ ਨੂੰ ਖਤਰਾ ਮਹਿਸੂਸ ਕਰਦੇ ਹਨ। ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਆਪਣੇ ਸੁਰੱਖਿਆ ਕਾਰਨਾਂ ਕਰਕੇ ਉਮਰਾਨੰਗਲ ਅਦਾਲਤ ਵਿਚ ਹਾਜਰ ਨਹੀਂ ਹੋਏ। ਹਾਲਾਂਕਿ ਜ਼ਿਲ੍ਹਾ ਪੁਲਿਸ ਨੇ ਅਦਾਲਤ ਵਿਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਸਨ। ਅਦਾਲਤ ਨੇ ਮੁਲਜ਼ਮਾਂ ਨੂੰ ਅਗਲੀ ਪੇਸ਼ੀ 'ਤੇ ਹਾਜਰ ਹੋਣ ਦੇ ਹੁਕਮ ਦਿੱਤੇ ਹਨ।

## ਇਨਸਾਫ ਮਿਲਣ ਤੱਕ ਜਾਰੀ ਰਹੇਗਾ ਧਰਨਾ: ਪੀੜਤ

**ਚੰਡੀਗੜ੍ਹ:** ਮੁਲਜ਼ਮਾਂ ਖਿਲਾਫ ਕਾਰਵਾਈ ਅਤੇ ਇਨਸਾਫ ਦੀ ਮੰਗ ਲੈ ਕੇ ਬਹਿਬਲ ਗੋਲੀ ਕਾਂਡ ਵਾਲੀ ਥਾਂ 'ਤੇ ਧਰਨੇ ਉਪਰ ਬੈਠੇ ਪੀੜਤਾਂ ਨੇ ਦੋਸ਼ ਲਾਇਆ ਕਿ ਮੁਲਜ਼ਮ ਨਿਆਂ ਪ੍ਰਣਾਲੀ ਦਾ ਮਜ਼ਾਕ ਉਡਾ ਰਹੇ ਹਨ। ਸੁਖਰਾਜ ਸਿੰਘ ਨੇ ਕਿਹਾ ਕਿ ਸਰਕਾਰ ਨੇ ਇਸ ਮਾਮਲੇ ਵਿਚ ਮੁਲਜ਼ਮਾਂ ਖਿਲਾਫ ਕਾਨੂੰਨੀ ਕਾਰਵਾਈ ਲਈ ਪੂਰੀ ਤਰ੍ਹਾਂ ਗੰਭੀਰਤਾ ਨਹੀਂ ਦਿਖਾਈ। ਸੁਖਰਾਜ ਸਿੰਘ ਅਤੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਕਿ ਜਦੋਂ ਤੱਕ ਬਹਿਬਲ ਗੋਲੀ ਕਾਂਡ ਵਿਚ ਇਨਸਾਫ ਨਹੀਂ ਹੁੰਦਾ, ਉਦੋਂ ਤੱਕ ਉਨ੍ਹਾਂ ਦਾ ਰੋਸ ਧਰਨਾ ਲਗਾਤਾਰ ਜਾਰੀ ਰਹੇਗਾ।

## ਚੰਨੀ ਸਰਕਾਰ ਘਟਨਾਵਾਂ ਰੋਕਣ ਚ ਅਸਫਲ: ਕੇਜਰੀਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਾਲ ਹੀ ਵਿਚ ਹੋਏ ਬੇਅਦਬੀ ਦੇ ਮਾਮਲਿਆਂ ਅਤੇ ਲੁਧਿਆਣਾ ਬੰਬ ਧਮਾਕੇ ਪਿੱਛੇ ਕੋਈ ਵੱਡੀ ਸਾਜ਼ਿਸ਼ ਹੋਣ ਦਾ ਖਦਸ਼ਾ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਵਿਚ ਰਾਜ ਕਰ ਰਹੀ ਕਮਜ਼ੋਰ ਸਰਕਾਰ ਅਜਿਹੀਆਂ ਮੰਦਭਾਗੀ ਘਟਨਾਵਾਂ ਨੂੰ ਰੋਕਣ ਵਿਚ ਅਸਫਲ ਸਾਬਤ ਹੋਈ ਹੈ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਜੋ ਕਿ ਪੰਜਾਬ ਦੌਰੇ ਉਤੇ ਸਨ, ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਖਿਲਾਫ ਦਰਜ ਕੇਸ ਨੂੰ ਇਕ ਸਿਆਸੀ ਪੈਂਤੜਾ ਕਰਾਰ ਦਿੱਤਾ।

# ਬੇਅਦਬੀ: ਮੁਲਜ਼ਮ ਦੀ ਪਛਾਣ ਬਣੀ ਚੁਣੌਤੀ, ਸੂਹ ਦੇਣ ਵਾਲੇ ਨੂੰ 5 ਲੱਖ ਦਾ ਇਨਾਮ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ 18 ਦਸੰਬਰ ਨੂੰ ਹੋਈ ਬੇਅਦਬੀ ਦੀ ਕੋਸ਼ਿਸ਼ ਦੇ ਦੋਸ਼ੀ ਦੀ ਪਛਾਣ ਹੁਣ ਤੱਕ ਨਹੀਂ ਹੋ ਸਕੀ ਹੈ। ਹੁਣ ਸ਼੍ਰੋਮਣੀ ਕਮੇਟੀ ਨੇ ਇਸ ਅਣਪਛਾਤੇ ਵਿਅਕਤੀ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਪੰਜ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਚ ਜੰਗਲਾ ਟੱਪ ਕੇ ਬੇਅਦਬੀ ਦਾ ਯਤਨ ਕਰਨ ਵਾਲੇ ਨੂੰ ਮੌਕੇ 'ਤੇ ਹਾਜਰ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਤੇ ਲੋਕਾਂ ਨੇ ਕਾਬੂ ਕਰ ਲਿਆ ਸੀ, ਜਿਸ ਦੀ ਬਾਅਦ ਵਿਚ ਪੁੱਛਗਿੱਛ ਦੌਰਾਨ ਕੀਤੀ ਗਈ ਕੁੱਟਮਾਰ ਵਿਚ ਮੌਤ ਹੋ ਗਈ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਦੋਸ਼ੀ ਅਤੇ ਉਸ ਦੇ ਪਰਿਵਾਰ ਸਬੰਧੀ ਕਿਸੇ ਤਰ੍ਹਾਂ ਦੀ ਵੀ ਜਾਣਕਾਰੀ ਦੇਣ ਵਾਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ 5 ਲੱਖ ਰੁਪਏ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਦੋਸ਼ੀ ਦੀ ਪਛਾਣ ਨਾਲ ਸਬੰਧਤ ਕੋਈ ਜਾਣਕਾਰੀ ਦੇਵੇਗਾ, ਉਸ ਦੀ ਪਛਾਣ ਬਿਲਕੁਲ ਗੁਪਤ ਰੱਖੀ ਜਾਵੇਗੀ।



ਇਸ ਮਾਮਲੇ ਵਿਚ ਹੁਣ ਤਕ ਪੁਲਿਸ ਵੱਲੋਂ ਕੀਤੀ ਗਈ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਵਿਅਕਤੀ 15 ਦਸੰਬਰ ਤੋਂ ਇਥੇ ਹੀ ਸੀ ਅਤੇ 18 ਦਸੰਬਰ ਤੱਕ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੋ ਕੇ ਆਇਆ ਸੀ। ਉਹ ਇਕ ਰਾਤ ਇਥੇ ਹੈਰੀਟੇਜ ਸਟ੍ਰੀਟ ਵਿਚ ਧਰਮ ਸਿੰਘ ਮਾਰਕੀਟ ਵਿਚ ਦੁਕਾਨਾਂ ਦੇ ਅੱਗੇ ਬਣੇ ਵਰਾਂਡਿਆਂ ਵਿਚ ਸੁੱਤਾ ਸੀ। ਉਸ ਦਿਨ ਚੌਕੀਦਾਰ ਵੱਲੋਂ ਉਸ ਨੂੰ ਦੁਕਾਨ ਦੇ ਬਾਹਰੋਂ ਉਠਾ ਕੇ ਭਜਾਇਆ ਗਿਆ ਸੀ। ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਕਰ ਰਹੇ ਡੀ.ਸੀ.ਪੀ. ਪਰਮਿੰਦਰ ਸਿੰਘ ਭੰਡਾਲ ਨੇ ਕਿਹਾ ਕਿ ਪੁਲਿਸ ਦੀ ਜਾਂਚ ਜਾਰੀ ਹੈ ਪਰ ਹੁਣ ਤਕ ਇਸ ਵਿਅਕਤੀ ਦੀ ਸ਼ਨਾਖ਼ਤ ਨਹੀਂ ਹੋ ਸਕੀ ਹੈ। ਜਾਂਚ ਟੀਮ ਵਲੋਂ ਸੀ.ਸੀ.ਟੀ.ਵੀ. ਕੈਮਰਿਆਂ ਦੀ ਹੁਣ 13 ਅਤੇ 14 ਦਸੰਬਰ ਦੀ ਫੁਟੇਜ ਨੂੰ ਘੋਖਿਆ ਜਾ ਰਿਹਾ ਹੈ। ਸ਼ਨਾਖ਼ਤ ਵਾਸਤੇ ਉਸ ਦੀ ਤਸਵੀਰ ਵੀ ਜਾਰੀ ਕੀਤੀ ਗਈ ਸੀ ਪਰ ਇਸ ਤੋਂ ਵੀ ਕੋਈ ਸੁਰਾਗ ਹੁਣ ਤੱਕ ਹੱਥ ਨਹੀਂ ਲੱਗਾ ਹੈ।

## 15 ਦਸੰਬਰ ਤੋਂ ਅੰਮ੍ਰਿਤਸਰ ਵਿਚ ਸੀ ਮੁਲਜ਼ਮ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਵਿਚ ਬੇਅਦਬੀ ਦੇ ਯਤਨ ਲਈ ਆਇਆ ਅਣਪਛਾਤਾ ਵਿਅਕਤੀ ਪੰਦਰਾਂ ਦਸੰਬਰ ਤੋਂ ਅੰਮ੍ਰਿਤਸਰ ਵਿਚ ਸੀ ਅਤੇ ਕਈ ਵਾਰ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਮੱਥਾ ਟੇਕਣ ਗਿਆ ਸੀ। ਇਹ ਖੁਲਾਸਾ ਪੁਲਿਸ ਵੱਲੋਂ ਇਸ ਮਾਮਲੇ ਦੀ ਕੀਤੀ ਜਾ ਰਹੀ ਜਾਂਚ ਦੌਰਾਨ ਹੋਇਆ ਹੈ। ਪੁਲਿਸ ਵੱਲੋਂ ਇਸ ਮਾਮਲੇ ਵਿਚ ਲਗਾਤਾਰ ਸੀ.ਸੀ.ਟੀ.ਵੀ. ਕੈਮਰੇ ਖੰਗਾਲੇ ਜਾ ਰਹੇ ਹਨ। ਅਣਪਛਾਤਾ ਵਿਅਕਤੀ ਪੰਦਰਾਂ ਦਸੰਬਰ ਤੋਂ ਅੰਮ੍ਰਿਤਸਰ ਵਿਚ ਸੀ। ਉਹ 16, 17 ਅਤੇ 18 ਦਸੰਬਰ ਨੂੰ ਕਈ ਵਾਰ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਗਿਆ।

# ਬ੍ਰਹਮਪੁਰਾ ਦੀ ਵਾਪਸੀ ਨਾਲ ਬਾਦਲਾਂ ਖਿਲਾਫ ਮੋਰਚਾ ਢਹਿ-ਢੇਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਛੱਡ ਕੇ ਅਕਾਲੀ ਦਲ ਬਾਦਲ ਵਿਚ ਸ਼ਾਮਲ ਹੋਏ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਫੈਸਲਾ ਸੁਖਦੇਵ ਸਿੰਘ ਢੀਂਡਸਾ ਲਈ ਵੱਡਾ ਝਟਕਾ ਹੈ। ਇਸ ਨਾਲ ਸ੍ਰੀ ਢੀਂਡਸਾ ਵੱਲੋਂ ਬਾਦਲਾਂ ਖਿਲਾਫ ਇਕ ਵੱਡਾ ਪੰਥਕ ਸਿਆਸੀ ਮੁਹਾਜ਼ ਖੜ੍ਹਾ ਕਰਨ ਦੇ ਕੀਤੇ ਜਾ ਰਹੇ ਯਤਨਾਂ ਨੂੰ ਵੀ ਧੱਕਾ ਲੱਗਾ ਹੈ।



ਸ੍ਰੀ ਢੀਂਡਸਾ ਦੀ ਪਾਰਟੀ ਦੇ ਕਈ ਹੋਰ ਵੱਡੇ ਲੀਡਰ ਵੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਇਸ ਤੋਂ ਇਲਾਵਾ ਢੀਂਡਸਾ ਧੜੇ ਨੇ ਪਾਰਟੀ ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਉਤੇ ਆਪ-ਹੁਦਰੀਆਂ ਸਰਗਰਮੀਆਂ ਦਾ ਦੋਸ਼ ਲਾਉਂਦੇ ਹੋਏ ਉਨ੍ਹਾਂ ਨੂੰ ਪਾਰਟੀ 'ਚੋਂ ਖਾਰਜ ਕਰ ਦਿੱਤਾ ਗਿਆ।

ਦੱਸ ਦਈਏ ਕਿ ਢੀਂਡਸਾ ਸਣੇ ਇਹ ਸਾਰੇ ਆਗੂ ਸ਼੍ਰੋਮਣੀ ਅਕਾਲੀ ਦਲ ਉਤੇ ਬਾਦਲ ਪਰਿਵਾਰ ਦੇ ਦਬਦਬੇ ਨੂੰ ਖਤਮ ਕਰਨ ਦਾ ਹੋਕਾ ਦੇ ਕੇ ਪਾਰਟੀ ਤੋਂ ਬਾਹਰ ਆਏ ਸਨ ਤੇ ਫਿਰ ਮਿਲ ਕੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਪਾਰਟੀ ਬਣਾਈ ਸੀ। ਉਮੀਦ ਕੀਤੀ ਜਾ ਰਹੀ ਸੀ ਕਿ ਵਿਧਾਨ ਸਭਾ ਚੋਣਾਂ ਵਿਚ ਇਹ ਧਿਰ ਹੋਰ ਹਮਖਿਆਲੀ ਪਾਰਟੀਆਂ ਨਾਲ ਮਿਲ ਕੇ ਤੀਜਾ ਮੋਰਚਾ ਖੜ੍ਹਾ ਕਰੇਗਾ, ਪਰ ਮੌਜੂਦਾ ਮਾਹੌਲ ਤੋਂ ਜਾਪ ਰਿਹਾ ਹੈ ਕਿ ਇਹ ਧੜਾ ਆਪਣੀ ਹੋਣੀ ਤੈਅ ਕਰੀ ਬੈਠਾ ਹੈ।

ਯਾਦ ਰਹੇ ਕਿ ਮਾਝੇ ਦੇ ਕਈ ਆਗੂਆਂ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ, ਰਤਨ ਸਿੰਘ ਅਜਨਾਲਾ ਆਦਿ ਨੇ ਅਕਾਲੀ ਦਲ (ਟਕਸਾਲੀ) ਬਣਾਉਣ ਸਮੇਂ ਕਿਹਾ ਸੀ ਕਿ ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨ ਰਹਿੰਦਿਆਂ ਉਨ੍ਹਾਂ ਦਾ ਅਕਾਲੀ ਦਲ ਨਾਲ ਨਾਤਾ ਕਦੇ ਨਹੀਂ ਜੁੜ ਸਕਦਾ। ਬਾਅਦ ਵਿਚ ਸੁਖਦੇਵ ਸਿੰਘ ਢੀਂਡਸਾ ਅਕਾਲੀ ਦਲ ਤੋਂ ਅਲੱਗ ਹੋਏ ਤਾਂ ਢੀਂਡਸਾ ਅਤੇ ਬ੍ਰਹਮਪੁਰਾ ਨੇ ਮਿਲ ਕੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਬਣਾ ਲਿਆ। ਰਤਨ ਸਿੰਘ ਅਜਨਾਲਾ ਪਹਿਲਾਂ ਹੀ ਵਾਪਸ ਅਕਾਲੀ ਦਲ ਵਿਚ ਚਲੇ ਗਏ ਅਤੇ ਸੇਖਵਾਂ ਨੇ ਆਪਣੇ ਜਿਉਂਦੇ ਜੀਅ ਹੀ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਸੀ।

ਸੁਖਦੇਵ ਢੀਂਡਸਾ, ਭਾਜਪਾ ਤੇ ਕੈਪਟਨ ਦੀ ਨਵੀਂ ਪਾਰਟੀ ਨਾਲ ਰਲ ਕੇ ਚੋਣ ਲੜਨ ਦਾ ਇੱਛੁਕ ਹੈ ਪਰ ਕਈ ਟਕਸਾਲੀ ਆਗੂ ਇਸ ਫੈਸਲਾ ਦੇ ਖਿਲਾਫ ਹਨ। ਬ੍ਰਹਮਪੁਰਾ ਵੀ ਉਨ੍ਹਾਂ ਆਗੂਆਂ ਵਿਚੋਂ ਇਕ ਹਨ। ਬ੍ਰਹਮਪੁਰਾ ਨੇ ਪਿਛਲੇ ਹਫਤੇ ਹੀ ਸਾਫ ਆਖ ਦਿੱਤਾ ਸੀ ਕਿ ਉਹ ਕਿਸੇ ਵੀ ਕੀਮਤ ਉਤੇ ਭਾਜਪਾ ਨਾਲ ਗੱਠਜੋੜ ਨਹੀਂ ਕਰਨਗੇ, ਪਰ ਢੀਂਡਸਾ ਵੱਲੋਂ ਲਗਾਤਾਰ ਇਸੇ ਗੱਲ ਦੀ ਰਟ ਲਾਈ ਹੋਈ ਸੀ। ਚਰਚਾ ਹੈ ਕਿ ਇਸੇ ਗੱਲਾਂ ਦੋਵਾਂ ਆਗੂਆਂ ਵਿਚ ਟਕਰਾਅ ਵਧਦਾ ਗਿਆ ਤੇ ਅੰਤ ਬ੍ਰਹਮਪੁਰਾ ਆਪਣੇ ਸਾਥੀਆਂ ਸਣੇ ਮੁੜ ਤੋਂ ਸੁਖਬੀਰ ਬਾਦਲ ਦੀ ਪ੍ਰਧਾਨਗੀ ਕਬੂਲਦਿਆਂ ਅਕਾਲੀ ਦਲ 'ਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਅਕਾਲੀ ਦਲ ਦਾ ਮੀਤ ਸਰਪ੍ਰਸਤ ਨਿਯੁਕਤ ਕੀਤਾ ਗਿਆ ਹੈ। ਸੰਯੁਕਤ ਅਕਾਲੀ ਦਲ ਦੇ ਹੋਰ ਆਗੂ ਜੋ ਮੁੜ ਪਾਰਟੀ ਵਿਚ ਸ਼ਾਮਲ ਹੋਏ ਹਨ, ਉਨ੍ਹਾਂ 'ਚ ਜਥੇਦਾਰ ਉਜਾਗਰ ਸਿੰਘ ਬਡਾਲੀ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਦਲ ਦੇ ਮੀਤ ਪ੍ਰਧਾਨ, ਕਰਨੈਲ ਸਿੰਘ ਪੀਰਮੁਹੰਮਦ ਨੂੰ ਜਨਰਲ ਸਕੱਤਰ ਅਤੇ ਬੁਲਾਰਾ, ਜਥੇਦਾਰ ਮਨਮੋਹਨ ਸਿੰਘ ਸਠਿਆਲਾ ਨੂੰ ਜਨਰਲ ਸਕੱਤਰ, ਗੋਪਾਲ ਸਿੰਘ ਜਾਨੀਆਂ ਨੂੰ ਜਥੇਬੰਦਕ ਸਕੱਤਰ, ਗੁਰਪੀਤ ਸਿੰਘ ਕਲਕੱਤਾ ਨੂੰ ਜੁਆਇੰਟ ਸਕੱਤਰ ਅਤੇ ਜਗਰੂਪ ਸਿੰਘ ਚੀਮਾ ਨੂੰ ਯੂਥ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਬ੍ਰਹਮਪੁਰਾ ਨੇ ਕਿਹਾ ਕਿ ਉਹ ਉਸੇ ਤਰੀਕੇ ਆਪਣੀ ਮਾਂ ਪਾਰਟੀ ਤੋਂ ਕੁਝ ਸਮੇਂ ਲਈ ਛੁੱਟੀ 'ਤੇ ਗਏ ਸਨ ਜਿਵੇਂ ਫੌਜੀ ਜਾਂਦੇ ਹਨ ਤੇ ਫਿਰ ਕੁਝ ਸਮੇਂ ਬਾਅਦ ਵਾਪਸ ਆਪਣੀ ਬਟਾਲੀਅਨ ਵਿਚ ਪਰਤ ਆਉਂਦੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਪੰਥ ਤੇ ਪੰਜਾਬ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ ਅਤੇ ਹੁਣ ਪਾਰਟੀ ਨੂੰ ਮਜ਼ਬੂਤ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ।

## ਬੱਸ ਮਾਲਕਾਂ ਉਤੇ ਮਿਹਰਬਾਨ ਹੋਈ ਚੰਨੀ ਸਰਕਾਰ

**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਬੱਸ ਕੰਪਨੀਆਂ ਨੂੰ ਮੋਟਰ ਵਹੀਕਲ ਟੈਕਸ ਵਿਚ ਕਰੋੜਾਂ ਰੁਪਏ ਦੀ ਛੋਟ ਦੇਣ ਦਾ ਫੈਸਲਾ ਕੀਤਾ ਹੈ ਜਿਸ ਦਾ ਲਾਹਾ ਸਭ ਤੋਂ ਵੱਧ ਛੋਟੇ ਅਤੇ ਦਰਮਿਆਨੇ ਬੱਸ ਮਾਲਕਾਂ ਨੂੰ ਮਿਲੇਗਾ।

ਸਟੇਜ ਕੈਰੇਜ ਬੱਸਾਂ (ਵੱਡੀਆਂ ਅਤੇ ਮਿੰਨੀ ਬੱਸਾਂ) ਅਤੇ 16 ਤੋਂ ਘੱਟ ਸੀਟਾਂ ਵਾਲੇ ਕੰਟਰੈਕਟ ਕੈਰੇਜ ਵਾਹਨਾਂ ਨੂੰ ਮੋਟਰ ਵਹੀਕਲ ਟੈਕਸ ਤੋਂ ਰਾਹਤ ਦਿੱਤੀ ਗਈ ਹੈ। ਬੱਸ ਕੰਪਨੀਆਂ ਦੀ ਮੰਗ ਸੀ ਕਿ ਕਰੋਨਾ ਕਾਲ ਦੌਰਾਨ ਮਾਰਚ ਤੋਂ ਜੂਨ 2021 ਤੱਕ ਕੰਪਨੀਆਂ ਨੂੰ ਵੱਡੀ ਵਿੱਤੀ ਸੱਟ ਵੱਜੀ ਹੈ ਜਿਸ ਕਰਕੇ ਇਸ ਸਮੇਂ ਦਾ ਟੈਕਸ ਮੁਆਫ ਕੀਤਾ ਜਾਵੇ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿਚ ਇਨ੍ਹਾਂ ਛੋਟਾਂ 'ਤੇ ਮੋਹਰ ਲਾਈ ਗਈ ਹੈ।

ਸੂਬੇ ਦੇ ਟਰਾਂਸਪੋਰਟਰਾਂ ਨੂੰ ਇਸ ਫੈਸਲੇ ਨਾਲ ਕਰੀਬ 60 ਕਰੋੜ ਤੋਂ 70 ਕਰੋੜ ਰੁਪਏ ਦੀ ਰਾਹਤ ਮਿਲੇਗੀ। ਪੰਜਾਬ ਭਰ ਵਿਚ ਕਰੀਬ ਪੰਜ ਹਜ਼ਾਰ ਮਿੰਨੀ ਜਦੋਂਕਿ ਕਰੀਬ ਦਰਜਨ ਵੱਡੀਆਂ ਬੱਸ ਕੰਪਨੀਆਂ ਨੂੰ ਮਾਮੂਲੀ ਰਾਹਤ ਮਿਲੇਗੀ। ਇਹ ਰਾਹਤ ਪਾਲਿਸੀ ਇਸ ਤਰੀਕੇ ਨਾਲ ਤਿਆਰ ਕੀਤੀ ਗਈ ਹੈ ਜਿਸ ਨਾਲ ਵੱਡੀਆਂ ਕੰਪਨੀਆਂ ਨੂੰ ਘੱਟ ਤੋਂ ਘੱਟ ਫਾਇਦਾ ਮਿਲੇ। ਇਸੇ ਤਰ੍ਹਾਂ ਮੰਤਰੀ ਮੰਡਲ ਨੇ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀ.ਐਸ.ਆਈ.ਈ.ਸੀ.)/ਪੰਜਾਬ ਇਨਫੋਟੈਕ ਵੱਲੋਂ ਵਿਕਸਿਤ ਕੀਤੇ ਵੱਖ-ਵੱਖ ਫੋਕਲ ਪੁਆਇੰਟਾਂ ਵਿਚ ਸਥਿਤ ਉਦਯੋਗਿਕ ਪਲਾਟਾਂ ਦੀ ਮੂਲ ਲਾਗਤ ਦੇ ਪੁਰਾਣੇ ਡਿਫਾਲਟਰਾਂ ਲਈ ਯਕਮੁਸ਼ਤ ਸਕੀਮ ਲਿਆਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸਕੀਮ ਤਹਿਤ ਡਿਫਾਲਟਰ ਅਲਾਟੀਆਂ ਨੂੰ ਜੁਰਮਾਨਾ ਵਿਆਜ ਦੇ 100 ਫੀਸਦੀ ਹਿੱਸੇ ਦੀ ਛੋਟ ਅਤੇ ਆਮ ਵਿਆਜ ਦੇ 25 ਫੀਸਦੀ ਹਿੱਸੇ ਦੀ ਛੋਟ ਜਾਂ ਪਲਾਟ ਧਾਰਕ ਵੱਲੋਂ ਚੁਣੇ ਅਨੁਸਾਰ ਪਲਾਟ ਦੀ ਮੌਜੂਦਾ ਰਾਖਵੀਂ ਕੀਮਤ ਤੱਕ ਪ੍ਰਾਪਤ ਕਰ ਕੇ ਪੀ.ਐੱਸ.ਆਈ .ਈ.ਸੀ./ਪੰਜਾਬ ਇਨਫੋਟੈਕ ਦੇ ਲੰਬੇ ਸਮੇਂ ਤੋਂ ਪਏ ਬਕਾਏ ਦਾ ਭੁਗਤਾਨ ਕਰਨ ਦਾ ਮੌਕਾ ਦਿੱਤਾ ਗਿਆ ਹੈ। ਪਲਾਟ ਧਾਰਕ ਨੂੰ ਇਸ ਸਕੀਮ ਅਧੀਨ 31 ਮਾਰਚ, 2022 ਨੂੰ ਜਾਂ ਇਸ ਤੋਂ ਪਹਿਲਾਂ ਆਪਣੇ ਬਕਾਏ ਜਮ੍ਹਾਂ ਕਰਵਾਉਣੇ ਪੈਣਗੇ। ਕੈਬਨਿਟ ਨੇ ਉੱਦਮੀਆਂ ਨੂੰ ਪਹਿਲਾਂ ਹੀ ਅਲਾਟ ਕੀਤੇ ਗਏ ਸਨਅਤੀ ਪਲਾਟਾਂ/ਸ਼ੈੱਡਾਂ ਦੀ ਨਿਰਵਿਘਨ ਵਰਤੋਂ ਕਰਨ ਲਈ ਮੁੜ ਬਹਾਲੀ, ਤਬਾਦਲੇ ਅਤੇ ਉਦਯੋਗਿਕ ਪਲਾਟਾਂ/ਸ਼ੈੱਡਾਂ ਦੀ ਫਰੀ ਹੋਲਡ ਵਿਚ ਤਬਦੀਲੀ ਲਈ ਯਕਮੁਸ਼ਤ ਸਕੀਮ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਵਿਆਜ ਦਰ ਨੂੰ 15 ਫੀਸਦੀ ਤੋਂ ਘਟਾ ਕੇ 8.5 ਫੀਸਦੀ ਪ੍ਰਤੀ ਸਾਲਾਨਾ ਕਰਨ ਦਾ ਵੀ ਫੈਸਲਾ ਲਿਆ ਹੈ। ਇਹ ਸਕੀਮ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਅਤੇ ਪੰਜਾਬ ਇਨਫੋਟੈਕ ਦੇ ਅਲਾਟੀਆਂ 'ਤੇ ਲਾਗੂ ਹੋਵੇਗੀ।

## ਦੋ-ਦੋ ਟਿਕਟਾਂ ਦੇ ਚਾਹਵਾਨ ਕਾਂਗਰਸੀਆਂ ਦੇ ਸਾਹ ਸੁੱਕੇ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ 'ਇਕ ਪਰਿਵਾਰ-ਇਕ ਟਿਕਟ' ਦੇ ਫਾਰਮੂਲੇ ਦੇ ਐਲਾਨ ਪਿੱਛੋਂ ਦੋ-ਦੋ ਟਿਕਟਾਂ ਦੇ ਚਾਹਵਾਨਾਂ ਸਿਆਸੀ ਪਰਿਵਾਰਾਂ ਦੀ ਨੀਂਦ ਉਡ ਗਈ ਹੈ।

ਇਸ ਵੇਲੇ ਕਈ ਸਿਆਸੀ ਨੇਤਾ ਦੋ-ਦੋ ਟਿਕਟਾਂ ਦੀ ਮੰਗ ਨੂੰ ਲੈ ਕੇ ਆਪਸ ਵਿਚ ਉਲਝੇ ਹੋਏ ਸਨ। ਇਸ ਫਾਰਮੂਲੇ ਨਾਲ ਜਿਥੇ ਦੋ-ਦੋ ਟਿਕਟਾਂ ਦੀ ਝਾਕ ਰੱਖਣ ਵਾਲਿਆਂ ਨੂੰ ਝਟਕਾ ਲੱਗਾ ਹੈ, ਉਥੇ ਉਨ੍ਹਾਂ ਦੇ ਵਿਰੋਧੀ ਅੰਦਰੋ-ਅੰਦਰੀ ਖੁਸ਼ ਹਨ। ਪੰਜਾਬ ਚੋਣਾਂ 2017 ਵਿਚ ਵੀ ਹਾਈਕਮਾਨ ਨੇ ਇਹੋ ਫਾਰਮੂਲਾ ਬਣਾਇਆ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਸਿਆਸੀ ਸਟੇਜਾਂ ਤੋਂ ਇਹ ਗੱਲ ਧੜੱਲੇ ਨਾਲ ਰੱਖ ਰਹੇ ਹਨ ਕਿਉਂਕਿ ਅੰਦਰੋਂ-ਅੰਦਰੀਂ ਉਹ ਇਕ ਤੀਰ ਨਾਲ ਕਈ ਨਿਸ਼ਾਨੇ ਲੱਗਣ ਤੋਂ ਧਰਵਾਸ ਵਿਚ ਹਨ। ਮੁੱਖ ਮੰਤਰੀ ਚਰਨਜੀਤ ਚੰਨੀ ਖੁਦ ਆਪਣੇ ਭਰਾ ਡਾ. ਮਨੋਹਰ ਸਿੰਘ ਨੂੰ ਬਸੀ ਪਠਾਣਾਂ ਤੋਂ ਟਿਕਟ ਦਿਵਾਉਣਾ ਚਾਹੁੰਦੇ ਹਨ ਅਤੇ ਡਾ. ਮਨੋਹਰ ਸਿੰਘ ਨੇ ਆਪਣੀ ਸਿਆਸੀ ਸਰਗਰਮੀ ਸ਼ੁਰੂ ਵੀ ਕਰ ਦਿੱਤੀ ਹੈ।



ਕਾਦੀਆਂ ਤੋਂ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਮੈਦਾਨ ਵਿਚ ਹਨ, ਜਦੋਂ ਕਿ ਉਨ੍ਹਾਂ ਦੇ ਭਰਾ ਅਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਵੀ ਕਾਦੀਆਂ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ। ਸੰਸਦ ਮੈਂਬਰ ਮੁਹੰਮਦ ਸਦੀਕ ਵੀ ਜੈਤੋ ਹਲਕੇ ਤੋਂ ਆਪਣੀ ਲੜਕੀ ਨੂੰ ਅਗਲੀ ਚੋਣ ਲੜਾਉਣ ਦੀ ਤਿਆਰੀ ਕਰ ਰਹੇ ਸਨ। ਹਲਕਾ ਸਨੌਰ ਤੋਂ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੇ ਤਿਆਰੀ ਵਿੱਢੀ ਹੋਈ ਹੈ, ਜਦੋਂ ਕਿ ਹਲਕਾ ਸਮਾਣਾ ਤੋਂ ਉਨ੍ਹਾਂ ਦਾ ਲੜਕਾ ਰਜਿੰਦਰ ਸਿੰਘ ਮੌਜੂਦਾ ਵਿਧਾਇਕ ਹੈ।

ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਵੀ ਆਪਣੇ ਜਵਾਈ ਨੂੰ ਆਗਾਮੀ ਚੋਣਾਂ ਵਿਚ ਟਿਕਟ ਦਿਵਾਉਣਾ ਚਾਹੁੰਦੀ ਸੀ। ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਵੀ ਆਪਣੇ ਲੜਕੇ ਨੂੰ ਸੁਲਤਾਨਪੁਰ ਲੋਧੀ ਤੋਂ ਚੋਣ ਲੜਾਉਣਾ ਚਾਹੁੰਦੇ ਸਨ ਅਤੇ ਇਸੇ ਤਰ੍ਹਾਂ ਕੈਬਨਿਟ ਵਜ਼ੀਰ ਬ੍ਰਹਮ ਮਹਿੰਦਰਾ ਵੀ ਆਪਣੇ ਲੜਕੇ ਲਈ ਟਿਕਟ ਲੈਣ ਦੇ ਚਾਹਵਾਨ ਸਨ। ਸਿਆਸੀ ਹਲਕੇ ਆਖਦੇ ਹਨ ਕਿ ਇਨ੍ਹਾਂ ਸਭਨਾਂ ਕੋਲ ਇਕੋ ਰਾਹ ਬਚਿਆ ਹੈ ਕਿ ਉਹ ਜਾਂ ਤਾਂ ਖੁਦ ਚੋਣ ਲੜਨ ਜਾਂ ਫਿਰ ਆਪਣੇ ਲੜਕਿਆਂ ਲਈ ਟਿਕਟ ਲੈ ਲੈਣ। ਦੱਸ ਦਈਏ ਕਿ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਟਿਕਟ ਲੈਣ ਲਈ ਚਾਹਵਾਨਾਂ ਦੀ ਵੱਡੀ ਫੌਜ ਖੜ੍ਹੀ ਹੋ ਗਈ ਹੈ। ਉਮੀਦਵਾਰਾਂ ਵੱਲੋਂ 20 ਦਸੰਬਰ ਤੱਕ ਟਿਕਟ ਲਈ ਅਪਲਾਈ ਕੀਤਾ ਜਾਣਾ ਸੀ। ਐਤਕੀਂ ਕੋਈ ਅਰਜ਼ੀ ਫੀਸ ਨਹੀਂ ਰੱਖੀ ਗਈ ਸੀ। ਵੇਰਵਿਆਂ ਅਨੁਸਾਰ ਆਗਾਮੀ ਚੋਣਾਂ ਵਿਚ ਕਾਂਗਰਸੀ ਟਿਕਟ ਲੈਣ ਲਈ ਪੰਜਾਬ ਭਰ 'ਚੋਂ 1620 ਚਾਹਵਾਨ ਨਿੱਤਰੇ ਹਨ।

### ਕਾਂਗਰਸ ਦੇ ਦਰਜਨ ਵਿਧਾਇਕਾਂ ਦੀ ਕੱਟੀ ਜਾ ਸਕਦੀ ਹੈ ਟਿਕਟ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੀ ਸਕਰੀਨਿੰਗ ਕਮੇਟੀ ਨੇ ਦੂਸਰੇ ਗੇੜ 'ਚ ਪੰਜਾਬ ਚੋਣਾਂ ਲਈ ਕਰੀਬ ਦੋ ਦਰਜਨ ਵਿਧਾਨ ਸਭਾ ਹਲਕਿਆਂ ਲਈ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਹਨ। ਸੂਤਰਾਂ ਅਨੁਸਾਰ ਸਕਰੀਨਿੰਗ ਕਮੇਟੀ ਨੇ ਇਹ ਰਾਇ ਬਣਾਈ ਹੈ ਕਿ ਕਾਂਗਰਸ ਤਰਫੋਂ ਕਿਸੇ ਵੀ ਦਾਗੀ ਨੂੰ ਉਮੀਦਵਾਰ ਨਹੀਂ ਬਣਾਇਆ ਜਾਵੇਗਾ।ਦੂਜੇ ਪਾਸੇ ਇਹ ਵੀ ਚਰਚਾ ਹੈ ਕਿ ਐਤਕੀਂ ਇਕ ਦਰਜਨ ਦੇ ਕਰੀਬ ਵਿਧਾਇਕਾਂ ਨੂੰ ਟਿਕਟ ਤੋਂ ਨਾਂਹ ਹੋ ਸਕਦੀ ਹੈ। ਪ੍ਰਿਯੰਕਾ ਗਾਂਧੀ ਨੇ ਇਹ ਦਬਾਅ ਪਾਇਆ ਹੈ ਕਿ ਪੰਜਾਬ ਚੋਣਾਂ ਵਿਚ ਵੱਧ ਤੋਂ ਵੱਧ ਨੌਜਵਾਨ ਔਰਤਾਂ ਨੂੰ ਟਿਕਟਾਂ ਦਿੱਤੀਆਂ ਜਾਣ। ਪਿਛਲੀ ਮੀਟਿੰਗ ਵਿਚ ਕਰੀਬ 30 ਹਲਕਿਆਂ ਦੇ ਕਾਂਗਰਸੀ ਉਮੀਦਵਾਰਾਂ ਦੇ ਨਾਮ ਤੈਅ ਕੀਤੇ ਗਏ ਸਨ, ਜਿਨ੍ਹਾਂ ਦਾ ਐਲਾਨ ਪਹਿਲੀ ਸੂਚੀ ਵਿਚ ਕੀਤੇ ਜਾਣ ਦੀ ਸੰਭਾਵਨਾ ਹੈ।

## 'ਆਪ' ਹੀ ਪੰਜਾਬ ਸਣੇ ਮੁਲਕ ਨੂੰ ਚੰਗਾ ਭਵਿੱਖ ਦੇ ਸਕਦੀ: ਕੇਜਰੀਵਾਲ

**ਅੰਮ੍ਰਿਤਸਰ:** ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਲਗਭਗ 80 ਹਜ਼ਾਰ ਵਕੀਲ ਆਪਣੇ ਸਮਰਥਨ ਨਾਲ 'ਆਪ' ਦੀ ਸਰਕਾਰ ਬਣਵਾਉਣਗੇ। ਉਨ੍ਹਾਂ ਇਥੇ ਵਕੀਲ ਭਾਈਚਾਰੇ ਨਾਲ ਮੀਟਿੰਗਨੁਮਾ ਰੈਲੀ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਆਂਗਣਵਾੜੀ ਤੇ ਆਸ਼ਾ ਵਰਕਰਾਂ ਨਾਲ ਵੀ ਮੀਟਿੰਗ ਕੀਤੀ, ਜਿਸ ਵਿਚ ਉਨ੍ਹਾਂ ਸੂਬੇ ਵਿਚ 'ਆਪ' ਦੀ ਸਰਕਾਰ ਆਉਣ 'ਤੇ ਉਨ੍ਹਾਂ ਦੀਆਂ ਮੰਗਾਂ ਮੰਨੇ ਜਾਣ ਦਾ ਭਰੋਸਾ ਦਿੱਤਾ।



ਵਕੀਲ ਭਾਈਚਾਰੇ ਨਾਲ ਮੀਟਿੰਗ ਦੌਰਾਨ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਹ ਵਕੀਲਾਂ ਨਾਲ ਰਿਸ਼ਤਾ ਜੋੜਨ ਆਏ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਸਮੇਤ ਦੇਸ਼ ਨੂੰ ਚੰਗਾ ਭਵਿੱਖ ਦੇ ਸਕਦੀ ਹੈ। ਇਸੇ ਤਰ੍ਹਾਂ ਆਂਗਣਵਾੜੀ ਤੇ ਆਸ਼ਾ ਵਰਕਰਾਂ ਨਾਲ ਮੁਲਾਕਾਤ ਦੌਰਾਨ ਕੇਜਰੀਵਾਲ ਨੇ ਸਮੱਸਿਆਵਾਂ ਸੁਣੀਆਂ।

ਕੇਜਰੀਵਾਲ ਨੇ ਆਂਗਣਵਾੜੀ ਅਤੇ ਆਸ਼ਾ ਵਰਕਰਾਂ ਨੂੰ ਭਰੋਸਾ ਦਿੱਤਾ ਕਿ ਜੇਕਰ ਆਗਾਮੀ ਵਿਧਾਨ ਸਭਾ ਚੋਣਾਂ ਮਗਰੋਂ ਉਨ੍ਹਾਂ ਦੀ ਪਾਰਟੀ ਪੰਜਾਬ ਵਿਚ ਸੱਤਾ ਆਈ ਤਾਂ ਉਨ੍ਹਾਂ ਦੇ ਮਸਲੇ ਹੱਲ ਕੀਤੇ ਜਾਣਗੇ। ਦਿੱਲੀ ਦੇ ਮੁੱਖ ਮੰਤਰੀ ਨੇ ਆਂਗਣਵਾੜੀ ਅਤੇ ਆਸ਼ਾ ਵਰਕਰਾਂ ਨਾਲ ਗੱਲਬਾਤ ਦੌਰਾਨ ਕਿਹਾ, ''ਘੱਟ ਤਨਖਾਹ ਅਤੇ ਬਿਨਾਂ ਤੋਂ ਛੁੱਟੀ ਤੋਂ ਆਂਗਣਵਾੜੀ ਅਤੇ ਆਸ਼ਾ ਵਰਕਰਾਂ ਲਈ ਕੰਮ ਕਰਨਾ ਬਹੁਤ ਔਖਾ ਹੈ ਅਤੇ ਕਰੋਨਾ ਦੌਰਾਨ ਫੌਤ ਆਸ਼ਾ ਵਰਕਰਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਨਾ ਮਿਲਣਾ ਉਨ੍ਹਾਂ ਦੀ ਤਰਸਯੋਗ ਹਾਲਤ ਦੇ ਮਾਮਲੇ ਹਨ।''

ਉਨ੍ਹਾਂ ਕਿਹਾ ਕਿ ਸਿਰਫ 'ਆਪ' ਹੀ ਅਜਿਹੀ ਪਾਰਟੀ ਹੈ ਜਿਹੜੀ ਲੋਕਾਂ ਦੀ ਮੁਸ਼ਕਲਾਂ ਜਾਣਨ ਲਈ ਉਨ੍ਹਾਂ ਕੋਲ ਜਾਂਦੀ ਹੈ ਅਤੇ ਇਸ ਕਰਕੇ ਜੇਕਰ ਇਹ ਇਕ ਵਾਰ ਸੱਤਾ ਵਿਚ ਆ ਗਈ ਤਾਂ ਇਹ ਉਨ੍ਹਾਂ ਨੂੰ ਹੱਲ ਕਰੇਗੀ। ਇਸ ਤੋਂ ਇਲਾਵਾ ਸ੍ਰੀ ਕੇਜਰੀਵਾਲ ਨੇ ਅੰਮ੍ਰਿਤਸਰ, ਜਲੰਧਰ, ਤਰਨ ਤਾਰਨ, ਗੁਰਦਾਸਪੁਰ, ਫਿਰੋਜ਼ਪੁਰ ਅਤੇ ਪੰਜਾਬ ਦੇ ਹੋਰ ਹਿੱਸਿਆਂ ਤੋਂ ਆਏ ਵਕੀਲਾਂ ਨਾਲ ਵੱਖਰੀ ਮੀਟਿੰਗ ਵੀ ਕੀਤੀ। ਵਕੀਲਾਂ ਨਾਲ ਗੱਲਬਾਤ ਕਰਦਿਆਂ ਕੇਜਰੀਵਾਲ ਨੇ ਭਰੋਸਾ ਦਿੱਤਾ ਕਿ 'ਆਪ' ਸਰਕਾਰ ਬਣਨ 'ਤੇ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕੀਤਾ ਜਾਵੇਗਾ। ਇਸ ਮੌਕੇ ਪਾਰਟੀ ਦੇ ਨੇਤਾ ਭਗਵੰਤ ਮਾਨ ਨੇ ਕਿਹਾ ਕਿ ਅਸੀਂ ਹੋਰਨਾਂ ਪਾਰਟੀਆਂ ਵਾਂਗ ਕਮਰਿਆਂ ਵਿਚ ਬਹਿ ਚੋਣ ਮਨੋਰਥ ਪੱਤਰ ਨਹੀਂ ਬਣਾਉਂਦੇ। ਅਸੀਂ ਲੋਕਾਂ ਕੋਲ ਜਾਂਦੇ ਹਾਂ ਅਤੇ ਉਨ੍ਹਾਂ ਦੇ ਮਸਲਿਆਂ ਅਤੇ ਲੋੜਾਂ ਬਾਰੇ ਪੁੱਛਦੇ ਹਾਂ।

### ਕੇਜਰੀਵਾਲ ਪਹਿਲਾਂ ਦਿੱਲੀ 'ਚ ਬਿਜਲੀ ਸਸਤੀ ਕਰੇ: ਚੰਨੀ

**ਪਠਾਨਕੋਟ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਅਰਵਿੰਦ ਕੇਜਰੀਵਾਲ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦਾ ਸੁਪਨਾ ਛੱਡ ਦੇਵੇ ਅਤੇ ਪਹਿਲਾਂ ਦਿੱਲੀ ਵਿਚ ਬਿਜਲੀ, ਪੈਟਰੋਲ ਤੇ ਡੀਜ਼ਲ ਦੇ ਰੇਟ ਘਟਾ ਕੇ ਦਿਖਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਕੇਜਰੀਵਾਲ ਝੂਠੇ ਵਾਅਦੇ ਕਰ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਮ ਲੋਕਾਂ ਦੇ ਏਜੰਡੇ ਹੁਣੇ ਤੋਂ ਹੀ ਲਾਗੂ ਕਰ ਰਹੇ ਹਨ। ਉਨ੍ਹਾਂ ਬਾਦਲਾਂ ਤੇ ਕੈਪਟਨ ਅਮਰਿੰਦਰ ਸਿੰਘ ਦੀ ਸਾਂਝ ਉਪਰ ਹਮਲੇ ਕਰਦਿਆਂ ਕਿਹਾ ਕਿ ਇਹ ਦੋਵੇਂ ਆਪਸ ਵਿਚ ਰਲੇ ਹੋਏ ਹਨ ਤੇ ਇਨ੍ਹਾਂ ਦੇ ਰਾਜ ਵਿਚ ਲੋਕ ਪਿਸਦੇ ਰਹੇ ਹਨ।

### ਆਪਸੀ ਲੜਾਈ ਛੱਡ ਸੂਬੇ ਨੂੰ ਸੰਭਾਲੇ ਸਰਕਾਰ: ਭਗਵੰਤ

**ਲੁਧਿਆਣਾ:** 'ਆਪ' ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸਣੇ ਬਾਕੀ ਸਾਰੇ ਕਾਂਗਰਸੀ ਆਪਣੀ ਲੜਾਈ ਨੂੰ ਛੱਡ ਕੇ ਜੇਕਰ ਪੰਜਾਬ ਨੂੰ ਸਹੀ ਢੰਗ ਨਾਲ ਸੰਭਾਲਣ ਤਾਂ ਸੂਬੇ ਵਿਚ ਸ਼ਾਂਤੀ ਰਹਿ ਸਕਦੀ ਹੈ, ਪਰ ਪੰਜਾਬ ਕਾਂਗਰਸ ਦੀ ਆਪਸੀ ਫੁੱਟ ਕਾਰਨ ਇਸ ਵੇਲੇ ਮਾਹੌਲ ਵਿਗੜ ਰਿਹਾ ਹੈ ਤੇ ਕਾਨੂੰਨ ਵਿਵਸਥਾ ਵੀ ਕਾਇਮ ਨਹੀਂ ਹੈ। ਭਗਵੰਤ ਮਾਨ ਨੇ ਕਿਹਾ ਕਿ ਪਿਛਲੀ ਵਾਰ ਵੀ ਚੋਣਾਂ ਨੇੜੇ ਧਮਾਕਾ ਹੋਇਆ ਸੀ, ਜਿਸ ਦੀ ਜਾਂਚ ਹਾਲੇ ਤੱਕ ਨਹੀਂ ਹੋਈ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮਾਸਟਰ ਮਾਈਂਡ ਨੂੰ ਲੱਭਣਾ ਜਾਂ ਸੂਬੇ ਨਾਲ ਜੁੜੀਆਂ ਹੋਰ ਸਮੱਸਿਆਵਾਂ ਦੇ ਹੱਲ ਲਈ ਸੂਬਾ ਸਰਕਾਰ ਕੋਲ ਸਮਾਂ ਹੀ ਨਹੀਂ ਹੈ ਕਿਉਂਕਿ ਕਾਂਗਰਸੀ ਮੰਤਰੀ ਤੇ ਆਗੂ ਆਪਸੀ ਲੜਾਈ ਵਿਚ ਹੀ ਉਲਝੇ ਹੋਏ ਹਨ।

## ਸਫਰ ਜਾਰੀ ਹੈ...23ਵੇਂ ਸਾਲ 'ਚ (ਪਹਿਲੀ ਜਨਵਰੀ 2000-2022)

# ਅਦਾਰਾ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ, ਸਮੂਹ ਸਟਾਫ, ਕਾਲਮਨਵੀਸਾਂ ਤੇ ਸ਼ੁਭ ਚਿੰਤਕਾਂ ਵਲੋਂ

## ਆਪਣੇ ਹੱਕ-ਹਕੂਕਾਂ ਲਈ ਅਤੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਬੇਬਾਕੀ ਨਾਲ ਸੰਘਰਸ਼ ਕਰ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਿਆਂ ਸਮੂਹ ਭਾਈਚਾਰੇ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਸਾਲ 2022 ਮੁਬਾਰਕ

## ਸ਼ਾਲਾ! ਨਵਾਂ ਸਾਲ ਸਭ ਲਈ ਖੁਸ਼ੀਆਂ ਖੇੜਿਆਂ ਭਰਿਆ ਆਵੇ ਅਤੇ ਰੱਬ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇ।

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ



ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

ਪੰਜਾਬ ਟਾਈਮਜ਼
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
Ph: 847-359-0746
*e-mail: punjabtimes1@sbcglobal.net, website: www.punjabtimesusa.com*

# ਬੜੂ ਸਾਹਿਬ ਲਈ ਦਾਨ ਦੇਣ 'ਤੇ ਮੇਜਰ ਝੱਜ ਵਲੋਂ ਸੰਗਤਾਂ ਦਾ ਧੰਨਵਾਦ


ਮੇਜਰ ਗੁਰਚਰਨ ਸਿੰਘ ਝੱਜ


ਡਾ. ਗੁਰਮੁਖ ਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਅਮਰਦੇਵ ਸਿੰਘ ਬੰਦੇਸ਼ਾ



**ਸ਼ਿਕਾਗੋ:** ਬੜੂ ਸਾਹਿਬ ਕਲਗੀਧਰ ਸੁਸਾਇਟੀ ਵਲੋਂ ਬੱਚਿਆਂ ਲਈ ਨਵੇਂ ਕਲਾਸ ਰੂਮਜ਼ ਬਣਾਉਣ ਵਾਸਤੇ **ਦੋ ਹਫਤੇ ਪਹਿਲਾਂ ਗੁਰਦੁਆਰਾ ਪੈਲਾਟਾਈਨ ਵਿਖੇ** ਫੰਡ ਇਕੱਠਾ ਕਰਨ ਲਈ ਕਰਵਾਏ ਸਮਾਗਮ ਦੌਰਾਨ ਸੰਗਤਾਂ ਵਲੋਂ ਦਿਲ ਖੋਲ੍ਹ ਕੇ ਦਾਨ ਦੇਣ 'ਤੇ ਮੇਜਰ **ਗੁਰਚਰਨ ਸਿੰਘ ਝੱਜ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੜੂ ਸਾਹਿਬ ਦੇ ਨੁਮਾਇੰਦੇ ਫੰਡ ਇਕੱਠਾ ਕਰਨ ਲਈ ਗੁਰਦੁਆਰਾ ਪੈਲਾਟਾਈਨ ਆਏ ਸਨ। ਬੜੀ ਖੁਸ਼ੀ ਦੀ ਗੱਲ ਹੈ ਕਿ ਗੁਰਦੁਆਰਾ ਪੈਲਾਟਾਈਨ ਦੀ ਸੰਗਤ ਨੇ ਸਾਰੇ ਅਮਰੀਕਾ ਦੀਆਂ ਸਟੇਟਾਂ ਨਾਲੋਂ ਵੱਧ ਫੰਡ ਮੁਹੱਈਆ ਕਰਵਾਇਆ ਹੈ।** ਉਨ੍ਹਾਂ ਨੇ ਬਾਬਾ ਇਕਬਾਲ ਸਿੰਘ ਜੀ, ਬੜੂ ਸਾਹਿਬ ਤੇ ਆਪਣੇ ਵਲੋਂ ਸੰਗਤ ਦਾ ਧੰਨਵਾਦ ਕੀਤਾ।

ਦੱਸਣਯੋਗ ਹੈ ਕਿ ਕਲਗੀਧਰ ਟਰੱਸਟ ਦੇ ਇਸ ਵੇਲੇ 129 ਸਕੂਲ ਹਨ। ਬਾਬਾ ਇਕਬਾਲ ਸਿੰਘ ਜੀ ਦੀ ਯੋਜਨਾ ਹੈ ਕਿ ਜੇ 250 ਸਕੂਲ ਬਣ ਜਾਣ ਤਾਂ ਇਹ ਸੰਸਥਾ ਆਪਣਾ ਨਿੱਜੀ ਐਜੂਕੇਸ਼ਨ ਬੋਰਡ ਬਣਾ ਸਕਦੀ ਹੈ। ਹੁਣ ਪੜ੍ਹਾਈ ਦਾ ਸਿਲੇਬਸ ਸੀ.ਬੀ.ਐਸ.ਈ. ਦਿੱਲੀ ਦਾ ਹੀ ਲਾਗੂ ਹੁੰਦਾ ਹੈ ਪਰ ਜੇ 250 ਸਕੂਲਾਂ ਦਾ ਟੀਚਾ ਪੂਰਾ ਹੋ ਜਾਂਦਾ ਹੈ ਤਾਂ ਸੰਸਥਾ ਦਾ ਆਪਣਾ ਸਿੱਖਿਆ ਬੋਰਡ ਤੇ ਆਪਣਾ ਸਿਲੇਬਸ ਹੋਵੇਗਾ। ਬਾਬਾ ਇਕਬਾਲ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਸੰਗਤ ਦੇ ਸਹਿਯੋਗ ਨਾਲ ਇਹ ਮਨੋਰਥ ਵੀ ਪੂਰਾ ਹੋ ਜਾਏਗਾ।

ਇਸ ਤੋਂ ਪਹਿਲਾ ਜਸ ਟੀ.ਵੀ. ਵਲੋਂ 'ਬੜੂ ਸਾਹਿਬ ਕਲਗੀਧਰ ਟਰੱਸਟ ਦੀਆਂ ਪ੍ਰਾਪਤੀਆਂ ਤੇ ਟੀਚੇ' ਬਾਰੇ ਇਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਪੈਲਾਟਾਈਨ ਦੇ ਕੁਝ ਪਤਵੰਤੇ ਸੱਜਣਾਂ ਨਾਲ ਬੜੂ ਸਾਹਿਬ ਬਾਰੇ ਇੰਟਰਵਿਊ ਕੀਤੇ ਗਏ। ਇਨ੍ਹਾਂ ਇੰਟਰਵਿਊਜ਼ ਨੂੰ ਤਿੰਨ ਪੈਨਲਾਂ ਵਿਚ ਵੰਡਿਆ ਗਿਆ। ਪਹਿਲੇ ਪੈਨਲ ਵਿਚ ਮੇਜਰ ਗੁਰਚਰਨ ਸਿੰਘ ਝੱਜ, ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਡਾ. ਹਰਗੁਰਮੁਖ ਪਾਲ ਸਿੰਘ ਤੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਮਰਦੇਵ ਸਿੰਘ ਬੰਦੇਸ਼ਾ, ਦੂਜੇ ਪੈਨਲ ਵਿਚ ਪੰਜਾਬ ਟਾਈਮਜ਼ ਬੋਰਡ ਦੇ ਸਲਾਹਕਾਰ ਹਰਦਿਆਲ ਸਿੰਘ ਦਿਓਲ ਤੇ ਡਾ. ਰਛਪਾਲ ਸਿੰਘ ਬਾਜਵਾ ਤੇ ਤੀਸਰੇ ਪੈਨਲਿਸਟ ਜਸਪਾਲ ਸਿੰਘ ਸਿੱਧੂ ਤੇ ਰਵੀ ਦੀਪ ਮੁਕਤਾ ਸਨ। ਜਸ ਟੀ.ਵੀ ਦੇ ਹੋਸਟ ਗੁਰਲਾਲ ਨੇ ਕਿਹਾ ਕਿ ਹਰ ਖੇਤਰ ਵਿਚ ਕੁਝ ਅਜਿਹੀਆਂ ਸ਼ਖਸੀਅਤਾਂ ਹੁੰਦੀਆ ਹਨ, ਜੋ ਚੰਗੇ ਕੰਮਾਂ ਰਾਹੀਂ ਆਪਣੀ ਵੱਖਰੀ ਪਛਾਣ ਬਣਾ ਲੈਂਦੀਆਂ ਹਨ। ਭਾਈਚਾਰੇ ਦੀ ਬਿਹਤਰੀ ਲਈ ਹਰ ਕੰਮ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਵਾਲੀ ਅਜਿਹੀ ਹੀ ਇਕ ਸ਼ਖ਼ਸੀਅਤ ਮੇਜਰ ਗੁਰਚਰਨ ਸਿੰਘ ਝੱਜ ਹਨ।

ਪਹਿਲੇ ਮੁਲਕਾਤੀ ਮੇਜਰ ਗੁਰਚਰਨ ਸਿੰਘ ਝੱਜ ਨੂੰ ਗੁਰਲਾਲ ਨੇ ਸਵਾਲ ਕੀਤਾ, 'ਤੁਸੀਂ ਬੜੂ ਸਾਹਿਬ ਲਈ ਸ਼ਿਕਾਗੋ ਤੋਂ ਇਲਾਵਾ ਹੋਰ ਸਟੇਟਾਂ ਵਿਚ ਜਾ ਕੇ ਵੀ ਸੰਸਥਾ ਦੀ ਸੇਵਾ ਕਰ ਰਹੇ ਹੋ। ਨਵੇਂ ਮੀਲ ਪੱਥਰ ਸਥਾਪਿਤ ਕਰ ਰਹੇ ਹੋ, ਉਸ ਵਿਚ ਕਿਹੜੇ ਕੰਮ ਅਜੇ ਬਾਕੀ ਹਨ ਤੇ ਕਿਹੜੇ ਪੂਰੇ ਹੋ ਗਏ ਹਨ?

ਜਵਾਬ ਵਿਚ ਮੇਜਰ ਝੱਜ ਨੇ ਕਿਹਾ, 'ਮੈਂ ਲਗਪਗ 35 ਸਾਲਾਂ ਤੋਂ ਇਸ ਸੰਸਥਾ ਨਾਲ ਜੁੜਿਆ ਹੋਇਆ ਹਾਂ, ਜਦੋਂ ਅਜੇ ਅਕੈਡਮੀਆਂ ਬਣਾਉਣ ਦਾ ਕੰਮ ਸ਼ੂਰੂ ਹੀ ਹੋਇਆ ਸੀ। ਅੱਜ 129 ਅਕੈਡਮੀਆਂ ਤੇ 2 ਯੂਨੀਵਰਸਿਟੀਆਂ ਬਣ ਚੁੱਕੀਆਂ ਹਨ। ਮੈਨੂੰ ਤੇ ਮੇਰੇ ਪਰਿਵਾਰ ਨੂੰ ਬਹੁਤ ਖੁਸ਼ੀ ਹੁੰਦੀ ਹੈ ਕਿ ਵਿਦਿਆ ਦੇ ਪ੍ਰਸਾਰ ਦੇ ਇਸ ਮਹਾਨ ਕਾਰਜ ਵਿਚ ਜੋ ਵੀ ਹੋ ਸਕਦਾ ਹੈ, ਅਸੀਂ ਹਿੱਸਾ ਪਾਉਂਦੇ ਹਾਂ।'

ਆਪਣੀ ਗੱਲ ਜਾਰੀ ਰਖਦਿਆਂ ਮੇਜਰ ਝੱਜ ਨੇ ਕਿਹਾ ਕਿ ਬਾਬਾ ਇਕਬਾਲ ਸਿੰਘ ਦੀ ਅਗਵਾਈ ਵਿਚ ਇਸ ਅਦਾਰੇ ਦੇ ਵਿਦਿਆਰਥੀ ਮਿਆਰੀ ਸਿੱਖਿਆ ਪ੍ਰਾਪਤ ਕਰ ਕੇ ਦੇਸ-ਵਿਦੇਸ਼ ਵਿਚ ਉਚੀਆਂ ਪੁਜ਼ੀਸ਼ਨਾਂ 'ਤੇ ਪਹੁੰਚੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੇ ਤਕਨੀਕੀ ਪੜ੍ਹਾਈ ਦੇ ਨਾਲ ਨਾਲ ਅਧਿਆਤਮਕ ਸਿੱਖਿਆ ਵੀ ਹਾਸਲ ਕੀਤੀ ਹੈ, ਜਿਸ ਨਾਲ ਇਨ੍ਹਾਂ ਦਾ ਅਧਿਆਤਮਕ ਬਲ ਉਚਾ ਹੋਇਆ ਹੈ। ਭਵਿੱਖ ਵਿਚ ਇਹ ਬੱਚੇ ਆਪਣੀਆਂ ਪੋਸਟਾਂ 'ਤੇ ਹੋਰ ਵੀ ਤੱਰਕੀ ਕਰਨਗੇ।

ਗੁਰਲਾਲ ਦੇ ਇਸ ਸਵਾਲ ਕਿ ਕੋਈ ਵੀ ਅਦਾਰਾ ਜਾਂ ਨਿੱਜੀ ਤੌਰ 'ਤੇ ਜਦੋਂ ਕੋਈ ਕਲਗੀਧਰ ਟਰੱਸਟ ਨੂੰ ਫੰਡ ਦਿੰਦਾ ਹੈ, ਉਸ 'ਤੇ ਕੋਈ ਉਂਗਲ ਵੀ ਉਠਾ ਸਕਦਾ ਹੈ, ਤੁਹਾਡਾ ਇਸ ਬਾਰੇ ਕੀ ਵਿਚਾਰ ਹੈ? ਇਸ ਦੇ ਜਵਾਬ ਵਿਚ ਝੱਜ ਸਾਹਿਬ ਨੇ ਦੱਸਿਆ, 'ਮੇਰੇ ਪਰਿਵਾਰ ਨੇ ਹੋਰ ਕਈ ਅਦਾਰਿਆਂ ਨੂੰ ਫੰਡਿੰਗ ਕੀਤੀ ਹੈ ਪਰ ਉਹ ਅੱਗੇ ਨਹੀਂ ਪਹੁੰਚੀ ਤੇ ਉਨ੍ਹਾਂ ਵਲੋਂ ਕੋਈ ਹਿਸਾਬ-ਕਿਤਾਬ ਨਹੀਂ ਰੱਖਿਆ ਜਾਂਦਾ ਪਰ ਬੜੂ ਸਾਹਿਬ ਆਪਣੇ ਆਪ ਵਿਚ ਮਿਸਾਲ ਹੈ। ਸੰਸਥਾ ਦੇ ਸੇਵਾਦਾਰ ਬੜੇ ਸੁਚੱਜੇ ਢੰਗ ਨਾਲ ਹਿਸਾਬ-ਕਿਤਾਬ ਰੱਖਦੇ ਹਨ। ਕੋਈ ਵੀ ਜਾ ਕੇ, ਕਦੀ ਵੀ ਹਿਸਾਬ ਪੁੱਛ ਸਕਦਾ ਹੈ। ਇਸ ਦੇ ਨਾਲ ਮਹੱਤਵਪੂਰਨ ਗੱਲ ਇਹ ਹੈ ਕਿ ਜੋ ਅਸੀਂ ਅਮਰੀਕਾ ਵਿਚੋਂ ਪੈਸਾ ਭੇਜਦੇ ਹਾਂ, ਉਹ ਭਾਰਤ ਸਰਕਾਰ ਵਲੋਂ ਆਡਿਟ ਹੁੰਦਾ ਹੈ ਤੇ ਅਜੇ ਤਕ ਭਾਰਤ ਸਰਕਾਰ ਨੂੰ ਕੋਈ ਸ਼ਿਕਾਇਤ ਨਹੀਂ ਮਿਲੀ। ਇਕ ਗੱਲ ਹੋਰ ਕਿ ਬਾਹਰਲੇ ਮੁਲਕਾਂ ਵਲੋਂ ਭੇਜਿਆ ਜਾ ਰਿਹਾ ਵਧੇਰੇ ਪੈਸਾ ਇਮਾਰਤਾਂ ਬਣਾਉਣ 'ਤੇ ਖਰਚ ਹੁੰਦਾ ਹੈ। ਅਜੇ ਤਕ ਅਮਰੀਕਾ ਦੀਆਂ ਸਟੇਟਾਂ ਵਿਚੋਂ ਸ਼ਿਕਾਗੋ ਦੀ ਸੰਗਤ ਵਲੋਂ ਵੱਧ ਫੰਡ ਭੇਜੇ ਗਏ ਹਨ। ਕੋਵਿਡ ਮਹਾਮਾਰੀ ਦੇ ਬਾਵਜੂਦ ਇਸ ਸਾਲ 85 ਹਜ਼ਾਰ ਡਾਲਰ ਇੱਥੋਂ ਇਕੱਠੇ ਹੋਏ ਹਨ। ਕਈ ਪੁਰਾਣੇ ਸੰਗਤ ਦੇ ਦਾਨੀ ਸੱਜਣ ਨਹੀਂ ਪਹੁੰਚ ਸਕੇ ਪਰ ਕੁਝ ਦਿਨਾਂ ਤਾਈਂ ਆਪਣਾ ਯੋਗਦਾਨ ਭੇਜ ਰਹੇ ਹਨ।'

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਮਰਦੇਵ ਬੰਦੇਸ਼ਾ ਨੇ ਗੁਰਦੁਆਰਾ ਪੈਲਾਟਾਈਨ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮਿੱਡਵੈਸਟ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ। ਮੇਜਰ ਗੁਰਚਰਨ ਸਿੰਘ ਝੱਜ ਇਸ ਸੰਸਥਾ ਦੇ ਫਾਉਂਡਰ ਮੈਂਬਰਾਂ ਵਿਚੋਂ ਇਕ ਹਨ। ਸਿੱਖ ਰਿਲੀਜੀਅਸ ਸੁਸਾਇਟੀ 1972 ਵਿਚ ਹੋਂਦ ਵਿਚ ਆਈ। ਅਸੀਂ ਇਸ ਸੰਸਥਾ ਨੂੰ ਇਕ ਸੰਵਿਧਾਨ ਮੁਤਾਬਕ ਚਲਾ ਰਹੇ ਹਾਂ। ਗੁਰਦੁਆਰਾ ਸਾਹਿਬ ਦਾ ਆਪਣਾ ਇਕ ਗੁਰਮਤਿ ਸਕੂਲ ਵੀ ਹੈ, ਜਿੱਥੇ ਧਾਰਮਿਕ ਤੇ ਪੰਜਾਬੀ ਦੀ ਸਿੱਖਿਆ ਦਿੱਤੀ ਜਾਂਦੀ ਹੈ।

ਅਸੀਂ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ ਹਾਂ ਕਿ ਸਕੂਲ ਚਲਾਉਣ 'ਤੇ ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਬੜੂ ਸਾਹਿਬ ਵਲੋਂ 129 ਸਕੂਲ ਤੇ 2 ਯੂਨੀਵਰਸਿਟੀਆਂ ਨੂੰ ਚਲਾਉਣਾ ਸੌਖਾ ਕੰਮ ਨਹੀਂ। 70,000 ਬੱਚਿਆਂ ਦੀ ਪੜ੍ਹਾਈ ਲਈ ਕਿੰਨੇ ਵੱਡੇ ਉਪਰਾਲੇ ਦੀ ਲੋੜ ਹੁੰਦੀ ਹੈ, ਭਲੀ-ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਾਡੇ ਚੰਗੇ ਭਾਗ ਹਨ ਕਿ ਬੜੂ ਸਾਹਿਬ ਦੇ ਨੁਮਾਇੰਦੇ ਇੱਥੇ ਆਏ ਹਨ। ਸ਼ਿਕਾਗੋ ਦੇ ਵਸਨੀਕ ਕਈ ਬੱਚੇ ਬੜੂ ਸਾਹਿਬ ਤੋਂ ਸਿੱਖਿਆ ਲੈ ਕੇ ਆਏ ਹਨ, ਜੋ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਇਥੇ ਮੈਂ ਇਹ ਵੀ ਦੱਸ ਦੇਵਾਂ ਕਿ ਸਾਡੇ ਬੋਰਡ ਦੀ ਇਕ ਟਰੱਸਟੀ ਨਾਨਕੀ ਸਿੰਘ ਵੀ ਬੜੂ ਸਾਹਿਬ ਤੋਂ ਪੜ੍ਹ ਕੇ ਆਈ ਹੈ।

ਗੁਰਲਾਲ ਵਲੋਂ ਪੁਛੇ ਸਵਾਲ ਗੁਰਦੁਆਰਾ ਪੈਲਾਟਾਈਨ ਵਿਚ ਕਿਹੜੇ ਨਵੇਂ ਪ੍ਰਾਜਕੈਟ ਸ਼ੁਰੂ ਕਰ ਰਹੇ ਹੋ? ਦੇ ਜਵਾਬ ਵਿਚ ਸ. ਬੰਦੇਸ਼ਾ ਨੇ ਦੱਸਿਆ, 'ਬਜ਼ੁਰਗਾਂ ਲਈ ਸਾਡਾ ਇਕ ਮਿਸ਼ਨ ਹੈ। ਸਾਡੇ ਬਜ਼ੁਰਗ ਜਿਹੜੇ ਘਰਾਂ ਵਿਚ ਬੈਠੇ ਹਨ, ਉਨ੍ਹਾਂ ਨੂੰ ਗੁਰਦੁਆਰਾ ਸਹਿਬ ਲੈ ਕੇ ਆਉਣ ਦੀ ਯੋਜਨਾ ਉਲੀਕ ਰਹੇ ਹਾਂ। ਗੈਰ ਪੰਜਾਬੀ ਤੇ ਸਿੱਖ ਪਰਿਵਾਰਾਂ ਦੇ ਬੱਚੇ, ਜਿਹੜੇ ਕਿਸੇ ਕਾਰਨ ਪੰਜਾਬੀ


ਰਵੀ ਦੀਪ ਮੁਕਤਾ ਤੇ ਜਸਪਾਲ ਸਿੰਘ ਸਿੱਧੂ

ਨਹੀਂ ਪੜ੍ਹ ਸਕੇ, ਉਨ੍ਹਾਂ ਲਈ ਆਨ ਲਾਈਨ ਕਲਾਸਾਂ ਸ਼ੁਰੂ ਕਰ ਰਹੇ ਹਾਂ।'

ਹੋਸਟ ਗੁਰਲਾਲ ਨੇ ਡਾ. ਗੁਰਮੁਖ ਪਾਲ ਸਿੰਘ ਨੂੰ ਸਵਾਲ ਕੀਤਾ ਕਿ ਕੀ ਬੜੂ ਸਾਹਿਬ ਆਪਣੇ ਮਿੱਥੇ ਟੀਚੇ ਰਾਹੀਂ ਸੇਵਾ ਪੂਰੀ ਕਰ ਰਿਹਾ ਹੈ? ਡਾ. ਸਾਹਿਬ ਨੇ ਕਿਹਾ ਕਿ 129 ਸਕੂਲ ਤੇ 2 ਯੂਨੀਵਰਸਿਟੀਆਂ ਤੇ 70 ਹਜ਼ਾਰ ਦੇ ਕਰੀਬ ਸਟੂਡੈਂਟ ਇਹ ਅੰਕੜੇ ਆਪਣੇ ਆਪ ਵਿਚ ਹੀ ਦੱਸਦੇ ਹਨ ਕਿ ਕਲਗੀਧਰ ਟਰੱਸਟ ਦੇ ਪ੍ਰਾਜੈਕਟ ਬੁਲੰਦੀਆਂ 'ਤੇ ਹਨ ਤੇ ਬੜੀ ਸਫਲਤਾ ਨਾਲ ਚੱਲ ਰਹੇ ਹਨ। ਝੱਜ ਸਾਹਿਬ ਨੇ ਸ਼ਿਕਾਗੋ ਵਿਚ ਸਭ ਤੋਂ ਪਹਿਲਾਂ ਸ਼ੂਰੁਆਤ ਕੀਤੀ ਸੀ। ਸਾਨੂੰ ਵੀ ਉਸ ਵਿਚ ਹਿੱਸਾ ਪਾਉਣ ਦਾ ਮੌਕਾ ਮਿਲਿਆ। ਅਸੀਂ ਵਿਦੇਸ਼ਾਂ ਵਿਚ ਆ ਗਏ ਪਰ ਪਿਛੇ ਪੰਜਾਬ ਵਿਚ ਸਾਡੇ ਭਾਈਚਾਰੇ ਦੇ ਜਿਹੜੇ ਲੋਕ ਰਹਿ ਰਹੇ ਹਨ, ਉਨ੍ਹਾਂ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣਾ ਕੁਝ ਯੋਗਦਾਨ ਪਾਈਏ ਤੇ ਬੜੂ ਸਾਹਿਬ ਰਾਹੀਂ ਸਿੱਖਿਆ ਦੇ ਪ੍ਰਸਾਰ ਲਈ ਹੱਥ ਵਟਾ ਸਕੀਏ। ਅਸੀਂ ਮੇਜਰ ਗੁਰਚਰਨ ਸਿੰਘ ਝੱਜ ਜੀ ਦੇ ਧੰਨਵਾਦੀ ਹਾਂ ਜਿਨ੍ਹਾਂ ਕਰਕੇ ਸਾਨੂੰ ਵੀ ਹਿੰਮਤ ਮਿਲੀ।

ਗੁਰਲਾਲ ਸਿੰਘ ਵਲੋਂ ਗੁਰਦੁਆਰਾ ਪੈਲਾਟਾਈਨ ਦੇ ਡਿਜ਼ਾਈਨ ਤੇ ਮੈਡੀਕਲ ਕਲੀਨਿਕ ਦੇ ਸੁਧਾਰ ਲਈ ਚੁੱਕੇ ਕਦਮਾਂ ਬਾਰੇ ਪੁੱਛੇ ਜਾਣ 'ਤੇ ਡਾ. ਸਾਹਿਬ ਨੇ ਕਿਹਾ, 'ਅਸੀਂ ਭਾਈਚਾਰੇ ਦੇ ਸਿਰਮੌਰ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਦੇ ਹਾਂ ਤੇ ਸੁਝਾਅ ਵੀ ਦੇਂਦੇ ਹਾਂ।'

ਪੰਜਾਬ ਟਾਈਮਜ਼ ਸਲਾਹਕਾਰ ਬੋਰਡ ਦੇ ਮੈਂਬਰ ਸ. ਹਰਦਿਆਲ ਸਿੰਘ ਦਿਓਲ ਨੇ ਦੱਸਿਆ ਕਿ ਅਸੀਂ ਜਦੋਂ ਆਪਣੇ ਪਿੰਡਾਂ ਵਿਚ ਪੜ੍ਹਦੇ ਸੀ, ਓਦੋਂ ਕਲਗੀਧਰ ਟਰੱਸਟ ਵਰਗੀ ਕੋਈ ਸੰਸਥਾ ਨਹੀਂ ਸੀ। ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿਚੋਂ ਸਿਵਲ ਇੰਜੀਨੀਅਰ ਦੀ ਡਿਗਰੀ ਹਾਸਲ ਕੀਤੀ। ਫਿਰ ਯੂ.ਐਸ.ਏ. ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਕੀਤੀ ਤੇ ਇਹ ਸਭ ਕੁਝ ਆਪਣੀ ਹਿੰਮਤ ਨਾਲ ਕੀਤਾ। ਉਸ ਤਜਰਬੇ ਦੇ ਆਧਾਰ 'ਤੇ ਮੈਂ ਕਹਿੰਦਾ ਹਾਂ ਕਿ ਕਲਗੀਧਰ ਟਰੱਸਟ ਪਿੰਡਾਂ ਵਿਚ ਜਿਹੜਾ ਵਿਦਿਆ ਦਾ ਚਾਨਣ ਵੰਡ ਰਿਹਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਪਿੰਡਾਂ ਦੇ ਬੱਚੇ ਪੜ੍ਹ-ਲਿਖ ਕੇ ਚੰਗੇ ਨਾਗਰਿਕ ਬਣ ਕੇ ਸਮਾਜ ਦੀ ਬਿਹਤਰੀ ਲਈ ਯੋਗਦਾਨ ਪਾਉਣਗੇ।'

ਲੜਕੀਆਂ ਨੂੰ ਸਿੱਖਿਆ ਦੇਣੀ ਬਹੁਤ ਜ਼ਰੂਰੀ ਹੈ, ਬੜੂ ਸਾਹਿਬ ਇਹ ਕੰਮ ਕਰ ਰਿਹਾ ਹੈ। ਝੱਜ ਸਾਹਿਬ ਦੇ ਉਪਰਾਲੇ ਨਾਲ ਅਸੀਂ ਵੀ ਇਸ ਨੇਕ ਕੰਮ ਵਿਚ ਹਿੱਸਾ ਪਾ ਸਕੇ ਹਾਂ।

ਹੋਸਟ ਗੁਰਲਾਲ ਵਲੋਂ ਡਾ. ਰਛਪਾਲ ਸਿੰਘ ਬਾਜਵਾ ਨੂੰ ਪੁੱਛੇ ਸਵਾਲ ਕਿ ਤੁਸੀ ਤਾਂ ਸੰਤ ਅਤਰ ਸਿੰਘ ਮਸਤੂਆਣਾ ਦੇ ਪਿੰਡ ਦੇ ਕੋਲ ਦੇ ਹੋ ਤੇ ਤੁਸੀਂ ਇਸ ਸੰਸਥਾ ਨੂੰ ਪੜਾਅ ਦਰ ਪੜਾਅ ਵਧਦੇ ਦੇਖਿਆ ਹੈ। ਆਪਣਾ ਤਜਰਬਾ ਸਾਂਝਾ ਕਰੋ? ਦੇ ਜਵਾਬ ਵਿਚ ਡਾ. ਬਾਜਵਾ ਨੇ ਕਿਹਾ, 'ਸੰਤ ਅਤਰ ਸਿੰਘ ਮਸਤੂਆਣਾ ਜੀ ਵੇਲੇ ਅਸੀਂ ਬਹੁਤ ਛੋਟੇ ਸਾਂ। ਜ਼ਿਲ੍ਹਾ ਸੰਗਰੂਰ ਉਸ ਵੇਲੇ ਕਾਫੀ ਪਛੜਿਆ ਹੋਇਆ ਸੀ। ਸੰਤ ਅਤਰ ਸਿੰਘ ਜੀ ਨੇ ਪਹਿਲਾ ਕੁੜੀਆਂ ਦਾ ਕਾਲਜ ਖੋਲ੍ਹਿਆ ਸੀ, ਪਰ ਮੈਂ ਬਾਬਾ ਇਕਬਾਲ ਸਿੰਘ ਜੀ ਤੇ ਡਾ. ਖੇਮ ਸਿੰਘ ਨੂੰ ਮਿਲਿਆ ਹਾਂ। ਉਹ ਹਰ ਵੇਲੇ ਮਦਦ ਕਰਨ ਲਈ ਤਤਪਰ ਰਹਿੰਦੇ ਸਨ। 1992 ਦਾ ਵਾਕਿਆ ਹੈ, ਡਾ. ਖੇਮ ਸਿੰਘ ਵਾਈਸ ਚਾਂਸਲਰ ਸਨ। ਅਸੀਂ ਡਾ. ਖੇਮ ਸਿੰਘ ਨੂੰ ਸੁਝਾਅ ਦਿੱਤਾ ਕਿ ਬਾਹਰਲੇ ਮੁਲਕਾਂ ਦੇ ਵਿਦਿਆਰਥੀ ਜੋ ਪੰਜਾਬ ਵਿਚ ਪੜ੍ਹਨਾ ਚਾਹੁੰਦੇ ਹਨ, ਉਨ੍ਹਾਂ ਲਈ ਐਨ. ਆਰ.ਆਈ. ਕੋਟਾ ਸ਼ੁਰੂ ਕੀਤਾ ਜਾਵੇ ਤੇ ਉਹ ਇਹ ਮੰਗ ਮੰਨ ਗਏ। ਇੱਥੋਂ ਅਮਰੀਕਾ ਵਿਚੋਂ 500 ਦੇ ਕਰੀਬ ਵਿਦਿਆਰਥੀ ਇਸ ਪ੍ਰੋਗਰਾਮ ਅਧੀਨ ਪੜ੍ਹ ਕੇ ਆਏ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਜੇ ਉਹ ਇਸ ਪ੍ਰਸਾਰਣ ਨੂੰ ਸੁਣ ਰਹੇ ਹਨ ਤਾਂ ਕਲਗੀਧਰ ਟਰੱਸਟ ਵਿਚ ਆਪਣਾ ਯੋਗਦਾਨ ਜ਼ਰੂਰ ਪਾਉਣ।'

ਕਲਗੀਧਰ ਟਰੱਸਟ ਵਲੋਂ ਅਨੰਦਪੁਰ ਸਾਹਿਬ ਤੇ ਦਮਦਮਾ ਸਾਹਿਬ ਵਿਚ ਕਾਸ਼ੀ ਯੂਨੀਵਰਸਿਟੀ ਨੂੰ ਛੋਟੇ-ਛੋਟੇ ਸਕੂਲਾਂ ਨਾਲ ਲਿੰਕ ਕਰ ਕੇ ਪਿੰਡ-ਪਿੰਡ ਸਿੱਖਿਆ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਇਹ 70 ਹਜ਼ਾਰ ਬੱਚੇ ਚੰਗੀ ਤਾਲੀਮ ਹਾਸਲ ਕਰ ਕੇ ਇਸ ਸਮਾਜ ਵਿਚ ਜਾ ਕੇ ਜਦੋਂ ਆਪਣਾ ਯੋਗਦਾਨ ਪਾਉਣਗੇ ਤਾਂ ਨਰੋਏ ਸਮਾਜ ਦੀ ਸਥਾਪਨਾ ਹੋਵੇਗੀ।

ਹੋਸਟ ਗੁਰਲਾਲ ਵਲੋਂ ਬੜੂ ਸਾਹਿਬ ਦੇ ਨੁਮਾਇੰਦੇ ਜਸਪਾਲ ਸਿੰਘ ਸਿੱਧੂ ਨੂੰ ਪੁੱਛੇ ਸਵਾਲ ਕਿ ਸੰਸਥਾ ਦੀ ਮੌਜੂਦਾ ਆਰਥਿਕ ਸਥਿਤੀ ਕੀ ਹੈ? ਕਿਉਂਕਿ ਇਕ ਕਮਰੇ ਦਾ ਖਰਚਾ 15000 ਹੈ, 70,000 ਬੱਚੇ, ਸਟਾਫ ਹੋਰ ਕਰਮਚਾਰੀਆਂ ਦਾ ਵੀ ਖਰਚ ਹੈ, ਦੇ ਜਵਾਬ ਵਿਚ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਬਾਬਾ ਇਕਬਾਲ ਸਿੰਘ ਜੀ ਦੇ ਉਪਰਾਲੇ ਨਾਲ 2007 ਵਿਚ 26 ਸਕੂਲ ਸਨ ਤੇ ਹੁਣ ਸਕੂਲਾਂ ਦੀ ਗਿਣਤੀ 129 ਹੈ। ਜਦੋਂ ਬਾਬਾ ਜੀ ਦਾ ਧਿਆਨ ਯੂਨੀਵਰਸਿਟੀ ਬਣਾਉਣ ਵੱਲ ਲੱਗ ਗਿਆ ਤਾਂ ਸਾਨੂੰ ਸਕੂਲਾਂ ਦੇ ਵਾਧੇ ਲਈ ਬ੍ਰੇਕ ਲਾਉਣੀ ਪਈ। ਯੂਨੀਵਰਸਿਟੀ ਲਈ 6 ਲੱਖ ਸਕੁਏਅਰ ਫੁਟ ਦਾ ਰਕਬਾ ਲਾਜ਼ਮੀ ਹੋਣ ਦੀ ਸ਼ਰਤ ਸੀ, ਜਿਸ ਨੂੰ ਪੂਰਾ ਕਰਨ ਤੇ ਯੂਨੀਵਰਸਿਟੀ ਬਣਾਉਣ 'ਤੇ 18 ਮਹੀਨੇ ਲੱਗ ਗਏ। 2015 ਵਿਚ ਕਲਾਸਾਂ ਸ਼ੁਰੂ ਹੋ ਗਈਆਂ। ਪੈਸੇ ਦੀ ਜਦੋਂ ਲੋੜ ਪਈ ਤਾਂ ਇਸ ਲਈ 100 ਕਰੋੜ ਦਾ ਬੈਂਕ ਤੋਂ ਕਰਜ਼ਾ ਲੈਣਾ ਪਿਆ। ਸੰਗਤਾਂ ਦੇ ਸਹਿਯੋਗ ਨਾਲ ਲੋਨ ਘਟ ਕੇ ਹੁਣ 27 ਕਰੋੜ ਦਾ ਰਹਿ ਗਿਆ ਹੈ। ਇਸ ਸਾਲ ਉਸ ਨੂੰ ਵੀ ਉਤਾਰ ਦੇਣ ਦਾ ਟੀਚਾ ਹੈ। 129 ਸਕੂਲਾਂ ਵਿਚੋਂ 50 ਦੇ ਕਰੀਬ ਹਾਈ ਸਕੂਲ ਹਨ, ਜਿਨ੍ਹਾਂ ਨੂੰ ਅਪਗ੍ਰੇਡ ਕਰਨ ਲਈ 200 ਕਮਰੇ ਹੋਰ ਚਾਹੀਦੇ ਹਨ। ਸਕੂਲ ਦੇ ਅਧਿਆਪਕਾਂ ਦੇ ਵੀ ਖਰਚੇ ਹਨ। ਨਸ਼ਾ ਕੇਂਦਰਾਂ ਵਿਚ ਨਸ਼ਾ ਛੁਡਾਊ ਪ੍ਰੋਗਰਾਮ ਚੱਲ ਰਹੇ ਹਨ। ਵਿਮੈੱਨ ਐਂਪਾਵਰਮੈਂਟ ਪ੍ਰੋਗਰਾਮ ਅਧੀਨ ਲੇਡੀਜ਼ ਟੀਚਰਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

ਇਸ ਦੌਰਾਨ ਮਹਾਮਾਰੀ ਸੰਕਟ ਦਾ ਵੀ ਸਾਹਮਣਾ ਕਰਨਾ ਪਿਆ। ਹੁਣ ਅਸੀਂ ਹਰ ਸਟੇਟ ਦੇ ਗੁਰਦੁਆਰੇ ਵਿਚ ਜਾ ਰਹੇ ਹਾਂ ਤੇ ਸੰਗਤਾਂ ਬਹੁਤ ਸਹਿਯੋਗ ਕਰ ਰਹੀਆਂ ਹਨ।

ਰਵੀ ਦੀਪ ਮੁਕਤਾ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਜਾਣਕਾਰੀ ਦਿੱਤੀ ਕਿ ਸੰਗਤਾਂ ਦੇ ਸਹਿਯੋਗ ਨਾਲ ਸਕੂਲਾਂ ਦਾ ਨਵਾਂ ਸੈਸ਼ਨ ਮਾਰਚ 2022 ਵਿਚ ਸ਼ੁਰੂ ਹੋ ਰਿਹਾ ਹੈ।

**Punjab Times**
**Our New E-mail**
***Punjabtimes1@gmail.com***
***www.punjabtimesusa.com***
***Ph: 847-359-0746***

ਪੰਜਾਬ ਟਾਈਮਜ਼

ਸਨਿਚਰਵਾਰ, 1 ਜਨਵਰੀ 2022

# ਸਿਆਸਤ ਅਤੇ ਸਫਬੰਦੀ

ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਚੜ੍ਹਤ ਨੇ ਪਾਰਟੀ ਆਗੂਆਂ ਅਤੇ ਕਾਰਕੁਨਾਂ ਨੂੰ ਉਤਸ਼ਾਹ ਨਾਲ ਭਰ ਦਿੱਤਾ ਹੈ। ਪਾਰਟੀ ਆਗੂ ਦਾਅਵੇ ਕਰ ਰਹੇ ਕਿ ਪੰਜਾਬ ਵਿਧਾਨ ਸਭਾ ਦੇ ਨਤੀਜੇ ਵੀ ਇਸੇ ਤਰ੍ਹਾਂ ਦੇ ਹੋਣਗੇ ਅਤੇ ਚੰਡੀਗੜ੍ਹ ਵਾਲੀ ਜਿੱਤ ਪੰਜਾਬ ਵਿਚ ਵੀ ਦੁਹਰਾਈ ਜਾਵੇਗੀ। ਚੰਡੀਗੜ੍ਹ ਨਗਰ ਨਿਗਮ 'ਤੇ ਪਹਿਲਾਂ ਭਾਰਤੀ ਜਨਤਾ ਪਾਰਟੀ ਦਾ ਕਬਜ਼ਾ ਸੀ ਪਰ 35 ਮੈਂਬਰੀ ਸਦਨ ਵਿਚ ਇਹ ਪਾਰਟੀ 12 ਸੀਟਾਂ ਹੀ ਹਾਸਲ ਕਰ ਸਕੀ ਹੈ। ਆਮ ਆਦਮੀ ਪਾਰਟੀ ਨੂੰ 14 ਸੀਟਾਂ ਮਿਲੀਆਂ ਹਨ ਜਦਕਿ ਕਾਂਗਰਸ ਸਿਰਫ 8 ਸੀਟਾਂ 'ਤੇ ਸਿਮਟ ਗਈ ਹੈ ਸ਼੍ਰੋਮਣੀ ਅਕਾਲੀ ਦਲ ਨੇ ਇਕ ਸੀਟ 'ਤੇ ਜਿੱਤ ਦਰਜ ਕੀਤੀ ਹੈ। ਸਦਨ ਵਿਚ ਬਹੁਮਤ ਲਈ ਆਮ ਆਦਮੀ ਪਾਰਟੀ ਨੂੰ 4 ਸੀਟਾਂ ਹੋਰ ਚਾਹੀਦੀਆਂ ਸਨ ਜਦਕਿ ਭਾਰਤੀ ਜਨਤਾ ਪਾਰਟੀ ਨੂੰ 6 ਸੀਟਾਂ ਦੀ ਲੋੜ ਹੈ। ਇਸ ਗਿਣਤੀ-ਮਿਣਤੀ ਵਿਚ ਗੋਆ ਵਿਧਾਨ ਸਭਾ ਚੋਣਾਂ ਵਾਲਾ ਤੱਥ ਵੀ ਉਭਰ ਆਇਆ ਹੈ। ਉਥੇ ਭਾਰਤੀ ਜਨਤਾ ਪਾਰਟੀ ਨੂੰ ਭਾਵੇਂ ਬਹੁਮਤ ਨਹੀਂ ਸੀ ਮਿਲਿਆ ਪਰ ਹੁਣ ਉਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਇਸ ਪਾਰਟੀ ਨੇ ਉਥੇ ਅੰਤਾਂ ਦੇ ਜੋੜ-ਤੋੜ ਨਾਲ ਸਰਕਾਰ ਕਾਇਮ ਕਰ ਲਈ ਸੀ। ਹੁਣ ਸਵਾਲਾਂ ਦਾ ਸਵਾਲ ਇਹੀ ਹੈ ਕਿ ਕੀ ਭਾਰਤੀ ਜਨਤਾ ਪਾਰਟੀ ਚੰਡੀਗੜ੍ਹ ਨਗਰ ਨਿਗਮ ਵਿਚ ਵੀ ਗੋਆ ਵਰਗੇ ਜੋੜ-ਤੋੜ ਵਾਲੇ ਰਾਹ ਪੈ ਜਾਵੇਗੀ?

ਬਿਨਾਂ ਸ਼ੱਕ, ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਵਿਚ ਜਿੱਤ ਨੇ ਆਮ ਆਦਮੀ ਪਾਰਟੀ ਅੰਦਰ ਉਤਸ਼ਾਹ ਭਰਿਆ ਹੈ ਪਰ ਪੰਜਾਬ ਵਿਧਾਨ ਸਭਾ ਚੋਣਾਂ, ਚੰਡੀਗੜ੍ਹ ਨਗਰ ਨਿਗਮ ਜਿੰਨੀਆਂ ਸਰਲ ਨਹੀਂ। ਪੰਜਾਬ ਵਿਚ ਹੁਣ ਤੱਕ ਆਮ ਆਦਮੀ ਪਾਰਟੀ ਨੂੰ ਜਿਹੜੀ ਮਾਰ ਪੈਂਦੀ ਰਹੀ ਹੈ, ਉਹ ਇਸ ਦਾ ਜਥੇਬੰਦਕ ਤਾਣਾ-ਬਾਣਾ ਮਜ਼ਬੂਤ ਨਾ ਹੋਣਾ ਹੈ। ਅਸਲ ਵਿਚ, ਇਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਵਿਚ ਆਪਣਾ ਢਾਂਚਾ ਮਜ਼ਬੂਤ ਕਰਨ ਵੱਲ ਕਦੀ ਧਿਆਨ ਹੀ ਨਹੀਂ ਦਿੱਤਾ ਹੈ। ਹੁਣ ਵੀ ਇਸ ਪਾਰਟੀ ਦੀ ਸਾਰੀ ਚੋਣ ਮੁਹਿੰਮ ਦਿੱਲੀ ਦੇ ਲੀਡਰਾਂ, ਖਾਸਕਰ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਰਾਹੀਂ ਹੀ ਚਲਾਈ ਜਾ ਰਹੀ ਹੈ। ਸਾਰੇ ਐਲਾਨ ਅਤੇ ਦਾਅਵੇ-ਵਾਅਦੇ ਉਸ ਵੱਲੋਂ ਹੀ ਕੀਤੇ ਜਾ ਰਹੇ ਹਨ। ਪਾਰਟੀ ਅਜੇ ਤੱਕ ਪੰਜਾਬ ਲਈ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵੀ ਐਲਾਨ ਨਹੀਂ ਸਕੀ ਹੈ। ਇਸ ਮਸਲੇ 'ਤੇ ਦਿੱਲੀ ਦੀ ਲੀਡਰਸ਼ਿਪ ਅਤੇ ਪੰਜਾਬ ਦੇ ਆਗੂਆਂ ਵਿਚਕਾਰ ਤਾਲਮੇਲ ਦੀ ਘਾਟ ਉਂਜ ਹੀ ਸਾਫ ਨਜ਼ਰ ਆ ਰਹੀ ਹੈ। ਇਸ ਦੇ ਬਾਵਜੂਦ ਇਹ ਪਾਰਟੀ ਪੰਜਾਬ ਅੰਦਰ ਅਗਲੀ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀ ਹੈ। ਪਿਛਲੀ ਵਾਰ 2017 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਸ ਪਾਰਟੀ ਨੇ ਸਰਕਾਰ ਬਣਾਉਣ ਦੇ ਦਾਅਵੇ ਕੀਤੇ ਸਨ ਪਰ ਕੱਚੀ ਸਿਆਸਤ ਕਾਰਨ ਇਹ ਪਾਰਟੀ ਸਿਰਫ 20 ਸੀਟਾਂ ਤੱਕ ਸਿਮਟ ਗਈ ਸੀ। ਉਦੋਂ ਇਸ ਪਾਰਟੀ ਦੇ ਹੱਕ ਵਿਚ ਆਮ ਲੋਕਾਂ ਅੰਦਰ ਵਾਹਵਾ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ। ਐਤਕੀਂ ਇਸ ਦੇ ਹੱਕ ਵਿਚ ਸਿਰਫ ਇਕ ਹੀ ਗੱਲ ਜਾ ਰਹੀ ਹੈ ਕਿ ਪੰਜਾਬ ਦੇ ਲੋਕ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਰਵਾਇਤੀ ਪਾਰਟੀ ਤੋਂ ਬੁਰੀ ਤਰ੍ਹਾਂ ਅੱਕੇ ਪਏ ਹਨ, ਇਸੇ ਲਈ ਕਿਸੇ ਤੀਜੇ ਬਦਲ ਦੀ ਤਲਾਸ਼ ਵਿਚ ਹਨ ਅਤੇ ਤੀਜਾ ਬਦਲ ਆਮ ਆਦਮੀ ਪਾਰਟੀ ਤੋਂ ਇਲਾਵਾ ਹੋਰ ਕੋਈ ਫਿਲਹਾਲ ਨਜ਼ਰ ਨਹੀਂ ਆ ਰਿਹਾ। ਕਾਂਗਰਸ ਵੱਲੋਂ ਮੁੱਖ ਮੰਤਰੀ ਦੀ ਗੱਦੀ ਤੋਂ ਲਾਹੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਵੱਖਰੀ ਪਾਰਟੀ ਬਣਾ ਕੇ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਗੱਠਜੋੜ ਤਾਂ ਬਣਾਇਆ ਹੈ ਪਰ ਇਸ ਗੱਠਜੋੜ ਨੂੰ ਅਜੇ ਤੱਕ ਕੋਈ ਖਾਸ ਹੁੰਗਾਰਾ ਨਹੀਂ ਮਿਲਿਆ ਹੈ।

ਇਸੇ ਦੌਰਾਨ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਕੁਝ ਜਥੇਬੰਦੀਆਂ ਕਿਸਾਨ ਸਮਾਜ ਮੋਰਚਾ ਬਣਾ ਕੇ ਚੋਣ ਮੈਦਾਨ ਵਿਚ ਨਿੱਤਰ ਪਈਆਂ ਹਨ। ਪਹਿਲਾਂ ਕਿਆਸ-ਆਰਾਈਆਂ ਸਨ ਕਿ ਇਹ ਕਿਸਾਨ ਮੰਚ ਆਮ ਆਦਮੀ ਪਾਰਟੀ ਨਾਲ ਰਲ ਕੇ ਚੋਣਾਂ ਲੜੇਗਾ ਪਰ ਆਮ ਆਦਮੀ ਪਾਰਟੀ ਜਿਸ ਤੇਜ਼ੀ ਨਾਲ ਉਮੀਦਵਾਰਾਂ ਦਾ ਐਲਾਨ ਕਰ ਰਹੀ ਹੈ, ਉਸ ਤੋਂ ਇਨ੍ਹਾਂ ਦੋਹਾਂ ਧਿਰਾਂ ਵਿਚਕਾਰ ਕੋਈ ਤਾਲਮੇਲ ਬਣਨਾ ਫਿਲਹਾਲ ਮੁਸ਼ਕਿਲ ਹੀ ਜਾਪ ਰਿਹਾ ਹੈ। ਅਜੇ ਤਾਂ ਬਹੁਤੇ ਲੋਕ ਕਿਸਾਨ ਜਥੇਬੰਦੀਆਂ ਵੱਲੋਂ ਚੋਣ ਲੜਨ ਦੇ ਵੀ ਬਹੁਤਾ ਹੱਕ ਵਿਚ ਨਹੀਂ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਵੀ ਇਹੀ ਆਖਣਾ ਹੈ ਕਿ ਅਜੇ ਕਿਸਾਨਾਂ ਦੀਆਂ ਮੰਗਾਂ ਬਕਾਇਆ ਪਈਆਂ ਹਨ ਅਤੇ ਕਿਸਾਨ ਜਥੇਬੰਦੀਆਂ ਨੂੰ ਚੋਣਾਂ ਦੀ ਪੈ ਗਈ ਹੈ। ਜ਼ਾਹਿਰ ਹੈ ਕਿ ਕੁਝ ਕਿਸਾਨ ਜਥੇਬੰਦੀਆਂ ਦੇ ਚੋਣ ਲੜਨ ਦੇ ਫੈਸਲੇ ਨਾਲ ਕਿਸਾਨ ਏਕਤਾ ਅਤੇ ਸੰਘਰਸ਼ ਦੀ ਦਾਅ 'ਤੇ ਲੱਗ ਗਏ ਹਨ। ਦੂਜੇ ਬੰਨੇ, ਚੋਣ ਲੜ ਰਹੀਆਂ ਕਿਸਾਨ ਜਥੇਬੰਦੀਆਂ ਦੇ ਹੱਕ ਵਿਚ ਨਿਤਰਨ ਵਾਲੇ ਆਖ ਰਹੇ ਹਨ ਕਿ ਰਵਾਇਤੀ ਪਾਰਟੀ ਨੂੰ ਅਜਿਹੇ ਮੰਚ ਰਾਹੀਂ ਹੀ ਵੰਗਾਰ ਦਿੱਤੀ ਜਾ ਸਕਦੀ ਹੈ। ਇਨ੍ਹਾਂ ਸਫਬੰਦੀਆਂ ਨਾਲ ਪੰਜਾਬ ਦਾ ਚੋਣ ਪਿੜ ਵਾਹਵਾ ਦਿਲਚਸਪ ਬਣ ਗਿਆ ਹੈ। ਇਸ ਸਮੁੱਚੇ ਪ੍ਰਸੰਗ ਵਿਚ ਭਾਰਤੀ ਜਨਤਾ ਪਾਰਟੀ ਦੀ ਚਰਚਾ ਜ਼ਰੂਰੀ ਹੈ। ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਇਹ ਪਾਰਟੀ ਪੰਜਾਬ 'ਤੇ ਉਚੇਚਾ ਧਿਆਨ ਲਾ ਰਹੀ ਹੈ। ਵੱਖ-ਵੱਖ ਪਾਰਟੀਆਂ ਦੇ ਸਰਕਰਦਾ ਲੀਡਰ ਵੀ ਲਗਾਤਾਰ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ। ਸਿਆਸੀ ਵਿਸ਼ਲੇਸ਼ਕ ਵੀ ਹੈਰਾਨ ਹਨ ਕਿ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਬਾਰੇ ਰਣਨੀਤੀ ਆਖਿਰਕਾਰ ਕੀ ਹੈ! ਇਹ ਤੱਥ ਸਭ ਦੇ ਸਾਹਮਣੇ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਜਿੰਨੀ ਵੱਡੀ ਚੁਣੌਤੀ ਪੰਜਾਬ ਵਿਚੋਂ ਮਿਲੀ ਹੈ, ਕਿਸੇ ਹੋਰ ਰਾਜ ਵਿਚੋਂ ਨਹੀਂ ਮਿਲੀ। ਇਸੇ ਲਈ ਇਹ ਪਾਰਟੀ ਪੰਜਾਬ ਵਿਚ ਹਰ ਹਾਲ ਆਪਣੀ ਤਕੜੀ ਹਾਜ਼ਰੀ ਲਵਾਉਣ ਦੀ ਕੋਸ਼ਿਸ਼ ਵਿਚ ਹੈ। ਇਹ ਪਾਰਟੀ ਆਪਣੀ ਇਸ ਰਣਨੀਤੀ ਵਿਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਹ ਗੱਲ ਹੁਣ ਹੋਰ ਸਪਸ਼ਟ ਹੈ ਕਿ ਅਗਲੀਆਂ ਚੋਣਾਂ ਨਾਲ ਪੰਜਾਬ ਦੀ ਸਿਆਸਤ ਵਿਚ ਵੱਡੀਆਂ ਤਬਦੀਲੀਆਂ ਵਾਪਰਨ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਾਜ਼ਾਰ ਦੀ ਮਾਰ

ਮਤਾ ਧੂਹ ਕੇ ਮਾਵਾਂ ਦੇ ਦਿਲਾਂ ਵਿਚੋਂ, ਰਾਹ ਧਨ ਕਮਾਉਣ ਦੇ ਪਾਈਆਂ ਨੇ,
ਆਏ ਸਮਝਦੇ 'ਨੀਵੀਆਂ' ਆਪਣੇ ਤੋਂ, ਬਖਸ਼ੀ ਇਹ 'ਬਰਾਬਰੀ' ਭਾਈਆਂ ਨੇ,
ਦੇਖ-ਰੇਖ ਵਿਚ ਬੱਚੇ ਨੂੰ ਪਾਲਣਾ ਸੀ, ਉਹ ਡਿਊਟੀਆਂ ਸਭ ਭੁਲਾਈਆਂ ਨੇ,
ਬਾਲ ਜੰਮਦੇ ਭੇਜ ਸਕੂਲ ਦਿੱਤੇ, ਘੂਰ-ਘੱਪ ਕੇ ਬੰਨ੍ਹੀਆਂ ਟਾਈਆਂ ਨੇ।
ਮਾਂ ਦੇ ਮੋਹ ਨੂੰ ਤਰਸਦੇ ਪਲਣ ਬੱਚੇ, ਨਵੀਂ ਪੀੜ੍ਹੀ 'ਚ ਖੁਸ਼ਕੀਆਂ ਆਈਆਂ ਨੇ।
ਮਾਰ ਪਈ ਬਾਜ਼ਾਰ ਦੀ ਟੱਬਰਾਂ 'ਤੇ, ਪੱਕੇ ਡੇਰੇ ਲਾ ਲਏ 'ਬੁਰਾਈਆਂ' ਨੇ।

# ਚੋਣਾਂ, ਮੁਫਤ ਸਹੂਲਤਾਂ ਦੀ ਸਿਆਸਤ ਅਤੇ ਪੰਜਾਬ

***ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਪਿੜ ਵਿਚ ਨਿੱਤਰੀਆਂ ਸਿਆਸੀ ਧਿਰਾਂ ਵੋਟਰਾਂ ਨੂੰ ਭਰਮਾਉਣ ਲਈ ਵੱਖ-ਵੱਖ ਹੱਥਕੰਡੇ ਅਪਣਾ ਰਹੀਆਂ ਹਨ। ਵੱਖ-ਵੱਖ ਵਰਗਾਂ ਨੂੰ ਮੁਫਤ ਸਹੂਲਤਾਂ ਦੇਣ ਦੇ ਐਲਾਨ ਹੋ ਰਹੇ ਹਨ ਜਦਕਿ ਹਕੀਕਤ ਇਹ ਹੈ ਕਿ ਇਨ੍ਹਾਂ ਸਹੂਲਤਾਂ ਉਤੇ ਖਰਚਿਆਂ ਜਾਣ ਵਾਲਾ ਪੈਸਾ ਲੋਕਾਂ ਕੋਲੋਂ ਹੀ ਵਸੂਲਿਆ ਜਾਣਾ ਹੈ। ਇਸ ਖਾਸ ਨੁਕਤੇ ਬਾਰੇ ਚਰਚਾ ਡਾ. ਐਸ.ਐਸ. ਛੀਨਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਜਿਸ ਤਰ੍ਹਾਂ ਹਰ ਰਾਜਨੀਤਕ ਪਾਰਟੀ ਵਲੋਂ ਮੁਫਤ ਤੋਹਫਿਆਂ ਤੇ ਸਹੂਲਤਾਂ ਦੇ ਵਾਅਦੇ ਕੀਤੇ ਜਾ ਰਹੇ ਹਨ, ਇਸ ਨਾਲ ਪੰਜਾਬ ਦੇ ਲੋਕਾਂ ਲਈ ਭਲਾ ਕਿੰਨੀ ਕੁ ਖੁਸ਼ਹਾਲੀ ਆਏਗੀ, ਇਹ ਤਾਂ ਸਮਾਂ ਹੀ ਦੱਸੇਗਾ ਪਰ ਆਮ ਲੋਕਾਂ ਵਿਚ ਚੱਲ ਰਹੀ ਚਰਚਾ ਵਿਚ ਇਸ ਸੰਬੰਧੀ ਨਾ ਸਿਰਫ ਸੰਦੇਹ ਹਨ ਸਗੋਂ ਕਈ ਤਾਂ ਇਸ ਨੂੰ ਮਜ਼ਾਕ ਹੀ ਸਮਝ ਰਹੇ ਹਨ।

ਡਾ. ਐਸ.ਐਸ. ਛੀਨਾ

ਪਹਿਲਾਂ ਇਕ ਪਾਰਟੀ ਨੇ 200 ਯੂਨਿਟ ਬਿਜਲੀ ਮੁਫਤ ਕੀਤੀ, ਫਿਰ ਦੂਸਰੀ ਪਾਰਟੀ ਨੇ 300 ਯੂਨਿਟ ਦੇ ਵਾਅਦੇ ਕੀਤੇ। ਪਹਿਲਾਂ ਇਕ ਪਾਰਟੀ ਨੇ 1000 ਰੁਪਏ ਹਰ ਔਰਤ ਨੂੰ ਦੇਣ ਦਾ ਵਾਅਦਾ ਕੀਤਾ, ਫਿਰ ਦੂਸਰੀ ਪਾਰਟੀ ਨੇ 2000 ਰੁਪਏ ਪ੍ਰਤੀ ਔਰਤ ਪ੍ਰਤੀ ਮਹੀਨਾ ਭੱਤੇ ਦਾ ਵਾਅਦਾ ਕੀਤਾ। ਕੁਝ ਸਮਾਂ ਪਹਿਲਾਂ ਸੂਬੇ ਦੀਆਂ ਔਰਤਾਂ ਨੂੰ ਬੱਸਾਂ ਵਿਚ ਮੁਫਤ ਸਫਰ ਦੀ ਸਹੂਲਤ ਦਿੱਤੀ। ਇਸ ਪ੍ਰਕਾਰ ਹਰ ਪਾਰਟੀ ਵੱਧ ਤੋਂ ਵੱਧ ਮੁਫਤ ਤੋਹਫੇ ਦੇਣ ਦੇ ਵਾਅਦੇ ਕਰ ਰਹੀ ਹੈ। ਇਨ੍ਹਾਂ ਵਾਅਦਿਆਂ ਨੂੰ ਸੁਣ ਕੇ ਹਰ ਮਨ ਵਿਚ ਇਹ ਸਵਾਲ ਪੈਦਾ ਹੋਣਾ ਸੁਭਾਵਿਕ ਹੈ ਕਿ ਇਨ੍ਹਾਂ ਲਈ ਲੋੜੀਂਦਾ ਧਨ ਕਿਤੋਂ ਬਾਹਰ ਤੋਂ ਆਵੇਗਾ, ਜਾਂ ਫਿਰ ਜਨਤਾ ਨੂੰ ਹੀ ਦੇਣਾ ਪਵੇਗਾ ਕਿਉਂਕਿ ਸੂਬੇ ਦੀ ਜਨਤਕ ਆਮਦਨ ਦਾ ਆਧਾਰ ਤਾਂ ਜਨਤਾ ਹੀ ਹੈ।

ਇਨ੍ਹਾਂ ਵਾਅਦਿਆਂ ਬਾਰੇ ਵਿਚਾਰ ਕਰਦਿਆਂ ਇਕ ਕਹਾਣੀ ਯਾਦ ਆਉਂਦੀ ਹੈ। ਜੰਗਲ ਦੇ ਰਾਜੇ ਨੇ ਐਲਾਨ ਕੀਤਾ ਕਿ ਸਿਆਲ ਵਿਚ ਜੰਗਲ ਦੀਆਂ ਸਾਰੀਆਂ ਭੇਡਾਂ ਨੂੰ ਕੰਬਲ ਦਿੱਤੇ ਜਾਣਗੇ। ਇਸ ਐਲਾਨ ਨੂੰ ਹਰ ਜਾਨਵਰ ਨੇ ਸਲਾਹਿਆ ਅਤੇ ਜੰਗਲ ਦੇ ਰਾਜੇ ਦੇ ਹੱਕ ਵਿਚ ਨਾਅਰੇ ਲਗਦੇ ਰਹੇ। ਵੱਖ-ਵੱਖ ਨੇਤਾਵਾਂ ਨੇ ਰਾਜੇ ਦੀ ਸਿਫਤ ਵੀ ਕੀਤੀ ਪਰ ਇਕ ਗਿੱਦੜ ਨੇ ਇਹ ਗੱਲ ਪੁੱਛੀ ਕਿ ਇਨ੍ਹਾਂ ਕੰਬਲਾਂ ਲਈ ਉੱਨ ਕਿੱਥੋਂ ਲਈ ਜਾਵੇਗੀ। ਰਾਜੇ ਦੇ ਸਲਾਹਕਾਰ ਨੇ ਜਵਾਬ ਦਿੱਤਾ ਕਿ ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ, ਇਹ ਤਾਂ ਸਪਸ਼ਟ ਹੀ ਹੈ ਕਿ ਇਹ ਉੱਨ ਤਾਂ ਭੇਡਾਂ ਤੋਂ ਹੀ ਲਈ ਜਾਵੇਗੀ ਜਿਸ 'ਤੇ ਸਭ ਜਾਨਵਰ ਚੁੱਪ-ਚਾਪ ਉਥੋਂ ਚਲੇ ਗਏ।

ਸਿੱਧੇ ਤੌਰ 'ਤੇ ਤਾਂ ਭਾਵੇਂ ਕੋਈ ਇਹ ਨਹੀਂ ਪੁੱਛਦਾ ਕਿ ਤੋਹਫਿਆਂ ਦਾ ਖ਼ਰਚ ਕੌਣ ਦੇਵੇਗਾ ਪਰ ਹੁਣ ਹਰ ਕੋਈ ਇਹ ਭਲੀ-ਭਾਂਤ ਸਮਝ ਰਿਹਾ ਹੈ ਕਿ ਇਨ੍ਹਾਂ ਤੋਹਫਿਆਂ 'ਤੇ ਕੀਤਾ ਖ਼ਰਚ ਫਿਰ ਲੋਕਾਂ ਨੂੰ ਹੀ ਦੇਣਾ ਪੈਣਾ ਹੈ।

1952 ਤੋਂ ਜਦੋਂ ਤੋਂ ਭਾਰਤ ਵਿਚ ਚੋਣਾਂ ਦਾ ਅਮਲ ਸ਼ੁਰੂ ਹੋਇਆ ਹੈ, ਆਰਥਕ ਲਾਭਾਂ ਦੇ ਵਾਅਦੇ ਤਾਂ ਕੀਤੇ ਜਾਂਦੇ ਰਹੇ ਹਨ ਪਰ ਉਹ ਕੁਝ ਹੱਦ ਤੱਕ ਕੀਤੇ ਜਾਂਦੇ ਸਨ ਜਾਂ ਸਰਕਾਰ ਦੇ ਮੁਢਲੇ ਫਰਜ਼ਾਂ ਤੱਕ ਸੀਮਤ ਸਨ, ਜਿਵੇਂ ਰੁਜ਼ਗਾਰ ਵਧਾਉਣਾ, ਰੋਟੀ, ਕੱਪੜਾ ਤੇ ਮਕਾਨ, ਗ਼ਰੀਬੀ ਹਟਾਉ। ਉਨ੍ਹਾਂ ਵਿਚ ਏਨਾ ਭੱਤਾ ਦੇਣਾ, ਮੁਫਤ ਸਫਰ ਕਰਾਉਣਾ, ਬਿਜਲੀ, ਪਾਣੀ ਮੁਫਤ ਕਰਨਾ ਇਸ ਤਰ੍ਹਾਂ ਦੇ ਵਾਅਦੇ ਨਹੀਂ ਸਨ। ਨੀਤੀਵਾਨਾਂ ਵਲੋਂ ਸੋਚ ਸਮਝ ਕੇ ਓਨੇ ਕੁ ਵਾਅਦੇ ਕੀਤੇ ਜਾਂਦੇ ਸਨ ਜਿੰਨੇ ਪੂਰੇ ਕਰਨੇ ਸੰਭਵ ਸੀ। ਸਰਕਾਰ ਕੋਲ ਆਮਦਨ ਦੇ ਸਾਧਨ ਹੋਣ ਤਾਂ ਤੋਹਫੇ ਦਿੱਤੇ ਵੀ ਜਾ ਸਕਦੇ ਹਨ। ਵਪਾਰਕ ਬੈਂਕਾਂ ਨੂੰ ਜੇ ਸੈਂਕੜੇ, ਹਜ਼ਾਰਾਂ, ਕਰੋੜਾਂ ਦੇ ਲਾਭ ਹੁੰਦੇ ਹਨ ਤਾਂ ਉਨ੍ਹਾਂ ਦੇ ਆਧਾਰ 'ਤੇ ਕੇਂਦਰ ਸਰਕਾਰ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕਰ ਸਕਦੀ ਹੈ ਪਰ ਸੂਬੇ ਦੀ ਸਰਕਾਰ ਜਿਸ ਦਾ ਵਪਾਰਕ ਬੈਂਕਾਂ 'ਤੇ ਅਧਿਕਾਰ ਹੀ ਨਹੀਂ ਜੇ ਉਹ ਇਸ ਤਰ੍ਹਾਂ ਦਾ ਵਾਅਦਾ ਕਰਦੀ ਹੈ ਤਾਂ ਉਹ ਤਾਂ ਉਸ ਸੂਬੇ ਦੇ ਲੋਕਾਂ 'ਤੇ ਹੀ ਬੋਝ ਪੈਣਾ ਹੈ।

ਬਿਜਲੀ ਪਾਣੀ ਨੂੰ ਮੁਫਤ ਕਰਨ ਦੀ ਬਜਾਇ ਬਦਲਵੇਂ ਢੰਗ ਨਾਲ ਰਿਆਇਤ ਦਿੱਤੀ ਜਾ ਸਕਦੀ ਸੀ ਪਰ ਬਿਜਲੀ ਮੁਫਤ ਕਰਨ ਨਾਲ ਜਿੰਨੀ ਬਿਜਲੀ ਸਿੰਜਾਈ ਲਈ ਵਰਤੀ ਗਈ, ਓਨੀ ਹੀ ਫਜ਼ੂਲ ਵਰਤੀ ਗਈ। ਪਾਣੀ ਨੂੰ ਧਰਤੀ ਥੱਲਿਉਂ ਜ਼ਰੂਰਤ ਤੋਂ ਵੱਧ ਕੱਢਿਆ ਗਿਆ ਅਤੇ ਸਮੱਸਿਆ ਬਣਾ ਦਿੱਤੀ ਗਈ। ਬਿਜਲੀ ਅਤੇ ਪਾਣੀ 'ਤੇ ਓਨਾ ਕੁ ਬਿੱਲ ਜ਼ਰੂਰ ਲਾਉਣਾ ਚਾਹੀਦਾ ਹੈ ਕਿ ਇਨ੍ਹਾਂ ਨੂੰ ਵਰਤਣ ਵਾਲਾ ਘੱਟੋ-ਘੱਟ ਇਹ ਤਾਂ ਮਹਿਸੂਸ ਕਰੇ ਕਿ ਇਹ ਸਰੋਤ ਸੀਮਤ ਹਨ।

ਪਿਛਲੇ ਸਾਲ ਸਰਕਾਰ 'ਤੇ ਕੋਈ 2 ਲੱਖ 60 ਹਜ਼ਾਰ ਦਾ ਕਰਜ਼ਾ ਸੀ ਜਿਸ ਲਈ ਸਾਲਾਨਾ 20 ਹਜ਼ਾਰ ਕਰੋੜ ਰੁਪਏ ਵਿਆਜ ਦੇਣਾ ਪੈਂਦਾ ਸੀ। ਨਵੇਂ ਵਾਅਦੇ ਅਨੁਸਾਰ ਜਿਸ ਵਿਚ ਪ੍ਰਤੀ ਬਾਲਗ ਔਰਤ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ




ਨਾਲ ਸਾਲ 'ਚ ਇਕ ਕਰੋੜ ਔਰਤਾਂ ਲਈ ਸਾਲਾਨਾ 12,000 ਕਰੋੜ ਰੁਪਏ ਦਿੱਤੇ ਜਾਣਗੇ ਅਤੇ ਜੇ ਦੂਜੀ ਪਾਰਟੀ ਵਲੋਂ 2000 ਰੁਪਏ ਪ੍ਰਤੀ ਮਹੀਨਾ ਦਿੱਤੇ ਗਏ ਤਾਂ ਫਿਰ ਸਾਲ ਵਿਚ 24,000 ਕਰੋੜ ਰੁਪਏ ਦਿੱਤੇ ਜਾਣਗੇ। 20 ਹਜ਼ਾਰ ਕਰੋੜ ਪਹਿਲੇ ਕਰਜ਼ੇ ਦਾ ਵਿਆਜ ਹੈ, ਇਸ ਤਰ੍ਹਾਂ 44 ਹਜ਼ਾਰ ਕਰੋੜ ਤਾਂ ਸਿਰਫ ਇਨ੍ਹਾਂ ਦੋਵਾਂ ਮੱਦਾਂ ਲਈ ਦੇ ਦਿੱਤਾ ਜਾਵੇਗਾ। ਪੰਜਾਬ ਦੇ 80,000 ਕਰੋੜ ਰੁਪਏ ਦੇ ਬਜਟ ਵਿਚ ਵਿਕਾਸ ਖ਼ਰਚ ਨਾ ਵੀ ਹੋਵੇ ਤਾਂ ਤਨਖ਼ਾਹਾਂ ਲਈ ਵੀ ਹੋਰ ਕਰਜ਼ਾ ਲੈਣਾ ਪਵੇਗਾ ਅਤੇ ਇਸ ਤਰ੍ਹਾਂ ਕਰਜ਼ੇ ਦੇ ਬੁਰੇ ਚੱਕਰ ਵਿਚ ਸੂਬਾ ਲਗਾਤਾਰ ਹੋਰ ਉਲਝਦਾ ਜਾਵੇਗਾ।

ਸਰਕਾਰ ਦੇ ਕੁਝ ਜ਼ਰੂਰੀ ਫਰਜ਼ ਹਨ ਜਿਨ੍ਹਾਂ ਵਿਚ ਯੋਗ ਪ੍ਰਬੰਧ ਤੋਂ ਇਲਾਵਾ ਲੋਕ ਭਲਾਈ ਲਈ ਵਿੱਦਿਆ ਦਾ ਪਸਾਰ ਅਤੇ ਚੰਗੀਆਂ ਸਿਹਤ ਸੇਵਾਵਾਂ ਮੁੱਖ ਹਨ। ਪੰਜਾਬ ਸਰਕਾਰ ਦੇ ਬਜਟ ਵਿਚ ਵਿੱਦਿਆ ਅਤੇ ਸਿਹਤ ਸੇਵਾਵਾਂ ਲਈ ਬਜਟ ਵਿਚ ਤਿੰਨ ਫੀਸਦੀ ਹਿੱਸਾ ਰੱਖਿਆ ਜਾਂਦਾ ਹੈ ਜਦੋਂ ਕਿ ਦੁਨੀਆ ਦੇ ਵਿਕਸਿਤ ਦੇਸ਼ਾਂ ਵਿਚ ਇਹ 6 ਫੀਸਦੀ ਤੋਂ ਉੱਪਰ ਹੈ। ਜਦੋਂ ਹੋਰ ਤੋਹਫਿਆਂ 'ਤੇ, ਜਿਹੜੇ ਗ਼ੈਰ-ਉਪਜਾਊ ਵੀ ਹਨ, ਜ਼ਿਆਦਾ ਖ਼ਰਚ ਕਰ ਦਿੱਤਾ ਜਾਵੇਗਾ ਤਾਂ ਇਨ੍ਹਾਂ ਮੱਦਾਂ 'ਤੇ ਬਜਟ ਵਿਚ ਹੋਰ ਕਮੀ ਕੀਤੀ ਜਾਵੇਗੀ, ਜਿਸ ਨਾਲ ਇਹ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੀਆਂ, ਜਿਹੜਾ ਫਜ਼ੂਲ ਖਰਚੀ ਅਤੇ ਮੁਫਤ ਤੋਹਫਿਆਂ ਦਾ ਸਿੱਟਾ ਹੋਵੇਗਾ। ਭਾਰਤ ਦੀ ਸਾਖਰਤਾ ਦੀ ਦਰ 74 ਫੀਸਦੀ ਹੈ ਜਿਸ ਦਾ ਅਰਥ ਹੈ ਕਿ 100 ਵਿਚੋਂ 26 ਲੋਕ ਅਨਪੜ੍ਹ ਹਨ ਅਤੇ ਪੜ੍ਹੇ-ਲਿਖੇ ਦੀ ਪਰਿਭਾਸ਼ਾ ਇਹ ਹੈ ਕਿ ਉਸ ਨੂੰ ਪੜ੍ਹਿਆ-ਲਿਖਿਆ ਗਿਣਿਆ ਜਾਂਦਾ ਹੈ ਜਿਹੜਾ 8ਵੀਂ ਪਾਸ ਹੈ, ਫਿਰ ਵੀ ਪੰਜਾਬ ਵਿਚ ਪੜ੍ਹਿਆਂ-ਲਿਖਿਆਂ ਦੀ ਦਰ 72 ਫੀਸਦੀ ਜਾਂ 100 ਵਿਚੋਂ 28 ਲੋਕ ਅਨਪੜ੍ਹ ਹਨ। ਇਹ ਸਥਿਤੀ ਜਿਹੜੀ ਪਿਛਲੇ 75 ਸਾਲਾਂ ਦੀ ਸੁਤੰਤਰਤਾ ਦੇ ਸਮੇਂ ਵਿਚ ਨਹੀਂ ਸੁਧਰ ਸਕੀ। ਸਿਹਤ ਸੇਵਾਵਾਂ ਲਈ ਪ੍ਰਾਂਤ ਦੀਆਂ 45 ਫੀਸਦੀ ਸੇਵਾਵਾਂ ਨਿੱਜੀ ਹਸਪਤਾਲਾਂ ਅਤੇ ਪ੍ਰੈਕਟੀਸ਼ਨਰਾਂ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਬਹੁਤ ਮਹਿੰਗੀਆਂ ਹਨ ਅਤੇ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ।

ਸਰਕਾਰ ਵਲੋਂ ਕੀਤਾ ਗਿਆ ਖ਼ਰਚ ਪੂਰਾ ਕਰਨ ਲਈ ਟੈਕਸ ਹੀ ਸਭ ਤੋਂ ਵੱਡਾ ਸੋਮਾ ਹੈ। ਸੂਬੇ ਦੀ ਸਰਕਾਰ ਸਿੱਧੇ ਟੈਕਸ ਤਾਂ ਲਾ ਨਹੀਂ ਸਕਦੀ। ਉਨ੍ਹਾਂ ਦੇ ਟੈਕਸ ਅਪ੍ਰਤੱਖ ਟੈਕਸ ਜਿਨ੍ਹਾਂ ਵਿਚ ਵੈਟ (ਮੁੱਲ ਵਾਧਾ ਟੈਕਸ) ਅਤੇ ਵਿਕਰੀ ਕਰ ਮੁੱਖ ਹਨ। ਇਹ ਅਪ੍ਰਤੱਖ ਕਰ ਜਿਵੇਂ ਵਿਕਰੀ ਕਰ ਉਹ ਕਰ ਹਨ ਜਿਹੜੇ ਹਰ ਵਿਅਕਤੀ ਨੂੰ ਦੇਣੇ ਪੈਂਦੇ ਹਨ ਭਾਵੇਂ ਉਹ ਕਾਰਖਾਨੇਦਾਰ ਹੈ ਜਾਂ ਮਜ਼ਦੂਰ ਹੈ। ਇਨ੍ਹਾਂ ਟੈਕਸਾਂ ਨੂੰ ਟਾਲਿਆ ਨਹੀਂ ਜਾ ਸਕਦਾ। ਜਦੋਂ ਫਜ਼ੂਲ ਖ਼ਰਚ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਟੈਕਸ ਵਧਾਏ ਜਾਣਗੇ ਤਾਂ ਉਹ ਹਰ ਵਿਅਕਤੀ ਨੂੰ ਦੇਣੇ ਪੈਣਗੇ ਭਾਵੇਂ ਉਸ ਨੇ ਮੁਫਤ ਤੋਹਫੇ ਹਾਸਲ ਵੀ ਕੀਤੇ ਹਨ ਜਾਂ ਨਹੀਂ ਕੀਤੇ। ਬੱਸਾਂ ਵਿਚ ਔਰਤਾਂ ਨੂੰ ਮੁਫਤ ਸਫਰ ਕਰਨ ਦੀ ਸਹੂਲਤ ਦੇਣੀ ਕਿਸ ਲੋਕ ਭਲਾਈ ਵਿਚ ਆਉਂਦਾ ਹੈ? ਜੇ ਇਹ ਲੋਕ ਭਲਾਈ ਦੀ ਮੱਦ ਹੈ ਤਾਂ ਮਰਦਾਂ ਨੂੰ ਤਾਂ ਇਸ ਦੀ ਜ਼ਿਆਦਾ ਲੋੜ ਹੈ। ਫਿਰ ਇਹ ਖ਼ਰਚ ਪੂਰਾ ਕਰਨ ਲਈ ਕਿਸੇ ਵੀ ਸਰਕਾਰ ਦੇ ਮੰਤਰੀਆਂ ਨੇ ਆਪਣੇ ਕੋਲੋਂ ਤਾਂ ਪੈਸੇ ਦੇਣੇ ਨਹੀਂ। ਫਿਰ ਕਿਸੇ ਹੋਰ ਰੂਪ ਵਿਚ ਉਹ ਟੈਕਸ ਲਾਏ ਜਾਣਗੇ।

ਤੇਲ 'ਤੇ ਲੱਗਣ ਵਾਲੇ ਟੈਕਸ ਨੂੰ ਜੀ.ਐਸ.ਟੀ. (ਵਸਤੂਆਂ ਅਤੇ ਸੇਵਾਵਾਂ 'ਤੇ ਟੈਕਸ) ਦੇ ਖੇਤਰ ਤੋਂ ਬਾਹਰ ਰੱਖਿਆ ਹੋਇਆ ਹੈ। ਤੇਲ (ਪੈਟਰੋਲ ਅਤੇ ਡੀਜ਼ਲ ਆਦਿ) 85 ਫੀਸਦੀ ਦਰਾਮਦ ਕੀਤਾ ਜਾਂਦਾ ਹੈ। ਫਿਰ ਉਸ 'ਤੇ ਕੇਂਦਰ ਸਰਕਾਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ 60 ਫੀਸਦੀ ਤੋਂ ਉੱਪਰ ਟੈਕਸ ਲਾ ਰਹੀਆਂ ਹਨ, ਜਿਨ੍ਹਾਂ ਵਿਚ ਅੱਧਾ ਹਿੱਸਾ ਜਾਂ 30 ਫੀਸਦੀ ਦੇ ਕਰੀਬ ਪੰਜਾਬ ਦੀ ਸਰਕਾਰ ਦਾ ਟੈਕਸ ਹੈ। ਸਰਕਾਰ ਕੋਲ ਆਮਦਨ ਦੇ ਹੋਰ ਸਾਧਨ ਨਾ ਹੋਣ ਕਰਕੇ ਪੈਟਰੋਲ 'ਤੇ ਬਹੁਤ ਜ਼ਿਆਦਾ ਟੈਕਸ ਲਾ ਕੇ ਆਮਦਨ ਇਕੱਠੀ ਕੀਤੀ ਜਾਂਦੀ ਹੈ, ਜਿਹੜੀ ਮਹਿੰਗਾਈ ਦਾ ਕਾਰਨ ਬਣਦੀ ਹੈ। ਸਰਕਾਰ ਵਲੋਂ ਤੋਹਫਿਆਂ 'ਤੇ ਕੀਤੇ ਖ਼ਰਚ ਨਾਲ ਉਹ ਟੈਕਸ ਘਟਣਗੇ ਨਹੀਂ, ਸਗੋਂ ਹੋਰ ਵਧ ਸਕਦੇ ਹਨ।

ਜਦੋਂ ਮੰਦੀ ਹੋਵੇ ਜਾਂ ਰੁਜ਼ਗਾਰ ਘਟਦਾ ਜਾਵੇ ਤਾਂ ਦੁਨੀਆ ਭਰ ਦੇ ਅਰਥ-ਸ਼ਾਸਤਰੀ ਇਹ ਸਲਾਹ ਦਿੰਦੇ ਹਨ ਕਿ ਨਿੱਜੀ ਨਿਵੇਸ਼ ਘਟਣ ਕਰਕੇ ਨੌਕਰੀਆਂ ਘਟ ਰਹੀਆਂ ਹੁੰਦੀਆਂ ਹਨ, ਇਸ ਲਈ ਨਿੱਜੀ ਨਿਵੇਸ਼ ਵਿਚ ਕਮੀ ਆਉਣ ਕਰਕੇ ਸਰਕਾਰ ਆਪਣੇ ਕੋਲੋਂ ਨਿਵੇਸ਼ ਕਰੇ ਤਾਂ ਕਿ ਰੁਜ਼ਗਾਰ ਦਾ ਪੱਧਰ ਬਣਿਆ ਰਹੇ ਪਰ ਸਰਕਾਰ ਨਿਵੇਸ਼ ਤਾਂ ਹੀ ਕਰੇਗੀ ਜੇ ਉਸ ਕੋਲ ਧਨ ਹੋਵੇਗਾ ਪਰ ਤੋਹਫਿਆਂ 'ਤੇ ਧਨ ਖਰਚਣ ਕਰਕੇ ਨਿਵੇਸ਼ ਸੰਭਾਵਨਾਵਾਂ ਹੋਰ ਘਟਣਗੀਆਂ, ਰੁਜ਼ਗਾਰ ਹੋਰ ਘਟੇਗਾ। ਰੁਜ਼ਗਾਰ ਦੇ ਪੱਧਰ 'ਤੇ ਖੇਤਰ ਦੀ ਖੁਸ਼ਹਾਲੀ ਨਿਰਭਰ ਕਰਦੀ ਹੈ, ਰੁਜ਼ਗਾਰ ਵਿਚ ਕਮੀ ਆਉਣ ਦਾ ਇਕ ਕਾਰਨ ਇਹ ਅਣਉਤਪਾਦਕ ਮੁਫਤ ਤੋਹਫੇ ਵੀ ਹੋਣਗੇ।

ਚੀਨੀ ਕਹਾਵਤ ਹੈ ਕਿ 'ਮੱਛੀਆਂ ਨਾ ਦਿਉ, ਮੱਛੀਆਂ ਫੜਨ ਦੀ ਜਾਚ ਸਿਖਾਓ', ਇਹ ਕਹਾਵਤ ਅੱਜ ਵੀ ਢੁਕਵੀਂ ਹੈ। ਲਗਾਤਾਰ ਵਿਕਾਸ ਅਤੇ ਹਮੇਸ਼ਾ ਚੱਲਣ ਵਾਲਾ ਵਿਕਾਸ ਤਾਂ ਹੀ ਬਣ ਸਕਦਾ ਹੈ, ਜੇ ਆਮਦਨ ਅਤੇ ਉਪਭੋਗ ਲਗਾਤਾਰ ਚੱਲਣ ਵਾਲਾ ਹੋਵੇ। ਮੁਫਤ ਦੇ ਤੋਹਫੇ ਆਲਸੀ ਮਾਨਸਿਕਤਾ ਅਤੇ ਨਿਰਭਰਤਾ ਦੀ ਸੋਚ ਨੂੰ ਜਨਮ ਦਿੰਦੇ ਹਨ। ਰੂਸ ਦੇ ਇਨਕਲਾਬ ਤੋਂ ਬਾਅਦ ਰੁਜ਼ਗਾਰ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾਇਆ ਗਿਆ ਸੀ। ਜੇ ਰੁਜ਼ਗਾਰ ਨਹੀਂ ਮਿਲਦਾ ਤਾਂ ਸਰਕਾਰ ਖਿਲਾਫ ਉਹ ਵਿਅਕਤੀ ਮੁਕੱਦਮਾ ਕਰ ਸਕਦਾ ਹੈ। ਫਿਰ ਹੋਰ ਸਮਾਜਵਾਦੀ ਦੇਸ਼ਾਂ ਵਿਚ ਵੀ ਰੁਜ਼ਗਾਰ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾਇਆ ਗਿਆ, ਪੂੰਜੀਵਾਦੀ ਦੇਸ਼ਾਂ ਵਿਚ ਬੇਰੁਜ਼ਗਾਰੀ ਭੱਤੇ ਦੀ ਵਿਵਸਥਾ ਕੀਤੀ ਗਈ ਤਾਂ ਕਿ ਲਗਾਤਾਰ ਉਪਭੋਗ ਬਣਿਆ ਰਹੇ, ਜਿਸ ਨਾਲ ਲਗਾਤਾਰ ਦਾ ਰੁਜ਼ਗਾਰ ਬਣਿਆ ਰਹੇ ਪਰ ਜੇ ਇਹ ਤੋਹਫੇ ਰੁਜ਼ਗਾਰ ਨੂੰ ਵਧਾਉਣ ਲਈ ਸਹਾਇਕ ਨਹੀਂ ਤਾਂ ਇਹ ਆਰਥਕਤਾ 'ਤੇ ਬੋਝ ਹਨ। ਭਾਰਤ ਵਿਚ ਭਾਵੇਂ ਖੁਰਾਕ ਸੁਰੱਖਿਆ ਦਾ ਕਾਨੂੰਨ ਪਾਸ ਕੀਤਾ ਗਿਆ ਹੈ ਪਰ ਫਿਰ ਵੀ ਹਰ ਇਕ ਲਈ ਖੁਰਾਕ ਦਾ ਮਿਲਣਾ ਯਕੀਨੀ ਨਹੀਂ। ਤੋਹਫਿਆਂ ਨਾਲ ਖੁਸ਼ਹਾਲੀ ਨਹੀਂ ਆ ਸਕਦੀ, ਲਗਾਤਾਰ ਦੇ ਵਿਕਾਸ ਨਾਲ ਆ ਸਕਦੀ ਹੈ।

# ਧਰਮ ਬਦਲੀ ਦੇ ਖਤਰੇ ਬਹਾਨੇ ਪੈਰ ਪਸਾਰਦਾ ਭਗਵਾਂ ਦਹਿਸ਼ਤਵਾਦ

**ਬੂਟਾ ਸਿੰਘ**
**ਫੋਨ: +91-94634-74342**

ਹਾਲ ਹੀ ਵਿਚ ਹਰਿਆਣੇ ਦੇ ਸ਼ਹਿਰਾਂ ਗੁੜਗਾਓਂ (ਗੁਰੂਗ੍ਰਾਮ) ਅਤੇ ਕੁਰੂਕਸ਼ੇਤਰ ਵਿਚ ਹਿੰਦੂਤਵੀ ਜਥੇਬੰਦੀਆਂ ਵੱਲੋਂ ਕ੍ਰਿਸਮਸ ਦੇ ਸਮਾਗਮਾਂ 'ਚ ਖਲਲ ਪਾਉਣ ਦੀਆਂ ਰਿਪੋਰਟਾਂ ਚਿੰਤਾਜਨਕ ਹਨ। ਮੁਸਲਮਾਨਾਂ ਦੇ ਨਾਲ-ਨਾਲ ਹੁਣ ਇਸਾਈਆਂ ਉੱਪਰ ਆਰ.ਐਸ.ਐਸ. ਦੀਆਂ ਫਰੰਟ ਜਥੇਬੰਦੀਆਂ ਦੇ ਹਮਲੇ ਵੱਧ ਰਹੇ ਹਨ। 'ਧਰਮ ਜਾਗ੍ਰਿਤੀ ਮਿਸ਼ਨ' ਨਾਂ ਦੀ ਫਿਰਕੂ ਟੋਲੀ ਵੱਲੋਂ ਪਟੌਦੀ ਇਲਾਕੇ ਦੇ ਨਰਹੇੜਾ ਪਿੰਡ ਦੇ ਚਰਚ 'ਚ ਇਸਾਈ ਸਮਾਗਮ ਨੂੰ ਇਸ ਬਹਾਨੇ ਨਿਸ਼ਾਨਾ ਬਣਾਇਆ ਗਿਆ ਕਿ ਇਹ ਸਮਾਗਮ ਬੱਚਿਆਂ ਨੂੰ ਗੁਮਰਾਹ ਕਰਕੇ ਇਸਾਈ ਧਰਮ ਅਪਨਾਉਣ ਲਈ ਕੀਤਾ ਗਿਆ ਸੀ; ਕਿ ਇਸਾਈ ਪ੍ਰਚਾਰਕਾਂ ਵੱਲੋਂ ਲੋਕਾਂ ਨੂੰ ਖਾਣਾ ਅਤੇ ਕੱਪੜੇ ਵੰਡ ਕੇ ਧਰਮ ਬਦਲਣ ਲਈ ਵਰਗਲਾਇਆ ਜਾ ਰਿਹਾ ਹੈ। ਪ੍ਰਬੰਧਕਾਂ ਤੋਂ ਮਾਈਕ ਖੋਹ ਕੇ 'ਜੈ ਸ਼੍ਰੀ ਰਾਮ' ਅਤੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਗਵਾਏ ਗਏ ਅਤੇ ਐਲਾਨ ਕੀਤਾ ਗਿਆ ਕਿ ਧਰਮ ਬਦਲੀਆਂ ਦੁਆਰਾ ਭਾਰਤੀ ਸੰਸਕ੍ਰਿਤੀ ਨੂੰ ਤਬਾਹ ਕਰਨ ਦੇ ਯਤਨ ਸਵੀਕਾਰ ਨਹੀਂ ਕੀਤੇ ਜਾਣਗੇ।

ਹਕੀਕਤ ਇਹ ਸੀ ਕਿ 'ਹਾਊਸ ਹੋਪ ਗੁਰੂਗ੍ਰਾਮ' ਨਾਂ ਦੇ ਗਰੁੱਪ ਵੱਲੋਂ ਇਸਾਈ ਪਰੰਪਰਾ ਅਨੁਸਾਰ 'ਕ੍ਰਿਸਮਸ ਮਿਲਨ' ਸਮਾਗਮ ਕੀਤਾ ਜਾ ਰਿਹਾ ਸੀ ਜਿਸ ਦਾ ਮਨੋਰਥ ਨਾਚ-ਗਾਣੇ ਅਤੇ ਬਾਈਬਲ ਦੀਆਂ ਸਿੱਖਿਆਵਾਂ ਰਾਹੀਂ ਲੋਕਾਂ ਨੂੰ ਕ੍ਰਿਸਮਸ ਦੇ ਅਸਲ ਭਾਵ ਬਾਰੇ ਜਾਗਰੂਕ ਕਰਨਾ ਸੀ। ਆਲੇ-ਦੁਆਲੇ ਦੇ ਇਲਾਕੇ 'ਚੋਂ ਸਾਧਾਰਨ ਪਰਿਵਾਰਾਂ ਦੇ ਬੱਚੇ ਅਤੇ ਔਰਤਾਂ ਇਸ ਸਮਾਗਮ ਵਿਚ ਸ਼ਾਮਿਲ ਹੋਏ ਸਨ। ਆਰ.ਐਸ.ਐਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਘੱਟਗਿਣਤੀਆਂ ਦੇ ਹਰ ਧਾਰਮਿਕ ਸਮਾਗਮ ਨੂੰ ਰੋਕਣ ਲਈ ਇਨ੍ਹਾਂ ਨੂੰ ਧਰਮ-ਬਦਲੀ ਦੀ ਸਾਜ਼ਿਸ਼ ਵਜੋਂ ਪੇਸ਼ ਕਰਕੇ ਆਮ ਹਿੰਦੂਆਂ ਨੂੰ ਘੱਟਗਿਣਤੀਆਂ ਵਿਰੁੱਧ ਭੜਕਾ ਰਹੀਆਂ ਹਨ। ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਭਾਰਤ ਦੇ ਬਹੁਤ ਸਾਰੇ ਖੇਤਰਾਂ ਵਿਚ ਬਣੇ ਖੌਫ ਨੂੰ ਇਸ ਮਿਸਾਲ ਤੋਂ ਸਮਝਿਆ ਜਾ ਸਕਦਾ ਹੈ ਕਿ ਘਟਨਾ ਦੇ ਵੇਰਵੇ ਦੱਸਣ ਵਾਲੇ ਇਸਾਈ ਪਾਦਰੀ ਨੇ ਮੀਡੀਆ ਨੂੰ ਗੁਜ਼ਾਰਿਸ਼ ਕੀਤੀ ਕਿ ਉਸ ਦਾ ਅਤੇ ਉਨ੍ਹਾਂ ਦੇ ਸਕੂਲ ਦਾ ਨਾਂ ਗੁਪਤ ਰੱਖਿਆ ਜਾਵੇ। ਉਸ ਦੇ ਜ਼ਿਹਨ ਵਿਚ ਉੜੀਸਾ ਵਿਚ ਬਜਰੰਗ ਦਲੀਆਂ ਵੱਲੋਂ ਜ਼ਿੰਦਾ ਸਾੜ ਦਿੱਤੇ ਗਏ ਇਸਾਈ ਪਾਦਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਦੋ ਬੱਚਿਆਂ ਦੀਆਂ ਲੂਹੀਆਂ ਹੋਈਆਂ ਲਾਸ਼ਾਂ ਦਾ ਖੌਫ ਹੋਵੇਗਾ। ਉਸ ਨੇ ਇਹ ਵੀ ਕਿਹਾ ਕਿ ਅਸੀਂ ਪੁਲਿਸ ਨੂੰ ਕੋਈ ਸ਼ਿਕਾਇਤ ਨਹੀਂ ਕਰਨਾ ਚਾਹੁੰਦੇ, ਅਸੀਂ ਪ੍ਰੇਮ 'ਚ ਯਕੀਨ ਰੱਖਦੇ ਹਾਂ।

ਇਸੇ ਤਰ੍ਹਾਂ, ਕੁਰੂਕਸ਼ੇਤਰ ਵਿਚ ਵੀ ਬਜਰੰਗ ਦਲੀਆਂ ਦੀ ਇਕ ਟੋਲੀ ਨੇ ਇਕ ਪੈਲੇਸ ਵਿਚ ਇਸਾਈ ਸਮਾਗਮ 'ਚ ਜਾ ਕੇ ਹੜਦੁੰਗ ਮਚਾਇਆ ਅਤੇ ਉੱਥੇ ਧੱਕੇ ਨਾਲ 'ਹਨੂਮਾਨ ਚਾਲੀਸਾ' ਪੜ੍ਹਿਆ। ਇਸ ਤੋਂ ਬਿਨਾਂ, ਕ੍ਰਿਸਮਸ ਦੇ ਮੌਕੇ ਅਣਪਛਾਤੇ ਵਿਅਕਤੀਆਂ ਵੱਲੋਂ ਅੰਬਾਲਾ 'ਚ 'ਹੋਲੀ ਰਿਡੀਮਰ ਚਰਚ' ਵਿਚ ਲਗਾਇਆ ਈਸਾ ਮਸੀਹ ਦਾ ਬੁੱਤ ਤੋੜਨ ਦੀ ਰਿਪੋਰਟ ਹੈ।

ਇਸੇ ਤਰ੍ਹਾਂ 23 ਦਸੰਬਰ ਨੂੰ ਕਰਨਾਟਕ ਦੇ ਮਾਂਡੀਆ ਜ਼ਿਲ੍ਹੇ ਦੇ ਪਾਂਡਵਪੁਰਾ ਕਸਬੇ ਦੇ ਇਕ ਕਾਨਵੈਂਟ ਸਕੂਲ ਵਿਚ ਕ੍ਰਿਸਮਸ ਜਸ਼ਨਾਂ 'ਚ 'ਹਿੰਦੂ ਜਾਗਰਣ ਵੇਦਿਕੇ' ਦੇ ਹਜੂਮ ਨੇ ਗੁੰਡਾਗਰਦੀ ਕੀਤੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਸਕੂਲ ਵਿਚ ਹਿੰਦੂ ਦੇਵੀ ਸਰਸਵਤੀ ਦੀ ਤਸਵੀਰ ਲਗਾਉਣਗੇ ਅਤੇ ਸੰਸਥਾ ਦੇ ਪ੍ਰਬੰਧਕਾਂ ਨੂੰ ਸਕੂਲ ਦੇ ਅੰਦਰ ਹਿੰਦੂਆਂ ਦਾ ਗਣੇਸ਼ ਚਤੁਰਥੀ ਦਿਵਸ ਵੀ ਮਨਾਉਣਾ ਪਵੇਗਾ। ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ, ਮਹਿਜ਼ ਚੇਤਾਵਨੀ ਦੇ ਕੇ ਮਾਮਲਾ ਰਫਾ-ਦਫਾ ਕਰ ਦਿੱਤਾ ਗਿਆ। ਇਹ ਚੇਤਾਵਨੀ ਘੱਟਗਿਣਤੀਆਂ ਲਈ ਹੈ ਕਿ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਜਾਂ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਨ ਵਾਲੇ ਭਗਵੇਂ ਗੁੰਡਿਆਂ ਲਈ, ਇਹ ਤਾਂ ਪੁਲਿਸ ਅਧਿਕਾਰੀ ਹੀ ਦੱਸ ਸਕਦੇ ਹਨ! ਯਾਦ ਰਹੇ ਕਿ ਇਸੇ ਦਿਨ ਕਰਨਾਟਕਾ ਵਿਧਾਨ-ਸਭਾ ਵੱਲੋਂ 'ਧਰਮ ਦੀ ਆਜ਼ਾਦੀ ਦੇ ਹੱਕ ਦੀ ਸੁਰੱਖਿਆ ਲਈ ਬਿੱਲ 2021' ਨਾਂ ਦਾ ਕਾਲਾ ਕਾਨੂੰਨ ਪਾਸ ਕੀਤਾ ਗਿਆ ਹੈ ਜੋ 'ਲਵ ਜਹਾਦ' ਅਤੇ ਹੋਰ ਨਾਵਾਂ ਹੇਠ ਧਰਮ-ਬਦਲੀ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਲੋਕਾਂ ਦੇ ਆਪਣੀ ਇੱਛਾ ਅਨੁਸਾਰ ਧਰਮ ਬਦਲਣ ਦੇ ਹੱਕ ਨੂੰ ਕੁਚਲਣ ਦਾ ਸੰਦ ਹੈ।

ਇਸਾਈਆਂ ਵਿਰੁੱਧ ਹਿੰਸਾ ਬੇਰੋਕ ਜਾਰੀ ਹੈ। ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬ੍ਰਟੀਜ਼ ਨੇ ਇਸਾਈ ਫਿਰਕੇ ਵਿਰੁੱਧ ਹਿੰਸਾ ਬਾਬਤ ਬਾਕਾਇਦਾ ਰਿਪੋਰਟ ਜਾਰੀ ਕੀਤੀ ਹੈ ਜਿਸ ਵਿਚ ਇਸ ਸਾਲ ਜਨਵਰੀ ਤੋਂ ਲੈ ਕੇ ਨਵੰਬਰ ਤੱਕ ਇਸਾਈਆਂ ਵਿਰੁੱਧ 39 ਹਿੰਸਕ ਘਟਨਾਵਾਂ ਦੀ ਸੂਚੀ ਦਿੱਤੀ ਗਈ ਹੈ ਪਰ ਆਪਣੀ ਖਸਲਤ ਅਨੁਸਾਰ ਕਰਨਾਟਕ ਦੀ ਬੀ.ਜੇ.ਪੀ. ਸਰਕਾਰ ਦਾਅਵਾ ਕਰ ਰਹੀ ਹੈ ਕਿ ਉਨ੍ਹਾਂ ਦਾ ਰਾਜ ਤਾਂ ਸ਼ਾਂਤਮਈ ਹੈ, ਉੱਥੇ ਇਸਾਈਆਂ ਵਿਰੁੱਧ ਕੋਈ ਹਿੰਸਾ ਹੋ ਹੀ ਨਹੀਂ ਰਹੀ। ਹੁਕਮਰਾਨ ਕਹਿ ਰਹੇ ਹਨ ਕਿ ਹਿੰਸਾ ਦੇ ਜੋ ਵੀਡੀਓ ਕਲਿੱਪ ਸ਼ੇਅਰ ਕੀਤੇ ਜਾ ਰਹੇ ਹਨ ਉਹ ਜਾਅਲੀ ਹਨ। ਕੀ ਧਰਮ-ਬਦਲੀਆਂ ਦੇ ਜਿਸ ਹਊਏ ਦੇ ਆਧਾਰ 'ਤੇ ਧਰਮ-ਬਦਲੀ ਵਿਰੁੱਧ ਕਾਨੂੰਨ ਬਣਾਇਆ ਗਿਆ ਹੈ, ਉਸ ਦੇ ਕੋਈ ਅੰਕੜੇ ਹਨ ਤਾਂ ਮੁੱਖ ਮੰਤਰੀ ਦਾ ਜਵਾਬ ਹੈ ਕਿ 'ਅੰਕੜੇ ਦੇਣੇ ਜ਼ਰੂਰੀ ਨਹੀਂ ਹੁੰਦੇ'। ਬੀ.ਜੇ.ਪੀ. ਧਰਮ-ਬਦਲੀ ਨੂੰ ਖਤਰਾ ਬਣਾ ਕੇ ਪੇਸ਼ ਕਰਨ ਲਈ ਇਸਾਈ ਵਸੋਂ ਦੇ ਅੰਕੜਿਆਂ ਨੂੰ ਚਲਾਕੀ ਨਾਲ ਵਧਾ-ਚੜ੍ਹਾ ਕੇ ਪਰੋਸ ਰਹੀ ਹੈ ਕਿ ਦੇਖੋ ਇਸਾਈ ਵਸੋਂ 0.5 ਤੋਂ ਵੱਧ ਕੇ 3% ਹੋ ਗਈ ਹੈ ਜਦਕਿ ਮਰਦਮਸ਼ੁਮਾਰੀ 2011 ਦੇ ਅੰਕੜਿਆਂ ਅਨੁਸਾਰ ਇਸਾਈ ਵਸੋਂ ਸਿਰਫ 1.87% ਸੀ।



ਅੰਬਾਲਾ (ਹਰਿਆਣਾ) ਦੇ ਇਕ ਚਰਚ ਵਿਚ ਭੰਨਿਆ ਪਿਆ ਈਸਾ ਮਸੀਹ ਦਾ ਬੁੱਤ।

ਇਹ ਇੱਕਾ-ਦੁੱਕਾ ਘਟਨਾਵਾਂ ਨਹੀਂ ਹਨ। ਦਰਅਸਲ ਇਹ ਪੂਰੇ ਮੁਲਕ ਵਿਚ ਘੱਟਗਿਣਤੀਆਂ ਵਿਰੁੱਧ ਆਰ.ਐੱਸ.ਐੱਸ. ਦੀਆਂ ਫਰੰਟ ਜਥੇਬੰਦੀਆਂ ਵੱਲੋਂ ਲੜੇ ਜਾ ਰਹੇ 'ਹਿੰਦੂ ਰੱਖਿਆ ਯੁੱਧ' ਦਾ ਹਿੱਸਾ ਹਨ।

ਮੁਸਲਿਮ ਫਿਰਕੇ ਵਿਰੁੱਧ ਜ਼ਹਿਰੀਲੀ ਮੁਹਿੰਮ ਹੋਰ ਵੀ ਤਿੱਖੀ ਹੈ। ਕ੍ਰਿਸਮਸ ਤੋਂ ਇਕ ਦਿਨ ਪਹਿਲਾਂ 24 ਦਸੰਬਰ ਨੂੰ ਜੁੰਮੇ ਦੀ ਨਮਾਜ਼ ਸੀ। ਗੁੜਗਾਓਂ ਵਿਚ ਪੁਲਿਸ ਦੀ ਨਿਗਰਾਨੀ ਹੇਠ ਸਿਰਫ 6 ਜਨਤਕ ਥਾਵਾਂ ਉੱਪਰ ਮੁਸਲਮਾਨ ਨਮਾਜ਼ ਪੜ੍ਹਨ ਲਈ ਇਕੱਠੇ ਹੋ ਸਕੇ। ਪ੍ਰਸ਼ਾਸਨ ਵੱਲੋਂ ਲਗਾਈ ਗਈ ਪਾਬੰਦੀ ਤੋਂ ਪਹਿਲਾਂ ਇੱਥੇ 37 ਥਾਵਾਂ ਉੱਪਰ ਨਮਾਜ਼ ਪੜ੍ਹੀ ਜਾਂਦੀ ਸੀ ਪਰ ਅਕਤੂਬਰ ਮਹੀਨੇ 'ਚ ਹਿੰਦੂ ਧਰਮ ਦੇ ਆਪੇ ਬਣੇ ਠੇਕੇਦਾਰਾਂ ਨੇ ਇਸ ਬਹਾਨੇ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਤੋਂ ਰੋਕਣਾ ਸ਼ੁਰੂ ਕਰ ਦਿੱਤਾ ਕਿ ਇਸ ਨਾਲ ਜਨ-ਜੀਵਨ 'ਚ ਰੁਕਾਵਟ ਪੈਂਦੀ ਹੈ। ਸਿਵਲ ਪ੍ਰਸ਼ਾਸਨ ਅਤੇ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੇ ਹਿੰਦੂ ਫਿਰਕਾਪ੍ਰਸਤਾਂ ਦਾ ਸਾਥ ਦਿੰਦਿਆਂ ਇਸ ਬਹਾਨੇ ਬਾਕੀ ਥਾਵਾਂ ਉੱਪਰ ਨਮਾਜ਼ ਬੰਦ ਕਰਵਾ ਦਿੱਤੀ ਕਿ ਉਨ੍ਹਾਂ ਨੂੰ ਸਥਾਨਕ ਲੋਕਾਂ ਨੇ ਨਮਾਜ਼ ਵਿਰੁੱਧ ਸ਼ਿਕਾਇਤ ਕੀਤੀ ਹੈ। ਛੇ ਥਾਵਾਂ ਨਿਸ਼ਚਿਤ ਕਰਨ ਦਾ ਫਰਮਾਨ ਜਾਰੀ ਕਰ ਦਿੱਤਾ ਗਿਆ ਜਿੱਥੇ ਉਹ ਹੁਣ ਨਮਾਜ਼ ਪੜ੍ਹਨ ਲਈ ਇਕੱਠੇ ਹੋ ਸਕਦੇ ਹਨ। ਮਨੋਹਰ ਲਾਲ ਖੱਟੜ ਨੇ ਹਰਿਆਣੇ ਦੇ ਮੁੱਖ ਮੰਤਰੀ ਵਜੋਂ ਬਾਕਾਇਦਾ ਬਿਆਨ ਦੇ ਕੇ ਨਮਾਜ਼ ਵਿਰੁੱਧ ਨਫਰਤੀ ਮੁਹਿੰਮ ਨੂੰ ਹਕੂਮਤੀ ਥਾਪੜਾ ਦਿੱਤਾ ਕਿ ਜੇ ਲੋੜ ਪਈ ਤਾਂ ਹੋਰ ਥਾਵਾਂ ਉੱਪਰ ਵੀ ਨਮਾਜ਼ ਨੂੰ ਰੋਕਣ ਦਾ ਐਲਾਨ ਕੀਤਾ।

ਗੁੜਗਾਓਂ, ਜਿਸ ਦਾ ਨਾਮ ਬਦਲ ਕੇ ਆਰ.ਐਸ.ਐਸ.-ਬੀ.ਜੇ.ਪੀ. ਵੱਲੋਂ 'ਗੁਰੂਗ੍ਰਾਮ' ਕਰ ਦਿੱਤਾ ਗਿਆ ਹੈ, ਦਾ ਖੇਤਰ ਫਿਰਕੂ ਪਾਲਾਬੰਦੀ ਦੀ ਨਵੀਂ ਪ੍ਰਯੋਗਸ਼ਾਲਾ ਹੈ। ਜਿੱਥੇ ਪਹਿਲਾਂ ਮੁਸਲਮਾਨ ਇਕੱਠੇ ਹੋ ਕੇ ਨਮਾਜ਼ ਪੜ੍ਹਦੇ ਸਨ, ਉੱਥੇ ਆਰ.ਐਸ.ਐਸ. ਨਾਲ ਸੰਬੰਧਤ ਜਥੇਬੰਦੀਆਂ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਆਪਣੇ ਫਿਰਕੂ ਏਜੰਡੇ ਦੇ ਹੱਕ 'ਚ ਹਮਾਇਤ ਜੁਟਾਉਣ ਲਈ ਜਾਣ-ਬੁੱਝ ਕੇ ਹਿੰਦੂਆਂ ਦੇ ਧਾਰਮਿਕ ਸਮਾਗਮ ਆਯੋਜਤ ਕਰਦੀਆਂ ਹਨ। ਇਸ ਨਾਲ ਜਨ-ਜੀਵਨ ਵਿਚ ਜਿੰਨਾ ਮਰਜ਼ੀ ਖੱਲਲ ਪਵੇ, ਬਹੁਗਿਣਤੀ ਫਿਰਕੇ ਨੂੰ ਅਜਿਹਾ ਕਰਨ ਦੀ ਨਾ ਸਿਰਫ ਪੂਰੀ ਖੁੱਲ੍ਹ ਹੈ ਸਗੋਂ ਪੁਲਿਸ ਅਤੇ ਪ੍ਰਸ਼ਾਸਨ ਇਸ ਦੀ ਵਿਵਸਥਾ ਕਰਨ 'ਚ ਵੀ ਸਰਗਰਮੀ ਨਾਲ ਸ਼ਾਮਿਲ ਹੁੰਦੀ ਹੈ। 21 ਨਵੰਬਰ ਨੂੰ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਗੁਰੂਗ੍ਰਾਮ ਦੇ ਸੈਕਟਰ 12ਏ 'ਚ ਉਸੇ ਥਾਂ 'ਗੋਵਰਧਨ ਪੂਜਾ' ਕੀਤੀ ਗਈ ਜਿਸ ਨੂੰ ਦਹਾਕਿਆਂ ਤੋਂ ਮੁਸਲਮਾਨ ਨਮਾਜ਼ ਪੜ੍ਹਨ ਲਈ ਵਰਤੋਂ 'ਚ ਲਿਆਉਂਦੇ ਸਨ। ਉੱਥੇ ਹਿੰਦੂਤਵੀ ਆਗੂ ਯਤੀ ਨਰਸਿੰਹਾਨੰਦ ਗਿਰੀ ਦਾ ਨੇੜਲਾ ਸਾਥੀ ਅਮਿਤ ਹਿੰਦੂ ਉਚੇਚੇ ਤੌਰ 'ਤੇ ਹਾਜ਼ਰ ਹੋਇਆ ਅਤੇ ਉਸ ਨੇ 'ਹਿੰਦੂ ਕੇ ਗ਼ਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਦੇ ਨਾਅਰੇ ਲਾਏ ਜਿਸ ਦਾ ਵੀਡੀਓ ਕਲਿੱਪ ਅੱਜ ਵੀ ਸੋਸ਼ਲ ਮੀਡੀਆ ਉੱਪਰ ਮੌਜੂਦ ਹੈ। ਪੂਰਬੀ-ਉੱਤਰੀ ਦਿੱਲੀ ਵਿਚ ਮੁਸਲਮਾਨਾਂ ਵਿਰੁੱਧ ਹਿੰਸਾ ਦੀ ਅਗਵਾਈ ਕਰਨ ਵਾਲੇ ਦਹਿਸ਼ਤੀ ਸਰਗਨੇ ਕਪਿਲ ਮਿਸ਼ਰਾ ਨੂੰ ਵੀ ਉੱਥੇ ਉਚੇਚੇ ਤੌਰ 'ਤੇ ਬੁਲਾਇਆ ਗਿਆ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸੰਬੰਧਤ 'ਭਾਰਤ ਮਾਤਾ ਵਾਹਿਨੀ' ਦੇ ਇਕ ਆਗੂ ਦਿਨੇਸ਼ ਭਾਰਤੀ, ਜੋ ਗੁਰੂਗ੍ਰਾਮ ਵਿਚ ਨਮਾਜ਼ ਵਿਚ ਖਲਲ ਪਾਉਣ ਲਈ ਕਈ ਵਾਰ ਜੇਲ੍ਹ ਜਾ ਚੁੱਕਾ ਹੈ, ਨੇ ਮੀਡੀਆ ਦੇ ਕੈਮਰੇ ਅੱਗੇ ਸਾਫ ਕਿਹਾ ਹੈ ਕਿ ਜੇ ਗੁਰੂਗ੍ਰਾਮ ਵਿਚ ਨਮਾਜ਼ ਪੜ੍ਹੀ ਜਾਵੇਗੀ ਤਾਂ ਉਹ ਤਲਵਾਰ ਲੈ ਕੇ ਰੋਕਣ ਲਈ ਉੱਥੇ ਪਹੁੰਚੇਗਾ। ਉਸ ਨੂੰ ਜੰਤਰ-ਮੰਤਰ ਦਿੱਲੀ ਵਿਖੇ ਭੜਕਾਊ ਭਾਸ਼ਣ ਦੇਣ ਲਈ ਵੀ ਗ੍ਰਿਫਤਾਰ ਕੀਤਾ ਗਿਆ ਸੀ ਜਿੱਥੇ ਉਸ ਨੇ ਮੁਸਲਮਾਨਾਂ ਦਾ ਬਾਈਕਾਟ ਕਰਨ ਅਤੇ ਉਨ੍ਹਾਂ ਦੇ ਕਤਲ ਕਰਨ ਦਾ ਸੱਦਾ ਦਿੱਤਾ ਸੀ।

ਘੱਟਗਿਣਤੀਆਂ ਵਿਰੁੱਧ ਹਿੰਸਾ ਲਈ ਰਾਜਨੀਤਕ ਪੱਧਰ 'ਤੇ ਸੱਤਾਧਾਰੀ ਆਰ.ਐਸ.ਐਸ.-ਬੀ.ਜੇ.ਪੀ. ਦੀ ਰਾਜਸੀ ਅਤੇ ਰਾਜਕੀ ਸਰਪ੍ਰਸਤੀ ਹੇਠ ਤਿਆਰੀ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਹਿੰਦੂ ਫਿਰਕਾਪ੍ਰਸਤ ਯਤੀ ਨਰਸਿੰਹਾਨੰਦ ਗਿਰੀ, ਜੋ ਗਾਜ਼ੀਆਬਾਦ ਦੇ ਡਾਸਨਾ ਮੰਦਰ ਦਾ ਮਹੰਤ ਹੈ (ਡਾਸਨਾ ਮੰਦਰ ਵਿਚ ਜਾਣ ਤੋਂ ਪਹਿਲਾਂ ਹਰ ਕਿਸੇ ਨੂੰ ਆਪਣਾ ਆਧਾਰ ਕਾਰਡ ਦਿਖਾਉਣਾ ਪੈਂਦਾ ਹੈ। ਮੁੱਖ ਦਵਾਰ ਉੱਪਰ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਹੈ ਕਿ ਇਸ ਦੇ ਅੰਦਰ ਮੁਸਲਮਾਨਾਂ ਦਾ ਦਾਖਲ ਹੋਣਾ ਮਨ੍ਹਾ ਹੈ), ਵੱਲੋਂ ਉਤਰਾਖੰਡ ਦੇ ਹਰਿਦਵਾਰ ਦੇ ਵੇਦ ਨਿਕੇਤਨ ਧਾਮ ਵਿਚ 17 ਤੋਂ 19 ਦਸੰਬਰ ਤੱਕ 'ਧਰਮ ਸੰਸਦ' ਆਯੋਜਿਤ ਕੀਤੀ ਗਈ ਜਿਸ ਵਿਚ ਕਥਿਤ ਹਿੰਦੂ ਸੰਤਾਂ ਅਤੇ ਧਰਮ-ਗੁਰੂਆਂ ਦੇ ਨਾਲ ਸੀਨੀਅਰ ਭਾਜਪਾ ਆਗੂ ਅਸ਼ਵਿਨੀ ਉਪਾਧਿਆਏ ਵੀ ਸ਼ਾਮਿਲ ਹੋਇਆ। ਇਨ੍ਹਾਂ ਧਰਮ ਗੁਰੂਆਂ ਵੱਲੋਂ ਜ਼ਹਿਰੀਲੇ ਭਾਸ਼ਣ ਦੇ ਕੇ ਧਰਮ ਦੀ ਰੱਖਿਆ ਲਈ ਸ਼ਸਤਰ ਚੁੱਕਣ, ਦਿੱਲੀ ਦੇ ਬਾਰਡਰਾਂ ਉੱਪਰ ਹਿੰਦੂਆਂ ਨੂੰ ਵੱਢ ਕੇ ਟੰਗਣ ਤੋਂ ਸਬਕ ਲੈਣ, 2029 'ਚ ਮੁਸਲਿਮ ਪ੍ਰਧਾਨ ਮੰਤਰੀ ਨਾ ਬਣਨ ਦੇਣ ਅਤੇ ਮੁਸਲਿਮ ਆਬਾਦੀ ਵਧਣ ਨਾ ਦੇਣ ਸਗੋਂ ਹਿੰਦੂਆਂ ਦੀ ਆਬਾਦੀ ਵਧਾਉਣ ਦੇ ਸੱਦੇ ਦਿੱਤੇ ਗਏ। ਹਿੰਦੂ ਮਹਾਸਭਾ ਦੀ ਜਨਰਲ ਸਕੱਤਰ ਅਤੇ ਨਿਰੰਜਨੀ ਅਖਾੜਾ ਦੀ ਕਰਤਾ-ਧਰਤਾ ਪੂਜਾ ਸ਼ਕੂਨ ਪਾਂਡੇ ਉਰਫ ਅੰਨਪੂਰਨਾ ਮਾਂ, ਜੋ ਘੱਟਗਿਣਤੀਆਂ ਵਿਰੁੱਧ ਹਿੰਸਾ ਦੇ ਸੱਦੇ ਦੇਣ ਅਤੇ ਨਫਰਤ ਫੈਲਾਉਣ ਲਈ ਬਦਨਾਮ ਹੈ, ਨੇ ਕਿਹਾ ਕਿ ਜੇ ਹਿੰਦੂਤਵ ਉੱਪਰ ਖਤਰਾ ਮੰਡਰਾਏਗਾ ਤਾਂ ਚਾਹੇ ਉਸ ਨੂੰ ਗੌਡਸੇ ਦੀ ਤਰ੍ਹਾਂ ਕਲੰਕ ਕਿਉਂ ਨਾ ਖੱਟਣਾ ਪਵੇ, ਉਹ ਸ਼ਸਤਰ ਉਠਾਏਗੀ ਅਤੇ ਹਿੰਦੂਤਵ ਦੀ ਰਾਖੀ ਕਰੇਗੀ। ਉਸ ਦੇ ਹੱਥ ਹੀ ਸ਼ੇਰਨੀ ਦੇ ਪੰਜਿਆਂ ਵਰਗੇ ਹਨ, ਉਹ ਸ਼ਸਤਰਾਂ ਤੋਂ ਬਿਨਾਂ ਹੀ ਦੁਸ਼ਮਣਾਂ ਨੂੰ ਪਾੜ ਦੇਵੇਗੀ। ਉਸ ਨੇ ਇਹ ਸੱਦਾ ਵੀ ਦਿੱਤਾ ਕਿ ਜੇ ਧਰਮ ਬਚਾਉਣਾ ਹੈ ਤਾਂ ਕਾਪੀਆਂ-ਕਿਤਾਬਾਂ ਛੱਡ ਦਿਓ ਅਤੇ ਸ਼ਸਤਰ ਚੁੱਕ ਲਓ; ਇਹ ਪ੍ਰਣ ਕਰੋ ਕਿ 2029 'ਚ ਮੁਸਲਮਾਨ ਪ੍ਰਧਾਨ ਮੰਤਰੀ ਨਹੀਂ ਬਣਨ ਦਿਆਂਗੇ (ਇਹ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਜ਼ਿਆਦਾ ਬੱਚੇ ਜੰਮਣ ਕਰਕੇ ਮੁਸਲਮਾਨਾਂ ਦੀ ਜਨ ਸੰਖਿਆ ਤੇਜ਼ੀ ਨਾਲ ਵਧ ਰਹੀ ਹੈ। ਜੇ ਇਸ ਨੂੰ ਨਾ ਰੋਕਿਆ ਗਿਆ ਤਾਂ ਹਿੰਦੂ ਘੱਟਗਿਣਤੀ 'ਚ ਰਹਿ ਜਾਣਗੇ ਅਤੇ 2029 'ਚ ਮੁਲਕ ਦਾ ਪ੍ਰਧਾਨ ਮੰਤਰੀ ਮੁਸਲਮਾਨ ਬਣ ਜਾਵੇਗਾ)। ਬਿਹਾਰ ਦੇ ਧਰਮਦਾਸ ਮਹਾਰਾਜ ਨੇ ਕਿਹਾ ਕਿ ਜਦੋਂ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਆਪਣੇ ਭਾਸ਼ਣ ਵਿਚ ਇਹ ਕਿਹਾ ਸੀ ਕਿ ਮੁਲਕ ਦੇ ਕੌਮੀ ਵਸੀਲਿਆਂ ਉੱਪਰ ਸਭ ਤੋਂ ਪਹਿਲਾ ਹੱਕ ਘੱਟਗਿਣਤੀਆਂ ਦਾ ਹੈ ਜੇ ਉਹ ਉਸ ਵਕਤ ਸੰਸਦ ਵਿਚ ਮੌਜੂਦ ਹੁੰਦਾ ਤਾਂ ਨੱਥੂ ਰਾਮ ਗੌਡਸੇ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਉਸ ਦੀ ਹਿੱਕ 'ਚ ਛੇ ਗੋਲੀਆਂ ਮਾਰ ਕੇ ਹੀ ਦਮ ਲੈਂਦਾ। ਇਕ ਹੋਰ ਆਗੂ ਆਨੰਦ ਸਵਰੂਪ ਮਹਾਰਾਜ ਨੇ 1857 ਤੋਂ ਵੀ ਭਿਆਨਕ ਯੁੱਧ ਛੇੜਨ ਦਾ ਸੱਦਾ ਦਿੱਤਾ ਅਤੇ ਲੋਕਾਂ ਅਤੇ ਹੋਟਲਾਂ ਵਾਲਿਆਂ ਨੂੰ ਹਰਦੁਆਰ ਵਿਚ ਕ੍ਰਿਸਮਸ ਨਾ ਮਨਾਉਣ ਦੀ ਧਮਕੀ ਵੀ ਦਿੱਤੀ। ਯਤੀ ਨਰਸਿੰਹਾਨੰਦ ਨੇ ਕਿਹਾ ਕਿ ਮੁਸਲਮਾਨਾਂ ਦੇ ਆਰਥਕ ਬਾਈਕਾਟ ਨਾਲ ਗੱਲ ਨਹੀਂ ਬਣੇਗੀ। ਹਿੰਦੂਆਂ ਨੂੰ ਖੁਦ ਨੂੰ ਅੱਪਡੇਟ ਹੋਣਾ ਪਵੇਗਾ। ਤਲਵਾਰਾਂ ਮੰਚ ਉੱਪਰ ਹੀ ਚੰਗੀਆਂ ਲੱਗਦੀਆਂ ਹਨ। ਇਹ ਲੜਾਈ ਬਿਹਤਰ ਹਥਿਆਰਾਂ ਵਾਲੇ ਲੋਕ ਹੀ ਜਿੱਤ ਸਕਣਗੇ। ਜ਼ਿਆਦਾ ਬੱਚੇ ਜੰਮਣੇ ਅਤੇ ਵਧੀਆ ਹਥਿਆਰ ਹੀ ਹਿੰਦੂਆਂ ਨੂੰ ਬਚਾਉਣਗੇ। ਇਹ ਭਾਸ਼ਣ ਐਨੀ ਘਿਣਾਉਣੀ ਹੱਦ ਤੱਕ ਭੜਕਾਊ ਹਨ ਕਿ ਇਸ ਬਾਰੇ ਵਿਵਾਦ ਖੜ੍ਹਾ ਹੋਣ 'ਤੇ ਪੁਲਿਸ ਨੂੰ ਪਰਚਾ ਦਰਜ ਕਰਨ ਦੀ ਖਾਨਾਪੂਰਤੀ ਕਰਨੀ ਪਈ ਹੈ। ਇਹ ਗੱਲ ਵੱਖਰੀ ਹੈ ਕਿ ਹਕੀਕਤ 'ਚ ਕੋਈ ਕਾਰਵਾਈ ਨਹੀਂ ਹੋਵੇਗੀ, ਕੋਈ ਗ੍ਰਿਫਤਾਰੀ ਨਹੀਂ ਹੋਵੇਗੀ। ਜੇ ਅਜਿਹਾ ਕੋਈ ਬਿਆਨ ਕਿਸੇ ਗ਼ੈਰਹਿੰਦੂ ਨੇ ਦਿੱਤਾ ਹੁੰਦਾ ਤਾਂ ਹੁਣ ਤੱਕ ਰਾਜਧ੍ਰੋਹ ਅਤੇ ਮੁਲਕ ਨੂੰ ਟੁਕੜੇ-ਟੁਕੜੇ ਕਰਨ ਦੀ ਸਾਜ਼ਿਸ਼ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰਕੇ ਅਤੇ ਯੂ.ਏ.ਪੀ.ਏ. ਲਗਾ ਕੇ ਉਸ ਨੂੰ ਤੁਰੰਤ ਜੇਲ੍ਹ ਭੇਜ ਦਿੱਤਾ ਜਾਣਾ ਸੀ।

ਮੁਸਲਮਾਨਾਂ ਅਤੇ ਇਸਾਈਆਂ ਦਾ ਕਤਲੇਆਮ ਕਰਨ ਦੇ ਸੱਦੇ ਸਿਰਫ ਭਾਸ਼ਣਾਂ ਵਿਚ ਹੀ ਨਹੀਂ ਹਨ। ਇਨ੍ਹਾਂ ਨੂੰ ਬਾਕਾਇਦਗੀ ਨਾਲ ਅਮਲੀ ਰੂਪ ਦਿੱਤਾ ਜਾ ਰਿਹਾ ਹੈ। ਹਿੰਦੂਤਵ ਦੇ ਬਾਨੀ ਅਤੇ ਸਿਧਾਂਤਕਾਰ ਘੱਟਗਿਣਤੀਆਂ ਨੂੰ ਦਹਿਸ਼ਤਜ਼ਦਾ ਕਰਕੇ ਦਬਾ ਕੇ ਰੱਖਣ ਅਤੇ ਉਨ੍ਹਾਂ ਨੂੰ ਆਰਥਕ ਤੌਰ 'ਤੇ ਸੱਟ ਮਾਰਨ ਲਈ ਉਨ੍ਹਾਂ ਦੀ ਰੋਟੀ-ਰੋਜ਼ੀ ਦੇ ਵਸੀਲਿਆਂ ਨੂੰ ਤਬਾਹ ਕਰਨ ਉੱਪਰ ਸ਼ੁਰੂ ਤੋਂ ਹੀ ਜ਼ੋਰ ਦਿੰਦੇ ਆ ਰਹੇ ਹਨ। ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕ ਰਜਿਸਟਰ ਨੂੰ ਏਜੰਡੇ 'ਤੇ ਲਿਆ ਕੇ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾਉਣ ਦੇ ਆਪਣੇ ਮਨਸ਼ੇ ਆਰ.ਐਸ.ਐਸ.-ਬੀ.ਜੇ.ਪੀ. ਨੇ ਪਹਿਲਾਂ ਹੀ ਸਪਸ਼ਟ ਕਰ ਦਿੱਤੇ ਹਨ। ਚਾਹੇ 2002 'ਚ ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਸੀ ਜਾਂ ਯੂ.ਪੀ. ਵਿਚ ਮੁਜ਼ੱਫਰਨਗਰ ਅਤੇ ਹੋਰ ਦੰਗੇ ਜਾਂ 2020 ਦੇ ਸ਼ੁਰੂ 'ਚ ਪੂਰਬੀ-ਉੱਤਰੀ ਦਿੱਲੀ ਵਿਚ ਕਤਲੇਆਮ ਅਤੇ ਸਾੜ-ਫੂਕ ਦੀ ਮੁਹਿੰਮ, ਕਥਿਤ ਦੰਗਿਆਂ ਦੀ ਹਰ ਘਟਨਾ ਵਿਚ ਮੁਸਲਮਾਨਾਂ ਦੇ ਕਾਰੋਬਾਰਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਹੈ।

2014 ਤੋਂ ਲੈ ਕੇ ਇਸ ਮਨੋਰਥ ਨਾਲ ਇਕ ਗੁੱਝੀ ਮੁਹਿੰਮ ਚਲਾਈ ਜਾ ਰਹੀ ਹੈ ਜੋ ਵੱਖ-ਵੱਖ ਰੂਪਾਂ ਵਿਚ ਸਾਹਮਣੇ ਆਉਂਦੀ ਰਹਿੰਦੀ ਹੈ। ਫੂਡ ਪ੍ਰੋਡਕਟ ਕੰਪਨੀ ਆਈ.ਡੀ. ਫਰੈੱਸ਼ ਵਿਰੁੱਧ ਜ਼ਹਿਰੀਲੀ ਮੁਹਿੰਮ ਚਲਾਈ ਗਈ ਕਿ ਇਹ ਸਿਰਫ ਮੁਸਲਮਾਨਾਂ ਨੂੰ ਰੋਜ਼ਗਾਰ ਦਿੰਦੀ ਹੈ ਅਤੇ 'ਹਲਾਲ ਸਰਟੀਫਾਈਡ' ਹੈ। ਮੁਹਿੰਮ ਐਨੀ ਜ਼ੋਰਦਾਰ ਸੀ ਕਿ ਕੰਪਨੀ ਨੂੰ ਸਫਾਈ ਪੇਸ਼ ਕਰਨੀ ਪਈ ਕਿ ਇਸ ਵੱਲੋਂ ਬਣਾਈਆਂ ਜਾ ਰਹੀਆਂ ਖਾਣ ਵਾਲੀਆਂ ਚੀਜ਼ਾਂ ਸ਼ੁੱਧ ਸ਼ਾਕਾਹਾਰੀ ਹਨ। ਕੰਪਨੀ ਨੂੰ ਇਸ ਕਰਕੇ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਇਸ ਦੀ ਸਥਾਪਨਾ ਕਰਨ ਵਾਲੇ ਕਾਰੋਬਾਰੀ ਮੁਸਲਮਾਨ ਹਨ। ਇਸ ਤੋਂ ਪਹਿਲਾਂ, ਰਾਜਾਂ ਵਿਚ ਛੋਟੇ ਛੋਟੇ ਕੰਮ ਕਰਨ ਵਾਲੇ ਮੁਸਲਮਾਨ ਕਿਰਤੀਆਂ ਉੱਪਰ ਹਮਲਿਆਂ ਦੀਆਂ ਰਿਪੋਰਟਾਂ ਵੀ ਛਪ ਚੁੱਕੀਆਂ ਹਨ।

ਮੱਧ ਪ੍ਰਦੇਸ਼ ਵਿਚ ਇਕ ਵੰਗਾਂ ਵੇਚਣ ਵਾਲੇ ਮੁਸਲਮਾਨ ਦੀ ਕੁੱਟਮਾਰ ਕੀਤੀ ਗਈ ਕਿ ਉਹ ਹਿੰਦੂ ਇਲਾਕੇ ਵਿਚ ਵੰਗਾਂ ਕਿਉਂ ਵੇਚਦਾ ਹੈ। ਉੱਤਰ ਪ੍ਰਦੇਸ਼ ਵਿਚ ਇਕ ਡੋਸਾ ਵਾਲੇ ਦਾ ਸਟਾਲ ਇਸ ਲਈ ਤੋੜ ਦਿੱਤਾ ਗਿਆ ਕਿ ਉਸ ਨੇ ਮੁਸਲਮਾਨ ਹੋ ਕੇ ਆਪਣੀ ਦੁਕਾਨ ਦਾ ਨਾਂ ਹਿੰਦੂ ਦੇਵਤੇ ਵਾਲਾ ਕਿਉਂ ਰੱਖਿਆ ਸੀ। ਮੱਧ ਪ੍ਰਦੇਸ਼ ਵਿਚ ਇਕ ਕਬਾੜੀਏ ਨੂੰ ਘੇਰ ਕੇ ਉਸ ਨੂੰ 'ਜੈ ਸ਼੍ਰੀਰਾਮ' ਦੇ ਨਾਅਰੇ ਲਾਉਣ ਲਈ ਮਜਬੂਰ ਕੀਤਾ ਗਿਆ। ਲਖਨਊ ਵਿਚ ਇਕ ਘੋੜਾ ਬੱਘੀ ਵਾਲੇ ਨੂੰ ਘੇਰ ਕੇ ਇਹ ਝੂਠਾ ਦਾਅਵਾ ਕਰਕੇ 'ਪਾਕਿਸਤਾਨ ਮੁਰਦਾਬਾਦ' ਦੇ ਨਾਅਰੇ ਲਾਉਣ ਲਈ ਮਜਬੂਰ ਕੀਤਾ ਗਿਆ ਕਿ ਉਸ ਨੇ ਆਪਣੀ ਬੱਘੀ ਉੱਪਰ ਪਾਕਿਸਤਾਨ ਦਾ ਝੰਡਾ ਪੇਂਟ ਕਰਾਇਆ ਹੋਇਆ ਸੀ। ਇਸੇ ਤਰ੍ਹਾਂ ਇਕ ਫੇਰੀ ਵਾਲੇ ਮੁਸਲਮਾਨ ਵਿਰੁੱਧ ਪਰਚਾ ਦਰਜ ਕਰਵਾ ਕੇ ਉਸ ਨੂੰ ਜੇਲ੍ਹ ਭਿਜਵਾ ਦਿੱਤਾ ਗਿਆ ਕਿ ਉਹ ਜੋ ਜੁੱਤੀਆਂ ਵੇਚਦਾ ਸੀ ਉਨ੍ਹਾਂ ਉੱਪਰ ਬਰੈਂਡ 'ਠਾਕੁਰ' ਕਿਉਂ ਲਿਖਿਆ ਹੋਇਆ ਸੀ। ਇਸੇ ਤਰ੍ਹਾਂ, 2017 'ਚ ਉੱਤਰ ਪ੍ਰਦੇਸ਼ ਵਿਚ ਗੈਰਰਸਮੀ ਮੀਟ ਕਾਰੋਬਾਰ ਵਿਰੁੱਧ ਲੁਕਵੀਂ ਫਿਰਕੂ ਮੁਹਿੰਮ ਚਲਾਈ ਗਈ ਕਿਉਂਕਿ ਇਹ ਕਾਰੋਬਾਰ ਮੁੱਖ ਤੌਰ 'ਤੇ ਮੁਸਲਮਾਨ ਕਰਦੇ ਹਨ। 30 ਅਗਸਤ ਨੂੰ ਮਹੰਤ ਅਦਿੱਤਿਆਨਾਥ ਨੇ ਫਰਮਾਨ ਜਾਰੀ ਕਰਕੇ ਮਥੁਰਾ ਵਿਚ ਮੀਟ ਦੇ ਕਾਰੋਬਾਰ ਉੱਪਰ ਮੁਕੰਮਲ ਪਾਬੰਦੀ ਲਗਾ ਦਿੱਤੀ ਅਤੇ ਇੱਕੋ ਝਟਕੇ ਨਾਲ ਹਜ਼ਾਰਾਂ ਲੋਕਾਂ ਦਾ ਰੋਟੀ-ਰੋਜ਼ੀ ਦਾ ਵਸੀਲਾ ਬੰਦ ਕਰ ਦਿੱਤਾ। ਦਰਅਸਲ ਪੂਰੇ ਉੱਤਰੀ ਭਾਰਤ ਵਿਚ ਪਸ਼ੂਆਂ ਦੀ ਖਰੀਦੋਫਰੋਖਤ ਅਤੇ ਡੇਅਰੀ ਦਾ ਕਾਰੋਬਾਰ ਭਗਵੇਂ ਗਰੋਹਾਂ ਦੇ ਲਗਾਤਾਰ ਨਿਸ਼ਾਨੇ 'ਤੇ ਹੈ ਕਿਉਂਕਿ ਇਹ ਕਾਰੋਬਾਰ ਮੁੱਖ ਤੌਰ 'ਤੇ ਮੁਸਲਮਾਨ ਕਰਦੇ ਹਨ। ਉਨ੍ਹਾਂ ਨੂੰ ਦਬਾਉਣ ਲਈ ਲਗਾਤਾਰ ਹਜੂਮੀ ਹਿੰਸਾ ਕੀਤੀ ਜਾ ਰਹੀ ਹੈ।

ਪੰਜਾਬ ਵਿਚ ਵੀ ਇਸਾਈ ਧਰਮ ਨੂੰ ਮੰਨਣ ਵਾਲਿਆਂ ਵਿਰੁੱਧ ਨਫਰਤ ਭੜਕਾਈ ਜਾ ਰਹੀ ਹੈ। ਬਹੁਤ ਸਾਰੇ ਸਿੱਖੀ ਬਾਰੇ ਫਿਕਰਮੰਦੀ ਜ਼ਾਹਿਰ ਕਰਨ ਵਾਲੇ ਸੱਜਣ ਵੀ ਪੰਜਾਬ ਦੇ ਪਿੰਡਾਂ ਵਿਚ ਇਸਾਈ ਧਰਮ ਦੇ ਪਸਾਰੇ ਦੇ ਅੰਕੜੇ ਅਤੇ ਸਨਸਨੀਖੇਜ਼ ਕਹਾਣੀਆਂ ਪੇਸ਼ ਕਰਕੇ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਕਿਸੇ ਦਿਨ ਪੰਜਾਬ ਦੀ ਧਰਤੀ ਉੱਪਰ ਸਿੱਖ ਧਰਮ ਘੱਟਗਿਣਤੀ 'ਚ ਰਹਿ ਜਾਵੇਗਾ। ਕਦੇ-ਕਦੇ ਧਰਮ-ਬਦਲੀ ਕਾਨੂੰਨ ਬਣਾਏ ਜਾਣ ਦੀ ਸੁਰ ਵੀ ਉੱਠਦੀ ਹੈ। ਆਰ.ਐਸ.ਐਸ. ਨਾਲ ਜੁੜੇ ਲੋਕ ਵੀ ਇਸ ਖਦਸ਼ੇ ਨੂੰ ਬਹੁਤ ਚਲਾਕੀ ਨਾਲ ਹਵਾ ਦੇ ਰਹੇ ਹਨ ਅਤੇ ਇਸ ਬਹਾਨੇ ਖੁਦ ਨੂੰ ਸਿੱਖ ਧਰਮ ਦੀ ਖੈਰਖਵਾਹ ਤਾਕਤ ਬਣਾ ਕੇ ਪੇਸ਼ ਕਰ ਰਹੇ ਹਨ। ਸਿੱਖੀ ਦੇ ਉਪਰੋਕਤ ਹਿਤੈਸ਼ੀ ਉਸ ਜਾਤ ਹੰਕਾਰ ਦੀ ਗੱਲ ਨਹੀਂ ਕਰਦੇ ਜੋ ਸਿੱਖ ਧਰਮ ਦੇ ਪੈਰੋਕਾਰ ਲੋਕਾਂ 'ਚ ਡੂੰਘੀਆਂ ਜੜ੍ਹਾਂ ਲਗਾਈ ਬੈਠਾ ਹੈ। ਦੱਬੇਕੁਚਲੇ ਅਤੇ ਕਿਰਤੀ ਲੋਕ ਇਸ ਕਾਰਨ 'ਸਰਬਤ ਦਾ ਭਲਾ' ਦੀ ਗੱਲ ਕਰਨ ਵਾਲੀ ਅਤੇ ਮਜ਼ਲੂਮਾਂ ਦੀ ਰਾਖੀ ਲਈ ਲੜਨ ਦੀਆਂ ਸ਼ਾਨਦਾਰ ਰਵਾਇਤਾਂ ਵਾਲੀ ਸਿੱਖੀ ਨੂੰ ਛੱਡ ਕੇ ਇਸਾਈ ਧਰਮ ਜਾਂ ਧਾਰਮਿਕ ਡੇਰਿਆਂ ਦੀ ਸ਼ਰਨ 'ਚ ਜਾ ਰਹੇ ਹਨ ਨਾ ਕਿ ਆਰਥਕ ਲਾਭਾਂ ਕਾਰਨ। ਉਹ ਭੁੱਲ ਰਹੇ ਹੈ ਕਿ ਆਰ.ਐਸ.ਐਸ. ਦੀ ਵਿਚਾਰਧਾਰਾ ਹਰ ਘੱਟਗਿਣਤੀ ਸਮੂਹ ਦੀ ਹੋਂਦ ਲਈ ਬਰਾਬਰ ਖਤਰਾ ਹੈ।

ਜੇ ਇਨਸਾਫਪਸੰਦ ਇਨਸਾਨੀਅਤ ਪ੍ਰੇਮੀ ਤਾਕਤਾਂ ਇਸ ਦਹਿਸ਼ਤਵਾਦੀ ਮੁਹਿੰਮ ਦਾ ਗੰਭੀਰ ਨੋਟਿਸ ਲੈ ਕੇ ਇਸ ਨੂੰ ਰੋਕਣ ਲਈ ਅੱਗੇ ਨਹੀਂ ਆਉਂਦੀਆਂ ਤਾਂ ਇਸ ਦੇ ਨਤੀਜੇ ਪੂਰੇ ਸਮਾਜ ਨੂੰ ਭੁਗਤਣੇ ਪੈਣਗੇ। ਆਰ.ਐਸ.ਐਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਦਾ ਨਿਸ਼ਾਨਾ ਸਿਰਫ ਘੱਟਗਿਣਤੀਆਂ ਨਹੀਂ ਸਗੋਂ ਹਰ ਉਹ ਹਿੱਸਾ, ਸੋਚ ਅਤੇ ਕਦਰ-ਕੀਮਤ ਹੈ ਜੋ ਇਨ੍ਹਾਂ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦੇ ਰਾਹ ਵਿਚ ਅੜਿੱਕਾ ਬਣਦੀ ਹੈ। 2025 'ਚ ਆਰ.ਐਸ.ਐਸ. ਦੀ ਸਥਾਪਨਾ ਨੂੰ ਪੂਰੇ ਸੌ ਸਾਲ ਹੋ ਜਾਣਗੇ, ਇਨ੍ਹਾਂ ਦੀ ਕੋਸ਼ਿਸ਼ 2025 ਤੱਕ ਹਿੰਦੂ ਰਾਸ਼ਟਰ ਲਈ ਵੱਧ ਤੋਂ ਵੱਧ ਹਾਲਾਤ ਤਿਆਰ ਕਰਨ ਦੀ ਹੈ।

ਅਜੇ ਵੀ ਸੰਭਲਣ ਦਾ ਵੇਲਾ ਹੈ।

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

# ਪੰਜਾਬ ਨੂੰ ਅਸਲੀ ਅਰਥਾਂ ਵਾਲਾ ਲੋਕਤੰਤਰ ਦੇਣ ਲਈ ਚੋਣਾਂ ਵਿਚ ਚੁੱਪ ਤੋੜਨੀ ਪਵੇਗੀ

ਮੈਂ ਆਪਣੇ ਆਪ ਨੂੰ ਸਾਧਾਰਨ ਆਦਮੀ ਕਹਿੰਦਾ ਹਾਂ, ਪਰ ਮੈਨੂੰ ਸਾਧਾਰਨ ਆਦਮੀ ਗਿਣਿਆ ਨਹੀਂ ਜਾਂਦਾ। ਕਿਸੇ ਵੀ ਥਾਂ ਜਾਂਦਾ ਹਾਂ ਤਾਂ ਕੁਝ ਲੋਕ ਪਛਾਣ ਕੇ ਰਾਹ ਦੇ ਦਿੰਦੇ ਨੇ ਅਤੇ ਉਨ੍ਹਾਂ ਵਾਂਗ ਵੇਖੋ-ਵੇਖੀ ਕੁਝ ਹੋਰ ਲੋਕ ਵੀ ਰਾਹ ਦੇ ਦਿੰਦੇ ਨੇ। ਮੈਂ ਭੀੜ ਨੂੰ ਖੜੀ ਛੱਡ ਕੇ ਆਪ ਪਹਿਲਾਂ ਰਾਹ ਲੈਣ ਤੋਂ ਇਨਕਾਰ ਵੀ ਕਰਾਂ ਤਾਂ ਭੀੜ ਵਿਚ ਖੜ੍ਹੇ ਲੋਕ ਕਹਿਣ ਲੱਗਦੇ ਹਨ ਕਿ ਸਾਨੂੰ ਇਤਰਾਜ਼ ਨਹੀਂ। ਫਿਰ ਵੀ ਪਛਾਣੇ ਜਾਣ ਅਤੇ ਪਹਿਲਾਂ ਲੰਘਣ ਦੀ ਪੇਸ਼ਕਸ਼ ਮਿਲਣ ਤਕ ਉਨ੍ਹਾਂ ਆਮ ਲੋਕਾਂ ਦੇ ਹਾਲਾਤ ਦਾ ਕੁਝ ਨਾ ਕੁਝ ਅੰਦਾਜ਼ਾ ਹੋ ਜਾਂਦਾ ਹੈ, ਜਿਹੜੇ ਮੁੱਢਾਂ ਤੋਂ ਦੂਸਰਿਆਂ ਲਈ ਰਾਹ ਛੱਡਦੇ ਆਏ ਹਨ, ਆਪਣੀ ਹਾਲਤ ਉਨ੍ਹਾਂ ਦੀ ਕਦੇ ਨਹੀਂ ਸੁਧਰੀ। ਆਮ ਬੰਦਾ ਭਾਰਤ ਦੀ ਆਜ਼ਾਦੀ ਦੀ ਲੜਾਈ ਵੇਲੇ ਵੀ ਆਮ ਬੰਦਾ ਸੀ, ਉਸ ਦੀਆਂ ਕੁਰਬਾਨੀਆਂ ਦਾ ਜ਼ਿਕਰ ਨਹੀਂ ਮਿਲਦਾ, ਆਮ ਲੋਕਾਂ ਵਿਚੋਂ ਉੱਠੇ ਤੇ ਕੁਰਬਾਨੀਆਂ ਕਰ ਕੇ ਹੀਰੋ ਹੋਣ ਦੇ ਹੱਕਦਾਰ ਬਣੇ ਸਾਰੇ ਲੋਕਾਂ ਦਾ ਜ਼ਿਕਰ ਵੀ ਪੂਰਾ ਨਹੀਂ ਮਿਲਦਾ, ਕੁਝ ਲੋਕਾਂ ਦਾ ਬਹੁਤ ਜ਼ਿਕਰ ਹੈ ਤੇ ਕੁਝ ਅਣਗੌਲੇ ਕਰ ਦਿੱਤੇ ਗਏ ਹਨ। ਆਜ਼ਾਦੀ ਮਿਲਣ ਮਗਰੋਂ ਵੀ ਆਮ ਬੰਦੇ ਦਾ ਜ਼ਿਕਰ ਕਦੇ-ਕਦਾਈਂ ਸਿਆਸੀ ਲੋੜ ਲਈ ਸਟੇਜਾਂ ਤੋਂ ਕੂਕਦੇ ਲੀਡਰਾਂ ਦੇ ਮੂੰਹੋਂ ਸੁਣਿਆ ਜਾਂਦਾ ਹੈ, ਅੱਗੋਂ-ਪਿੱਛੋਂ ਆਮ ਬੰਦੇ ਦੀ ਕੋਈ ਪੁੱਛ ਨਹੀਂ ਹੁੰਦੀ।

ਇਸ ਵੇਲੇ ਜਦੋਂ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਲਈ ਚੱਕਾ ਰਿੜ੍ਹ ਚੁੱਕਾ ਹੈ, ਉਸ ਵਕਤ ਫਿਰ ਓਸੇ ਆਮ ਬੰਦੇ ਦਾ ਜ਼ਿਕਰ ਲਗਭਗ ਹਰ ਸਟੇਜ ਤੋਂ ਹੋਣ ਲੱਗਾ ਹੈ। ਇਸ ਨਾਲ ਆਮ ਬੰਦਾ ਖੁਸ਼ ਹੈ ਕਿ ਉਸ ਦਾ ਜ਼ਿਕਰ ਕੀਤਾ ਜਾਣ ਲੱਗ ਪਿਆ ਹੈ, ਪਰ ਇਹ ਜ਼ਿਕਰ ਵੋਟਾਂ ਪੈਣ ਵਾਲੇ ਦਿਨ ਤਕ ਹੋਵੇਗਾ, ਉਸ ਮਗਰੋਂ ਜਿਨ੍ਹਾਂ ਨੂੰ ਵਜ਼ੀਰੀ ਮਿਲ ਗਈ, ਉਹ ਫਿਰ ਆਮ ਬੰਦੇ ਨੂੰ ਭੁੱਲ ਜਾਣਗੇ ਅਤੇ ਦੂਸਰੇ ਲੀਡਰ ਉਸ ਦਾ ਜ਼ਿਕਰ ਰਾਜ ਕਰਦੀ ਧਿਰ ਨੂੰ ਮਿਹਣੇ ਦੇਣ ਦਾ ਮੁੱਦਾ ਬਣਾ ਕੇ ਕਰਿਆ ਕਰਨਗੇ, ਉਂਜ ਇਸ ਦੀ ਲੋੜ ਨਹੀਂ ਰਹਿਣੀ। ਸਰਕਾਰ ਕਿਸੇ ਧਿਰ ਦੀ ਵੀ ਹੋਵੇ, ਉਸ ਦੀ ਪਹਿਲ ਦਾ ਏਜੰਡਾ ਚੋਣਾਂ ਤੋਂ ਬਾਅਦ ਬਦਲ ਜਾਂਦਾ ਹੈ। ਮੰਤਰੀਆਂ ਲਈ ਆਮ ਤੌਰ ਉੱਤੇ ਪਹਿਲਾ ਏਜੰਡਾ ਵੱਡੀ ਵਜ਼ੀਰੀ ਲੈਣ ਲਈ ਜੁਗਾੜ ਕਰਨਾ ਤੇ ਉਸ ਮਗਰੋਂ ਪਿਛਲੀ ਚੋਣ ਦਾ ਖਰਚਾ ਪੂਰਾ ਕਰਨ ਤੋਂ ਲੈ ਕੇ ਅਗਲੀ ਚੋਣ ਲਈ ਮਾਇਆ ਜੋੜਨ ਦਾ ਬਣ ਜਾਂਦਾ ਹੈ। ਜਿਹੜੇ ਆਮ ਲੋਕਾਂ ਦੇ ਗੋਡੀਂ ਹੱਥ ਲਾ ਕੇ ਉਨ੍ਹਾਂ ਨੇ ਵੋਟਾਂ ਮੰਗੀਆਂ ਹੁੰਦੀਆਂ ਹਨ, ਉਨ੍ਹਾਂ ਦੀ ਸ਼ਕਲ ਵੇਖਣਾ ਵੀ ਮੰਤਰੀਆਂ ਨੂੰ ਪਸੰਦ ਨਹੀਂ ਹੁੰਦਾ ਤੇ ਰਾਜਿਆਂ ਵਰਗੇ ਠਾਠ ਵਿਚ ਇਹ ਗੱਲ ਚੇਤੇ ਨਹੀਂ ਰਹਿੰਦੀ ਕਿ ਅਗਲੀ ਵਾਰੀ ਫਿਰ ਇਨ੍ਹਾਂ ਲੋਕਾਂ ਕੋਲ ਤਰਲਾ ਮਾਰਨ ਜਾਣਾ ਪੈਣਾ ਹੈ। ਜੇ ਕਦੇ ਯਾਦ ਆਉਂਦੀ ਹੈ ਤਾਂ ਇਹ ਸੋਚਦੇ ਹਨ ਕਿ ਜਿੱਦਾਂ ਦੇ ਹਾਲਾਤ ਉਸ ਵਕਤ ਹੋਣਗੇ, ਉਹ ਉਸ ਵਕਤ ਵੇਖੇ ਜਾਣਗੇ, ਪਹਿਲਾਂ ਚਿੰਤਾ ਕਰ-ਕਰ ਮੂਡ ਖਰਾਬ ਕਰਨ ਦੀ ਲੋੜ ਨਹੀਂ। ਅਗਲੀਆਂ ਚੋਣਾਂ ਦਾ ਵੇਲਾ ਆਏ ਤੋਂ ਉਹੀ ਆਗੂ ਹਰ ਤਰ੍ਹਾਂ ਦਾ ਜੁਗਾੜ ਫਿਰ ਕਰਨ ਲੱਗਦੇ ਹਨ।

ਆਮ ਬੰਦਾ ਫਿਰ ਓਥੇ ਦਾ ਓਥੇ ਖੜ੍ਹਾ ਹੈ, ਤੇ ਸ਼ਾਇਦ ਉਹ ਇਸ ਵਾਰ ਦੀਆਂ ਚੋਣਾਂ ਪਿੱਛੋਂ ਵੀ ਓਥੇ ਹੀ ਖੜ੍ਹਾ ਰਹੇਗਾ, ਕਿਉਂਕਿ ਉਸ ਦੀ ਹਾਲਤ ਸੁਧਰਨ ਦਾ ਕੋਈ ਸੰਕੇਤ ਨਹੀਂ ਮਿਲਦਾ। ਉਸ ਨੂੰ ਵਾਅਦੇ ਪਰੋਸੇ ਜਾਣ ਲੱਗ ਪਏ ਹਨ ਤੇ ਉਹ ਵਾਅਦਿਆਂ ਦੀ ਲੰਮੀ ਸੂਚੀ ਪੜ੍ਹੀ ਜਾਂਦਾ ਹੈ। ਬੀਤੇ ਸਮਿਆਂ ਵਿਚ ਕਿਸ ਪਾਰਟੀ ਨੇ ਕੀ ਵਾਅਦੇ ਪਰੋਸੇ ਸਨ ਤੇ ਉਨ੍ਹਾਂ ਵਿੱਚੋਂ ਲਾਗੂ ਕਿੰਨੇ ਕੀਤੇ ਹਨ, ਏਨਾ ਲੰਮਾ ਸੋਚਣਾ ਆਮ ਬੰਦੇ ਦੇ ਵੱਸ ਦੀ ਗੱਲ ਕਦੇ ਨਹੀਂ ਹੁੰਦੀ ਤੇ ਇਹ ਆਸ ਅਸੀਂ ਆਮ ਬੰਦੇ ਤੋਂ ਕਰ ਵੀ ਨਹੀਂ ਸਕਦੇ, ਕਿਉਂਕਿ ਆਮ ਬੰਦਾ ਡੰਗੋ-ਡੰਗ ਰੋਟੀ ਦੀ ਚਿੰਤਾ ਤੋਂ ਮੁਕਤ ਨਹੀਂ ਹੁੰਦਾ ਤਾਂ ਪਿਛਲੇ ਵਾਅਦੇ ਯਾਦ ਕਰਨ ਜਾਂ ਅਗਲੇ ਸੁਫਨੇ ਦਾ ਕੱਚ-ਪੱਕ ਪਰਖਣ ਜੋਗੀ ਵਿਹਲ ਨਹੀਂ ਹੋ ਸਕਦੀ। ਜਦੋਂ ਤਕ ਆਮ ਬੰਦਾ ਅਗਲੇ ਡੰਗ ਦੀ ਰੋਟੀ ਦੀ ਚਿੰਤਾ ਤੋਂ ਮੁਕਤ ਨਹੀਂ ਹੁੰਦਾ, ਉਹ ਹੋਰ ਸਭ ਗੱਲਾਂ ਬਾਰੇ ਸੋਚ ਹੀ ਨਹੀਂ ਸਕਦਾ ਅਤੇ ਸਿਆਸੀ ਪਾਰਟੀਆਂ ਵਿਚੋਂ ਬਹੁਤੀਆਂ ਦੀ ਕੋਸ਼ਿਸ਼ ਇਹੋ ਰਹੀ ਹੈ ਕਿ ਉਹ ਏਦਾਂ ਦੀ ਚਿੰਤਾ ਤੋਂ ਮੁਕਤ ਨਾ ਹੋ ਸਕੇ ਅਤੇ ਸਾਡੇ ਹੱਥਾਂ ਵੱਲ ਵੇਖਦਾ ਅਤੇ ਹਰ ਚੋਣ ਮੌਕੇ ਕੁਝ ਨਾ ਕੁਝ ਗੱਫੇ ਦੇਣ ਦੀਆਂ ਗਾਰੰਟੀਆਂ ਦੀ ਝਾਕ ਹੀ ਰੱਖਦਾ ਰਹੇ। ਜਿਹੜਾ ਕੰਮ ਉਸ ਨੂੰ ਰੋਟੀ ਦੇ ਫਿਕਰ ਤੋਂ ਮੁਕਤ ਕਰ ਸਕਦਾ ਹੈ, ਉਸ ਦਾ ਆਧਾਰ ਏਥੇ ਹੋਣ ਦੇ ਬਾਵਜੂਦ ਕੋਈ ਨਹੀਂ ਬੋਲਦਾ।

ਪੰਜਾਬ ਵਿਚ ਕਿਸਾਨ ਦੀ ਮਿਹਨਤ ਨਾਲ ਪੈਦਾ ਕੀਤੀ ਜਾਂਦੀ ਫਸਲ ਦੀ ਘਾਟ ਨਹੀਂ, ਬਹੁਤਾਤ ਹੈ ਅਤੇ ਏਸੇ ਲਈ ਇਸ ਦੀ ਬੇਕਦਰੀ ਹੋ ਰਹੀ ਹੈ। ਪੰਜਾਬ ਦੀ ਕਿਸੇ ਵੀ ਪਾਰਟੀ ਨੇ ਅੱਜ ਤਕ ਇਹ ਨਹੀਂ ਕਿਹਾ ਕਿ ਅਸੀਂ ਕਿਸਾਨ ਨੂੰ ਕਣਕ ਵੇਚਣ ਦੀ ਮਜਬੂਰੀ ਤੋਂ ਛੁਡਾ ਕੇ ਇਸੇ ਕਣਕ ਦਾ ਆਟਾ ਬਣਾ ਕੇ ਸਾਰੇ ਭਾਰਤ ਨੂੰ ਨਹੀਂ, ਸੰਸਾਰ ਨੂੰ ਵੇਚਣਾ ਸ਼ੁਰੂ ਕਰਾਂਗੇ। ਇਹ ਕੰਮ ਕੋਈ ਔਖਾ ਨਹੀਂ। ਵੇਰਕਾ ਮਿਲਕ ਪਲਾਂਟ ਪੰਜਾਬ ਦੇ ਲੋਕਾਂ ਤੋਂ ਮੱਝਾਂ-ਗਾਵਾਂ ਦਾ ਦੁੱਧ ਲੈ ਕੇ ਉਸ ਤੋਂ ਕਈ ਚੀਜ਼ਾਂ ਬਣਾਉਂਦਾ ਅਤੇ ਸਾਰੇ ਸੰਸਾਰ ਨੂੰ ਵੇਚਦਾ ਹੈ, ਜਿਨ੍ਹਾਂ ਵਿਚ ਲੰਮਾ ਸਮਾਂ ਖਰਾਬ ਨਾ ਹੋਣ ਵਾਲਾ ਡੱਬਾ-ਬੰਦ ਦੁੱਧ ਵੀ ਹੈ, ਲੱਸੀ ਵੀ ਵਿਦੇਸ਼ ਪੱਛਮੀ ਦੇਸ਼ਾਂ ਵੱਲ ਭੇਜੀ ਜਾਂਦੀ ਹੈ, ਘਿਓ ਵੀ, ਵਿਦੇਸ਼ੀ ਲੋਕਾਂ ਦੀ ਪਸੰਦ ਦਾ ਪਨੀਰ (ਚੀਜ਼) ਵੀ ਅਤੇ ਫਲੇਵਰਡ ਮਿਲਕ ਵੀ ਭੇਜਦਾ ਹੈ। ਪੰਜਾਬ ਸਰਕਾਰ ਦੇ ਕੰਟਰੋਲ ਹੇਠਲਾ ਏਸੇ ਤਰ੍ਹਾਂ ਦਾ ਇੱਕ ਕੋਆਪਰੇਟਿਵ ਅਦਾਰਾ ਮਾਰਕਫੈੱਡ ਡੱਬਾ-ਬੰਦ ਬਣਿਆ-ਬਣਾਇਆ ਸਰ੍ਹੋਂ ਦਾ ਸਾਗ, ਦਾਲਾਂ, ਅੰਮ੍ਰਿਤਸਰੀ ਛੋਲੇ, ਆਲੂ-ਵੜੀਆਂ ਅਤੇ ਹੋਰ ਕਈ ਚੀਜ਼ਾਂ ਦੁਨੀਆ ਭਰ ਨੂੰ ਵੇਚਦਾ ਹੈ। ਬਹੁਤੇ ਲੋਕਾਂ ਨੂੰ ਇਹ ਗੱਲ ਪਤਾ ਨਹੀਂ ਕਿ ਸੰਸਾਰ ਮਾਰਕੀਟ ਨੂੰ ਸ਼ਹਿਦ ਭੇਜਣ ਲਈ ਇੱਕ ਵਾਰੀ ਭਾਰਤ ਦੀਆਂ ਚੌਦਾਂ ਕੰਪਨੀਆਂ ਨੇ ਅਪਲਾਈ ਕੀਤਾ ਸੀ ਤਾਂ ਤੇਰਾਂ ਕੰਪਨੀਆਂ ਦਾ ਸ਼ਹਿਦ ਫੇਲ੍ਹ ਹੋ ਗਿਆ ਸੀ, ਜਿਨ੍ਹਾਂ ਵਿਚ ਇਕ ਯੋਗੀ ਦੀ ਕੰਪਨੀ ਵੀ ਸ਼ਾਮਲ ਸੀ, ਸਿਰਫ ਤਿੰਨ ਕੰਪਨੀਆਂ ਪਾਸ ਹੋਈਆਂ ਸਨ ਤੇ ਇਨ੍ਹਾਂ ਤਿੰਨਾਂ ਵਿਚੋਂ ਇੱਕ ਪੰਜਾਬ ਦਾ ਮਾਰਕਫੈੱਡ ਸੀ, ਜਿਸ ਦਾ ਭੇਜਿਆ ਸ਼ਹਿਦ ਅੱਜ ਸੰਸਾਰ ਵਿਚ ਵਿਕਦਾ ਪਿਆ ਹੈ। ਇਹੋ ਅਦਾਰਾ ਸੰਸਾਰ ਭਰ ਵਿਚ ਬਾਸਮਤੀ ਚੌਲ ਤੇ ਹੋਰ ਕਈ ਏਦਾਂ ਦੀਆਂ ਲੰਮਾ ਸਮਾਂ ਸੰਭਾਲੀਆਂ ਜਾ ਸਕਣ ਵਾਲੀਆਂ ਚੀਜ਼ਾਂ ਭੇਜਦਾ ਅਤੇ ਦੇਸ਼ ਦਾ ਨਾਂਅ ਉੱਚਾ ਕਰਦਾ ਹੈ। ਏਦਾਂ ਦੇ ਅਦਾਰੇ ਪੰਜਾਬ ਦੇ ਕਿਸਾਨਾਂ ਦੀ ਕਣਕ, ਮੱਕੀ ਤੇ ਹੋਰ ਫਸਲਾਂ ਤੋਂ ਬਣਾਇਆ ਸਾਮਾਨ ਸਾਰੀ ਦੁਨੀਆ ਨੂੰ ਭੇਜ ਕੇ ਦੇਸ਼ ਲਈ ਵਿਦੇਸ਼ੀ ਸਿੱਕਾ ਕਮਾ ਸਕਦੇ ਅਤੇ ਆਪਣੇ ਕਿਸਾਨਾਂ ਨੂੰ ਫਸਲ ਦੀ ਬੇਕਦਰੀ ਦੇ ਦੁੱਖ ਤੋਂ ਬਚਾ ਸਕਦੇ ਹਨ। ਪੰਜਾਬ ਦੀ ਇੱਕ ਵੀ ਪਾਰਟੀ ਨੇ ਆਪਣੇ ਏਜੰਡੇ ਵਿਚ ਅਜਿਹੇ ਮੁੱਦੇ ਕਦੇ ਸ਼ਾਮਲ ਨਹੀਂ ਕੀਤੇ ਤੇ ਥੋੜ੍ਹ-ਚਿਰੇ ਮੁੱਦੇ ਉਠਾ ਕੇ ਜਾਂ ਲੋਕਾਂ ਨੂੰ ਹਰ ਵਾਰੀ ਕੁਝ ਹੋਰ ਛੋਟਾਂ ਦੇਣ ਦੇ ਲਾਰੇ ਲਾਉਣ ਵਾਲੇ ਮੈਨੀਫੈਸਟੋ ਪੇਸ਼ ਕਰਨ ਨਾਲ ਬੁੱਤਾ ਸਾਰਿਆ ਜਾਂਦਾ ਹੈ। ਇਹੀ ਬਦਕਿਸਮਤੀ ਹੈ ਕਿ ਪੰਜਾਬ ਦੀ ਸਿਆਸਤ ਲੀਹ ਤੋਂ ਲੱਥੀ ਹੋਈ ਹੈ।

ਅੱਜ ਜਦੋਂ ਇਕ ਵਾਰ ਫਿਰ ਪੰਜਾਬ ਦੇ ਲੋਕਾਂ ਕੋਲ ਅਗਲੇ ਪੰਜ ਸਾਲਾਂ ਦੇ ਹਾਕਮ ਚੁਣਨ ਦਾ ਮੌਕਾ ਹੈ ਤਾਂ ਉਨ੍ਹਾਂ ਦਾ ਫਰਜ਼ ਹੈ ਕਿ ਉਹ ਇਨ੍ਹਾਂ ਸਿਆਸੀ ਆਗੂਆਂ ਨੂੰ ਇਹ ਸਵਾਲ ਕਰਨ ਕਿ ਤੁਸੀਂ ਸਾਨੂੰ ਛੋਟਾਂ ਦੇਣ ਦੇ ਲਾਰੇ ਲਾਉਂਦੇ ਤੇ ਸਾਨੂੰ ਮੰਗਤੇ ਬਣਾਈ ਜਾਂਦੇ ਹੋ, ਰੋਟੀ ਦਾ ਮਸਲਾ ਪੱਕਾ ਹੱਲ ਕਿਉਂ ਨਹੀਂ ਕਰਦੇ? ਕੱਚਾ ਮਾਲ ਸਾਡੇ ਖੇਤਾਂ ਵਿਚ ਵਾਧੂ ਪੈਦਾ ਹੁੰਦਾ ਹੈ, ਮਿਹਨਤ ਕਰਨ ਲਈ ਪੰਜਾਬੀਆਂ ਨੂੰ ਉਹ ਮੌਕਾ ਨਹੀਂ ਮਿਲ ਰਿਹਾ, ਜਿਹੜਾ ਉਨ੍ਹਾਂ ਦੀ ਰੋਟੀ ਦਾ ਜੁਗਾੜ ਉਨ੍ਹਾਂ ਦੇ ਘਰ ਵਿਚ ਪੇਸ਼ ਕਰ ਸਕੇ, ਤੁਸੀਂ ਅਜਿਹਾ ਕੰਮ ਕਰਨ ਦਾ ਵਾਅਦਾ ਕਿਉਂ ਨਹੀਂ ਕਰਦੇ? ਪੰਜਾਬ ਦੇ ਲੋਕਾਂ ਨੂੰ ਇਹ ਸਵਾਲ ਆਪਣੇ ਕੋਲ ਵੋਟਾਂ ਦਾ ਤਰਲਾ ਮਾਰਨ ਆਏ ਹਰ ਨੇਤਾ ਅੱਗੇ ਰੱਖਣਾ ਚਾਹੀਦਾ ਹੈ, ਪਰ ਮੁਸ਼ਕਲ ਇਹ ਹੈ ਕਿ ਆਮ ਬੰਦਾ ਅਜੋਕੇ ਹਾਲਾਤ ਵਿਚ ਏਨਾ ਤ੍ਰਹਿਕਿਆ ਹੋਇਆ ਹੈ ਕਿ ਇੱਕ ਜਣਾ ਕੋਈ ਗੱਲ ਪੁੱਛਣ ਲੱਗਦਾ ਹੈ ਤਾਂ ਗਿਆਰਾਂ ਜਣੇ ਉਸ ਨੂੰ ਰੋਕਣ ਲੱਗਦੇ ਹਨ ਕਿ ਐਵੇਂ ਦੁਸ਼ਮਣੀ ਪਾ ਬੈਠੇਂਗਾ। ਲੋਕਾਂ ਦੇ ਚੁਣੇ ਹੋਏ ਆਗੂ ਜਦੋਂ ਆਮ ਲੋਕਾਂ ਲਈ ਏਨੇ ਡਰਾਉਣੇ ਹੋ ਜਾਣ ਕਿ ਉਨ੍ਹਾਂ ਤੋਂ ਸਵਾਲ ਪੁੱਛਣਾ ਦੁਸ਼ਮਣੀ ਪਾਉਣ ਵਰਗਾ ਸਮਝਿਆ ਜਾਂਦਾ ਹੈ ਤਾਂ ਇਹ ਲੋਕਤੰਤਰ ਨਹੀਂ ਕਿਹਾ ਜਾ ਸਕਦਾ। ਲੋਕਤੰਤਰ ਨੂੰ ਅਸਲੀ ਲੋਕਤੰਤਰ ਬਣਾਉਣ ਲਈ ਲੋਕਾਂ ਨੂੰ ਬੋਲਣਾ ਪਵੇਗਾ। ਉਨ੍ਹਾਂ ਦੀ ਚੁੱਪ ਨੇ ਪਿਛਲੇ ਚੁਹੱਤਰ ਸਾਲਾਂ ਵਿਚ ਆਮ ਬੰਦੇ ਦੇ ਪੱਲੇ ਕੁਝ ਖਾਸ ਨਹੀਂ ਪਾਇਆ ਅਤੇ ਜੇ ਉਹ ਅੱਜ ਵੀ ਚੁੱਪ ਕੀਤੇ ਰਹਿ ਗਏ ਤਾਂ ਜਿਨ੍ਹਾਂ ਨੇ ਚੁਹੱਤਰ ਸਾਲ ਮੂਰਖ ਬਣਾਇਆ ਹੈ, ਉਹ ਅੱਗੋਂ ਵੀ ਆਮ ਬੰਦੇ ਦੇ ਭਲੇ ਬਾਰੇ ਕਦੇ ਨਹੀਂ ਸੋਚਣਗੇ।

# ਪੰਜਾਬ ਦੀ ਸਿਆਸਤ ਅਤੇ ਕੁਝ ਜ਼ਰੂਰੀ ਨੁਕਤੇ

ਕਾਰਲ ਮਾਰਕਸ ਦਾ ਕਹਿਣਾ ਹੈ, 'ਫਿਊਰਬਾਖ ਦੀ ਫਿਲਾਸਫੀ ਦੀ ਵਿਆਖਿਆ ਮੈਨੂੰ ਸਿਰਫ ਇਕ ਪੱਖ ਤੋਂ ਗਲਤ ਜਾਪਦੀ ਹੈ ਕਿ ਉਹ ਕੁਦਰਤ ਦਾ ਜ਼ਿਆਦਾ ਪਰ ਸਿਆਸਤ ਦਾ ਜ਼ਿਕਰ ਬਹੁਤ ਘੱਟ ਕਰਦਾ ਹੈ ਜਦੋਂਕਿ ਕੁਦਰਤ ਅਤੇ ਰਾਜਨੀਤੀ ਦੀ ਸਿਰਫ ਸਾਂਝ ਹੀ ਅਜੋਕੀ ਫਿਲਾਸਫੀ ਨੂੰ ਅਮਲ ਵਿਚ ਢਾਲ ਸਕਦੀ ਹੈ।'

ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ॥ (ਗੁਰੂ ਗ੍ਰੰਥ ਸਾਹਿਬ, ਪੰਨਾ 1054)



ਗੁਰਬਚਨ ਸਿੰਘ
ਫੋਨ: +91-98156-98451

ਗੁਰਮਤਿ ਅਨੁਸਾਰ ਕੁਦਰਤੀ ਨੇਮਾਂ ਵਿਚ ਜੰਮਿਆ ਬੰਦਾ, ਕੁਦਰਤੀ ਨੇਮਾਂ ਵਿਚ ਰਹਿ ਕੇ ਹੀ ਸਾਰੀ ਜ਼ਿੰਦਗੀ ਜਿਊਂਦਾ ਹੈ; ਇਥੋਂ ਤਕ ਕਿ ਉਹ ਆਪਣਾ ਹਰ ਸਾਹ ਵੀ ਕੁਦਰਤੀ ਨੇਮਾਂ ਅਨੁਸਾਰ ਹੀ ਲੈਂਦਾ ਹੈ।

ਇਸ ਵੇਲੇ ਸੰਸਾਰ ਸਾਮਰਾਜੀ ਰਾਜ ਪ੍ਰਬੰਧ ਦੀ ਮੁਢਲੀ ਟੱਕਰ ਕੁਦਰਤ ਨਾਲ ਹੈ। ਕੁਦਰਤ ਮਨੁੱਖੀ ਸਮਾਜ ਨੂੰ ਆਪਣੇ ਨੇਮਾਂ (ਹੁਕਮੁ) ਅਨੁਸਾਰ ਚਲਾਉਣਾ ਚਾਹੁੰਦੀ ਹੈ, ਜਦੋਂ ਕਿ ਸਾਮਰਾਜੀ ਰਾਜ ਪ੍ਰਬੰਧ ਸਰਬ ਸ਼ਕਤੀਮਾਨ ਕੁਦਰਤ ਨੂੰ ਪੂੰਜੀ ਤੇ ਮੁਨਾਫੇ ਦੀ ਹਵਸ ਅਨੁਸਾਰ ਢਾਲਣਾ ਚਾਹੁੰਦਾ ਹੈ। ਆਪਣੀ ਜਨਮਦਾਤੀ ਕੁਦਰਤ ਨਾਲ ਦੁਸ਼ਮਣੀ ਪਾਲ ਰਹੇ ਇਸ ਰਾਜ ਪ੍ਰਬੰਧ ਦੀ ਤਬਾਹੀ ਅਟਲ ਹੈ।

ਵਾਤਾਵਰਨ ਦੀ ਹੋ ਰਹੀ ਤਬਾਹੀ ਅਤੇ ਫੈਲ ਰਹੀਆਂ ਭਿਆਨਕ ਬਿਮਾਰੀਆਂ ਦੇ ਰੂਪ ਵਿਚ ਕੁਦਰਤ ਵਾਰ-ਵਾਰ ਮਨੁੱਖ ਜਾਤੀ ਨੂੰ ਚੇਤਾਵਨੀ ਦੇ ਰਹੀ ਹੈ ਕਿ ਜਾਂ ਤਾਂ ਮੇਰੇ ਨੇਮਾਂ ਅਨੁਸਾਰ ਚੱਲ, ਤੇ ਜਾਂ ਫਿਰ ਵੱਡੀ ਭਾਰੀ ਤਬਾਹੀ ਲਈ ਤਿਆਰ ਹੋ। ਇਸ ਤਬਾਹੀ ਦੀਆਂ ਝਲਕਾਂ ਕਦੇ ਭਿਆਨਕ ਤੂਫਾਨਾਂ, ਕਦੇ ਬੇਮੌਸਮੀ ਮੀਂਹ, ਕਦੇ ਜੰਗਲਾਂ ਨੂੰ ਲੱਗੀ ਭਿਆਨਕ ਅੱਗ ਅਤੇ ਕਦੇ ਕਰੋਨਾ ਵਾਇਰਸ ਵਰਗੀ ਫੈਲ ਰਹੀ ਭਿਆਨਕ ਮਹਾਮਾਰੀ ਦੇ ਰੂਪ ਵਿਚ ਪ੍ਰਗਟ ਹੋ ਰਹੀਆਂ ਹਨ। ਦੁਨੀਆ ਭਰ ਵਿਚ ਹਵਾ, ਪਾਣੀ, ਮਿੱਟੀ ਤੇ ਮਨੁੱਖੀ ਖੁਰਾਕ ਦੇ ਜ਼ਹਿਰੀ ਹੋਣ ਅਤੇ ਮਨੁੱਖ ਦੇ ਮਨੋਰੋਗੀ ਬਣਨ ਦਾ ਇਹੀ ਕਾਰਨ ਹੈ। ਮਨੁੱਖੀ ਜ਼ਿੰਦਗੀ ਵਿਚ ਆ ਰਹੇ ਸਾਰੇ ਦੁੱਖਾਂ-ਕਲੇਸ਼ਾਂ ਨੂੰ ਇਹੀ ਟੱਕਰ ਜਨਮ ਦੇ ਰਹੀ ਹੈ।

ਦੂਜਾ ਮੁਖ ਟਕਰਾਅ ਨਿਘਰ ਰਹੇ ਅਮਰੀਕੀ ਸਾਮਰਾਜ ਅਤੇ ਚੜ੍ਹਤ ਵਿਚ ਆ ਰਹੇ ਚੀਨੀ ਸਮਾਜੀ ਸਾਮਰਾਜ ਵਿਚਕਾਰ ਹੈ। ਇਹ ਟਕਰਾਅ ਵੀ ਦੁਨੀਆ ਭਰ ਦੇ ਬਾਕੀ ਸਾਰੇ ਟਕਰਾਵਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਹੀ ਟਕਰਾਅ ਅੱਜ ਭਾਰਤ-ਚੀਨ ਸੰਬੰਧਾਂ ਨੂੰ ਦਿਸ਼ਾ ਦੇ ਰਿਹਾ ਹੈ।

ਤੀਜਾ ਟਕਰਾਅ ਸਾਮਰਾਜੀ ਖਪਤਕਾਰੀ ਸਭਿਆਚਾਰ ਅਤੇ ਇਸਲਾਮ ਵਿਚਕਾਰ ਹੈ। ਸਾਮਰਾਜੀ ਖਪਤਕਾਰੀ ਸਭਿਆਚਾਰ ਦਾ ਵਿਰੋਧ ਭਾਵੇਂ ਸਾਰੇ ਧਰਮਾਂ ਨਾਲ ਹੈ ਪਰ ਮੌਜੂਦਾ ਦੌਰ ਵਿਚ ਇਸਲਾਮ ਇਸ ਟੱਕਰ ਵਿਚ ਮੁਖ ਰੋਲ ਨਿਭਾਅ ਰਿਹਾ ਹੈ।

ਚੌਥਾ ਟਕਰਾਅ ਸਾਮਰਾਜੀ ਪੂੰਜੀ ਅਤੇ ਕਿਰਤ ਵਿਚਕਾਰ ਹੈ। ਪੂੰਜੀ ਵਧ ਤੋਂ ਵਧ ਮੁਨਾਫਾ ਹੜੱਪਣਾ ਚਾਹੁੰਦੀ ਹੈ, ਜਦੋਂ ਕਿ ਕਿਰਤ, ਕਿਰਤੀ ਜਮਾਤ ਦੇ ਰੂਪ ਵਿਚ ਆਪਣੇ ਆਪ ਨੂੰ ਜਿਊਂਦੇ ਰੱਖਣ ਲਈ ਇਸ ਮੁਨਾਫੇ ਵਿਚੋਂ ਕੁਝ ਹਿਸਾ ਖੋਹਣ ਲਈ ਪੂਰਾ ਟਿੱਲ ਲਾ ਰਹੀ ਹੈ। ਅੱਡ-ਅੱਡ ਕੌਮੀ ਘੇਰਿਆਂ ਵਿਚ ਬੱਝੇ ਸਾਮਰਾਜੀ ਗੁੱਟ ਆਪਣੀ ਹੋਂਦ ਬਚਾਉਣ ਅਤੇ ਆਪਸੀ ਮੁਕਾਬਲੇ ਵਿਚ ਹੋਰ ਪਸਾਰੇ ਲਈ ਅਰਬਾਂ ਲੋਕਾਂ ਦੀ ਗਰੀਬੀ ਦੀ ਕੀਮਤ ਉਤੇ ਖਰਬਾਂ ਰੁਪਏ ਖਤਰਨਾਕ ਹਥਿਆਰਾਂ ਉਤੇ ਖਰਚ ਕਰ ਰਹੇ ਹਨ। ਅੱਜ ਮਨੁੱਖਤਾ ਤੀਜੀ ਸੰਸਾਰ ਸਾਮਰਾਜੀ ਜੰਗ ਦੇ ਕੰਢੇ ਉਤੇ ਖੜ੍ਹੀ ਹੈ।

ਦੁਨੀਆ ਭਰ ਵਿਚ ਮੌਜੂਦਾ ਲਿਬਰਲ (ਅਖੌਤੀ ਜਮਹੂਰੀ) ਰਾਜ ਬਹੁਗਿਣਤੀ ਲੋਕਾਂ ਦੀ ਨਫਰਤ ਦਾ ਪਾਤਰ ਬਣੇ ਹੋਏ ਹਨ। ਇਸੇ ਕਰ ਕੇ ਰਾਜਸੀ ਆਗੂਆਂ ਦੀ ਸਾਖ ਮਿੱਟੀ ਵਿਚ ਮਿਲੀ ਹੋਈ ਹੈ। ਅੱਜ ਦੁਨੀਆ ਭਰ ਦੀਆਂ ਸਮਸਿਆਵਾਂ ਦੀ ਜੜ੍ਹ ਮਲਿਕ ਭਾਗੋਆਂ ਦੇ ਰੂਪ ਵਿਚ ਛੋਟੀ ਜਿਹੀ ਗਿਣਤੀ ਦੇ ਸਾਮਰਾਜੀਆਂ ਵਲੋਂ ਸੰਸਾਰ ਭਰ ਦੇ ਪੈਦਾਵਾਰੀ ਅਤੇ ਕੁਦਰਤੀ ਸਾਧਨਾਂ ਉਤੇ ਧੱਕੇ ਨਾਲ ਕੀਤਾ ਕਬਜ਼ਾ ਹੈ। ਇਕ ਪਾਸੇ ਇਕ ਫੀਸਦੀ ਮਲਿਕ ਭਾਗੋ ਹਨ ਅਤੇ ਦੂਜੇ ਪਾਸੇ 99 ਫੀਸਦੀ ਭਾਈ ਲਾਲੋ ਹਨ। ਇਸ ਨਾਜਾਇਜ਼ ਤੇ ਗੈਰ-ਕੁਦਰਤੀ ਕਬਜ਼ੇ ਨੇ ਕੁਲ



ਆਲਮੀ ਸਮਾਜਾਂ ਵਿਚ ਉਥਲ ਪੁਥਲ ਮਚਾ ਰਖੀ ਹੈ। ਦੁਨੀਆ ਭਰ ਦੇ ਮਨੁੱਖੀ ਸਮਾਜ ਅਜੀਬ ਕਿਸਮ ਦੇ ਡਰ ਅਤੇ ਅਸੁਰੱਖਿਆ ਦੇ ਅਣਕਿਆਸੇ ਮਾਹੌਲ ਵਿਚੋਂ ਗੁਜ਼ਰ ਰਹੇ ਹਨ।

ਇਹ ਸੰਤਾਪ ਹੰਢਾ ਰਹੇ ਬਹੁਗਿਣਤੀ ਲੋਕ ਨਾ ਸਿਰਫ ਸਰੀਰਕ ਤੌਰ 'ਤੇ ਸਗੋਂ ਮਾਨਸਿਕ ਤੌਰ 'ਤੇ ਵੀ ਰੋਗੀ ਬਣ ਰਹੇ ਹਨ। ਇਸ ਦਾ ਖਮਿਆਜ਼ਾ ਹਰ ਮਨੁਖ ਇਕਲਾਪੇ ਦੇ ਰੂਪ ਵਿਚ ਹੰਢਾ ਰਿਹਾ ਹੈ। ਮਲਿਕ ਭਾਗੋਆਂ ਦੇ ਇਸ ਸਾਮਰਾਜੀ ਪ੍ਰਬੰਧ ਨੇ ਕਦੇ ਨਾ ਸੁਣੀ ਦੇਖੀ ਆਰਥਿਕ ਨਾ-ਬਰਾਬਰੀ ਨੂੰ ਜਨਮ ਦਿਤਾ ਹੈ। ਇਕ ਪਾਸੇ ਅਰਬਾਂ ਲੋਕ ਭੁਖਮਰੀ ਤੇ ਗਰੀਬੀ ਦਾ ਸ਼ਿਕਾਰ ਹਨ, ਦੂਜੇ ਪਾਸੇ ਅੰਬਾਨੀ-ਅਡਾਨੀ ਵਰਗੇ ਚੰਦ ਲੋਕਾਂ ਕੋਲ ਖਰਬਾਂ ਰੁਪਏ ਦੀ ਦੌਲਤ ਜਮ੍ਹਾਂ ਹੋ ਗਈ ਹੈ। ਅੰਨ੍ਹੇ ਬੋਲੇ ਹੱਥਾਂ ਵਿਚ ਆਈ ਇਸ ਬੇਹਿਸਾਬੀ ਦੌਲਤ ਨੇ ਸਮੁੱਚੇ ਮਨੁੱਖੀ, ਸਮਾਜੀ, ਪਰਿਵਾਰਕ ਤੇ ਆਰਥਿਕ ਰਿਸ਼ਤਿਆਂ ਵਿਚ ਹਲਚਲ ਮਚਾ ਦਿਤੀ ਹੈ।

ਇਸ ਵਿਕਾਸ ਮਾਡਲ ਕਾਰਨ ਹੀ ਪੰਜਾਬ ਤੇ ਪੰਜਾਬ ਦਾ ਕਿਸਾਨ ਕਰਜ਼ਈ ਹੋਇਆ ਹੈ। ਪੰਜਾਬ ਦੀ ਹਵਾ-ਪਾਣੀ ਜ਼ਮੀਨ ਤੇ ਖੁਰਾਕ ਜ਼ਹਿਰੀਲੀ ਹੋਈ ਹੈ। ਪੰਜਾਬ ਦਾ ਕਿਸਾਨ ਆਤਮ-ਹਤਿਆਵਾਂ ਕਰ ਰਿਹਾ ਹੈ, ਨੌਜਵਾਨ ਅਣਕਿਆਸੇ ਨਸ਼ਿਆਂ ਦਾ ਸ਼ਿਕਾਰ ਹੋਇਆ ਹੈ। ਉਹ ਆਪਣੇ ਭਵਿਖ ਪ੍ਰਤੀ ਨਿਰਾਸ਼ ਹੈ ਜਿਸ ਦਾ ਹੱਲ ਉਹ ਪਰਵਾਸ ਵਿਚ ਦੇਖ ਰਿਹਾ ਹੈ। ਕਰਜ਼ਾ ਮੁਕਤ ਪੰਜਾਬ! ਕਰਜ਼ਾ ਮੁਕਤ ਕਿਸਾਨ! ਜ਼ਹਿਰ ਕੂੜਾ ਮੁਕਤ ਹਵਾ ਪਾਣੀ ਜ਼ਮੀਨ! ਜ਼ਹਿਰ ਮੁਕਤ ਖੁਰਾਕ! ਕਿਰਤ ਮੁਖੀ ਤੇ ਸਾਮਰਾਜੀ ਸਭਿਆਚਾਰ ਮੁਕਤ ਵਿਦਿਆ ਲਈ ਪੰਜਾਬ ਨੂੰ ਨਵੇਂ ਵਿਕਾਸ ਮਾਡਲ ਦੀ ਲੋੜ ਹੈ। ਇਸ ਵਿਕਾਸ ਮਾਡਲ ਦੇ ਚਿੰਨ੍ਹ ਗੁਰੂ ਨਾਨਕ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ 18 ਸਾਲ ਕਰਤਾਰਪੁਰ ਵਿਖੇ ਰਹਿ ਕੇ ਉਭਾਰੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਸਿਧਾਂਤ ਨੂੰ ਅਮਲ ਵਿਚ ਢਾਲਣ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸੇ ਰਾਹ ਉਤੇ ਚਲਦਿਆਂ 'ਬਾਦਸ਼ਾਹੀ' ਨੂੰ ਨਕਾਰ ਕੇ 'ਪਾਤਸ਼ਾਹੀ' (ਰਾਜ ਕਰੇਗਾ ਖਾਲਸਾ) ਦੇ ਸੰਕਲਪ ਨੂੰ ਹੋਂਦ ਵਿਚ ਲਿਆਂਦਾ ਸੀ।

ਪੰਜਾਬ ਅੰਦਰ ਖਾਲਸਈ ਜੀਵਨ ਜੁਗਤ ਨੂੰ ਲਾਗੂ ਕਰਨ ਲਈ ਜ਼ਰੂਰੀ ਹੈ ਕਿ ਪੰਜਾਬ ਦੀ ਖੇਤੀ ਨੂੰ ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੇ ਸਾਧਨ ਵਜੋਂ ਵਿਕਸਿਤ ਕੀਤਾ ਜਾਵੇ। ਖੇਤੀ ਨੂੰ ਸਾਮਰਾਜੀ ਧਨਾਢਾਂ ਅਤੇ ਵਪਾਰੀਆਂ ਦੇ ਚੁੰਗਲ ਵਿਚੋਂ ਆਜ਼ਾਦ ਕਰਵਾਇਆ ਜਾਵੇ। ਪਿੰਡ-ਨੁਮਾ ਕਸਬਿਆਂ ਨੂੰ ਸਾਰੀਆਂ ਸਹੂਲਤਾਂ ਦੇਣ ਵਾਲਾ ਰਾਜ ਪ੍ਰਬੰਧ ਸਿਰਜਿਆ ਜਾਵੇ। ਲੋਕਾਂ ਦੀ ਹਿਜਰਤ ਪਿੰਡਾਂ ਤੋਂ ਸ਼ਹਿਰਾਂ ਵੱਲ ਧੱਕਣ ਦੀ ਥਾਂ ਇਸ ਨੂੰ ਸ਼ਹਿਰਾਂ ਤੋਂ ਪਿੰਡਾਂ ਵਲ ਮੋੜਾ ਪਾਉਣ ਵਾਸਤੇ ਉਤਸ਼ਾਹਿਤ ਕੀਤਾ ਜਾਏ। ਜ਼ਮੀਨ, ਪਾਣੀ, ਜੰਗਲ, ਬੀਜ ਅਤੇ ਖੇਤੀ ਆਧਾਰਿਤ ਸਾਮੂਹਿਕ ਗਿਆਨ ਤੇ ਸਾਧਨ ਲੋਕਾਂ ਦੀ ਸਾਂਝੀ ਮਲਕੀਅਤ ਹੋਣ। ਜ਼ਹਿਰ ਮੁਕਤ ਵੰਨ-ਸਵੰਨੇ ਲੋੜੀਂਦੇ ਖੁਰਾਕੀ ਪਦਾਰਥ ਵੱਡੀ ਮਿਕਦਾਰ ਵਿਚ ਪੈਦਾ ਕਰਨ ਵਾਸਤੇ ਖੇਤੀ ਨੂੰ ਯੋਜਨਾਬਧ ਢੰਗ ਤੇ ਕੁਦਰਤ ਨਾਲ ਇਕਸੁਰਤਾ ਵਿਚ ਵਿਕਸਿਤ ਕੀਤਾ ਜਾਵੇ।

ਇਸ ਕੁਦਰਤੀ ਮਾਹੌਲ ਵਿਚ ਬੱਚਿਆਂ ਨੂੰ ਕਿਰਤ ਮੁਖੀ ਅਤੇ ਸਾਮਰਾਜੀ ਸਭਿਆਚਾਰ ਤੋਂ ਮੁਕਤ ਵਿਦਿਆ ਦੇਣੀ ਸੌਖੀ ਹੋਵੇਗੀ। ਉਨ੍ਹਾਂ ਦੇ ਮਨਾਂ ਵਿਚ ਪੈਦਾ ਹੁੰਦੇ ਸ਼ੰਕਿਆਂ ਅਤੇ ਸੁਆਲਾਂ ਦਾ ਜੁਆਬ ਦਿੱਤਾ ਜਾ ਸਕੇਗਾ। ਮਨ ਵਿਚ ਪੈਦਾ ਹੁੰਦੇ ਸ਼ੰਕੇ ਡਰ ਪੈਦਾ ਕਰਦੇ ਹਨ ਜਦੋਂ ਕਿ ਮਨ ਵਿਚ ਪੈਦਾ ਹੁੰਦੇ ਸੁਆਲ ਬੱਚੇ ਦੀ ਜਗਿਆਸਾ ਭਾਵ ਖੋਜੀ ਬਿਰਤੀ ਨੂੰ ਵਿਕਸਿਤ ਕਰਦੇ ਹਨ। ਅਜੋਕੀਆਂ ਵਿਦਿਅਕ ਸੰਸਥਾਵਾਂ ਬੱਚਿਆਂ ਦੀ ਕੁਦਰਤੀ ਜਗਿਆਸਾ ਨੂੰ ਵਧਾਉਣ ਦੀ ਥਾਂ ਉਸ ਨੂੰ ਮਾਰਦੀਆਂ ਹਨ।

ਘੋਰ ਨਿਰਾਸ਼ਾ ਤੇ ਬਦਜ਼ਨੀ ਦਾ ਸ਼ਿਕਾਰ ਕਰੋੜਾਂ ਬੇਰੁਜ਼ਗਾਰ ਨੌਜਵਾਨ ਬੱਚੇ-ਬੱਚੀਆਂ ਪੇਂਡੂ ਜ਼ਿੰਦਗੀ ਵਿਚ ਜਾ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨਗੇ। ਆਪਣੇ ਸਮੁੱਚੇ ਦਿਨ ਦੇ ਮਹਿਜ਼ ਦੋ-ਤਿੰਨ ਘੰਟੇ ਖਰਚ ਕੇ ਸਮੂਹਿਕ ਕਾਰ ਸੇਵਾ ਰਾਹੀਂ ਖੇਤੀ ਕਰਿਆ ਕਰਨਗੇ ਅਤੇ ਆਪਣੇ ਮਾਨਸਿਕ ਤੇ ਆਤਮਿਕ ਵਿਕਾਸ ਲਈ ਬਾਕੀ ਦਾ ਸਾਰਾ ਸਮਾਂ ਇਨ੍ਹਾਂ ਕੋਲ ਵਿਹਲਾ ਹੋਵੇਗਾ। ਬੱਚੇ ਅਤੇ ਬਜ਼ੁਰਗ ਇਸ ਖੇਤੀ ਦੀ ਰਾਖੀ ਅਤੇ ਲੋੜੀਂਦੇ ਪਸੂਆਂ ਦੀ ਸੰਭਾਲ ਕਰਨਗੇ। ਹੱਥੀਂ ਕਿਰਤ ਨੂੰ ਸੌਖੇਰਿਆਂ ਕਰਨ ਲਈ ਬਣੀਆਂ ਕੁਦਰਤੀ ਚੌਗਿਰਦੇ ਨਾਲ ਇਕਸੁਰ ਮਸ਼ੀਨਾਂ ਦੀ ਵਰਤੋਂ ਨਾਲ ਖੇਤੀ ਕਰਦਿਆਂ ਹੋਇਆਂ ਆਪਣੇ ਜੋਗਾ ਲੋੜੀਂਦਾ ਅਨਾਜ, ਵੰਨ-ਸਵੰਨੀਆਂ ਸਬਜ਼ੀਆਂ ਅਤੇ ਫਲ ਪੈਦਾ ਕਰਨਗੇ। ਬੇਹਿਸਾਬਾ ਪੈਸਾ ਅਤੇ ਸਮਾਂ ਖਰਚ ਕੇ ਜਿੰਮਾਂ ਵਿਚ ਜਾਣ ਵਾਲੇ ਨੌਜਵਾਨ ਕੁਦਰਤੀ ਚੌਗਿਰਦੇ ਦਾ ਅਨੰਦ ਮਾਣਦਿਆਂ ਹੋਇਆਂ ਆਪਣੇ ਸਰੀਰਾਂ ਦੀ ਤੰਦਰੁਸਤੀ ਨੂੰ ਨਾ ਸਿਰਫ ਬਰਕਰਾਰ ਰੱਖਣਗੇ ਸਗੋਂ ਨਰੋਈ ਸੋਚ ਅਤੇ ਚਿੰਤਨਸ਼ੀਲ ਮਨਾਂ ਨਾਲ ਇਨ੍ਹਾਂ ਸਰੀਰਾਂ ਦੀ ਕੁਦਰਤੀ ਖੂਬਸੂਰਤੀ ਨੂੰ ਹੋਰ ਵਧਾਉਣ ਦੇ ਯੋਗ ਹੋਣਗੇ। ਮਾਰਕਸ ਦਾ ਕਮਿਊਨਿਸਟ ਸਮਾਜ ਅਤੇ ਗੁਰਮਤਿ ਦਾ ਬੇਗਮਪੁਰਾ ਇਸੇ ਤਰਜ਼ ਦੇ ਭਾਈਚਾਰੇ ਦਾ ਸੰਕਲਪ ਹੈ।

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

## ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

ਨਵਾਂ ਸਾਲ ਮੁਬਾਰਕ

# ਲੱਖ ਲੱਖ ਵਧਾਈ ਹੋਵੇ

ਨਵਾਂ ਸਾਲ ਮੁਬਾਰਕ

ਗੁਰੂ ਗੋਬਿੰਦ ਸਿੰਘ ਹਰ ਕਾਰਜ ਦੇ ਸਮਰੱਥ ਹਨ। ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਨਿਆਸਰਿਆਂ ਦੇ ਆਸਰੇ ਹਨ। ਅਰਦਾਸ ਹੈ, ਗੁਰੂ ਕਲਗੀਧਰ ਪਿਤਾ ਆਪਣੀ ਕਲਾ ਵਰਤਾਉਣ। ਪੰਥ ਵਿਚ ਪਈ ਹੋਈ ਦੁਬਿਧਾ ਅਤੇ ਵਖਰੇਵੇਂ ਦੂਰ ਹੋਣ। ਗੁਰੂ ਪਾਤਸ਼ਾਹ ਜੀ ਦਾ ਸਾਜਿਆ ਪੰਥ ਖਾਲਸਾ ਪਰਿਵਾਰ ਆਪਣੇ ਉਚੇ-ਸੁਚੇ ਵਿਰਸੇ ਦਾ ਅਹਿਸਾਸ ਕਰੇ ਅਤੇ ਗੁਰੂ ਸਾਹਿਬ ਜੀ ਦੇ ਪਵਿੱਤਰ ਵਾਕ, "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥" ਅਨੁਸਾਰ ਪੰਥ ਦੀ ਚੜ੍ਹਦੀ ਕਲਾ ਲਈ ਇਕ ਝੰਡੇ ਥੱਲੇ ਇਕੱਤਰ ਹੋਵੇ।



## ਪ੍ਰੋਗਰਾਮ ਦਾ ਵੇਰਵਾ

**7 ਜਨਵਰੀ 2022 (ਸ਼ੁੱਕਰਵਾਰ)**
ਅਰੰਭ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

**9 ਜਨਵਰੀ 2022 (ਸ਼ਨਿਚਰਵਾਰ)**
ਅਖੰਡ ਪਾਠ ਦਾ ਭੋਗ ਸਵੇਰੇ 8:45 ਵਜੇ
ਕੀਰਤਨ:
ਸਵੇਰੇ 9:30 ਤੋਂ ਬਾਅਦ ਦੁਪਹਿਰ 2:30 ਵਜੇ ਤੱਕ

*ਸਮੂਹ ਸੰਗਤਾਂ ਨੂੰ ਉਲੀਕੇ ਗਏ ਪ੍ਰੋਗਰਾਮਾਂ ਅਨੁਸਾਰ ਗੁਰੂ ਘਰ ਵਿਖੇ ਹਾਜਰੀ ਭਰ ਕੇ ਜੀਵਨ ਸਫਲ ਕਰਨ ਦੀ ਬੇਨਤੀ ਹੈ ਜੀ।*

## ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਗੁਰੂ ਰੂਪ ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030
ਸਾਬਕਾ ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

# ਬਰਤਾਨੀਆ ਵਿਚ ਪਹਿਲਾ ਪਰਵਾਸੀ ਭਾਰਤੀ

*ਪਹਿਲਾਂ ਮੰਨਿਆ ਜਾਂਦਾ ਸੀ ਕਿ ਮਹਾਰਾਜਾ ਦਲੀਪ ਸਿੰਘ ਬਰਤਾਨੀਆ ਵਿਚ ਪਹਿਲਾ ਪਰਵਾਸੀ ਭਾਰਤੀ ਸੀ। ਉਸ ਨੂੰ 1854 ਵਿਚ ਬਰਤਾਨੀਆ ਲਿਆਂਦਾ ਗਿਆ ਸੀ ਪਰ ਪਿੱਛੋਂ ਸਾਹਮਣੇ ਆਏ ਤੱਥਾਂ ਮੁਤਾਬਿਕ, ਸ਼ੇਖ ਦੀਨ ਮੁਹੰਮਦ ਨਾਂ ਦਾ ਸ਼ਖਸ ਮਹਾਰਾਜਾ ਦਲੀਪ ਸਿੰਘ ਤੋਂ ਬਹੁਤ ਪਹਿਲਾਂ 1784 ਵਿਚ ਡਾਰਟਮਾਊਥ ਦੀ ਬੰਦਰਗਾਹ ਪੁੱਜ ਗਿਆ। ਡਾਰਟਮਾਊਥ, ਡੈਵਨ ਕਾਊਂਟੀ ਦਾ ਕਸਬਾ ਹੈ ਅਤੇ ਡਾਰਟ ਦਰਿਆ ਦੇ ਕੰਢੇ ਵਸਿਆ ਹੈ। ਡਾਰਟਮਾਊਥ ਪੁੱਜਣ ਤੋਂ ਬਾਅਦ ਦੀਨ ਮੁਹੰਮਦ ਆਇਰਲੈਂਡ ਚਲਾ ਗਿਆ। ਉਸ ਨੂੰ ਕੈਪਟਨ ਗੌਡਫਰੀ ਬੇਕਰ ਬਰਤਾਨੀਆ ਲਿਆਇਆ ਸੀ ਜੋ ਉਸ ਦੇ ਪਿਤਾ ਦਾ ਦੋਸਤ ਸੀ। ਉਘੇ ਪੰਜਾਬੀ ਲਿਖਾਰੀ ਹਰਜੀਤ ਅਟਵਾਲ ਨੇ ਸ਼ੇਖ ਦੀਨ ਮੁਹੰਮਦ ਦੇ ਜੀਵਨ ਅਤੇ ਕਾਰੋਬਾਰ ਬਾਰੇ ਅਹਿਮ ਤੱਥ ਇਸ ਲੇਖ ਵਿਚ ਪੇਸ਼ ਕੀਤੇ ਹਨ।*

ਸ਼ੇਖ ਦੀਨ ਮੁਹੰਮਦ ਪਹਿਲਾ ਪਰਵਾਸੀ ਭਾਰਤੀ ਹੈ ਜੋ ਬਰਤਾਨੀਆ ਵਿਚ ਅਠਾਰਵੀਂ ਸਦੀ ਵਿਚ ਆ ਕੇ ਰਹਿੰਦਾ ਹੈ, ਆਪਣਾ ਕਾਰੋਬਾਰ ਸਥਾਪਤ ਕਰਦਾ ਹੈ, ਕਈ ਕਿਤਾਬਾਂ ਦਾ ਲੇਖਕ ਬਣਦਾ ਹੈ ਅਤੇ ਇਤਿਹਾਸ ਵਿਚ ਠੋਕ-ਵਜਾ ਕੇ ਆਪਣਾ ਨਾਂ ਦਰਜ ਕਰਵਾਉਂਦਾ ਹੈ। ਇਸ ਤੋਂ ਪਹਿਲਾਂ ਮੈਂ ਲਿਖਿਆ ਸੀ ਕਿ ਪਹਿਲਾ ਪਰਵਾਸੀ ਪੰਜਾਬੀ ਮਹਾਰਾਜਾ ਦਲੀਪ ਸਿੰਘ ਸੀ ਪਰ ਸ਼ੇਖ ਦੀਨ ਮੁਹੰਮਦ ਉਸ ਤੋਂ ਵੀ ਬਹੁਤ ਪਹਿਲਾਂ ਬਰਤਾਨੀਆ ਵਿਚ ਆਇਆ ਅਤੇ ਬਰਤਾਨੀਆ ਦਾ ਵਿਸ਼ੇਸ਼ ਸ਼ਹਿਰੀ ਬਣਿਆ। ਉਸ ਦਾ ਨਾਂ ਸ਼ੇਖ ਦੀਨ ਮੁਹੰਮਦ ਗੂਗਲ ਵਿਚ ਬਾਕਾਇਦਾ ਲਿਸਟਡ ਹੈ। ਗੂਗਲ ਵਿਚ ਇਹਦਾ ਨਾਂ ਸ਼ੇਖ ਦੀਨ ਮੁਹੰਮਦ ਪਾਓ ਤਾਂ ਉਸ ਦਾ ਸਾਰਾ ਬਾਇਓ-ਡੇਟਾ ਸਾਹਮਣੇ ਆ ਜਾਵੇਗਾ। ਜਿਵੇਂ ਅੰਗਰੇਜ਼ੀ ਵਿਚ ਸਾਡਾ ਉਚਾਰਨ ਕੁਝ



ਹਰਜੀਤ ਅਟਵਾਲ
ਫੋਨ: 0044-7782265726

ਬਦਲ ਜਾਂਦਾ ਹੈ, ਇਸ ਕਰਕੇ ਗੂਗਲ ਵਿਚ ਉਸ ਦਾ ਨਾਂ ਸ਼ੇਕ ਡੀਨ ਮੋਹਮਤ ਵੀ ਹੋ ਸਕਦਾ ਹੈ।

ਸ਼ੇਖ ਦੀਨ ਮੁਹੰਮਦ ਨਾਲ ਮੇਰਾ ਵਾਹ ਉਦੋਂ ਪਿਆ, ਜਦ ਮੈਂ ਆਪਣਾ ਅਧੂਰਾ ਨਾਵਲ 'ਸਾਜਰੇ ਦਾ ਚੋਗ' ਲਿਖ ਰਿਹਾ ਸਾਂ। ਮੈਂ ਖੋਜ ਕਰ ਰਿਹਾ ਸਾਂ ਕਿ ਅਸੀਂ ਕਦੋਂ ਕੁ ਤੋਂ ਯੂ.ਕੇ. ਵਿਚ ਰਹਿ ਰਹੇ ਹਾਂ। ਸ਼ੁਰੂ ਵਿਚ ਤਾਂ ਕੁਝ ਜਹਾਜ਼ੀ ਮੇਰੀ ਨਜ਼ਰੀਂ ਪਏ, ਪਰ ਫਿਰ ਸ਼ੇਖ ਦੀਨ ਮੁਹੰਮਦ ਦਾ ਨਾਂ ਮੇਰੇ ਮੂਹਰੇ ਆ ਗਿਆ। 1784 ਵਿਚ ਸ਼ੇਖ ਦੀਨ ਮੁਹੰਮਦ ਡਾਰਟਮਾਊਥ ਦੀ ਬੰਦਰਗਾਹ 'ਤੇ ਉਤਰਦਾ ਹੈ ਅਤੇ ਉਥੋਂ ਸਿੱਧਾ ਆਇਰਲੈਂਡ ਚਲਾ ਜਾਂਦਾ ਹੈ। ਪਹਿਲਾਂ ਉਥੇ ਸੈਟਲ ਹੁੰਦਾ ਹੈ ਅਤੇ ਫਿਰ ਲੰਡਨ ਆ ਜਾਂਦਾ ਹੈ ਤੇ ਉਨ੍ਹੀਵੀਂ ਸਦੀ ਵਿਚ ਉਹ ਬਰਾਈਟਨ ਜਾ ਕੇ ਟਿਕਾਣਾ ਕਰਦਾ ਹੈ। ਸ਼ੇਖ ਦੀਨ ਮੁਹੰਮਦ ਦੇ ਯੂ.ਕੇ. ਆਉਣ ਜਾਂ ਆਇਰਲੈਂਡ ਜਾਣ ਦਾ ਕਾਰਨ ਬੇਕਰ ਪਰਿਵਾਰ ਬਣਦਾ ਹੈ।

ਸ਼ੇਖ ਦੀਨ ਮੁਹੰਮਦ ਦਾ ਜਨਮ 1759 ਨੂੰ ਪਟਨੇ ਵਿਚ ਇਕ ਬੰਗਾਲੀ ਮੁਸਲਿਮ ਪਰਿਵਾਰ ਵਿਚ ਹੋਇਆ। ਪਟਨਾ ਉਸ ਵੇਲੇ ਬੰਗਾਲ ਪ੍ਰੈਜ਼ੀਡੈਂਸੀ ਵਿਚ ਪੈਂਦਾ ਸੀ। ਉਸ ਦੇ ਵੱਡ-ਵਡੇਰਿਆਂ ਦੀ ਬੰਗਾਲ ਦੇ ਨਵਾਬ ਨਾਲ ਰਿਸ਼ਤੇਦਾਰੀ ਸੀ ਅਤੇ ਉਸ ਦੇ ਪਰਿਵਾਰ ਦੇ ਬਹੁਤ ਸਾਰੇ ਲੋਕ ਮੁਗਲ ਦਰਬਾਰਾਂ ਵਿਚ ਕੰਮ ਕਰਦੇ ਰਹੇ ਸਨ। ਸ਼ੇਖ ਦੀਨ ਮੁਹੰਮਦ ਪਟਨੇ ਵਿਚ ਹੀ ਵੱਡਾ ਹੋ ਰਿਹਾ ਸੀ। ਉਸ ਦਾ ਪਿਤਾ ਈਸਟ ਇੰਡੀਆ ਦੀ ਫੌਜ ਵਿਚ ਸਰਜਨ ਸੀ। ਕੈਪਟਨ ਗੌਡਫਰੀ ਬੇਕਰ ਨਾਂ ਦਾ ਅਫਸਰ ਜਿਸ ਦਾ ਪਿਛੋਕੜ ਆਇਰਲੈਂਡ ਦਾ ਸੀ, ਉਸ ਦੇ ਪਿਤਾ ਦਾ ਦੋਸਤ ਸੀ। ਇੱਕ ਲੜਾਈ ਵਿਚ ਸ਼ੇਖ ਦੀਨ ਮੁਹੰਮਦ ਦੇ ਪਿਤਾ ਦੀ ਮੌਤ ਹੋ ਗਈ। ਉਸ ਵੇਲੇ ਦੀਨ ਮੁਹੰਮਦ ਦੀ ਉਮਰ ਸਿਰਫ ਗਿਆਰਾਂ ਸਾਲ ਸੀ ਤੇ ਉਸ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਕੈਪਟਨ ਬੇਕਰ ਨੇ ਲੈ ਲਈ। ਗੌਡਫਰੀ ਬੇਕਰ ਐਂਗਲੋ-ਆਇਰਸ਼ ਪ੍ਰੋਟੈਸਟੈਂਟ (ਇਸਾਈ ਧਰਮ ਦੀ ਇਕ ਵਿਚਾਰਧਾਰਾ) ਸੀ। ਸ਼ੇਖ ਦੀਨ ਮੁਹੰਮਦ ਉਸ ਨਾਲ ਹੀ ਰਹਿਣ ਲੱਗਾ। ਵੱਡਾ ਹੋਇਆ ਤਾਂ ਉਹ ਵੀ ਪਿਤਾ ਵਾਂਗ ਈਸਟ ਇੰਡੀਆ ਦੀ ਫੌਜ ਵਿਚ ਟਰੇਨੀ ਸਰਜਨ ਦੇ ਤੌਰ 'ਤੇ ਭਰਤੀ ਹੋ ਗਿਆ।

ਕੈਪਟਨ ਬੇਕਰ ਨੇ 1782 ਵਿਚ ਈਸਟ ਇੰਡੀਆ ਕੰਪਨੀ ਵਿਚੋਂ ਅਸਤੀਫਾ ਦੇ ਕੇ ਵਾਪਸ ਆਇਰਲੈਂਡ ਜਾਣ ਦਾ ਫੈਸਲਾ ਕਰ ਲਿਆ। ਸ਼ੇਖ ਦੀਨ ਮੁਹੰਮਦ ਨੇ ਵੀ ਉਸ ਨਾਲ ਯੂ.ਕੇ. ਜਾਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਉਹ ਆਇਰਲੈਂਡ ਪੁੱਜ ਗਿਆ। ਆਇਰਲੈਂਡ ਆਇਆ ਤਾਂ ਉਸ ਨੂੰ ਬੋਲੀ ਦੀ ਸਮੱਸਿਆ ਪੇਸ਼ ਆ ਰਹੀ ਸੀ। ਉਸ ਨੇ ਅੰਗਰੇਜ਼ੀ ਸਿੱਖਣ ਲਈ ਇਕ ਸਕੂਲ ਵਿਚ ਦਾਖਲਾ ਲੈ ਲਿਆ। ਸਕੂਲ ਵਿਚ ਹੀ ਉਹ ਜੇਨ ਡੈਲੀ ਨਾਂ ਦੀ ਕੁੜੀ ਨਾਲ ਪਿਆਰ ਕਰਨ ਲੱਗਾ ਅਤੇ ਉਸ ਨਾਲ ਵਿਆਹ ਕਰਾਉਣ ਦੀ ਖਵਾਹਿਸ਼ ਦਾ ਇਜ਼ਹਾਰ ਕੀਤਾ। ਕੁੜੀ ਬਹੁਤ ਉਚੇ ਖਾਨਦਾਨ ਵਿਚੋਂ ਸੀ। ਜੇਨ ਡੈਲੀ ਪਰਿਵਾਰ ਇਸ ਵਿਆਹ ਤੋਂ ਖੁਸ਼ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਕਿਸੇ ਇਸਾਈ ਦਾ ਗੈਰ-ਇਸਾਈ ਨਾਲ ਵਿਆਹ ਕਰਾਉਣਾ ਗੈਰ-ਕਾਨੂੰਨੀ ਸੀ। ਸੋ ਸ਼ੇਖ ਦੀਨ ਮੁਹੰਮਦ ਨੇ ਇਸਲਾਮ ਛੱਡ ਕੇ ਇਸਾਈ ਧਰਮ ਅਪਨਾ ਲਿਆ। ਉਸ ਦਾ ਜੇਨ ਡੈਲੀ ਨਾਲ 1786 ਨੂੰ ਚਰਚ ਆਫ ਆਇਰਲੈਂਡ ਵਿਚ ਵਿਆਹ ਹੋ ਗਿਆ। ਵਿਆਹ ਭਾਵੇਂ ਹੋ ਗਿਆ ਪਰ ਕੁਝ ਲੋਕ ਨਾਰਾਜ਼ ਸਨ। ਸੋ, ਇਸ ਨਵੀਂ ਜੋੜੀ ਨੂੰ ਸ਼ਹਿਰ ਛੱਡਣਾ ਪਿਆ। ਇਹ 7-ਲਿਟਲ ਰਾਈਡਰ ਸਟਰੀਟ, ਲੰਡਨ ਆ ਵਸੇ ਤੇ ਬਹੁਤ ਸਾਲ ਉਥੇ ਹੀ ਰਹੇ।

ਸ਼ੇਖ ਦੀਨ ਮੁਹੰਮਦ ਨੇ ਇਕ ਹੋਰ ਵਿਆਹ ਵੀ ਕਰਾਇਆ ਜਿਸ ਦਾ ਇਤਿਹਾਸ ਵਿਚ ਬਹੁਤਾ ਜ਼ਿਕਰ ਨਹੀਂ ਆਉਂਦਾ। ਇਸ ਵਿਆਹ ਦਾ ਰਿਕਾਰਡ ਲੰਡਨ ਦੀ ਮੈਰਲੀਬੋਨ ਚਰਚ ਵਿਚ ਮਿਲਦਾ ਹੈ। ਇਹ ਵਿਆਹ 24 ਅਗਸਤ 1806 ਨੂੰ ਹੋਇਆ ਸੀ। ਉਸ ਦੀ ਦੂਜੀ ਪਤਨੀ ਦਾ ਨਾਂ ਜੇਨ ਜੈਫਰੀ (1780-1850) ਸੀ। ਦੀਨ ਮੁਹੰਮਦ ਦਾ ਨਾਂ ਰਿਕਾਰਡ ਵਿਚ ਵਿਲੀਅਮ ਮੋਹਮਤ ਲਿਖਿਆ ਹੈ। 1808 ਵਿਚ ਉਨ੍ਹਾਂ ਦੇ ਘਰ ਅਮੇਲੀਆ ਨਾਂ ਦੀ ਧੀ ਜਨਮੀ ਜਿਸ ਨੂੰ ਸੇਂਟ ਮੈਰਲੀਬੋਨ ਚਰਚ ਵਿਚ ਬੈਪਟਾਈਜ਼ (ਧਾਰਮਿਕ ਰਸਮ) ਕੀਤਾ ਗਿਆ। ਉਸ ਦੀ ਇਸ ਪਤਨੀ ਬਾਰੇ ਇਸ ਤੋਂ ਬਾਅਦ ਦਾ ਇਤਿਹਾਸ ਚੁੱਪ ਹੈ। ਪਹਿਲੀ ਪਤਨੀ ਤੋਂ ਉਸ ਦੇ ਸੱਤ ਬੱਚੇ ਸਨ। ਇਨ੍ਹਾਂ ਸਭ ਨੂੰ ਰੋਮਨ ਕੈਥੋਲਿਕ ਚਰਚ ਵਿਚ ਬੈਪਟਾਈਜ਼ ਕੀਤਾ ਗਿਆ।






ਦੀਨ ਮੁਹੰਮਦ ਅਤੇ (ਸੱਜੇ) ਉਸ ਵੱਲੋਂ ਸ਼ੁਰੂ ਕੀਤਾ ਪਬਲਿਕ ਸਟੀਮਬਾਥ।

ਲੰਡਨ ਵਿਚ ਰਹਿੰਦਿਆਂ ਸ਼ੇਖ ਦੀਨ ਮੁਹੰਮਦ ਨੇ ਕਈ ਕੰਮ ਕੀਤੇ। ਭਾਰਤ ਵਿਚ ਸਿਵਲ ਸਰਵੈਂਟ ਰਹੇ ਬੇਸਿਲ ਕੋਚਰੇਨ ਕੋਲ ਉਹ ਕਾਫੀ ਦੇਰ ਕੰਮ ਕਰਦਾ ਰਿਹਾ। ਬੇਸਿਲ ਕੋਚਰੇਨ ਨੇ ਲੰਡਨ ਵਿਚ ਪਹਿਲਾ ਪਬਲਿਕ ਸਟੀਮਬਾਥ ਖੋਲ੍ਹਿਆ ਜੋ ਪੋਰਟਮੈਨ ਸੁਕੇਅਰ ਉਪਰ ਸੀ। ਉਹ ਸਟੀਮਬਾਥ ਦੇ ਸਿਹਤ ਸਬੰਧੀ ਫਾਇਦਿਆਂ ਬਾਰੇ ਸਥਾਨਕ ਅਖਬਾਰਾਂ ਵਿਚ ਇਸ਼ਤਿਹਾਰ ਦਿੰਦਾ। ਇੱਥੋਂ ਹੀ ਪ੍ਰਭਾਵਿਤ ਹੋ ਕੇ ਦੀਨ ਮੁਹੰਮਦ ਨੇ 1814 ਵਿਚ ਬਰਾਈਟਨ ਜਾ ਕੇ ਆਪਣਾ ਸ਼ੈਂਪੂਇੰਗ ਜਾਂ ਚੰਪਈ ਦਾ ਕਾਰੋਬਾਰ ਸ਼ੁਰੂ ਕੀਤਾ ਸੀ।

1810 ਵਿਚ ਦੀਨ ਮੁਹੰਮਦ 34 ਜੌਰਜ ਸਟਰੀਟ, ਲੰਡਨ ਉਪਰ ਹਿੰਦੋਸਤਾਨੀ ਕੌਫੀ ਹਾਊਸ ਖੋਲ੍ਹਦਾ ਹੈ। ਇਹ ਜਗ੍ਹਾ ਪੋਰਟਮੈਨ ਸਕੁਏਅਰ ਦੇ ਬਿਲਕੁਲ ਨਜ਼ਦੀਕ ਸੀ। ਹੁਣ ਇਸ ਜਗ੍ਹਾ ਕਾਰਲਟਨ ਹਾਊਸ ਬਣ ਗਿਆ ਹੈ। ਅੱਜ ਯੂ.ਕੇ. ਵਿਚ ਹਜ਼ਾਰਾਂ ਭਾਰਤੀ ਰੈਸਤਰਾਂ ਹਨ ਪਰ ਇਨ੍ਹਾਂ ਸਭ ਦਾ ਗਡੀਵਾਨ ਦੀਨ ਮੁਹੰਮਦ ਹੈ। ਇਹ ਹਿੰਦੋਸਤਾਨੀ ਖਾਣਿਆਂ ਦੇ ਨਾਲ-ਨਾਲ ਹਿੰਦੋਸਤਾਨੀ ਹੁੱਕਾ ਵੀ ਪੇਸ਼ ਕਰਦਾ ਸੀ। ਇਸ ਹੁੱਕੇ ਉਪਰ ਅਸਲੀ ਚਿਲਮ ਲੱਗੀ ਹੁੰਦੀ ਅਤੇ ਇਸ ਵਿਚ ਹਿੰਦੋਸਤਾਨੀ ਤਮਾਕੂ ਵਰਤਿਆ ਜਾਂਦਾ। ਅੱਜ ਦੀਆਂ ਕਰੀਆਂ (ਭਾਰਤੀ ਖਾਣੇ) ਨਾਲੋਂ ਉਸ ਵੇਲੇ ਦੇ ਖਾਣਿਆਂ ਦਾ ਸਵਾਦ ਸ਼ਾਇਦ ਕੁਝ ਭਿੰਨ ਹੁੰਦਾ ਹੋਵੇਗਾ ਪਰ ਦੀਨ ਮੁਹੰਮਦ ਦੇ ਹਿੰਦੋਸਤਾਨੀ ਕੌਫੀ ਹਾਊਸ ਨੂੰ ਬਹੁਤ ਪ੍ਰਸਿੱਧੀ ਮਿਲੀ। ਇਹ ਜਗ੍ਹਾ ਕੇਂਦਰੀ ਲੰਡਨ ਵਿਚ ਹੋਣ ਕਰਕੇ ਇਸ ਦਾ ਕਿਰਾਇਆ ਬਹੁਤ ਸੀ, ਇਸ ਲਈ ਜਲਦੀ ਹੀ ਉਸ ਨੂੰ ਮਾਇਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਮੁਸ਼ਕਿਲਾਂ ਏਨੀਆਂ ਵਧ ਗਈਆਂ ਕਿ ਰੈਸਤਰਾਂ ਬੰਦ ਕਰਨਾ ਪਿਆ। ਇਸ ਰੈਸਤਰਾਂ ਦੀ ਲੰਡਨ ਦੇ ਇਤਿਹਾਸ ਵਿਚ ਬਹੁਤ ਮਹੱਤਤਾ ਹੈ। ਇਸੇ ਲਈ ਲੰਡਨ ਦੀ ਕੌਂਸਲ ਵੱਲੋਂ ਜੌਰਜ ਸਟਰੀਟ ਵਿਚ ਹਰੇ ਰੰਗ ਦੀ ਪਲੇਕ ਲਾਈ ਹੋਈ ਹੈ ਜਿਸ ਉਪਰ ਦੀਨ ਮੁਹੰਮਦ ਦੇ ਨਾਂ ਨਾਲ ਦਾ ਹਿੰਦੋਸਤਾਨੀ ਕੌਫੀ ਹਾਊਸ ਲਿਖਿਆ ਹੈ। ਜੌਰਜ ਸਟਰੀਟ ਦਾ 34 ਨੰਬਰ ਹੁਣ ਢਾਹਿਆ ਜਾ ਚੁੱਕਾ ਹੈ, ਸੋ ਇਹ ਹਰੀ-ਪਲੇਕ 102 ਨੰਬਰ ਉਪਰ ਲਾਈ ਗਈ ਹੈ।

ਲੰਡਨ ਵਾਲਾ ਕੌਫੀ ਹਾਊਸ ਫੇਲ੍ਹ ਹੋਣ ਤੋਂ ਬਾਅਦ ਦੀਨ ਮੁਹੰਮਦ 1814 ਵਿਚ ਬਰਾਈਟਨ ਚਲਾ ਗਿਆ। ਉਥੇ ਜਾ ਕੇ ਉਸ ਨੇ ਨਵੇਂ ਢੰਗ ਦੇ ਗੁਸਲਖਾਨੇ ਖੋਲ੍ਹ ਲਏ ਜਿਨ੍ਹਾਂ ਵਿਚ ਉਹ ਆਪਣੇ ਗਾਹਕਾਂ ਨੂੰ ਸ਼ੈਂਪੂ ਦਿੰਦਾ ਜਿਸ ਨੂੰ ਦੇਸੀ ਬੋਲੀ ਵਿਚ ਚੰਪਈ ਜਾਂ ਸਿਰ ਦੀ ਮਾਲਿਸ਼ ਕਹਿੰਦੇ ਹਨ। ਹੌਲੀ-ਹੌਲੀ ਉਸ ਨੇ ਮਸਾਜ, ਭਾਵ ਬਾਕੀ ਸਰੀਰ ਦੀ ਮਾਲਿਸ਼ ਕਰਨੀ ਵੀ ਸ਼ੁਰੂ ਕਰ ਦਿੱਤੀ। ਉਹ ਇਸ ਨੂੰ ਥੈਰੇਪੀ ਵੀ ਆਖਦਾ। ਉਹ ਇੰਡੀਆ ਤੋਂ ਜਾ ਕੇ ਤਰ੍ਹਾਂ-ਤਰ੍ਹਾਂ ਦੇ ਤੇਲ, ਇਤਰ-ਫਲੇਲ ਆਦਿ ਲੈ ਕੇ ਆਉਂਦਾ ਤੇ ਇਨ੍ਹਾਂ ਨੂੰ ਮਾਲਿਸ਼ ਲਈ ਵਰਤਦਾ। ਉਸ ਦੇ ਬਾਥਹਾਊਸ ਉਥੇ ਹੁੰਦੇ ਸਨ ਜਿਥੇ ਅੱਜਕੱਲ੍ਹ ਕੁਈਨ ਹੋਟਲ ਹੈ। ਉਹ ਆਪਣੇ ਮਸਾਜ ਦੀ ਅਖਬਾਰਾਂ ਵਿਚ ਮਸ਼ਹੂਰੀ ਦਿੰਦਾ ਕਿ ਸਾਡੇ ਵੱਲੋਂ ਦਿੱਤਾ ਜਾਂਦਾ ਇੰਡੀਅਨ ਮੈਡੀਕੇਟਿਡ ਵੈਪੂਉਰ ਬਾਥ ਕਈ ਬਿਮਾਰੀਆਂ ਦਾ ਇਲਾਜ ਕਰਦਾ ਹੈ, ਜਿਵੇਂ ਜੋੜਾਂ ਦੇ ਦਰਦ, ਗਠੀਏ, ਲੱਤਾਂ ਦੇ ਦਰਦ, ਅਧਰੰਗ ਨਾਲ ਖੜ੍ਹੇ ਅੰਗਾਂ ਦਾ। ਉਸ ਦਾ ਕੰਮ ਬਹੁਤ ਚੱਲ ਨਿਕਲਿਆ। ਉਸ ਦੀ ਪਤਨੀ ਔਰਤਾਂ ਦੀ ਮਸਾਜ ਕਰਦੀ। ਉਸ ਦੀ ਮਸ਼ਹੂਰੀ ਦੂਰ-ਦੂਰ ਤੱਕ ਪੁੱਜ ਗਈ। ਹਸਪਤਾਲਾਂ ਵਾਲੇ ਆਪਣੇ ਮਰੀਜ਼ਾਂ ਕੋਲ ਦੀਨ ਮੁਹੰਮਦ ਦੀ ਥੈਰੇਪੀ ਦੀ ਸਿਫਾਰਿਸ਼ ਕਰਦੇ। ਵਿਲੀਅਮ ਚੌਥਾ ਅਤੇ ਜੌਰਜ ਚੌਥਾ ਵੀ ਉਸ ਕੋਲੋਂ ਆਪਣਾ ਇਲਾਜ ਕਰਾਉਣ ਆਏ। ਉਸ ਨੂੰ 'ਡਾਕਟਰ ਬਰਾਈਟਨ' ਕਿਹਾ ਜਾਣ ਲੱਗ ਪਿਆ। 1825 ਵਿਚ ਲੰਡਨ ਤੋਂ ਬਰਾਈਟਨ ਲਈ ਟਰੇਨ ਚੱਲ ਪਈ ਸੀ। ਸੋ, ਲੰਡਨ ਤੋਂ ਵੀ ਲੋਕ ਉਸ ਕੋਲ ਪੁੱਜਣ ਲੱਗ ਪਏ। ਉਹ ਪਹਿਲਾ ਹਿੰਦੋਸਤਾਨੀ ਸੀ ਜਿਸ ਨੇ ਯੂ.ਕੇ. ਵਿਚ ਏਨਾ ਨਾਂ ਕਮਾਇਆ।

ਇਸ ਤੋਂ ਬਿਨਾ ਉਹ ਪਹਿਲਾ ਹਿੰਦੋਸਤਾਨੀ ਸੀ ਜਿਸ ਨੇ ਅੰਗਰੇਜ਼ੀ ਵਿਚ ਕਿਤਾਬਾਂ ਲਿਖੀਆਂ। ਉਸ ਨੇ ਆਪਣੀ ਪਹਿਲੀ ਕਿਤਾਬ 15 ਜੂਨ 1794 ਨੂੰ ਛਪਵਾਈ ਜਿਸ ਦਾ ਨਾਂ 'ਦਿ ਟਰੈਵਲਜ਼ ਔਫ ਡੀਨ ਮਹੋਮਦ' ਹੈ। ਇਹ ਵੱਖਰੀ ਵਿਧਾ ਦੀ ਕਿਤਾਬ ਹੈ ਜੋ ਕਲਪਨਾ ਅਤੇ ਤੱਥਾਂ ਦਾ ਸੁਮੇਲ ਹੈ। ਇਸ ਵਿਚ ਚਿੱਠੀਆਂ ਵੀ ਸ਼ਾਮਲ ਕੀਤੀਆਂ ਹੋਈਆਂ ਹਨ। ਉਸ ਦੇ ਫੌਜ ਦੇ ਜੀਵਨ ਦਾ ਜ਼ਿਕਰ ਵੀ ਇਸ ਕਿਤਾਬ ਵਿਚ ਹੈ ਤੇ ਸਮੁੰਦਰੀ ਸਫਰ ਦਾ ਵੀ। ਹਿੰਦੋਸਤਾਨ ਦੇ ਕੁਝ ਵੱਡੇ ਸ਼ਹਿਰਾਂ ਦਾ ਵੀ ਜ਼ਿਕਰ ਹੈ। ਕਿਹਾ ਜਾਂਦਾ ਹੈ ਕਿ ਭਾਰਤੀ ਰਸਮਾਂ, ਸਭਿਆਚਾਰ, ਕਾਰੋਬਾਰ, ਫੌਜੀ ਖਿੱਚੋਤਾਣ, ਖਾਣਿਆਂ ਤੇ ਜੰਗਲੀ ਜੀਵਨ ਵਾਲੀ ਇਹ ਮੌਲਿਕ ਕਿਤਾਬ ਹੈ। ਮੈਨੂੰ ਇਸ ਕਿਤਾਬ ਦੀ ਇਕ ਗੱਲ ਬਹੁਤ ਅਜੀਬ ਲੱਗੀ ਕਿ ਦੀਨ ਮੁਹੰਮਦ ਆਪਣੇ ਆਪ ਨੂੰ 'ਅਸੀਂ' ਕਹਿ ਕੇ ਸੰਬੋਧਨ ਹੁੰਦਾ ਹੈ, ਉਹ ਆਪਣੇ ਆਪ ਨੂੰ ਬਰਤਾਨਵੀ ਬਣਾ ਕੇ ਪੇਸ਼ ਕਰਦਾ ਹੈ ਅਤੇ ਹਿੰਦੋਸਤਾਨ ਦੀਆਂ ਕਈ ਗੱਲਾਂ ਪ੍ਰਤੀ ਤਰਸ ਦਿਖਾਉਂਦਾ ਹੈ। ਉਸ ਨੇ ਦੋ ਕਿਤਾਬਾਂ ਆਪਣੇ ਕੰਮ ਬਾਰੇ ਵੀ ਲਿਖੀਆਂ। ਇਕ ਕਿਤਾਬ ਉਸ ਦੀ ਥੈਰੇਪੀ ਦੇ ਫਾਇਦਿਆਂ ਬਾਰੇ ਅਤੇ ਥੈਰੇਪੀ ਨਾਲ ਠੀਕ ਹੋਏ ਕੇਸਾਂ ਬਾਰੇ ਹੈ। ਦੂਜੀ ਕਿਤਾਬ ਸ਼ੈਂਪੂਇੰਗ ਦੇ ਫਾਇਦਿਆਂ ਬਾਰੇ ਹੈ। ਦੂਜੀ ਕਿਤਾਬ ਉਸ ਨੇ ਜੌਰਜ ਚੌਥਾ ਨੂੰ ਸਮਰਪਿਤ ਕੀਤੀ ਸੀ।

ਦੀਨ ਮੁਹੰਮਦ 24 ਫਰਵਰੀ 1851 ਵਿਚ 92 ਸਾਲ ਦੀ ਉਮਰ ਭੋਗ ਕੇ ਪੂਰਾ ਹੋ ਜਾਂਦਾ ਹੈ। ਉਸ ਨੂੰ ਸੇਂਟ ਨਿਕਲਸ ਚਰਚ, ਬਰਾਈਟਨ ਵਿਚ ਦਫਨਾਇਆ ਜਾਂਦਾ ਹੈ। ਉਸ ਦੇ ਇਕ ਪੁੱਤਰ ਫਰੈਡਰਿਕ ਦੀਨ ਮੁਹੰਮਦ ਨੇ ਵੀ ਬਰਾਈਟਨ ਵਿਚ ਟਰਕਿਸ਼-ਬਾਥ ਖੋਲ੍ਹੇ ਸਨ ਪਰ ਉਹ ਆਪਣੇ ਪਿਓ ਵਾਂਗ ਕਾਮਯਾਬ ਨਹੀਂ ਸੀ ਹੋ ਸਕਿਆ। ਉਸ ਨੇ ਬਰਾਈਟਨ ਦੇ ਨੇੜੇ ਹੀ ਫੈਂਸਿੰਗ ਬੌਕਸਿੰਗ ਅਕੈਡਮੀ ਵੀ ਖੋਲ੍ਹੀ ਸੀ। ਉਸ ਦਾ ਪੋਤਰਾ ਹੈਨਰੀ ਅਕਬਰ ਮੁਹੰਮਦ ਸੰਸਾਰ ਪ੍ਰਸਿੱਧ ਡਾਕਟਰ ਹੋਇਆ ਹੈ। ਉਹ ਲੰਡਨ ਦੇ ਗਾਈਜ਼ ਹਸਪਤਾਲ ਵਿਚ ਤਾਇਨਾਤ ਰਿਹਾ ਹੈ। ਉਸ ਦਾ ਹਾਈ ਬਲੱਡ ਪ੍ਰੈਸ਼ਰ ਦੀ ਖੋਜ ਵਿਚ ਕਾਫੀ ਯੋਗਦਾਨ ਹੈ। ਦੀਨ ਮੁਹੰਮਦ ਦਾ ਇੱਕ ਹੋਰ ਪੋਤਰਾ ਰੈਵ. ਜੇਮਜ਼ ਕੈਰੀਮਨ ਮੁਹੰਮਦ ਹੋਵ ਸ਼ਹਿਰ ਦੇ ਚਰਚ ਵਿਚ ਪਾਦਰੀ ਵੀ ਰਿਹਾ ਹੈ।

ਕੋਈ ਵੇਲਾ ਸੀ ਕਿ ਦੀਨ ਮੁਹੰਮਦ ਦਾ ਨਾਂ ਬਰਾਈਟਨ ਤੋਂ ਲੈ ਕੇ ਲੰਡਨ ਤੇ ਸ਼ਾਹੀ ਪਰਿਵਾਰ ਤੱਕ ਪ੍ਰਸਿੱਧ ਸੀ ਪਰ ਫਿਰ ਹੌਲੀ-ਹੌਲੀ ਉਹ ਇਤਿਹਾਸ ਦੇ ਪੰਨਿਆਂ ਵਿਚ ਗੁਆਚ ਕੇ ਰਹਿ ਗਿਆ। ਇਹ ਤਾਂ ਇਕ ਭਾਰਤੀ ਕਵੀ ਅਤੇ ਵਿਦਵਾਨ ਆਲਮਗੀਰ ਹਾਸ਼ਮੀ ਸਿਰ ਸਿਹਰਾ ਬੱਝਦਾ ਹੈ ਜਿਸ ਨੇ ਮੁੜ ਦੀਨ ਮੁਹੰਮਦ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। 1970-80 ਵਿਚ ਕੀਤੇ ਉਸ ਦੇ ਅਧਿਐਨ ਤੋਂ ਦੀਨ ਮੁਹੰਮਦ ਦੀਆਂ ਲਿਖਤਾਂ ਬਾਰੇ ਪਤਾ ਲੱਗਿਆ। ਮਾਈਕਲ ਫਿਸ਼ਰ ਨਾਮੀ ਇਕ ਲੇਖਕ ਨੇ ਦੀਨ ਮੁਹੰਮਦ ਬਾਰੇ ਪੂਰੀ ਤਰ੍ਹਾਂ ਖੋਜ ਕੀਤੀ ਹੈ ਤੇ ਉਸ ਦੀਆਂ ਲਿਖਤਾਂ ਉਪਰ ਇਕ ਕਿਤਾਬ ਵੀ ਲਿਖੀ ਹੈ- 'ਦਿ ਫਸਟ ਇੰਡੀਅਨ ਔਥਰ ਇਨ ਇੰਗਲਿਸ਼: ਡੀਨ ਮੋਹਮਤ ਇਨ ਇੰਡੀਆ, ਆਇਰਲੈਂਡ, ਇੰਗਲੈਂਡ'। ਹੋਰਨਾਂ ਕਈ ਵਿਦਵਾਨਾਂ ਨੇ ਵੀ ਉਸ ਉਪਰ ਕੰਮ ਕੀਤਾ ਹੈ। 2005 ਵਿਚ ਦੀਨ ਮੁਹੰਮਦ ਦੇ ਨਾਂ ਦੀ ਹਰੀ ਪਲੇਕ ਲਾਈ ਗਈ। ਨਵੰਬਰ 2011 ਨੂੰ ਉਸ ਦਾ ਨਾਂ ਗੂਗਲ ਮੁੱਖ ਪੇਜ 'ਤੇ ਪਾ ਦਿੱਤਾ ਗਿਆ। ਬੇਸ਼ੱਕ ਹੁਣ ਉਸ ਨੂੰ ਪਹਿਲੇ ਹਿੰਦੋਸਤਾਨੀ ਪਰਵਾਸੀ ਦੇ ਤੌਰ 'ਤੇ ਮਾਨਤਾ ਮਿਲ ਗਈ ਹੈ।

*ਕੋਈ ਵੇਲਾ ਸੀ ਕਿ ਦੀਨ ਮੁਹੰਮਦ ਦਾ ਨਾਂ ਬਰਾਈਟਨ ਤੋਂ ਲੈ ਕੇ ਲੰਡਨ ਤੇ ਸ਼ਾਹੀ ਪਰਿਵਾਰ ਤੱਕ ਪ੍ਰਸਿੱਧ ਸੀ ਪਰ ਫਿਰ ਹੌਲੀ-ਹੌਲੀ ਉਹ ਇਤਿਹਾਸ ਦੇ ਪੰਨਿਆਂ ਵਿਚ ਗੁਆਚ ਕੇ ਰਹਿ ਗਿਆ। ਇਹ ਤਾਂ ਇਕ ਭਾਰਤੀ ਕਵੀ ਅਤੇ ਵਿਦਵਾਨ ਆਲਮਗੀਰ ਹਾਸ਼ਮੀ ਸਿਰ ਸਿਹਰਾ ਬੱਝਦਾ ਹੈ ਜਿਸ ਨੇ ਮੁੜ ਦੀਨ ਮੁਹੰਮਦ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। 1970-80 ਵਿਚ ਕੀਤੇ ਉਸ ਦੇ ਅਧਿਐਨ ਤੋਂ ਦੀਨ ਮੁਹੰਮਦ ਦੀਆਂ ਲਿਖਤਾਂ ਬਾਰੇ ਪਤਾ ਲੱਗਿਆ। ਮਾਈਕਲ ਫਿਸ਼ਰ ਨਾਮੀ ਇਕ ਲੇਖਕ ਨੇ ਦੀਨ ਮੁਹੰਮਦ ਬਾਰੇ ਪੂਰੀ ਤਰ੍ਹਾਂ ਖੋਜ ਕੀਤੀ ਹੈ ਤੇ ਉਸ ਦੀਆਂ ਲਿਖਤਾਂ ਉਪਰ ਇਕ ਕਿਤਾਬ ਵੀ ਲਿਖੀ ਹੈ- 'ਦਿ ਫਸਟ ਇੰਡੀਅਨ ਔਥਰ ਇਨ ਇੰਗਲਿਸ਼: ਡੀਨ ਮੋਹਮਤ ਇਨ ਇੰਡੀਆ, ਆਇਰਲੈਂਡ, ਇੰਗਲੈਂਡ'। ਹੋਰਨਾਂ ਕਈ ਵਿਦਵਾਨਾਂ ਨੇ ਵੀ ਉਸ ਉਪਰ ਕੰਮ ਕੀਤਾ ਹੈ। 2005 ਵਿਚ ਦੀਨ ਮੁਹੰਮਦ ਦੇ ਨਾਂ ਦੀ ਹਰੀ ਪਲੇਕ ਲਾਈ ਗਈ। ਨਵੰਬਰ 2011 ਨੂੰ ਉਸ ਦਾ ਨਾਂ ਗੂਗਲ ਮੁੱਖ ਪੇਜ 'ਤੇ ਪਾ ਦਿੱਤਾ ਗਿਆ। ਬੇਸ਼ੱਕ ਹੁਣ ਉਸ ਨੂੰ ਪਹਿਲੇ ਹਿੰਦੋਸਤਾਨੀ ਪਰਵਾਸੀ ਦੇ ਤੌਰ 'ਤੇ ਮਾਨਤਾ ਮਿਲ ਗਈ ਹੈ।*







ਦੀਨ ਮੁਹੰਮਦ ਅਤੇ ਉਸ ਦੇ ਕਾਰੋਬਾਰ ਬਾਰੇ ਲਾਈ ਤਖਤੀਆਂ।

# ਖੇਤਰੀ ਭਾਸ਼ਾਵਾਂ ਲਈ ਖਤਰੇ ਦੀ ਘੰਟੀ

ਨਵੀਂ ਸਿੱਖਿਆ ਨੀਤੀ ਅਨੁਸਾਰ ਭਾਰਤ ਭਰ ਦੇ ਸਕੂਲਾਂ ਵਿਚ ਖੇਤਰੀ ਭਾਸ਼ਾਵਾਂ ਦੀ ਪੜ੍ਹਾਈ ਦਾ ਮਸਲਾ ਲਗਾਤਾਰ ਰਹੱਸ ਬਣਿਆ ਹੋਇਆ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਵਾਰ-ਵਾਰ ਸਪਸ਼ਟੀਕਰਨ ਦਿੱਤੇ ਜਾਣ ਦੇ ਬਾਵਜੂਦ ਸਕੂਲਾਂ ਵਿਚ ਭਾਸ਼ਾਵਾਂ ਦੀ ਪੜ੍ਹਾਈ ਦੀਆਂ ਤਰਜੀਹਾਂ ਅੰਗਰੇਜ਼ੀ, ਹਿੰਦੀ ਅਤੇ ਸੰਸਕ੍ਰਿਤ ਤੋਂ ਅੱਗੇ ਨਹੀਂ ਤੁਰਦੀਆਂ।

ਨਵੀਂ ਸਿੱਖਿਆ ਨੀਤੀ ਵਿਚ ਸਾਫ਼ ਲਿਖਿਆ ਗਿਆ ਹੈ ਕਿ ਸਕੂਲਾਂ ਵਿਚ ਬੱਚਿਆਂ ਨੂੰ ਵੱਖ-ਵੱਖ ਪੱਧਰਾਂ ਉੱਪਰ ਤਿੰਨ ਭਾਸ਼ਾਵਾਂ ਪੜ੍ਹਾਈਆਂ ਜਾਣਗੀਆਂ ਜਿਨ੍ਹਾਂ ਵਿਚੋਂ ਇਕ ਹਰ ਹਾਲਤ ਵਿਚ ਸਥਾਨਕ/ਖੇਤਰੀ ਭਾਸ਼ਾ ਹੋਵੇਗੀ। ਅੱਠਵੀਂ ਜਮਾਤ ਤੱਕ ਪੜ੍ਹਾਈਆਂ ਜਾਣ ਵਾਲੀਆਂ ਤਿੰਨਾਂ



**ਡਾ. ਲਖਵਿੰਦਰ ਸਿੰਘ ਜੌਹਲ**
**ਫੋਨ: +91-94171-94812**

ਭਾਸ਼ਾਵਾਂ ਬਾਰੇ ਫ਼ੈਸਲਾ ਕਰਨ ਦੇ ਅਧਿਕਾਰ ਸੂਬਿਆਂ ਦੇ ਸਿੱਖਿਆ ਵਿਭਾਗਾਂ ਨੂੰ ਦਿੱਤੇ ਗਏ ਹਨ। ਨੌਂਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਤੀਸਰੀ ਭਾਸ਼ਾ ਵਾਧੂ ਵਿਸ਼ੇ ਵਜੋਂ ਪੜ੍ਹਾਈ ਜਾਣ ਦਾ ਜ਼ਿਕਰ ਕੀਤਾ ਗਿਆ ਹੈ। ਨਵੀਂ ਸਿੱਖਿਆ ਨੀਤੀ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਜਿਸ ਵਿਦਿਆਰਥੀ ਨੇ ਅੱਠਵੀਂ ਜਮਾਤ ਤੱਕ ਤਿੰਨ ਭਾਸ਼ਾਵਾਂ ਦਾ ਇਮਤਿਹਾਨ ਪਾਸ ਨਹੀਂ ਕੀਤਾ ਹੋਵੇਗਾ, ਉਸ ਨੂੰ ਦਸਵੀਂ ਦੀ ਬੋਰਡ ਪ੍ਰੀਖਿਆ ਵਿਚ ਬੈਠਣ ਦਾ ਅਧਿਕਾਰ ਨਹੀਂ ਹੋਵੇਗਾ।

ਨਵੀਂ ਸਿੱਖਿਆ ਨੀਤੀ ਦੀਆਂ ਇਨ੍ਹਾਂ ਮੱਦਾਂ ਦੀ ਪੁਸ਼ਟੀ ਲੋਕ ਸਭਾ ਵਿਚ ਇਕ ਸਵਾਲ ਦਾ ਜਵਾਬ ਦਿੰਦਿਆਂ ਕੇਂਦਰੀ ਸਿੱਖਿਆ ਰਾਜ ਮੰਤਰੀ ਅੰਨਪੂਰਨਾ ਦੇਵੀ ਨੇ ਵੀ ਕੀਤੀ। ਉਸ ਨੇ ਨਾਲ ਹੀ ਇਹ ਵੀ ਕਿਹਾ ਕਿ ਸਿੱਖਿਆ ਦਾ ਮਸਲਾ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਕਿਉਂਕਿ ਇਹ ਸਹਿਵਰਤੀ (ਸਾਂਝੀ) ਸੂਚੀ ਵਿਚ ਸ਼ਾਮਿਲ ਹੈ। ਆਪਣੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਸੂਬਾ ਸਰਕਾਰ ਚਾਹੇ ਤਾਂ ਉਹ ਕਿਸੇ ਵੀ ਖੇਤਰੀ ਭਾਸ਼ਾ ਜਾਂ ਉੱਪ-ਭਾਸ਼ਾ ਨੂੰ ਸਕੂਲ ਸਿੱਖਿਆ ਵਿਚ ਸ਼ਾਮਿਲ ਕਰ ਸਕਦੀ ਹੈ

***ਇਹ ਮੰਨਿਆ ਪ੍ਰਮੰਨਿਆ ਤੱਥ ਹੈ ਕਿ ਜਿੰਨਾ ਚਿਰ ਭਾਸ਼ਾ ਨੂੰ ਰੁਜ਼ਗਾਰ ਨਾਲ ਜੋੜ ਕੇ ਨਹੀਂ ਦੇਖਿਆ ਜਾਵੇਗਾ, ਓਨਾ ਚਿਰ ਭਾਸ਼ਾ ਦੀ ਪ੍ਰਗਤੀ ਦਾ ਮਸਲਾ ਸਿਰਫ ਖਿਆਲੀ ਅਤੇ ਜਜ਼ਬਾਤੀ ਹੀ ਬਣਿਆ ਰਹੇਗਾ ਅਤੇ ਸਮਾਜ ਸਭਿਆਚਾਰ ਦੀਆਂ ਹਕੀਕਤਾਂ ਇਸ ਤੋਂ ਉਲਟੀਆਂ ਹੋਣਗੀਆਂ। ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਅਣਗਹਿਲੀਆਂ ਅਤੇ ਮਾਤ-ਭਾਸ਼ਾਵਾਂ ਪ੍ਰਤੀ ਬੇਮੁੱਖਤਾ ਖੇਤਰੀ ਭਾਸ਼ਾਵਾਂ ਦੇ ਭਵਿੱਖ ਉੱਤੇ ਵੱਡੇ ਸਵਾਲੀਆ ਨਿਸ਼ਾਨ ਲਗਾ ਰਹੀ ਹੈ।***




ਪਰ ਇਹ ਸਭ ਗੱਲਾਂ ਸਿਰਫ਼ ਕਹਿਣ ਦੀਆਂ ਹੀ ਸਾਬਤ ਹੋ ਰਹੀਆਂ ਹਨ।

ਭਾਰਤ ਭਰ ਦੇ ਸਕੂਲ ਸਿੱਖਿਆ ਬੋਰਡਾਂ ਵਲੋਂ ਖੇਤਰੀ ਭਾਸ਼ਾਵਾਂ ਪ੍ਰਤੀ ਵਿਖਾਈ ਜਾ ਰਹੀ ਪਹੁੰਚ ਇਸ ਤੋਂ ਵੱਖਰੀ ਹੈ। ਸੀ.ਬੀ.ਐਸ.ਈ. ਨਾਲ ਸੰਬੰਧਿਤ ਆਰਮੀ ਸਕੂਲਾਂ ਦਾ ਪ੍ਰਬੰਧ ਵੇਖਣ ਵਾਲੀ ਸੰਸਥਾ- ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵਲੋਂ ਦੇਸ਼ ਭਰ ਦੇ ਸਕੂਲਾਂ ਨੂੰ ਇਸੇ ਮਹੀਨੇ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਕਿਸੇ ਵੀ ਆਰਮੀ ਸਕੂਲ ਵਿਚ ਖੇਤਰੀ ਭਾਸ਼ਾ ਦੀ ਪੜ੍ਹਾਈ ਨਹੀਂ ਕਰਵਾਈ ਜਾਵੇਗੀ, ਇਨ੍ਹਾਂ ਸਕੂਲਾਂ ਵਿਚ ਅੰਗਰੇਜ਼ੀ-ਹਿੰਦੀ ਅਤੇ ਸੰਸਕ੍ਰਿਤ ਦੀ ਪੜ੍ਹਾਈ ਹੀ ਹੋਵੇਗੀ। ਇਨ੍ਹਾਂ ਹੁਕਮਾਂ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਜੇਕਰ ਸੀ. ਬੀ. ਐਸ. ਈ. ਦੀਆਂ ਜ਼ਰੂਰਤਾਂ ਲਈ ਕੋਈ ਵਿਦਿਆਰਥੀ ਖੇਤਰੀ ਭਾਸ਼ਾ ਪੜ੍ਹਨੀ ਚਾਹੁੰਦਾ ਹੈ ਤਾਂ ਉਸ ਨੂੰ ਦਾਖਲਾ ਦੇ ਦਿੱਤਾ ਜਾਵੇ ਪਰ ਨਾਲ ਹੀ ਸਪਸ਼ਟ ਕਰ ਦਿੱਤਾ ਜਾਵੇ ਕਿ ਉਸ ਨੂੰ ਕੋਈ ਅਧਿਆਪਕ ਮੁਹੱਈਆ ਨਹੀਂ ਕੀਤਾ ਜਾਵੇਗਾ। ਵਿਦਿਆਰਥੀ ਖੇਤਰੀ ਭਾਸ਼ਾ ਦੀ ਪੜ੍ਹਾਈ ਆਪਣੇ ਤੌਰ 'ਤੇ ਹੀ ਕਰੇ।

ਸਕੂਲਾਂ ਨੂੰ ਸਖਤ ਤਾੜਨਾ ਕੀਤੀ ਗਈ ਹੈ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਸੰਬੰਧਿਤ ਸਕੂਲ ਦੇ ਪ੍ਰਿੰਸੀਪਲ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਉਕਤ ਹੁਕਮਾਂ ਉਪਰੰਤ ਜਲੰਧਰ ਛਾਉਣੀ ਦੇ ਆਰਮੀ ਸਕੂਲ ਵਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਭੇਜੇ ਗਏ ਆਡੀਓ-ਸੁਨੇਹੇ ਵਿਚ ਵੀ ਇਹ ਗੱਲ ਸਪਸ਼ਟ ਕਰ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਦੇ ਬੱਚਿਆਂ ਨੇ ਆਪਣੀ ਮਾਤ-ਭਾਸ਼ਾ ਪੜ੍ਹਨੀ ਹੈ, ਤਾਂ ਉਹ ਆਪੇ ਪੜ੍ਹ ਲੈਣ। ਸਕੂਲ ਤੋਂ ਕੋਈ ਆਸ ਨਾ ਰੱਖਣ। ਸਕੂਲ ਵਲੋਂ ਅਧਿਆਪਕ ਮੁਹੱਈਆ ਨਹੀਂ ਕੀਤੇ ਜਾਣਗੇ।

ਜਲੰਧਰ ਛਾਉਣੀ ਦੇ ਇਸ ਆਰਮੀ ਸਕੂਲ ਵਿਚ 798 ਵਿਦਿਆਰਥੀ ਪੰਜਾਬੀ ਪੜ੍ਹਨ ਲਈ ਦਾਖਲ ਹੋ ਚੁੱਕੇ ਹਨ। ਚੌਥੀ ਜਮਾਤ ਵਿਚ 74, ਪੰਜਵੀਂ ਜਮਾਤ ਵਿਚ 142, ਛੇਵੀਂ ਜਮਾਤ ਵਿਚ 100, ਸੱਤਵੀਂ ਜਮਾਤ ਵਿਚ 120, ਅੱਠਵੀਂ ਜਮਾਤ ਵਿਚ 141, ਨੌਵੀਂ ਜਮਾਤ ਵਿਚ 114 ਅਤੇ ਦਸਵੀਂ ਜਮਾਤ ਵਿਚ 107 ਵਿਦਿਆਰਥੀ ਹਨ। ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਜ਼ਿੰਮੇਵਾਰ ਕੌਣ ਹੈ?

ਇਹ ਸਭ ਕੁਝ ਉਦੋਂ ਹੋ ਰਿਹਾ ਹੈ, ਜਦੋਂ ਕੇਂਦਰੀ ਸਰਕਾਰ ਲੋਕ ਸਭਾ ਵਿਚ ਨਵੀਂ ਸਿੱਖਿਆ ਨੀਤੀ ਦੀ ਵਿਆਖਿਆ ਖੇਤਰੀ ਭਾਸ਼ਾਵਾਂ ਦੇ ਹੱਕ ਵਿਚ ਕਰ ਰਹੀ ਹੈ ਅਤੇ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਲਾਗੂ ਕਰਾਉਣ ਲਈ ਭਾਸ਼ਾ ਕਾਨੂੰਨ ਵਿਚ ਤੀਜੀ ਵਾਰ ਸੋਧ ਕਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਵਿਚ ਮਾਣ ਮਹਿਸੂਸ ਕਰ ਰਹੀ ਹੈ। ਉਪਰੋਕਤ ਆਰਮੀ ਸਕੂਲ ਪੰਜਾਬ ਦੇ ਸਿੱਖਿਆ ਮੰਤਰੀ ਦੇ ਆਪਣੇ ਚੋਣ ਹਲਕੇ ਦਾ ਸਕੂਲ ਹੈ ਜਿਥੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਮਾਪੇ ਸਕੂਲ ਅਧਿਕਾਰੀਆਂ ਦੇ ਹਾੜ੍ਹੇ ਕੱਢ ਰਹੇ ਹਨ ਪਰ ਉਨ੍ਹਾਂ ਨੂੰ ਉੱਪਰ ਤੋਂ ਆਏ ਹੁਕਮ ਦੱਸ ਕੇ ਅਣਗੌਲਿਆਂ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਦੇ ਸੈਕੰਡਰੀ ਐਜੂਕੇਸ਼ਨ ਦੇ ਡੀ.ਪੀ.ਆਈ. ਵਲੋਂ ਸੀ.ਬੀ.ਐਸ.ਈ. ਅਤੇ ਆਈ. ਸੀ.ਐਸ.ਈ. ਨੂੰ ਲਿਖੇ ਗਏ ਪੱਤਰ ਅਨੁਸਾਰ ਪੰਜਾਬ ਦੀ ਹੱਦ ਵਿਚ ਪੈਂਦੇ ਇਨ੍ਹਾਂ ਬੋਰਡਾਂ ਨਾਲ ਸੰਬੰਧਿਤ ਸਾਰੇ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਪੰਜਾਬੀ ਭਾਸ਼ਾ ਦੀ ਪੜ੍ਹਾਈ ਜ਼ਰੂਰੀ ਕਰਵਾਉਣ ਲਈ ਕਿਹਾ ਗਿਆ ਹੈ ਕਿਉਂਕਿ 'ਪੰਜਾਬ ਲਰਨਿੰਗ ਆਫ਼ ਪੰਜਾਬੀ ਅਤੇ ਅਦਰ ਲੈਂਗੂਏਜਿਜ਼ ਐਕਟ 2008' ਅਨੁਸਾਰ ਅਜਿਹਾ ਕਰਨਾ ਜ਼ਰੂਰੀ ਹੈ।

ਦੇਸ਼ ਭਰ ਵਿਚ 137 ਆਰਮੀ ਸਕੂਲ ਹਨ ਜਿਨ੍ਹਾਂ ਦਾ ਪ੍ਰਬੰਧ ਸਕੂਲ ਐਡਮਿਨਸਟ੍ਰੇਸ਼ਨ ਅਤੇ ਪ੍ਰਬੰਧਕੀ ਕਮੇਟੀਆਂ ਚਲਾਉਂਦੀਆਂ ਹਨ, ਇਹ ਅੱਗੋਂ ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਦਿੱਲੀ ਦੀ ਦੇਖ-ਰੇਖ ਨਾਲ ਜੁੜੇ ਹੋਏ ਹਨ। ਆਰਮੀ ਪਬਲਿਕ ਸਕੂਲਾਂ ਦੀ ਇਹ ਲੜੀ ਦੇਸ਼ ਵਿਚ ਸਭ ਤੋਂ ਵੱਡੀ ਲੜੀ ਹੈ।

ਅੱਗੋਂ ਇਸ ਦੇ ਪ੍ਰਬੰਧ ਅਧੀਨ 249 ਆਰਮੀ ਪ੍ਰੀ-ਪ੍ਰਾਇਮਰੀ ਸਕੂਲ ਹਨ ਅਤੇ ਕੁਝ ਉੱਚ ਸਿੱਖਿਆ ਸੰਸਥਾਵਾਂ ਵੀ ਹਨ। ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਦੀ ਸਥਾਪਨਾ 1983 ਵਿਚ ਕੀਤੀ ਗਈ ਸੀ ਪਰ ਆਰਮੀ ਪਬਲਿਕ ਸਕੂਲਾਂ ਦੀ ਸਥਾਪਨਾ 1974 ਤੋਂ ਹੀ ਸ਼ੁਰੂ ਹੋ ਗਈ ਸੀ। ਪਹਿਲਾਂ ਇਨ੍ਹਾਂ ਨੂੰ ਸਥਾਨਕ ਪ੍ਰਬੰਧਕ ਕਮੇਟੀਆਂ ਹੀ ਚਲਾਉਂਦੀਆਂ ਸਨ। ਇਸ ਵੇਲੇ ਦੇਸ਼ ਭਰ ਵਿਚ ਲਗਭਗ ਦਸ ਹਜ਼ਾਰ ਅਧਿਆਪਕ ਅਤੇ ਢਾਈ ਲੱਖ ਵਿਦਿਆਰਥੀ ਇਨ੍ਹਾਂ ਸਕੂਲਾਂ ਵਿਚ ਹਨ। ਹਰ ਸਾਲ ਔਸਤਨ ਪੰਜ ਹਜ਼ਾਰ ਵਿਦਿਆਰਥੀ ਇਨ੍ਹਾਂ ਸਕੂਲਾਂ ਵਿਚੋਂ ਸਿੱਖਿਆ ਪ੍ਰਾਪਤ ਕਰਕੇ ਸਿਵਲ ਅਤੇ ਆਰਮੀ ਦੇ ਉੱਚ-ਅਹੁਦਿਆਂ ਤੱਕ ਪਹੁੰਚਦੇ ਹਨ।

ਪ੍ਰੀ-ਪ੍ਰਾਇਮਰੀ, ਪ੍ਰਾਇਮਰੀ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਕੰਮ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ ਦਾ ਜਾਇਜ਼ਾ ਲਈਏ ਤਾਂ ਹਰ ਸਕੂਲ ਵਿਚ ਚਾਰ ਤੋਂ ਅੱਠ ਤੱਕ ਖੇਤਰੀ ਭਾਸ਼ਾਵਾਂ ਪੜ੍ਹਾਉਣ ਵਾਲੇ ਅਧਿਆਪਕ ਹਨ। ਉਕਤ ਫ਼ੈਸਲੇ ਨਾਲ ਨਾ ਸਿਰਫ ਨਵੀਂ ਪੀੜ੍ਹੀ ਦਾ ਆਪਣੀ ਮਾਤ-ਭਾਸ਼ਾ ਤੋਂ ਵਿਰਵੇ ਹੋਣ ਦਾ ਖਤਰਾ ਹੈ ਸਗੋਂ ਖੇਤਰੀ ਭਾਸ਼ਾਵਾਂ ਨੂੰ ਰੁਜ਼ਗਾਰ ਨਾਲੋਂ ਤੋੜਨ ਦੀ ਗਹਿਰੀ ਸਾਜ਼ਿਸ਼ ਵੀ ਹੈ।

ਇਹ ਮੰਨਿਆ ਪ੍ਰਮੰਨਿਆ ਤੱਥ ਹੈ ਕਿ ਜਿੰਨਾ ਚਿਰ ਭਾਸ਼ਾ ਨੂੰ ਰੁਜ਼ਗਾਰ ਨਾਲ ਜੋੜ ਕੇ ਨਹੀਂ ਦੇਖਿਆ ਜਾਵੇਗਾ, ਓਨਾ ਚਿਰ ਭਾਸ਼ਾ ਦੀ ਪ੍ਰਗਤੀ ਦਾ ਮਸਲਾ ਸਿਰਫ ਖਿਆਲੀ ਅਤੇ ਜਜ਼ਬਾਤੀ ਹੀ ਬਣਿਆ ਰਹੇਗਾ ਅਤੇ ਸਮਾਜ ਸਭਿਆਚਾਰ ਦੀਆਂ ਹਕੀਕਤਾਂ ਇਸ ਤੋਂ ਉਲਟੀਆਂ ਹੋਣਗੀਆਂ। ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਅਣਗਹਿਲੀਆਂ ਅਤੇ ਮਾਤ-ਭਾਸ਼ਾਵਾਂ ਪ੍ਰਤੀ ਬੇਮੁੱਖਤਾ ਖੇਤਰੀ ਭਾਸ਼ਾਵਾਂ ਦੇ ਭਵਿੱਖ ਉੱਤੇ ਵੱਡੇ ਸਵਾਲੀਆ ਨਿਸ਼ਾਨ ਲਗਾ ਰਹੀ ਹੈ।

# ਜਮਹੂਰੀਅਤ ਅਤੇ ਧਰੁਵੀਕਰਨ

ਹੁਣ ਅਸੀਂ ਆਮਦਨ ਅਤੇ ਧਨ ਦੌਲਤ ਵਿਚ ਨਾ-ਬਰਾਬਰੀ ਦੇ ਉਨ੍ਹਾਂ ਪੱਧਰਾਂ 'ਤੇ ਪਹੁੰਚ ਗਏ ਹਾਂ ਜੋ ਲੋਕਤੰਤਰ ਨਾਲ ਬਿਲਕੁੱਲ ਮੇਲ ਨਹੀਂ ਖਾਂਦੇ। ਜਿਵੇਂ-ਜਿਵੇਂ ਨਾ-ਬਰਾਬਰੀ ਅਤੇ ਧਰੁਵੀਕਰਨ ਵਿਚ ਵਾਧਾ ਹੋ ਰਿਹਾ ਹੈ, ਤਿਵੇਂ-ਤਿਵੇਂ ਨਾ-ਉਮੀਦੀ ਫੈਲ ਰਹੀ ਹੈ ਅਤੇ ਉਸ ਵਿਚ ਹੀ ਲੋਕ ਲੁਭਾਊ ਨਾਅਰਿਆਂ ਦੀਆਂ ਜੜ੍ਹਾਂ ਲੱਗੀਆਂ ਹੋਈਆਂ ਹਨ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕੁਝ ਦਿਨ ਪਹਿਲਾਂ ਆਨਲਾਈਨ 'ਲੋਕਰਾਜੀ ਸਿਖਰ ਸੰਮੇਲਨ' ਦੀ ਮੇਜ਼ਬਾਨੀ ਕੀਤੀ ਸੀ। ਇਹ ਸਿਖਰ ਸੰਮੇਲਨ ਦੁਨੀਆ ਭਰ ਵਿਚ ਲੋਕਰਾਜ ਨੂੰ ਹੱਲਾਸ਼ੇਰੀ ਦੇਣ ਵਾਸਤੇ ਸਾਲ ਭਰ ਦੀਆਂ ਸਰਗਰਮੀਆਂ ਦੀ ਸ਼ੁਰੂਆਤ ਕਰੇਗਾ ਜਿਸ ਤਹਿਤ ਅਗਲਾ ਸੰਮੇਲਨ ਭੌਤਿਕ ਰੂਪ ਵਿਚ ਵਾਸ਼ਿੰਗਟਨ ਵਿਚ ਕਰਵਾਇਆ ਜਾਵੇਗਾ ਤੇ ਉਸ ਦੀ ਮੇਜ਼ਬਾਨੀ ਵੀ ਬਾਇਡਨ ਹੀ ਕਰਨਗੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇੱਕੀਵੀਂ

**ਸ਼ਿਆਮ ਸਰਨ**

ਸਦੀ ਦੀ ਸ਼ੁਰੂਆਤ ਤੋਂ ਹੀ ਨਾ ਕੇਵਲ ਸਥਾਪਤ ਲੋਕਰਾਜੀ ਮੁਲ਼ਕਾਂ ਸਗੋਂ ਬਾਅਦ ਵਿਚ ਇਸ ਨੂੰ ਅਪਣਾਉਣ ਅਤੇ ਇਸ ਦੀ ਚਾਹਨਾ ਰੱਖਣ ਵਾਲੇ ਮੁਲਕਾਂ ਸਮੇਤ ਦੁਨੀਆ ਭਰ ਵਿਚ ਲੋਕਰਾਜ ਕਮਜ਼ੋਰ ਹੋ ਰਿਹਾ ਹੈ। ਇਸ ਦੇ ਬੁਨਿਆਦੀ ਕਾਰਨਾਂ ਨੂੰ ਮੁਖ਼ਾਤਬ ਹੋਣ ਲਈ ਕੁਝ ਹੋਰ ਸੰਮੇਲਨ ਕਰਨੇ ਪੈ ਸਕਦੇ ਹਨ ਪਰ ਤਾਂ ਵੀ ਇਹ ਸਲਾਹੁਣਯੋਗ ਪਹਿਲਕਦਮੀ ਗਿਣੀ ਜਾਵੇਗੀ। ਇਸ ਨਾਲ ਆਲਮੀ ਸਿਆਸੀ ਬਿਰਤਾਂਤ ਨੂੰ ਉਦਾਰਵਾਦੀ ਲੋਕਰਾਜ ਦੇ ਹੱਕ ਵਿਚ ਭੁਗਤਾਉਣ ਵਿਚ ਮਦਦ ਮਿਲ ਸਕਦੀ ਹੈ।

ਇਹ ਜ਼ਰੂਰੀ ਨਹੀਂ ਕਿ ਹੋਰਨਾਂ ਮੁਲਕਾਂ ਅੰਦਰ ਲੋਕਰਾਜ ਨੂੰ ਪ੍ਰਫੁੱਲਤ ਕਰਨ ਲਈ ਲੋਕਰਾਜ ਹਮੇਸ਼ਾ ਮਿਲ ਕੇ ਕੰਮ ਕਰਨ। ਜਦੋਂ ਦੋ ਸਟੇਟਾਂ/ਰਿਆਸਤਾਂ ਦੇ ਹਿੱਤ ਮਿਲਦੇ ਹਨ ਤਾਂ ਮੋੜਵੇਂ ਰੂਪ ਵਿਚ ਸਾਂਝੀਆਂ ਲੋਕਰਾਜੀ ਕਦਰਾਂ ਕੀਮਤਾਂ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਨੂੰ ਮਜ਼ਬੂਤੀ ਬਖ਼ਸ਼ਦੀਆਂ ਹਨ ਪਰ ਸਾਂਝੀਆਂ ਜਮਹੂਰੀ ਕਦਰਾਂ ਕੀਮਤਾਂ ਵੱਖੋ ਵੱਖਰੇ ਹਿੱਤਾਂ ਦੀ ਪੈਰਵੀ ਨੂੰ ਦਬਾ ਨਹੀਂ ਸਕਦੀਆਂ। ਸੀਤ ਜੰਗ ਦੇ ਅਰਸੇ ਦੌਰਾਨ ਲੋਕਰਾਜੀ ਮੁਲਕ ਹੋਣ ਦੇ ਬਾਵਜੂਦ ਭਾਰਤ ਅਤੇ ਅਮਰੀਕਾ ਭੂ-ਰਾਜਸੀ ਕਤਾਰਬੰਦੀ ਵਿਚ ਆਹਮੋ-ਸਾਹਮਣੇ ਖੜ੍ਹੇ ਹੋ ਗਏ ਸਨ। ਸਾਂਝੇ ਹਿੱਤਾਂ ਕਰ ਕੇ ਲੋਕਰਾਜੀ ਮੁਲਕ ਵੀ ਗੈਰ-ਲੋਕਰਾਜੀ ਮੁਲਕਾਂ ਦੇ ਸਹਿਯੋਗੀ ਬਣ ਕੇ ਵਿਚਰ ਸਕਦੇ ਹਨ। ਕਿਸੇ ਵੇਲੇ ਸੋਵੀਅਤ ਸੰਘ ਦੀ ਘੇਰਾਬੰਦੀ ਕਰਨ ਦੇ ਮਕਸਦ ਨਾਲ ਅਮਰੀਕਾ ਸਾਮਵਾਦੀ ਚੀਨ ਨਾਲ ਮਿਲ ਕੇ ਚੱਲਣ ਲਈ ਤਿਆਰ ਹੋ ਗਿਆ ਸੀ ਹਾਲਾਂਕਿ ਚੀਨ 1970ਵਿਆਂ ਵਿਚ ਬੇਹੱਦ ਤਿੱਖੇ ਸਭਿਆਚਾਰਕ ਇਨਕਲਾਬ ਦੇ ਮੁਹਾਣੇ ਤੇ ਖੜ੍ਹਾ ਸੀ। ਭਾਰਤ ਅਤੇ ਸੋਵੀਅਤ ਸੰਘ ਆਪਣੇ ਵਿਚਾਰਧਾਰਕ ਪਾੜੇ ਦੇ ਬਾਵਜੂਦ ਤਿੰਨ ਦਹਾਕਿਆਂ ਤੋਂ ਵੱਧ ਅਰਸੇ (1960-1990) ਤੱਕ ਮਜ਼ਬੂਤ ਰਣਨੀਤਕ ਸਾਂਝ ਭਿਆਲੀ ਨਿਭਾਉਂਦੇ ਰਹੇ ਹਨ। ਉਂਝ ਸਾਨੂੰ ਇਹ ਤੱਥ ਨਹੀਂ ਭੁੱਲਣਾ ਚਾਹੀਦਾ ਕਿ ਰਾਸ਼ਟਰਪਤੀ ਬਾਇਡਨ ਲਈ 'ਲੋਕਰਾਜ ਦਾ ਸਿਖਰ ਸੰਮੇਲਨ' ਆਪਣੇ ਪ੍ਰਮੁੱਖ ਭੂ-ਰਾਜਸੀ ਵਿਰੋਧੀਆਂ ਰੂਸ ਤੇ ਚੀਨ ਉਪਰ ਦਬਾਅ ਬਣਾਉਣ ਦਾ ਇਕ ਜ਼ਰੀਆ ਹੈ ਪਰ ਇਸ ਦੀ ਉਪਯੋਗਤਾ ਇਕ ਹੱਦ ਤੱਕ ਹੀ ਕੀਤੀ ਜਾ ਸਕਦੀ ਹੈ।

ਇਸ ਸੰਬੰਧ ਵਿਚ ਕਿਨ੍ਹਾਂ ਦੇਸ਼ਾਂ ਨੂੰ ਸੱਦਿਆ ਜਾਵੇ ਤੇ ਕਿਨ੍ਹਾਂ ਨੂੰ ਬਾਹਰ ਰੱਖਿਆ ਜਾਵੇ, ਇਸ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ ਜਿਸ ਨਾਲ ਇਸ ਦਾ ਭੂ-ਰਾਜਸੀ ਪਾਸਾਰ ਸਾਹਮਣੇ ਆ ਗਿਆ। ਲੋਕਰਾਜੀ ਕਿਰਦਾਰ ਦੇ ਮਾਪਦੰਡ ਤੇ ਪਰਖਦਿਆਂ ਬੰਗਲਾਦੇਸ਼ ਅਤੇ ਭੂਟਾਨ ਵਰਗੇ ਮੁਲਕਾਂ ਨੂੰ ਬਾਹਰ ਰੱਖਣ ਅਤੇ ਪਾਕਿਸਤਾਨ ਨੂੰ ਸੱਦੇ ਜਾਣ ਦੀ ਕੋਈ ਵਾਜਬੀਅਤ ਨਹੀਂ ਬਣਦੀ। ਸੰਭਵ ਹੈ ਕਿ ਅਫ਼ਗਾਨਿਸਤਾਨ ਦੇ ਹਾਲਾਤ ਨਾਲ ਨਜਿੱਠਣ ਵਿਚ ਪਾਕਿਸਤਾਨ ਦੀ ਭੂ-ਰਾਜਸੀ ਹਾਲਤ ਦੇ ਮੱਦੇਨਜ਼ਰ ਉਸ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਗਈ ਹੋਵੇ ਪਰ ਜਦੋਂ ਪਾਕਿਸਤਾਨ ਨੇ ਸੱਦਾ ਠੁਕਰਾ ਦਿੱਤਾ ਤਾਂ ਇਸ ਨਾਲ ਉਨ੍ਹਾਂ ਲਈ ਨਮੋਸ਼ੀ ਦੀ ਹਾਲਤ ਬਣ ਗਈ ਸੀ। ਇਸਲਾਮਾਬਾਦ ਕਿਸੇ ਵੇਲੇ ਅਮਰੀਕੀ ਮਹਾਸ਼ਕਤੀ ਤੋਂ ਮਿਲਦੇ ਪ੍ਰਮਾਣ ਪੱਤਰ ਦੀ ਬਹੁਤ ਕਦਰ ਕਰਦਾ ਹੁੰਦਾ ਸੀ ਪਰ ਹੁਣ ਉਸ ਲਈ ਚੀਨ ਦੀ ਖੁਸ਼ਨੂਦੀ ਹਾਸਲ ਕਰਨਾ ਜ਼ਿਆਦਾ ਅਹਿਮ ਬਣ ਗਿਆ ਹੈ।

ਇਸ ਸਿਖਰ ਸੰਮੇਲਨ ਦੇ ਤਿੰਨ ਪਰਤੀ ਉਦੇਸ਼ ਸਨ: ਨਿਰੰਕੁਸ਼ਸ਼ਾਹੀ ਦਾ ਵਿਰੋਧ; ਭ੍ਰਿਸ਼ਟਾਚਾਰ ਖਿਲਾਫ਼ ਲੜਨਾ; ਮਨੁੱਖੀ ਅਧਿਕਾਰਾਂ ਦੇ ਸਤਿਕਾਰ ਨੂੰ ਹੱਲਾਸ਼ੇਰੀ ਦੇਣਾ।

ਹੁਣ ਤੱਕ ਮਿਲੀਆਂ ਰਿਪੋਰਟਾਂ ਮੁਤਾਬਕ ਇਕਮਾਤਰ ਪ੍ਰਤੱਖ ਨਤੀਜਾ ਐਕਸਪੋਰਟ ਕੰਟਰੋਲਜ਼ ਐਂਡ ਹਿਊਮਨ ਰਾਈਟਸ ਇਨੀਸ਼ੀਏਟਿਵ (ਬਰਾਮਦੀ ਕੰਟਰੋਲ ਅਤੇ ਮਨੁੱਖੀ ਅਧਿਕਾਰ ਪਹਿਲਕਦਮੀ) ਦੇ ਰੂਪ ਵਿਚ ਸਾਹਮਣੇ ਆਇਆ ਹੈ ਜੋ ਅਮਰੀਕਾ, ਆਸਟਰੇਲੀਆ, ਡੈਨਮਾਰਕ ਅਤੇ ਨਾਰਵੇ ਵਲੋਂ ਜਾਰੀ ਕੀਤੀ ਗਈ ਹੈ। ਇਸ ਪਹਿਲਕਦਮੀ ਦਾ ਮਕਸਦ ਨਿਰੰਕੁਸ਼ ਸਟੇਟਾਂ ਨੂੰ ਸਰਵੇ ਕਰਨ ਅਤੇ ਸਿਆਸੀ ਵਿਰੋਧੀਆਂ, ਪੱਤਰਕਾਰਾਂ, ਕਾਰਕੁਨਾਂ ਅਤੇ ਘੱਟਗਿਣਤੀ ਫਿਰਕਿਆਂ ਦੇ ਸੰਚਾਰ ਯੰਤਰਾਂ ਵਿਚ ਸੰਨ੍ਹ ਲਾਉਣ ਲਈ ਦੋਧਾਰੀ ਤਕਨਾਲੋਜੀਆਂ ਦੀ ਦੁਰਵਰਤੋਂ ਕਰਨ ਤੋਂ ਰੋਕਿਆ ਜਾਵੇ। ਮੈਨੂੰ ਆਸ ਸੀ ਕਿ ਭਾਰਤ ਇਸ ਗਰੁੱਪ ਦਾ ਹਿੱਸਾ ਬਣੇਗਾ ਖ਼ਾਸਕਰ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਤੰਤਰਾਂ ਦੀ ਵੁੱਕਤ ਉਪਰ ਵਡੇਰਾ ਅਸਰ ਪਾ ਰਹੇ ਸੋਸ਼ਲ ਮੀਡੀਆ ਜਾਂ ਕ੍ਰਿਪਟੋਕਰੰਸੀਆਂ ਵਾਸਤੇ ਡਿਜੀਟਲ ਤਕਨਾਲੋਜੀਆਂ ਦੀ ਵਰਤੋਂ ਦੇ ਆਲਮੀ ਨੇਮ ਤੈਅ ਕਰਨ ਵੱਲ ਸੰਮੇਲਨ ਦਾ ਧਿਆਨ ਦਿਵਾਇਆ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਦਾ ਦੁਨੀਆ ਨੂੰ ਸੰਦੇਸ਼ ਇਹ ਸੀ ਕਿ ਲੋਕਤੰਤਰ ਕੰਮ ਦੇ ਸਕਦਾ ਹੈ, ਕੰਮ ਕੀਤਾ ਹੈ ਅਤੇ ਅਗਾਂਹ ਵੀ ਕੰਮ ਦਿੰਦਾ ਰਹੇਗਾ। ਹਾਲਾਂਕਿ ਇਹ ਮਨੋਬਲ ਵਧਾਉਣ ਵਾਲਾ ਸੰਦੇਸ਼ ਸੀ ਪਰ ਤੱਥ ਇਹ ਹੈ ਕਿ ਪਿਛਲੇ ਇਕ ਦਹਾਕੇ ਜਾਂ ਇਸ ਤੋਂ ਵੱਧ ਅਰਸੇ ਦੌਰਾਨ ਜਨਤਕ ਸੁਰੱਖਿਆ, ਸਿੱਖਿਆ ਤੇ ਸਿਹਤ ਜਿਹੀਆਂ ਆਮ ਲੋਕਾਂ ਵਲੋਂ ਸਰਕਾਰਾਂ ਤੋਂ ਤਵੱਕੋ ਕੀਤੀਆਂ ਜਾਂਦੀਆਂ ਬਹੁਤ ਹੀ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਦੇ ਮਾਮਲੇ ਵਿਚ ਲੋਕਤੰਤਰਾਂ ਨੂੰ ਨਿਰੰਕੁਸ਼ ਰਾਜਾਂ ਦੇ ਮੁਕਾਬਲੇ ਘੱਟ ਸਫ਼ਲ ਗਿਣਿਆ ਜਾਂਦਾ ਰਿਹਾ ਹੈ। ਦੁਨੀਆ ਭਰ ਵਿਚ ਕੋਈ ਵੀ ਇਸ ਤੋਂ ਮੁਨਕਰ ਨਹੀਂ ਹੋ ਸਕਦਾ ਕਿ ਇਕ ਨਿਰੰਕੁਸ਼ ਸ਼ਾਸਨ ਅਧੀਨ ਹੋਏ ਚੀਨੀ ਤਜਰਬੇ ਨੂੰ ਸ਼ਾਨਦਾਰ ਸਫ਼ਲਤਾ ਮੰਨਿਆ ਜਾਂਦਾ ਹੈ, ਕਰੋੜਾਂ ਲੋਕਾਂ ਨੂੰ ਗੁਰਬਤ ਵਿਚੋਂ ਬਾਹਰ ਕੱਢਿਆ ਗਿਆ ਹੈ, ਦੁਨੀਆ ਦਾ ਬਿਹਤਰੀਨ ਤੇ ਆਧੁਨਿਕ ਬੁਨਿਆਦੀ ਢਾਂਚਾ ਸਿਰਜਿਆ ਗਿਆ ਹੈ ਅਤੇ ਲੋਕਾਂ ਦੇ ਜੀਵਨ ਮਿਆਰ ਵਿਚ ਚੋਖਾ ਸੁਧਾਰ ਲਿਆਂਦਾ ਗਿਆ ਹੈ। ਇਹ ਸਭ ਕੁਝ ਮਨੁੱਖੀ ਅਧਿਕਾਰਾਂ ਦੀ ਵੱਡੇ ਪੱਧਰ ਤੇ ਖਿਲਾਫ਼ਵਰਜ਼ੀਆਂ ਅਤੇ ਵਾਤਾਵਰਨ ਦੀ ਬਰਬਾਦੀ ਦੀ ਕੀਮਤ ਦੇ ਆਧਾਰ ਤੇ ਹਾਸਲ ਕੀਤਾ ਗਿਆ ਹੈ। ਕੋਈ ਇਸ ਨੂੰ 'ਤਾਨਾਸ਼ਾਹ ਹਸਦ' ਜਾਂ ਅਮਨ ਤੇ ਖ਼ੁਸ਼ਹਾਲੀ ਮੁਹੱਈਆ ਕਰਾਉਣ ਲਈ ਸਾਰੇ ਮਨੁੱਖੀ ਤੇ ਪਦਾਰਥਕ ਅੜਿੱਕਿਆਂ ਨੂੰ ਸਰ ਕਰਨ ਵਾਲੇ ਕਿਸੇ ਮਜ਼ਬੂਤ ਤੇ ਸ਼ਕਤੀਸ਼ਾਲੀ ਆਗੂ ਦੀ ਚਾਹਨਾ ਵੀ ਕਹਿ ਸਕਦਾ ਹੈ। ਕਿਸੇ ਨੂੰ ਇਹ ਗੱਲ ਪਸੰਦ ਆਵੇ ਭਾਵੇਂ ਨਾ ਆਵੇ ਪਰ ਸਾਰੇ ਲੋਕਤੰਤਰਾਂ ਅੰਦਰ ਲੋਕਤੰਤਰ ਪ੍ਰਤੀ ਉਦਾਸੀਨਤਾ ਪਾਈ ਜਾਂਦੀ ਹੈ ਅਤੇ ਨਿਰੰਕੁਸ਼ ਰਾਜਾਂ ਤੇ ਉਨ੍ਹਾਂ ਦੇ ਆਗੂਆਂ ਦੀਆਂ ਗਿਣਤੀਆਂ ਮਿਣਤੀਆਂ ਨਾਲੋਂ ਇਹ ਲੋਕਤੰਤਰ ਲਈ ਜ਼ਿਆਦਾ ਵੱਡੀ ਚੁਣੌਤੀ ਹੈ।

ਕਿਸੇ ਵੇਲੇ ਲੋਕਤੰਤਰ ਨੂੰ ਮਨੁੱਖੀ ਇਤਿਹਾਸ ਦਾ ਬਿਹਤਰੀਨ ਅਤੇ ਸਭ ਤੋਂ ਵਿਕਸਤ ਸਿਆਸੀ ਪ੍ਰਬੰਧ ਮੰਨਿਆ ਜਾਂਦਾ ਸੀ ਅਤੇ ਇਹ ਗੱਲ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਪੈਂਦੀ ਸੀ ਪਰ ਹੁਣ ਲੋਕ ਇਸ ਤੋਂ ਕਿਉਂ ਬੇਮੁੱਖ ਹੋ ਰਹੇ ਹਨ? ਮੇਰੇ ਖਿਆਲ ਵਿਚ ਸੀਤ ਜੰਗ ਦੇ ਖ਼ਾਤਮੇ ਤੋਂ ਬਾਅਦ ਉਦਾਰਵਾਦੀ ਆਪਣੇ ਰਾਹ ਤੋਂ ਭਟਕ ਗਏ ਸਨ। ਉਨ੍ਹਾਂ ਨੇ ਉਦਾਰਵਾਦੀ ਲੋਕਤੰਤਰ ਨੂੰ ਖੁੱਲ੍ਹੇ ਬਾਜ਼ਾਰ ਨਾਲ ਰਲਗੱਡ ਕਰ ਛੱਡਿਆ ਅਤੇ ਇਹ ਸ਼ੱਕੀ ਧਾਰਨਾ ਪ੍ਰਚਾਰਨੀ ਸ਼ੁਰੂ ਕਰ ਦਿੱਤੀ ਕਿ ਖੁੱਲ੍ਹੇ ਬਾਜ਼ਾਰ ਆਖ਼ਰ ਨੂੰ ਲੋਕਤੰਤਰ ਲਈ ਰਾਹ ਖੋਲ੍ਹਦੇ ਹਨ। ਬੁਨਿਆਦੀ ਸਹੂਲਤਾਂ ਅਤੇ ਤਰੱਕੀ ਦੇ ਅਵਸਰਾਂ ਦੀ ਰਸਾਈ ਵਿਚ ਬਰਾਬਰੀ ਯਕੀਨੀ ਬਣਾਉਣ ਵਿਚ ਜਨਤਕ ਨੀਤੀ ਦੀ ਭੂਮਿਕਾ ਹੌਲੀ ਹੌਲੀ ਖਤਮ ਹੁੰਦੀ ਗਈ ਜਦਕਿ ਬਾਜ਼ਾਰ ਤੰਤਰ ਦਾ ਦਬਦਬਾ ਵਧਦਾ ਗਿਆ। ਬਾਜ਼ਾਰ ਦੇ ਜੇਤੂ ਖਿਡਾਰੀਆਂ ਦਾ ਘੇਰਾ ਛੋਟੇ ਤੋਂ ਛੋਟਾ ਹੁੰਦਾ ਗਿਆ ਜਦਕਿ ਹਾਰੇ ਹੋਇਆਂ ਦੀਆਂ ਸਫ਼ਾਂ ਵਧਦੀਆਂ ਗਈਆਂ। ਇਹ ਨਾ-ਬਰਾਬਰੀਆਂ ਸੰਸਾਰੀਕਰਨ ਜਾਂ ਤਕਨੀਕੀ ਬਦਲਾਓ ਦੀ ਸੁਭਾਅ ਦਾ ਸਿੱਟਾ ਨਹੀਂ ਹਨ ਸਗੋਂ ਜਨਤਕ ਨੀਤੀ ਦੀ ਨਾਕਾਮੀ ਦਾ ਸਿੱਟਾ ਹਨ। ਲੋਕਰਾਜੀ ਸਟੇਟ ਨੇ ਸੰਸਾਰੀਕਰਨ ਅਤੇ ਤਕਨੀਕੀ ਵਿਕਾਸ ਦੇ ਫ਼ਲ ਸਭਨਾਂ ਨੂੰ ਵੰਡਣ ਵਿਚ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਫੇਰ ਲਿਆ ਹੈ ਅਤੇ ਹੁਣ ਅਸੀਂ ਆਮਦਨ ਅਤੇ ਧਨ ਦੌਲਤ ਵਿਚ ਨਾ-ਬਰਾਬਰੀ ਦੇ ਉਨ੍ਹਾਂ ਪੱਧਰਾਂ ਤੇ ਪਹੁੰਚ ਗਏ ਹਾਂ ਜੋ ਲੋਕਤੰਤਰ ਨਾਲ ਬਿਲਕੁੱਲ ਮੇਲ ਨਹੀਂ ਖਾਂਦੇ। ਜਿਵੇਂ ਜਿਵੇਂ ਨਾ-ਬਰਾਬਰੀ ਅਤੇ ਧਰੁਵੀਕਰਨ ਵਿਚ ਵਾਧਾ ਹੋ ਰਿਹਾ ਹੈ, ਤਿਵੇਂ-ਤਿਵੇਂ ਨਾ-ਉਮੀਦੀ ਫੈਲ ਰਹੀ ਹੈ ਅਤੇ ਉਸ ਵਿਚ ਹੀ ਲੋਕ ਲੁਭਾਊ ਨਾਅਰਿਆਂ ਦੀਆਂ ਜੜ੍ਹਾਂ ਲੱਗੀਆਂ ਹੋਈਆਂ ਹਨ। ਲੋਕਤੰਤਰਾਂ ਨੂੰ ਇਸ ਵਧ ਰਹੀ ਨਾ-ਬਰਾਬਰੀ ਨੂੰ ਮੁਖ਼ਾਤਬ ਹੋਣ ਦਾ ਤਰੀਕਾਕਾਰ ਲੱਭਣਾ ਪੈਣਾ ਹੈ, ਨਹੀਂ ਤਾਂ ਉਨ੍ਹਾਂ ਦੀ ਹੋਂਦ ਬਚਾਉਣੀ ਮੁਸ਼ਕਿਲ ਹੋ ਜਾਵੇਗੀ; ਜਾਂ ਫਿਰ ਉਨ੍ਹਾਂ ਦਾ ਚਿਹਰਾ ਮੋਹਰਾ ਅਜਿਹਾ ਬਣ ਜਾਵੇਗਾ ਜਿਸ ਨੂੰ ਅੱਜ ਕੱਲ 'ਚੁਣਾਵੀ ਨਿਰੰਕੁਸ਼ਸ਼ਾਹੀ' ਕਰਾਰ ਦਿੱਤਾ ਜਾਂਦਾ ਹੈ।

# ਪ੍ਰੋ. ਪੂਰਨ ਸਿੰਘ ਦੀਆਂ ਪੁਸਤਕਾਂ ਦੇ ਪ੍ਰਕਾਸ਼ਨ ਦੀ ਦਾਸਤਾਨ

ਕਲਾ ਪਰਿਕਰਮਾ



ਮਨਮੋਹਨ ਸਿੰਘ ਦਾਊਂ
ਫੋਨ: +91-98151-23900

ਡਾ. ਐਮ.ਐਸ. ਰੰਧਾਵਾ ਲਿਖਦੇ ਹਨ: ਪ੍ਰੋ. ਪੂਰਨ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ ਉਨ੍ਹਾਂ ਦੀ ਅੰਗਰੇਜ਼ੀ ਪੁਸਤਕ 'ਸਿਸਟਰਜ਼ ਐਂਡ ਦਿ ਸਪਿਨਿੰਗ ਵ੍ਹੀਲ' (ਤ੍ਰਿੰਝਣ) ਰਾਹੀਂ 1929 ਵਿਚ ਹੋਈ। ਉਦੋਂ ਮੈਂ ਲਾਹੌਰ ਮਿਸ਼ਨ ਕਾਲਜ ਵਿਚ ਪੜ੍ਹਦਾ ਸਾਂ। ਇਹ ਪੰਜਾਬੀ ਕਵੀ ਦੀ ਅੰਗਰੇਜ਼ੀ ਵਿਚ ਪਹਿਲੀ ਕਾਵਿ ਰਚਨਾ ਸੀ ਜੋ ਇੰਗਲਿਸਤਾਨ ਵਿਚ ਪ੍ਰਕਾਸ਼ਿਤ ਹੋਈ।


ਮੇਰੀ ਨੇੜਤਾ ਵੀ ਡਾ. ਐਮ.ਐਸ. ਰੰਧਾਵਾ ਨਾਲ ਉਨ੍ਹਾਂ ਵੱਲੋਂ ਸੰਪਾਦਿਤ ਪੁਸਤਕ 'ਪੂਰਨ ਸਿੰਘ: ਜੀਵਨ ਤੇ ਕਵਿਤਾ' ਪੜ੍ਹਨ ਉਪਰੰਤ ਹੋਈ। ਇਹ ਪੁਸਤਕ ਸਾਹਿਤ ਅਕਾਦਮੀ (ਦਿੱਲੀ) ਨੇ 1964 ਵਿਚ ਪ੍ਰਕਾਸ਼ਿਤ ਕੀਤੀ। ਡਾ. ਰੰਧਾਵਾ ਉਦੋਂ ਚੰਡੀਗੜ੍ਹ ਦੇ ਚੀਫ ਕਮਿਸ਼ਨਰ ਸਨ ਤੇ ਖਰੜ ਗਾਰਡਨ ਕਲੋਨੀ ਵਿਚ ਰਹਿੰਦੇ ਸਨ। ਮੈਂ ਸਰਕਾਰੀ ਮਿਡਲ ਸਕੂਲ ਤਿਊੜ ਵਿਚ ਪੜ੍ਹਾਉਂਦਾ ਸੀ ਤੇ ਮੈਂ, ਐਮ.ਏ. ਪੰਜਾਬੀ (ਭਾਗ ਪਹਿਲਾ) ਪ੍ਰਾਈਵੇਟ ਤੌਰ 'ਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪਾਸ ਕਰ ਲਈ ਤੇ ਪੜ੍ਹਨ ਦਾ ਸ਼ੌਕ ਹੋਣ ਕਾਰਨ ਪੁਸਤਕ 'ਪੂਰਨ ਸਿੰਘ: ਜੀਵਨੀ ਤੇ ਕਵਿਤਾ' ਖ਼ਰੀਦ ਕੇ ਪੜ੍ਹੀ ਸੀ। ਪੁਸਤਕ ਪੜ੍ਹ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ ਤੇ ਡਾ.ਰੰਧਾਵਾ ਨੂੰ ਉਨ੍ਹਾਂ ਦੇ ਖਰੜ ਵਾਲੇ ਪਤੇ 'ਤੇ 16 ਜੁਲਾਈ, 1967 ਨੂੰ ਖ਼ਤ ਪਾ ਦਿੱਤਾ ਤੇ ਮੁੜਦੀ ਡਾਕ 18 ਜੁਲਾਈ, 1967 ਨੂੰ ਡਾ. ਰੰਧਾਵਾ ਦਾ ਲਿਖਿਆ ਕਾਰਡ ਮੈਨੂੰ ਮੇਰੇ ਪਿੰਡ ਦਾਊਂ ਮਿਲ ਗਿਆ। ਮੈਨੂੰ ਬਹੁਤ ਖ਼ੁਸ਼ੀ ਹੋਈ ਕਿ ਏਡੇ ਅਧਿਕਾਰੀ ਨੇ ਮੈਨੂੰ ਤੁਰੰਤ ਜਵਾਬ ਘੱਲ ਕੇ, ਮੈਨੂੰ ਕਿਸੇ ਐਤਵਾਰ ਨੂੰ ਸ਼ਾਮੀਂ ਮਿਲਣ ਦਾ ਸੱਦਾ ਵੀ ਦੇ ਦਿੱਤਾ। ਮੇਰੇ ਲਈ ਇਹ ਵੱਡਾ ਗੌਰਵ ਹੀ ਨਹੀਂ ਸਗੋਂ ਸਾਹਿਤ ਪੜ੍ਹਨ ਦੀ ਰੁਚੀ ਦਾ ਫਲ ਸੀ। ਮੈਂ ਉਨ੍ਹਾਂ ਨੂੰ ਮਿਲਿਆ ਤੇ ਮੇਰੀ ਪਹਿਲੀ ਮੁਲਾਕਾਤ ਯਾਦਗਾਰੀ ਬਣ ਗਈ।

'ਪੂਰਨ ਸਿੰਘ: ਜੀਵਨੀ ਤੇ ਕਵਿਤਾ' ਕੋਈ ਸੱਜਣ ਮੈਥੋਂ ਲੈ ਗਿਆ ਪਰ ਨਾ ਮੋੜਨ ਕਰਕੇ ਮੈਂ ਇਸ ਪੁਸਤਕ ਦੀ ਦੂਜੀ ਨਵੀਂ ਛਪੀ ਐਡੀਸ਼ਨ (2009) ਦੋ ਸੌ ਰੁਪਏ ਮੁੱਲ ਵਾਲੀ ਮੁੜ ਖ਼ਰੀਦੀ।

ਡਾ.ਰੰਧਾਵਾ ਲਿਖਦੇ ਹਨ: ਪ੍ਰੋ. ਪੂਰਨ ਸਿੰਘ ਦੀ ਅਦੁੱਤੀ ਰਚਨਾ 'ਦਿ ਸਪਿਰਟ ਬੌਰਨ ਪੀਪਲ' (ਰੂਹ ਦੇ ਜਾਏ) ਪੜ੍ਹ ਕੇ ਏਨਾ ਪਸੀਜਿਆ ਗਿਆ ਕਿ ਇਸ ਪੁਸਤਕ ਦੀਆਂ 50/60 ਕਾਪੀਆਂ ਜੀਵਨ ਸਿੰਘ ਪ੍ਰਕਾਸ਼ਕ (ਲੁਧਿਆਣਾ) ਤੋਂ ਖ਼ਰੀਦ ਕੇ ਪੰਜਾਬ ਦੀਆਂ ਲਾਇਬਰੇਰੀਆਂ ਲਈ ਘੱਲੀਆਂ।

ਏਨਾ ਮੋਹ ਸੀ ਡਾ. ਰੰਧਾਵਾ ਦਾ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਅਤੇ ਮਿਆਰੀ ਤੇ ਚੰਗੀਆਂ ਪੁਸਤਕਾਂ ਨਾਲ। ਇਹ ਡਾ. ਰੰਧਾਵਾ ਦੀ ਦੂਰ-ਦ੍ਰਿਸ਼ਟੀ ਹੀ ਸੀ ਕਿ 'ਪੂਰਨ ਸਿੰਘ: ਜੀਵਨੀ ਤੇ ਕਵਿਤਾ' ਦੇ ਮੁਢਲੇ 'ਪ੍ਰਾਕਥਨ' ਉਨ੍ਹਾਂ ਦੇ ਪੁੱਤਰ ਮਦਨ ਮੋਹਨ ਸਿੰਘ ਵੱਲੋਂ 5 ਦਸੰਬਰ, 1962 (ਸਨੋ ਵਿਊ ਸ਼ਿਮਲਾ) ਨੂੰ ਲਿਖੇ ਗਏ। ਫਰਵਰੀ 17, 1881 ਨੂੰ ਜਨਮੇ (ਸਲਹੱਡ-ਐਬਟਾਬਾਦ) ਪੂਰਨ ਸਿੰਘ ਦਾ ਦੇਹਾਂਤ ਟੀ.ਬੀ. ਦੀ ਬਿਮਾਰੀ ਕਾਰਨ 31 ਮਾਰਚ, 1931 ਨੂੰ ਦੇਹਰਾਦੂਨ ਵਿਖੇ ਹੋਇਆ। ਉਨ੍ਹਾਂ ਦੀ ਮਾਤਾ ਪਰਮਾ ਦੇਵੀ ਤੇ ਪਿਤਾ ਕਰਤਾਰ ਸਿੰਘ ਭਾਗਰ ਕਾਨੂੰਨਦਾਨ ਸਨ ਜਿਨ੍ਹਾਂ ਦਾ ਪਿਛੋਕੜ ਪੋਠੋਹਾਰ ਦੀ ਧਰਤੀ ਸੀ।

ਡਾ. ਰੰਧਾਵਾ ਅੱਗੇ ਲਿਖਦੇ ਹਨ: ਡਾਕਟਰ ਖ਼ੁਦਾਦਾਦ ਨੇ ਪੂਰਨ ਸਿੰਘ ਦੀਆਂ ਲਿਖਤਾਂ ਨੂੰ ਸਾਂਭਣ ਲਈ ਵਿਸ਼ੇਸ਼ ਯਤਨ ਕੀਤੇ। ਮਦਨ ਗੋਪਾਲ ਸਿੰਘ ਲਿਖਦਾ ਹੈ ਕਿ ਜੇਕਰ ਇੰਝ ਨਾ ਕੀਤਾ ਜਾਂਦਾ ਤਾਂ 'ਖੁੱਲ੍ਹੇ ਅਸਮਾਨੀ ਰੰਗ' ਕਈ ਸਾਲਾਂ ਦੀ ਘਾਲਣਾ ਕਰਕੇ ਪ੍ਰਕਾਸ਼ਨਾ ਦਾ ਰੂਪ ਨਾ ਧਾਰਦੀ। ਪਹਿਲਾਂ ਇਸ ਦਾ ਨਾਂ 'ਚਮਕਦੇ ਕਿਣਕੇ' ਰੱਖਿਆ ਪਰ ਬਾਅਦ ਵਿਚ ਪੂਰਨ ਸਿੰਘ ਨੇ 'ਖੁੱਲ੍ਹੇ ਅਸਮਾਨੀ ਰੰਗ' ਲਿਖ ਕੇ ਤਤਕਰਾ ਵੀ ਆਪ ਲਿਖਿਆ।



ਪ੍ਰੋ. ਪੂਰਨ ਸਿੰਘ ਦੀਆਂ ਦੋ ਪੁਸਤਕਾਂ ਦੇ ਮੁਖੜੇ।

ਸੰਪਾਦਿਤ ਪੁਸਤਕ ਦਾ 'ਪ੍ਰਵੇਸ਼' ਡਾ.ਐਮ.ਐਸ.ਰੰਧਾਵਾ ਦਾ ਲਿਖਿਆ ਹੋਇਆ ਹੈ ਜਿਸ ਵਿਚ ਬਹੁਤ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਪ੍ਰੋ. ਪੂਰਨ ਸਿੰਘ ਦੇ ਪੁੱਤਰ ਮਦਨ ਮੋਹਨ ਸਿੰਘ ਸ਼ਿਮਲੇ ਸਬ-ਜੱਜ ਲੱਗੇ ਹੋਏ ਸਨ। ਡਾ. ਰੰਧਾਵਾ ਨਾਲ ਮੁਲਾਕਾਤ ਹੋਈ ਤੇ ਡਾ.ਰੰਧਾਵਾ ਨੇ ਪੂਰਨ ਸਿੰਘ ਦੀ ਲਿਖੀ ਜੀਵਨੀ 'ਜੀਵਨ ਮਾਰਗ ਉੱਤੇ' ਅਤਰ ਚੰਦ ਕਪੂਰ ਐਂਡ ਸੰਨਜ਼ ਪ੍ਰਕਾਸ਼ਕ ਤੋਂ 1954 ਵਿਚ ਛਪਵਾਈ। ਜਦੋਂ ਡਾ. ਰੰਧਾਵਾ ਦਾ ਸਾਹਿਤ ਅਕਾਦਮੀ ਦਿੱਲੀ ਦੇ ਸਲਾਹਕਾਰ ਬੋਰਡ ਵਜੋਂ ਸਬੰਧ ਜੁੜਿਆ ਤਾਂ ਪੂਰਨ ਸਿੰਘ ਦੀਆਂ ਕਾਵਿ-ਪੁਸਤਕਾਂ 'ਖੁੱਲ੍ਹੇ ਘੁੰਡ', 'ਖੁੱਲ੍ਹੇ ਮੈਦਾਨ' ਤੇ 'ਖੁੱਲ੍ਹੇ ਅਸਮਾਨੀ ਰੰਗ' ਨੂੰ ਨਵੀਂ ਸੁੰਦਰ ਦਿੱਖ ਵਿਚ ਛਪਵਾਉਣ ਦਾ ਬੀੜਾ ਚੁੱਕਿਆ। ਗੁਲਜ਼ਾਰ ਸਿੰਘ ਸੰਧੂ ਤੇ ਪ੍ਰੋ. ਮੋਹਨ ਸਿੰਘ ਤੋਂ ਰਚਨਾਵਾਂ ਦੀ ਸੋਧ-ਸੁਧਾਈ ਕਰਵਾਈ। ਪ੍ਰੋ. ਪੂਰਨ ਸਿੰਘ ਦੀ ਪਤਨੀ ਮਾਇਆ ਦੇਵੀ ਨੂੰ ਉਚੇਚੀ ਹੱਲਾਸ਼ੇਰੀ ਦੇ ਕੇ ਇਸ ਪੁਸਤਕ ਨੂੰ ਹੋਰ ਮੁੱਲਵਾਨ ਬਣਾਉਣ ਲਈ ਯਾਦਾਂ ਲਿਖਵਾਈਆਂ ਤੇ ਉਨ੍ਹਾਂ ਨੂੰ ਤਰਤੀਬਬੱਧ ਕਰਵਾਇਆ। ਅਣਹੋਣੀ ਇਹ ਹੋਈ ਕਿ ਪੁਸਤਕ ਪ੍ਰਕਾਸ਼ਨਾ ਅਧੀਨ ਸੀ, ਇਸੇ ਦੌਰਾਨ ਮਾਇਆ ਦੇਵੀ ਤੇ ਮਦਨ ਮੋਹਨ ਸਿੰਘ ਦਾ ਥੋੜ੍ਹੇ ਵਕਫ਼ੇ 'ਚ ਦੇਹਾਂਤ ਹੋ ਗਿਆ ਤੇ ਪੂਰਨ ਸਿੰਘ ਦੇ ਦੂਜੇ ਪੁੱਤਰ ਰਮਿੰਦਰ ਸਿੰਘ ਨੇ ਇਹ ਸੋਗੀ ਖ਼ਬਰ ਦਿੱਤੀ। ਡਾ. ਰੰਧਾਵਾ ਲਿਖਦੇ ਹਨ: ਪੂਰਨ ਸਿੰਘ ਮਾਨਵਤਾ ਦਾ ਕਵੀ ਹੈ। ਉਹਦੇ ਲਈ ਧਰਮ, ਫਿਰਕੇ ਅਤੇ ਜਾਤੀ ਦੀਆਂ ਕਲਪਤ ਸੀਮਾਵਾਂ ਕੋਈ ਅਰਥ ਨਹੀਂ ਰੱਖਦੀਆਂ। ਉਸ ਦਾ ਰੱਬ ਗੁਰੂ ਨਾਨਕ ਦਾ ਰੱਬ ਹੈ। ਉਸ ਦੀ ਕਵਿਤਾ ਉਸ ਦੀ ਰਹੱਸਵਾਦੀ ਆਤਮ-ਕਥਾ ਹੈ। ਉਸ ਦੇ ਸ਼ਬਦ ਪੰਜਾਬੀ ਮੁਟਿਆਰਾਂ ਦੀਆਂ ਵੰਙਾਂ ਵਾਂਗ ਛਣਕਦੇ ਹਨ। ਉਹ ਬੜੇ ਵਿਰਾਟ ਅਨੁਭਵ ਦਾ ਮਾਲਕ ਸੀ। ਉਸ ਦੀ ਸ਼ਖ਼ਸੀਅਤ ਵਿਚ ਉਹ ਪਾਰਸ ਸੀ ਜਿਸ ਦੀ ਛੋਹ ਨਾਲ ਬੋਲੀ, ਵਿਚਾਰ ਤੇ ਕਲਪਨਾ ਹਰਿਮੰਦਰ ਦੇ ਸੋਨ ਕਲਸਾਂ ਵਾਂਗ ਜਗਮਗਾ ਉਠਦੇ ਸਨ। ਪੂਰਨ ਸਿੰਘ ਦੀ ਪੰਜਾਬੀ ਵਿਚ ਉਹੀ ਥਾਂ ਹੈ ਜੋ ਰਾਬਿੰਦਰਨਾਥ ਟੈਗੋਰ ਦੀ ਬੰਗਾਲੀ ਵਿਚ, ਇਕਬਾਲ ਦੀ ਉਰਦੂ 'ਚ, ਗੋਇਟੇ ਦੀ ਜਰਮਨ ਤੇ ਨੋਗੂਚੀ ਦੀ ਜਾਪਾਨ ਦੇ ਸਾਹਿਤ ਵਿਚ ਹੈ।

ਪੁਸਤਕ ਵਿਚ ਚਾਰ ਸਫਿਆਂ 'ਚ ਪੂਰਨ ਸਿੰਘ ਦੀ ਸੰਖੇਪ ਜੀਵਨੀ ਤੇ ਜ਼ਰੂਰੀ ਤਿੱਥੀਆਂ ਪਾਠਕਾਂ ਨੂੰ ਹੈਰਾਨ ਕਰਨ ਵਾਲੀਆਂ ਹਨ। ਇਸ ਤੋਂ ਬਾਅਦ ਜੀਵਨੀ (ਪੂਰਨ ਸਿੰਘ ਦੀਆਂ ਕੁਝ ਯਾਦਾਂ) ਲੇਖਿਕਾ: ਮਾਇਆ ਦੇਵੀ ਪੂਰਨ ਸਿੰਘ ਕਰੀਬ 100 ਸਫ਼ੇ ਪੜ੍ਹਨਯੋਗ ਹਨ ਜੋ ਲੇਖਿਕਾ ਨੇ ਲਿਖਿਆ (ਪਹਿਲੀ ਦਸੰਬਰ, 1962) ਤਾਰੀਖ਼ ਦਰਜ ਕੀਤੀ ਹੈ।

ਮਾਇਆ ਪੂਰਨ ਸਿੰਘ ਆਪਣੇ ਪਤੀ ਪ੍ਰੋ. ਪੂਰਨ ਸਿੰਘ ਨੂੰ ਹਮੇਸ਼ਾ ਸਵਾਮੀ ਜੀ ਸ਼ਬਦਾਂ ਨਾਲ ਸੰਬੋਧਨ ਕਰਦੀ ਸੀ। ਜਜ਼ਬਾਤੀ ਪ੍ਰੋ. ਸਾਹਿਬ ਦੇ ਵਤੀਰੇ ਬਾਰੇ ਦੱਸਦਿਆਂ ਉਨ੍ਹਾਂ ਦੇ ਕ੍ਰੋਧਵਾਨ ਹੋਣ ਵੇਲੇ ਵਸਤਾਂ ਦੀ ਭੰਨ-ਤੋੜ ਕਰਨ ਦੇ ਕਈ ਮੌਕੇ ਬਿਆਨ ਕੀਤੇ ਹਨ। ਗ਼ਰੀਬਾਂ ਤੇ ਲੋੜਵੰਦਾਂ ਨੂੰ ਸਭ ਕੁਝ ਲੁਟਾ ਦਿੰਦੇ ਸਨ। ਵਿਆਹ ਦੀ ਰਜ਼ਾਮੰਦੀ ਵੇਲੇ ਬੋਲੇ, "ਅਸੀਂ ਤਾਂ ਫਕੀਰ ਹਾਂ। ਜੇ ਤੁਸੀਂ ਫਕੀਰ ਬਣਨਾ ਹੈ ਤਾਂ ਸ਼ਾਦੀ ਮੇਰੇ ਨਾਲ ਕਰੋ, ਮੰਗ ਕੇ ਲਿਆਉਣਾ ਪਵੇਗਾ।" ਇਸੇ ਕਰਕੇ ਇਕ ਟੱਪਾ ਅਕਸਰ ਯਾਦ ਆਉਂਦਾ ਹੈ: "ਸੁੱਤਾ ਹੈਂ ਤਾਂ ਜਾਗ ਪੂਰਨਾ, ਤੈਨੂੰ ਮਾਇਆ ਸੀਟੀਆਂ ਮਾਰੇ।" ਤਾਉਮਰ ਜਿਹੜਾ ਸਾਥ ਮਾਇਆ ਜੀ ਨੇ ਨਿਭਾਇਆ, ਉਸ ਦੀ ਕੋਈ ਮਿਸਾਲ ਨਹੀਂ। ਲਾਲਾ ਹਰਦਿਆਲ, ਖ਼ੁਦਾਦਾਦ, ਡਾ. ਇਕਬਾਲ ਤੇ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮਿਲਣ ਆਉਂਦੀਆਂ ਤੇ ਉਨ੍ਹਾਂ ਦੀ ਮਹਿਮਾਨ-ਨਿਵਾਜੀ ਕਰਨ ਵਿਚ ਕੋਈ ਕਸਰ ਨਾ ਛੱਡਦੇ। ਉਰਦੂ ਸ਼ਾਇਰੀ ਦਾ ਗੁਣ-ਗਾਇਨ ਬਹੁਤ ਕਰਦੇ ਸਨ। ਉਨ੍ਹਾਂ ਦੀ ਮਸਤੀ ਦਾ ਰੰਗ ਵਿਸਮਾਦੀ ਤੇ ਅਨੂਠਾ ਹੁੰਦਾ ਸੀ। ਕਿਸੇ ਚੀਜ਼ ਨੂੰ ਜੰਦਰਾ ਨਹੀਂ ਮਾਰਨ ਦਿੰਦੇ ਸਨ। ਕੋਹੜੀਆਂ, ਤਪਦਿਕ ਦੇ ਰੋਗੀਆਂ ਤੇ ਮਜ਼ਦੂਰਾਂ ਨੂੰ ਮਿਲਣ ਤੋਂ ਗੁਰੇਜ਼ ਨਾ ਕਰਦੇ। ਲਟਬੌਰੇ ਹੋ ਜਾਂਦੇ। ਇੰਝ ਉਨ੍ਹਾਂ ਦੇ ਅੰਦਰੋਂ ਨਫਰਤ ਤੇ ਈਰਖਾ ਕੋਹਾਂ ਦੂਰ ਸੀ।

ਆਪ ਦੀ ਵਿਗਿਆਨਕ ਸੋਚ ਤੇ ਗਿਆਨ ਅਦੁੱਤੀ ਸੀ। ਆਪਣੇ ਜੀਵਨ-ਕਾਲ 'ਚ ਕਈ ਕਿਸਮ ਦੇ ਕਿੱਤੇ ਅਪਣਾਏ। ਸਾਬਣ ਦੀ ਫੈਕਟਰੀ ਲਾਈ, ਬੂਟ ਪਾਲਿਸ਼ ਤਿਆਰ ਕੀਤੇ, ਰੋਸ਼ਾ ਘਾਹ ਤੇ ਯੂਕਲਿਪਟਸ (ਸਫੈਦਾ) ਦੇ ਦਰਖਤ ਲਗਵਾਏ ਪਰ ਕਿਸੇ ਕਿੱਤੇ ਦੀ ਖੱਟੀ ਤੋਂ ਪੈਸਾ ਕਮਾਉਣ ਦੀ ਲਾਲਸਾ ਨੂੰ ਤਿਲਾਂਜਲੀ ਹੀ ਦਿੱਤੀ। ਸਭ ਕੁਝ ਲੁਟਾ ਕੇ ਵੀ ਫਕੀਰੀ ਅਤੇ ਬਾਦਸ਼ਾਹੀ ਦੇ ਆਲਮ ਨੂੰ ਮਾਣਿਆ।

ਮਾਇਆ ਜੀ ਅੱਗੇ ਬਿਆਨ ਕਰਦੇ ਹਨ: "ਸਵਾਮੀ ਜੀ ਦੇ ਸੁਭਾਅ ਨੂੰ ਬਿਆਨ ਕਰਨਾ ਨਾਮੁਮਕਿਨ ਹੈ। ਆਪ ਜੀ ਦੇ ਕਥਨਾਂ ਨੂੰ ਬਿਆਨ ਕਰਨਾ ਐਸਾ ਹੀ ਹੈ, ਜਿਵੇਂ ਰੱਬ ਨੂੰ ਰੂਪ ਰੰਗ ਵਿਚ ਲਿਆਉਣਾ। ਆਪ ਨੇ ਜੋ ਕਹਿਣਾ, ਜੋ ਕਰਨਾ ਮਿੱਥ ਗਿਣ ਕੇ ਨਹੀਂ ਕਰਦੇ ਸਨ। ਬੱਚਿਆਂ ਵਾਂਗ ਤੋਤਲੀਆਂ ਗੱਲਾਂ ਕਰੀ ਜਾਣੀਆਂ। ਪ੍ਰਕਿਰਤੀ ਦੀ ਹਰ ਇਕ ਚੀਜ਼ ਨੂੰ ਐਸਾ ਜਾਣਦੇ ਸਨ, ਜਿਵੇਂ ਆਪਣੇ ਹੀ ਦਿਲ ਦੀ ਧੜਕਣ ਏਸ ਵਿਚ ਧੜਕ ਰਹੀ ਹੈ। ਏਸ ਤਰ੍ਹਾਂ ਚਰ-ਅਚਰ ਮਿੱਟੀ, ਘੱਟੇ, ਘਾਹ ਦੇ ਤੀਲੇ ਦੀ ਧੜਕਣ ਵੀ ਉਨ੍ਹਾਂ ਨੂੰ ਆਪਣੀ ਧੜਕਣ ਹੀ ਮਲੂਮ ਹੁੰਦੀ ਸੀ।"

ਮੰਨਣਾ ਪਵੇਗਾ ਕਿ ਡਾ. ਰੰਧਾਵਾ ਨੇ ਪ੍ਰੋ. ਪੂਰਨ ਸਿੰਘ ਅੰਦਰਲੀ ਕਾਵਿ-ਉਡਾਰੀ ਤੇ ਬੌਧਿਕ-ਰਹੱਸਵਾਦ ਨੂੰ ਸਮਝਿਆ ਤੇ ਉਨ੍ਹਾਂ ਦੀਆਂ ਕਿਰਤਾਂ ਸਾਂਭਣ ਤੇ ਪ੍ਰਕਾਸ਼ਨ-ਕਾਰਜ ਲਈ ਯਤਨ ਕੀਤੇ, ਨਹੀਂ ਤਾਂ ਪ੍ਰੋ. ਪੂਰਨ ਸਿੰਘ ਦੀ ਸਰਵੋਤਮ ਸਾਹਿਤਕਾਰੀ ਅਣਗੌਲੀ ਹੀ ਰਹਿ ਜਾਂਦੀ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਦਸੰਬਰ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-515



**ਕਹਿੰਦੇ ਨੇ 'ਪੁੱਤੀਂ ਗੰਢ ਪਵੇ ਸੰਸਾਰ', ਪਰ ਸਰਬੰਸਦਾਨੀ ਸੀ ਵਾਰੇ ਚਾਰ।
ਚੂਲ਼ਾ ਅੰਮ੍ਰਿਤ ਦਾ ਪੀਤਾ ਸੀ ਮੰਗ ਕੇ, ਗਿਆ ਸੀ ਸਿਰ ਤੋਂ ਕਰਜ਼ ਉਤਾਰ।**

### ਕੈਪਸ਼ਨ ਮੁਕਾਬਲਾ-513



ਕਾਲੇ ਕਾਨੂੰਨ ਸਾਡੇ 'ਤੇ ਮੜ੍ਹ ਕੇ,
ਹਾਕਮਾਂ ਖੇਡੀ ਕਮੀਨੀ ਚਾਲ।
ਅਸੀਂ ਵੀ ਆਪਣਾ ਏਕਾ ਕੀਤਾ,
ਹਰਿਆਣਾ ਰਲਿਆ ਸਾਡੇ ਨਾਲ।
ਅੜ ਕੇ ਖੜ੍ਹ ਗਿਆ ਮੂਹਰੇ ਹੋ ਕੇ,
ਬਣ ਗਿਆ ਸਾਡੀ ਢਾਲ।
ਜਿੱਤ ਸਾਡੀ ਦੇ ਡੰਕੇ ਵੱਜੇ,
ਕੁਲ ਦੁਨੀਆਂ ਹੋਈ ਨਿਹਾਲ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 94176-49275***

---

ਵਿਚ ਪੰਜਾਬੋਂ ਲਹਿਰਾਂ ਉੱਠੀਆਂ,
ਦਿੱਲੀ ਵੱਲ ਨੂੰ ਚਾਲੇ ਪਾਏ।
ਹਰਿਆਣਵੀਆਂ ਨੇ ਤਾਣੇ ਮੁੱਕੇ,
ਹਿੱਕਾਂ ਡਾਹ ਕੇ ਮੂਹਰੇ ਆਏ।
ਪੱਗਾਂ ਟੋਪੀਆਂ ਦਾ ਹੜ੍ਹ ਆਇਆ,
ਤਾਹੀਉਂ ਜਿੱਤ ਦੇ ਨਾਅਰੇ ਲਾਏ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਜਿੱਤ ਹੋਈ ਹੈ, ਜਥੇਬੰਦੀਆਂ ਦੀ ਏਕਤਾ,
ਅਨੁਸ਼ਾਸਨ, ਸਬਰ,
ਯਕੀਨ ਤੇ ਇਮਾਨਦਾਰੀ ਦੀ,
ਗਰਮੀ, ਸਰਦੀ 'ਚ ਹੱਢ ਭਨਾਏ ਜਿਨ੍ਹਾਂ,
ਰੜੇ ਮੈਦਾਨ ਦਿੱਲੀ ਦੀਆਂ ਬਰੂਹਾਂ 'ਤੇ
ਸਭ ਤੋਂ ਵੱਡੀ ਪ੍ਰਾਪਤੀ ਹੈ ਅੱਗੇ ਆਈ,
ਜਾਤਾਂ-ਪਾਤਾਂ ਦਾ ਜਾਲ ਸੀ,
ਜੋ ਭਿੰਨ-ਭੇਦ ਦਾ,
ਸਭ ਛਿੱਕੇ ਟੰਗ ਸਾਬਤ ਕਰ ਦਿੱਤਾ,
ਮਿਹਨਤਕਸ਼ ਮਜ਼ਦੂਰ-ਕਿਸਾਨ ਜਮਾਤ ਨੇ
ਸੰਗਲ ਦੀਆਂ ਅੜੀਆਂ ਵਾਂਗ
ਸੰਗੀਨ ਦੋਸਤੀ,
ਕਾਰਪੋਰੇਟ ਦਾ ਹੱਥ ਠੋਕਾ ਕਾਗਜ਼ੀ ਸ਼ੇਰ,
ਵਿਕਾਊ ਮਾਲ ਮਜਬੂਰ ਹੋਇਆ,
ਗੋਡੇ ਟੇਕਣ ਲਈ।
***-ਦਰਸ਼ਨ ਪਾਲ ਦੋਸਾਂਝ***

---

ਕਿਸਾਨ ਮੋਰਚੇ ਦੀ ਜਿੱਤ,
ਮੁਨਾਫ਼ੇ ਤੇ ਠੇਕੇਦਾਰੀ ਦੀ ਹਾਰ,
ਦ੍ਰਿੜ ਵਿਸ਼ਵਾਸ,
ਸਿਦਕ ਤੇ ਸੰਤੋਖ ਦੀ ਜਿੱਤ,
ਮੱਕਾਰੀ, ਕੂੜ ਤੇ ਹੈਵਾਨੀ ਦੀ ਹਾਰ।
ਕਿਸਾਨ ਜਥੇਬੰਦੀਆਂ ਦੀ ਸੋਚ
ਤੇ ਜੋਸ਼ ਦੀ ਜਿੱਤ,
ਸਰਕਾਰੀ ਜਬਰ ਤੇ ਧੱਕੇਸ਼ਾਹੀ ਦੀ ਹਾਰ।
ਸਾਂਝੇ ਵਿਰਸੇ ਦੀ ਉੱਤਮਤਾ ਤੇ
ਸਾਹਸ ਦੀ ਜਿੱਤ,
ਝੂਠ ਤੇ ਅਨਾਦਰ ਦੀ ਹਾਰ।
ਕਿਸਾਨਾਂ ਦੇ ਉਪਰਾਲੇ ਤੇ
ਘਰ ਵਾਪਸੀ ਦੀ ਜਿੱਤ,
ਕੌੜੇ ਰਾਖ਼ਸ਼ਾਂ ਤੇ ਅਨੈਤਿਕਤਾ ਦੀ ਹਾਰ।
***- ਸੱਤ ਪਾਲ ਗੋਇਲ, ਮਿਸ਼ੀਗਨ***

---

ਜਨ, ਗਣ, ਮਨ ਵਾਲੇ ਪੰਜਾਬ ਦੀ,
ਸੰਘਰਸ਼ੀ ਰੂਹ ਦਾ ਸਮੁੰਦਰ ਠਾਠਾਂ ਮਾਰੇ,
ਝੱਲੀ ਗਰਮੀ, ਠੰਢ, ਵਰਖਾ, ਝੱਖੜ,
ਹੁਣ ਜਿੱਤ ਦੇ ਮਾਰਨ ਲਲਕਾਰੇ।
ਗੁਰੂਆਂ ਦੀ ਧਰਤ ਕੁਰਬਾਨੀਆਂ ਵਾਲੀ,
ਏਕਤਾ ਤੇ ਸਬਰ ਨਾਲ ਸਭ ਨੂੰ ਲਿਆ ਨਾਲ,
ਪੂਰੇ ਭਾਰਤ ਵਾਸੀਆਂ ਦੀ
ਹਮਦਰਦੀ ਲੈ ਕੇ,
ਕੀਤਾ ਜੈਕਾਰਾ ਬੁਲੰਦ
ਜੋ ਬੋਲੇ ਸੋ ਨਿਹਾਲ!
ਸਤਿ ਸ੍ਰੀ ਅਕਾਲ!!
***ਅਮਰਜੀਤ ਸਿੰਘ ਤੂਰ***
***ਕੁਲਬੁਰਛਾ (ਪਟਿਆਲਾ)***

# ਹੇਰਾ-ਫੇਰੀਆਂ ਤੋਂ ਅਣਜਾਣ ਡਾ. ਕਾਲਾ ਸਿੰਘ ਬੇਦੀ

**ਮਾਨਸ ਤੋਂ ਦੇਵਤਾ**

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਡਾ. ਕਾਲਾ ਸਿੰਘ ਬੇਦੀ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਪੜ੍ਹਾਉਂਦੇ ਸਨ। ਮੇਰੇ ਦਿੱਲੀ ਪਹੁੰਚਣ ਸਮੇਂ ਅਕਾਦਮਿਕ ਤੇ ਸਾਹਿਤਕ ਖੇਤਰਾਂ ਵਿਚ ਉਨ੍ਹਾਂ ਦਾ ਚੰਗਾ ਨਾਂ ਸੀ। ਉਹ ਮਿਹਨਤੀ ਅਧਿਆਪਕ ਅਤੇ ਬਰੀਕਬੀਨ ਸਾਹਿਤਕ ਖੋਜੀ ਤੇ ਆਲੋਚਕ ਦੇ ਨਾਲ-ਨਾਲ ਬੇਹੱਦ ਸਾਊ-ਸਰੀਫ਼ ਇਨਸਾਨ ਵਜੋਂ ਜਾਣੇ ਜਾਂਦੇ ਸਨ। ਜਦੋਂ ਸਾਹਿਤਕ ਖੇਤਰ ਵਿਚ ਮੇਰਾ ਆਉਣ-ਜਾਣ ਹੋਇਆ, ਉਨ੍ਹਾਂ ਨਾਲ ਨਿੱਘੀ ਜਾਣ-ਪਛਾਣ ਹੋ ਗਈ। ਮੈਥੋਂ ਕੋਈ ਤੀਹ ਸਾਲ ਵੱਡੇ ਸਨ। ਉਨ੍ਹਾਂ ਨੂੰ ਮਿਲ ਕੇ ਮਨ ਉਤੇ ਆਸ਼ੀਰਵਾਦੀ ਵਡੇਰੇ ਨੂੰ ਮਿਲੇ ਹੋਣ ਦਾ ਪ੍ਰਭਾਵ ਪੈਂਦਾ। ਹੱਸ ਕੇ ਮਿਲਦੇ ਅਤੇ ਸਨਿਮਰ, ਮਿੱਠੀ ਬੋਲ-ਬਾਣੀ ਵਿਚ ਖੈਰ-ਸੁੱਖ ਪੁਛਦੇ ਤੇ ਹੋਰ ਗੱਲਾਂ ਕਰਦੇ। ਪੰਜਾਬੋਂ ਉਹ ਦਰਿਆ



**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**

ਬਿਆਸ ਨੇੜਲੇ ਪਿੰਡ ਭਲੋਜਲਾ ਤੋਂ ਸਨ। ਇਹ ਨਾਂ ਉਚਾਰਨ ਦੇ ਪੱਖੋਂ ਮੈਨੂੰ ਕੁਛ ਅਜੀਬ ਜਿਹਾ ਲਗਿਆ। ਇਕ ਦਿਨ ਮੈਂ ਹਸਦਿਆਂ ਕਿਹਾ, 'ਬੇਦੀ ਜੀ, ਤੁਸੀਂ ਤਾਂ ਭਾਸ਼ਾ-ਵਿਗਿਆਨੀ ਹੋ। ਇਹ ਤੁਹਾਡਾ ਭਲੋਜਲਾ ਜਾਂ ਤਾਂ ਭਵਜਲ ਦਾ ਤੇ ਜਾਂ ਫੇਰ ਜਲਜਲੇ ਦਾ ਭਰਾ-ਭਾਈ ਜਿਹਾ ਨਹੀਂ ਲਗਦਾ?'

ਉਹ ਵੀ ਖੁੱਲ੍ਹ ਕੇ ਹੱਸੇ, 'ਗੱਲ ਤਾਂ ਤੁਹਾਡੀ ਵੀ ਵਾਜਬ ਹੈ ਪਰ ਸੱਚ-ਤੱਥ ਇਹ ਹੈ ਕਿ ਇਹ ਪਿੰਡ ਮੂਲ ਰੂਪ ਵਿਚ ਔਜਲਾ ਗੋਤ ਦੇ ਕਿਸਾਨ ਜੱਟਾਂ ਦਾ ਸੀ ਜੋ ਉਨ੍ਹਾਂ ਦੇ ਪੁਰਖੇ ਬਾਬਾ ਭੀਲ ਨੇ ਵਸਾਇਆ ਦਸਦੇ ਨੇ। ਭੀਲ-ਔਜਲਾ ਤੋਂ ਹੌਲੀ-ਹੌਲੀ ਬਦਲ ਕੇ ਭਲੋਜਲਾ ਬਣ ਗਿਆ। ਪਰ ਜੇ ਤੁਹਾਡੇ ਵਾਲੀ ਸ਼ੈਲੀ ਵਿਚ ਇਹਦਾ ਕੋਈ ਅਰਥ ਦੱਸਣਾ ਹੋਵੇ, ਮੈਂ ਤਾਂ, ਭੁੱਲਰ ਜੀ, ਇਹ ਕਹਾਂਗਾ ਕਿ ਮੇਰੇ ਪਿੰਡ ਦੇ ਲੋਕ ਜਲ ਵਰਗੇ ਭਲੇ ਨੇ ਜਿਸ ਕਰਕੇ ਇਸ ਨੂੰ ਭਲੋਜਲਾ ਕਿਹਾ ਜਾਣ ਲਗਿਆ। ਦੇਖੋ ਆਪਣੇ ਬਾਬਾ ਨਾਨਕ ਜੀ ਨੇ ਜਲ ਨੂੰ ਸਮੁੱਚੇ ਜੀਵਨ ਦਾ ਆਧਾਰ ਦੱਸ ਕੇ ਉਸ ਨੂੰ ਕਿੰਨਾ ਭਲਾ ਦਰਜਾ ਦਿੱਤਾ ਹੈ। ਕਹਿੰਦੇ ਨੇ, 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।'

ਪਿੰਡ ਨਾਲ ਉਨ੍ਹਾਂ ਨੂੰ ਏਨਾ ਸਨੇਹ ਸੀ ਕਿ ਆਪਣੀਆਂ ਪੁਸਤਕਾਂ 'ਤੇ ਉਨ੍ਹਾਂ ਨੇ ਆਪਣੇ ਨਾਂ ਨਾਲ 'ਭਲੋਜਲਾ ਨਿਵਾਸੀ' ਲਿਖਿਆ। ਦਿੱਲੀ ਵਿਚ ਲਗਭਗ ਚਾਰ ਦਹਾਕਿਆਂ ਤੱਕ ਟਿਕੇ ਰਹਿਣ ਅਤੇ ਨਾਂ ਕਮਾਉਣ ਦੇ ਬਾਵਜੂਦ ਉਹ ਦਿਲੋਂ ਭਲੋਜਲਾ-ਨਿਵਾਸੀ ਹੀ ਰਹੇ। ਸ਼ਾਇਦ ਇਸੇ ਕਰਕੇ ਉਨ੍ਹਾਂ ਨੇ ਆਪਣੇ ਲਗਭਗ ਸਭ ਸਹਿਕਰਮੀਆਂ ਦੇ ਉਲਟ ਦਿੱਲੀ ਵਿਚ ਆਪਣਾ ਮਕਾਨ ਨਹੀਂ ਸੀ ਬਣਾਇਆ। ਉਹ ਅੰਤ ਤੱਕ ਬਹੁਤ ਹੀ ਸਾਧਾਰਨ ਤੇ ਭੀੜੇ ਜਿਹੇ ਮਕਾਨ ਦੇ ਕਿਰਾਏਦਾਰ ਬਣੇ ਰਹੇ। ਦਿੱਲੀ ਯੂਨੀਵਰਸਿਟੀ ਤੋਂ ਰੀਡਰ ਵਜੋਂ ਸੇਵਾ-ਮੁਕਤ ਹੋ ਕੇ ਉਨ੍ਹਾਂ ਨੂੰ ਦਿੱਲੀ ਦੀ ਥਾਂ ਭਲੋਜਲੇ ਰਹਿਣਾ ਹੀ ਚੰਗਾ ਲਗਿਆ। ਪਰ ਮਾੜੇ ਕਰਮਾਂ ਨੂੰ ਕੁਛ ਚਿਰ ਮਗਰੋਂ ਹੀ ਡਿੱਗਣ ਕਾਰਨ ਉਨ੍ਹਾਂ ਦਾ ਚੂਲਾ ਟੁੱਟ ਗਿਆ ਤੇ ਉਹ ਮੰਜੇ ਜੋਗੇ ਹੋ ਗਏ। ਡਾਕਟਰ ਠੀਕ ਹੀ ਬੁਢਾਪੇ ਵਿਚ ਹੱਡੀ ਟੁੱਟਣ ਨੂੰ ਅੰਤ ਦਾ ਆਰੰਭ ਆਖਦੇ ਹਨ। ਇਹੋ ਅਹੁਰ ਕਈ ਮਹੀਨਿਆਂ ਤੱਕ ਕਸ਼ਟ ਦੇਣ ਮਗਰੋਂ ਉਨ੍ਹਾਂ ਦੇ ਚਲਾਣੇ ਦਾ ਕਾਰਨ ਬਣ ਗਈ।

ਇਕ ਵਾਰ ਉਨ੍ਹਾਂ ਦੇ ਇਸ ਪਿੰਡ-ਪਿਆਰ ਦੀ ਗੱਲ ਤੁਰੀ ਤਾਂ ਉਨ੍ਹਾਂ ਨੇ ਰਹੱਸ ਖੋਲ੍ਹਿਆ, 'ਭਾਵੇਂ ਇਹ ਸਾਡਾ ਜੱਦੀ-ਪੁਸ਼ਤੀ ਪਿੰਡ ਨਹੀਂ ਪਰ ਮੈਂ ਤਾਂ ਇਸ ਸੰਸਾਰ ਵਿਚ ਆਪਣੀਆਂ ਅੱਖਾਂ ਇਸੇ ਪਿੰਡ ਵਿਚ ਖੋਲ੍ਹੀਆਂ। ਇਹਦੇ ਨਾਲ ਮੋਹ ਤਾਂ ਹੋਣਾ ਹੀ ਹੋਇਆ। ਵੈਸੇ ਮੇਰਾ ਪਿਛੋਕਾ ਤਾਂ ਡੇਰਾ ਬਾਬਾ ਨਾਨਕ ਦਾ ਹੈ ਜੀ। ਭਲੋਜਲੇ ਦੀ ਪੰਚਾਇਤ ਸਾਡੇ ਵਡੇਰਿਆਂ ਨੂੰ ਉਥੋਂ ਜਾ ਕੇ ਲਿਆਈ ਸੀ।' ਉਨ੍ਹਾਂ ਨੇ ਦੱਸਿਆ ਕਿ ਔਜਲੇ ਜੱਟਾਂ ਨੇ ਕਿਵੇਂ ਪਿੰਡ ਨੂੰ ਸੰਪੂਰਨ ਬਣਾਉਣ ਦੇ ਪੱਖੋਂ ਹੋਰ ਜਾਤਾਂ-ਗੋਤਾਂ ਦੇ ਲੋਕਾਂ ਦੀ ਲੋੜ ਮਹਿਸੂਸ ਕੀਤੀ ਤੇ ਉਹ ਪੱਗਾਂ ਦੇ-ਦੇ ਕੇ ਬੜੀ ਇੱਜ਼ਤ ਨਾਲ ਉਨ੍ਹਾਂ ਨੂੰ ਹੋਰ ਪਿੰਡਾਂ ਤੋਂ ਲੈ ਆਏ। 'ਇਉਂ ਤਰਖਾਣਾਂ, ਲੁਹਾਰਾਂ, ਨਾਈਆਂ, ਮਜ਼ਹਬੀ-ਰਵਿਦਾਸੀਆਂ ਦੇ ਨਾਲ ਨਾਲ ਬੇਦੀਆਂ-ਸੋਢੀਆਂ ਦੀ ਵੀ ਵਾਰੀ ਆ ਗਈ। ਅਸੀਂ ਡੇਰਾ ਬਾਬਾ ਨਾਨਕ ਵਾਲੇ ਬੇਦੀ ਲੋਕ ਬਾਬਾ ਨਾਨਕ ਦੀ ਕੁਲ ਵਿਚੋਂ ਹਾਂ!'

ਉਨ੍ਹਾਂ ਦਾ ਪਹਿਲਾ ਨਾਂ ਰਾਮਜੀ ਦਾਸ ਬੇਦੀ ਸੀ। ਮਗਰੋਂ ਉਨ੍ਹਾਂ ਨੇ ਨਾਂ ਤਾਂ ਕਾਲਾ ਸਿੰਘ ਬੇਦੀ ਕਰ ਲਿਆ ਪਰ ਰਹੇ ਸਹਿਜਧਾਰੀ ਹੀ। ਜਦੋਂ ਮੈਂ ਖਿਮਾ-ਸਹਿਤ ਉਨ੍ਹਾਂ ਤੋਂ ਇਸ ਤੱਥ ਦਾ ਭੇਤ ਜਾਣਨਾ ਚਾਹਿਆ, ਉਹ ਹੱਸ ਪਏ, 'ਭੁੱਲਰ ਜੀ, ਅਸਲ ਵਿਚ ਇਹ ਬੜੀ ਅਨੋਖੀ ਜਿਹੀ ਕਹਾਣੀ ਹੈ। ਤੁਹਾਨੂੰ ਯਕੀਨ ਨਹੀਂ ਆਉਣਾ, ਭਰ-ਜਵਾਨੀ ਤੱਕ ਮੈਂ ਵਿਦਿਆਰਥੀ ਨਹੀਂ, ਅਣਪੜ੍ਹ ਪਹਿਲਵਾਨ ਹੁੰਦਾ ਸੀ। ਮੇਰਾ ਕੰਮ ਬੱਸ ਪਹਿਲਵਾਨੀ ਕਰਨਾ ਜਾਂ ਵਿਹਲੇ ਸਮੇਂ ਵਿਚ ਘਰ ਦੇ ਡੰਗਰ ਚਾਰਨਾ ਹੁੰਦਾ ਸੀ। ਓਦੋਂ ਦੇ ਕਟਾਏ ਕੇਸ ਮੁੜ ਕੇ ਵਿਦਿਆ ਦੇ ਲੜ ਲੱਗਣ ਮਗਰੋਂ ਵੀ ਬੱਸ ਰੱਖੇ ਹੀ ਨਹੀਂ। ਉਂਜ ਤੁਹਾਨੂੰ ਦੱਸਾਂ, ਸਾਡਾ ਪਰਿਵਾਰ ਕੇਸਾਧਾਰੀ ਹੀ ਹੈ।'

ਉਨ੍ਹਾਂ ਦਾ ਅਣਪੜ੍ਹ ਪਹਿਲਵਾਨ ਹੋਣਾ ਸੁਣ ਕੇ ਜਾਗੀ ਮੇਰੀ ਹੈਰਾਨੀ ਦੇ ਜਵਾਬ ਵਿਚ ਉਹ ਬੋਲੇ, 'ਭੁੱਲਰ ਜੀ, ਤੁਸੀਂ ਵੀ ਜੇ ਆਪਣੇ ਬਾਲਪਨ ਦੇ ਜ਼ਮਾਨੇ ਨੂੰ ਚੇਤੇ ਕਰੋ, ਹੁਣ ਦੇ ਉਲਟ ਬਹੁਤੇ ਪੇਂਡੂ ਜਵਾਨ ਸਰੀਰ ਬਣਾ ਕੇ ਰੱਖਣ ਦੇ ਸ਼ੌਕੀਨ ਹੁੰਦੇ ਸਨ। ਹੁਣ ਵਾਲੇ ਵੈਲ-ਐਬ ਪਿੰਡਾਂ ਦੀ ਜਵਾਨੀ ਦੇ ਨੇੜੇ-ਤੇੜੇ ਵੀ ਨਹੀਂ ਸਨ ਪਹੁੰਚੇ। ਹਰ ਪਿੰਡ ਦੇ ਜਵਾਨ ਡੰਡ-ਬੈਠਕਾਂ ਕਢਦੇ, ਭਾਰ ਚੁਕਦੇ, ਗੋਲਾ ਸੁਟਦੇ। ਕਈ ਮੇਰੇ ਵਰਗੇ ਪਹਿਲਵਾਨੀ ਤੱਕ ਵੀ ਜਾ ਪਹੁੰਚਦੇ!'

ਮੇਰਾ ਸੁਭਾਵਿਕ ਸਵਾਲ ਸੀ, 'ਫੇਰ ਤੁਸੀਂ ਇਹ ਬੱਬਾ ਡਿਗਰੀਆਂ ਕਿਥੋਂ ਮਾਰ ਲਿਆਏ?'

ਉਹ ਖੁੱਲ੍ਹ ਕੇ ਹੱਸੇ, 'ਤੁਸੀਂ ਬਿਲਕੁਲ ਦਰੁਸਤ ਕਿਹਾ, ਮੇਰੀ ਜੀਵਨ-ਕਹਾਣੀ ਹੈ ਡਿਗਰੀਆਂ ਲੈਣ ਦੀ ਥਾਂ ਡਿਗਰੀਆਂ ਮਾਰਨ ਵਾਲੀ ਹੀ!...ਪਿੰਡਾਂ ਵਿਚ ਸਾਂਝ ਵੀ ਬਹੁਤ ਹੁੰਦੀ ਸੀ ਤੇ ਕਿਸੇ-ਕਿਸੇ ਗੱਲ ਦਾ ਸ਼ਰੀਕਾ ਵੀ ਹੋ ਜਾਂਦਾ ਸੀ। ਹੋਇਆ ਇਹ ਜੀ ਕਿ ਸਾਡੇ ਇਕ ਗੁਆਂਢੀ ਪਿੰਡ ਦੇ ਮੇਰੇ ਸਭ ਹਾਣੀ ਕੁਸ਼ਤੀ ਵਿਚ ਮੈਥੋਂ ਹਾਰ ਗਏ। ਉਸ ਪਿੰਡ ਦਾ ਇਕ ਜਵਾਨ ਦਿੱਲੀ ਰਹਿੰਦਾ ਸੀ। ਉਹ ਕੰਮ-ਧੰਦੇ ਦੇ ਨਾਲ-ਨਾਲ ਪਹਿਲਵਾਨੀ ਵੀ ਕਰਦਾ ਸੀ। ਪਿੰਡ ਵਾਲਿਆਂ ਦੀ ਨਜ਼ਰ ਵਿਚ ਉਹ ਵਾਹਵਾ ਚੰਗਾ ਪਹਿਲਵਾਨ ਸੀ। ਇਕ ਵਾਰ ਉਹਨੂੰ ਪਿੰਡ ਆਏ ਹੋਏ ਨੂੰ ਉਥੋਂ ਦੇ ਲੋਕਾਂ ਨੇ ਮੇਰੇ ਨਾਲ ਟਕਰਾ ਦਿੱਤਾ। ਕੁਸ਼ਤੀ ਦੇ ਕਈ ਗੇੜ ਹੋਏ ਪਰ ਉਹਨੇ ਮੇਰੀ ਪਿੱਠ ਤਾਂ ਕੀ ਲਾਉਣੀ ਸੀ, ਉਲਟਾ ਮੈਥੋਂ ਪਿੱਠ ਲੁਆ ਬੈਠਾ! ਲੋਕਾਂ ਵਿਚ ਈਰਖਾ ਘੱਟ ਹੀ ਹੁੰਦੀ ਸੀ। ਉਹ ਮੈਥੋਂ ਹਾਰੇ ਹੋਣ ਦਾ ਬੁਰਾ ਮਨਾਉਣ ਦੀ ਥਾਂ ਮੈਨੂੰ ਕਹਿਣ ਲਗਿਆ, 'ਤੇਰੇ ਵਿਚ ਕੁਸ਼ਤੀ ਦੇ ਦਾਅ-ਪੇਚਾਂ ਦੀ ਕਲਾ ਹੈ, ਤੂੰ ਮੇਰੇ ਨਾਲ ਦਿੱਲੀ ਚੱਲ, ਉਥੇ ਤੇਰੀ ਕਦਰ ਪੈ ਸਕਦੀ ਹੈ।'

ਮੈਂ ਦੱਸਿਆ, ਮੇਰੇ ਪੱਲੇ ਤਾਂ ਧੇਲਾ ਵੀ ਨਹੀਂ। ਉਹਨੇ ਮੈਨੂੰ ਰੋਟੀ-ਟੁੱਕ ਦੀ ਤੇ ਕੰਮ ਲੱਭਣ ਦੀ ਮਦਦ ਦਾ ਭਰੋਸਾ ਦਿੱਤਾ।'

ਮੈਂ ਉਨ੍ਹਾਂ ਦੀ ਗੱਲ ਟੋਕੀ, 'ਤਾਂ ਫੇਰ ਦਿੱਲੀ ਤੁਸੀਂ ਡਿਗਰੀ ਬੈਗ ਵਿਚ ਪਾ ਕੇ ਅਧਿਆਪਕ ਲੱਗਣ ਨਹੀਂ ਸੀ ਆਏ, ਝਲਲੇ ਵਿਚ ਲੰਗੋਟ ਪਾ ਕੇ ਪਹਿਲਵਾਨੀ ਕਰਨ ਆਏ ਸੀ!'

ਉਨ੍ਹਾਂ ਨੇ ਹਾਮੀ ਭਰੀ, 'ਜੀ ਹਾਂ!...ਉਸ ਬੰਦੇ ਨੇ ਤਾਂ ਮੇਰੀ ਮਦਦ ਕਰਨ ਦਾ ਕੌਲ ਨਿਭਾਇਆ ਪਰ ਉਹਦੀਆਂ ਰੋਟੀਆਂ ਮੈਂ ਕਿੰਨਾ ਕੁ ਚਿਰ ਭੰਨ ਸਕਦਾ ਸੀ!...ਬਹੁਤ ਔਖੇ ਦਿਨ ਕੱਟੇ, ਭੁੱਲਰ ਜੀ, ਮੈਂ! ਕਈ ਨਿੱਕੇ-ਮੋਟੇ ਕੰਮ ਵੀ ਕੀਤੇ। ਉਹ ਕੰਮ ਵੀ ਜਿਨ੍ਹਾਂ ਨੂੰ ਮਨ ਨਹੀਂ ਸੀ ਮੰਨਦਾ! ਆਖ਼ਰ ਉਪਰ ਵਾਲੇ ਨੇ ਹੀ ਰਾਹ ਕੱਢਿਆ। ਗੁਰੂ-ਘਰ ਵਿਚ ਜਮਾਂਦਰੂ ਸ਼ਰਧਾ ਹੋਣ ਕਰਕੇ ਮੈਂ ਮੱਥਾ ਟੇਕਣ ਜਾਂਦਾ ਰਹਿੰਦਾ ਸੀ। ਉਥੇ ਮਿਲਦਾ ਇਕ ਭਲਾ ਆਦਮੀ ਇਕ ਦਿਨ ਮੇਰਾ ਬਾਬਾ ਨਾਨਕ ਦੀ ਕੁਲ ਵਿਚੋਂ ਹੋਣਾ ਜਾਣ ਕੇ ਕਹਿਣ ਲਗਿਆ, ਬਾਬਾ ਜੀ ਨੇ ਤਾਂ ਦੁਨੀਆ ਨੂੰ ਚਾਨਣ ਦਿੱਤਾ, ਤੂੰ ਉਨ੍ਹਾਂ ਦੀ ਔਲਾਦ ਹੋ ਕੇ ਅਣਪੜ੍ਹਤਾ ਦੇ ਹਨੇਰੇ ਵਿਚ ਤੁਰਿਆ ਫਿਰਦਾ ਹੈਂ! ਉਹਨੇ ਮੈਨੂੰ ਗੁਰਮੁਖੀ ਸਿਖਾਉਣ ਦੀ ਪੇਸ਼ਕਸ਼ ਕੀਤੀ।...ਬੱਸ ਜੀ, ਉਹ ਦਿਨ ਸੋ ਉਹ ਦਿਨ, ਉਸ ਭਲੇ ਆਦਮੀ ਦੀ ਕਿਰਪਾ ਨਾਲ ਮੈਨੂੰ ਤਾਂ ਪੜ੍ਹਨ ਦਾ ਨਸ਼ਾ ਹੀ ਲੱਗ ਗਿਆ। ਤੇ ਹੁਣ ਮੈਂ ਜੋ ਹਾਂ, ਤੁਹਾਡੇ ਸਾਹਮਣੇ ਹਾਂ!'

ਮੈਂ ਹੈਰਾਨ ਹੋਇਆ, ਭਰ-ਜਵਾਨੀ ਤੱਕ ਅਣਪੜ੍ਹ ਤੇ ਫੇਰ ਕਈ ਐਮ.ਏ. ਤੇ ਆਖ਼ਰ ਪੀ-ਐਚ.ਡੀ.! ਉਹ ਸਕੂਲ ਅਧਿਆਪਕ ਤੋਂ ਸ਼ੁਰੂ ਕਰ ਕੇ ਕਾਲਜ ਵਿਚੋਂ ਦੀ ਹੁੰਦੇ ਹੋਏ ਯੂਨੀਵਰਸਿਟੀ ਵਿਚ ਪੜ੍ਹਾਉਣ ਤੱਕ ਪੁੱਜੇ। ਭਾਸ਼ਾਵਾਂ ਦੇ ਉਹ ਗੂੜ੍ਹ-ਗਿਆਨੀ ਸਨ ਅਤੇ ਪੰਜਾਬੀ, ਉਰਦੂ, ਫ਼ਾਰਸੀ ਤੇ ਇਤਿਹਾਸ ਦੇ ਚੌਹਰੇ ਐਮ.ਏ. ਸਨ। ਡਾਕਟਰੇਟ ਵਾਸਤੇ ਉਨ੍ਹਾਂ ਨੇ 'ਪੰਜਾਬੀ ਅਤੇ ਉਰਦੂ ਦਾ ਭਾਸ਼ਾਈ ਸੰਬੰਧ' ਵਿਸ਼ਾ ਚੁਣਿਆ।

ਬਾਬਾ ਨਾਨਕ ਦੀ ਕੁਲ ਵਿਚੋਂ ਹੋਣ ਦੇ ਮਾਣ ਸਦਕਾ ਹੀ ਉਨ੍ਹਾਂ ਨੇ ਬਾਬਾ ਜੀ ਬਾਰੇ ਪੰਜ ਪੁਸਤਕਾਂ—ਵਾਰਕਾਰ ਗੁਰੂ ਨਾਨਕ, ਗੁਰੂ ਨਾਨਕ ਕਾਵਿ-ਕਲਾ, ਗੁਰੂ ਨਾਨਕ ਕਾਵਿ-ਚਿਤਰਨ, ਗੁਰੂ ਨਾਨਕ ਦਰਸ਼ਨ ਅਤੇ ਗੁਰੂ ਨਾਨਕ ਨਿਰੰਕਾਰੀ—ਦੀ ਰਚਨਾ ਕੀਤੀ। 'ਗੁਰੂ ਨਾਨਕ ਦਰਸ਼ਨ' ਵਿਚ ਉਨ੍ਹਾਂ ਨੇ ਆਪਣਾ ਕੁਰਸੀਨਾਮਾ ਦਿੱਤਾ ਹੋਇਆ ਹੈ ਜੋ ਸਿੱਧਾ ਬਾਬਾ ਨਾਨਕ ਨਾਲ ਜਾ ਜੁੜਦਾ ਹੈ।

ਇਕ ਦਿਨ ਪੰਜਾਬੋਂ ਇਕ ਮੁੰਡਾ ਸਾਡੇ ਘਰ ਆਇਆ ਅਤੇ ਉਹਨੇ ਮੇਰੇ ਇਕਲੌਤੇ ਸਕੂਲ ਅਧਿਆਪਕ ਸਾਂਢੂ ਦੀ ਚਿੱਠੀ ਦਿੱਤੀ। ਉਸ ਵਿਚ ਮੈਨੂੰ ਉਸ ਮੁੰਡੇ ਦਾ ਕੰਮ ਕਰਵਾ ਦੇਣ ਲਈ ਕਿਹਾ ਗਿਆ ਸੀ। ਉਹਨੇ ਕੰਮ ਦੱਸਿਆ ਤਾਂ ਮੈਂ ਇਕ ਵਾਰ ਤਾਂ ਦੁਚਿੱਤੀ ਜਿਹੀ ਵਿਚ ਪੈ ਗਿਆ, ਫੇਰ ਸੋਚਿਆ, ਇਹ ਤਾਂ ਅੱਜ-ਕੱਲ੍ਹ ਸਾਧਾਰਨ ਵਰਤਾਰਾ ਹੈ। ਪੰਜਾਬ ਦੀ ਇਕ ਯੂਨੀਵਰਸਿਟੀ ਤੋਂ ਉਹਨੇ ਪੰਜਾਬੀ ਐਮ. ਏ. ਦੇ ਦੂਜੇ ਭਾਗ ਦੇ ਪਰਚੇ ਦਿੱਤੇ ਹੋਏ ਸਨ ਅਤੇ ਨੰਬਰ ਲਾਉਣ ਵਾਸਤੇ ਇਕ ਪਰਚਾ ਕਾਲਾ ਸਿੰਘ ਬੇਦੀ ਜੀ ਕੋਲ ਆਇਆ ਹੋਇਆ ਸੀ। ਉਹ ਮੇਰੇ ਰਾਹੀਂ ਉਨ੍ਹਾਂ ਤੋਂ ਨੰਬਰ ਵਧਵਾਉਣ ਦੇ ਮੰਤਵ ਨਾਲ ਆਇਆ ਸੀ। ਹੁਣ ਦੇ ਨੇਮਾਂ ਦਾ ਪਤਾ ਨਹੀਂ, ਉਹਨੀਂ ਦਿਨੀਂ ਉਹ ਯੂਨੀਵਰਸਿਟੀ ਜਵਾਬੀ ਪਰਚੇ ਤੋਂ ਅਸਲ ਰੋਲ ਨੰਬਰ ਪਾੜ ਲੈਂਦੀ ਸੀ ਅਤੇ ਉਹਦੀ ਥਾਂ ਨਵਾਂ ਗੁਪਤ ਨੰਬਰ ਲਾ ਦਿੰਦੀ ਸੀ। ਮੁੰਡਾ ਏਨਾ ਜੁਗਤੀ-ਜੁਗਾੜੀ ਸੀ ਕਿ ਉਹਨੇ ਸੰਬੰਧਿਤ ਕਲਰਕ ਦੇਵਤਾ ਨੂੰ ਮਾਇਆ ਦਾ ਗੱਫਾ ਦੇ ਕੇ ਨਾ ਸਿਰਫ਼ ਚਾਰੇ ਪਰਚਿਆਂ ਦੇ ਨੰਬਰ ਲਾਉਣ ਵਾਲੇ ਪ੍ਰੋਫ਼ੈਸਰਾਂ ਦਾ ਹੀ ਪਤਾ ਕਰ ਲਿਆ ਸੀ ਸਗੋਂ ਚਾਰੇ ਗੁਪਤ ਨੰਬਰ ਵੀ ਲੈ ਲਏ ਸਨ। ਇਉਂ ਸਾਨੂੰ ਪੂਰਾ ਢੇਰ ਫਰੋਲ ਕੇ ਪਰਚਾ ਪਛਾਣਨ-ਲੱਭਣ ਦੀ ਖੇਚਲ ਨਹੀਂ ਸੀ ਕਰਨੀ ਪੈਣੀ, ਬੇਦੀ ਜੀ ਨੂੰ ਬੱਸ ਗੁਪਤ ਨੰਬਰ ਹੀ ਦੱਸਣਾ ਪੈਣਾ ਸੀ।

ਮੇਰੇ ਇਕ ਕਹਾਣੀਕਾਰ ਮਿੱਤਰ ਨੇ ਉਨ੍ਹਾਂ ਦਾ ਘਰ ਦੇਖਿਆ ਹੋਇਆ ਸੀ। ਉਹਨੂੰ ਮੈਂ ਨਾਲ ਲੈ ਲਿਆ। ਮੈਂ ਸੋਚਿਆ, ਨਾਲੇ ਮੇਰੇ ਇਕੱਲੇ ਨਾਲੋਂ ਸਾਡੇ ਦੋਂਹ ਦਾ ਬੇਦੀ ਜੀ ਉਤੇ ਅਸਰ ਕੁਛ ਵੱਧ ਪਵੇਗਾ। ਉਹ ਕਿਤੇ ਆਪਣੇ ਦਿੱਲੀ ਵਾਸ ਦੇ ਸ਼ੁਰੂ ਤੋਂ ਸੰਘਣੀ ਵਸੋਂ ਵਾਲੇ ਸਦੀਆਂ ਪੁਰਾਣੇ ਪਹਾੜਗੰਜ ਵਿਚ ਕਿਰਾਏਦਾਰ ਵਜੋਂ ਰਹਿ ਰਹੇ ਸਨ। ਬਾਬਾ ਆਦਮ ਦੇ ਜ਼ਮਾਨੇ ਦੇ ਬਣੇ ਇਕ ਭੀੜੇ ਤੇ ਹਨੇਰੇ ਜਿਹੇ ਘਰ ਦੀ ਪਹਿਲੀ ਮੰਜ਼ਲ ਉਤੇ ਉਸ ਚਾਨਣੇ ਮਨੁੱਖ ਦਾ ਟਿਕਾਣਾ ਸੀ। ਅਸੀਂ ਤਿੰਨੇ ਮਟਕ-ਚਾਨਣੀ ਜਿਹੀ ਡਿਉਢੀ ਦੀਆਂ ਭੀੜੀਆਂ ਪੌੜੀਆਂ ਕੋਲ ਪਹੁੰਚੇ ਤਾਂ ਮੇਰਾ ਮਿੱਤਰ ਕਹਿੰਦਾ, ਸੱਜੀ ਕੰਧ ਨਾਲ ਸੰਗਲ ਲੱਗਿਆ ਹੋਇਆ ਹੈ, ਉਹ ਫੜ ਲਵੋ, ਚੜ੍ਹਨਾ ਸੌਖਾ ਰਹੂ। ਅੱਗੇ ਬੇਦੀ ਜੀ ਦੇ ਕਮਰੇ ਵਿਚ ਵੀ ਦਿਨੇ ਹੀ ਬਲਬ ਜਗ ਰਿਹਾ ਸੀ। ਮੈਨੂੰ ਤੇ ਮੇਰੇ ਮਿੱਤਰ ਨੂੰ ਦੇਖ ਕੇ ਉਨ੍ਹਾਂ ਨੂੰ ਤਾਂ ਜਿਵੇਂ ਸੱਚੇ ਦਿਲੋਂ ਚਾਅ ਹੀ ਚੜ੍ਹ ਗਿਆ! ਸਾਨੂੰ ਤਿੰਨਾਂ ਨੂੰ ਆਪਣੇ ਆਪਣੇ ਮਨ ਵਿਚ ਤਸੱਲੀ ਹੋ ਗਈ ਕਿ ਕੰਮ ਬਣ ਗਿਆ ਸਮਝੋ।

ਚਾਹ-ਪਾਣੀ ਪਿਛੋਂ ਬੇਦੀ ਜੀ ਨੇ ਬੜੀ ਮਿਠਤ ਨਾਲ ਪੁੱਛਿਆ, 'ਅੱਜ ਰਾਹ ਕਿਵੇਂ ਭੁੱਲ ਗਏ ਮੇਰੇ ਪਿਆਰੇ?'

ਪਤਾ ਨਹੀਂ, ਸਾਡੇ ਆਉਣ ਦਾ ਮੰਤਵ ਉਹ ਸਮਝ ਗਏ ਸਨ ਜਾਂ ਨਹੀਂ। ਹੋ ਸਕਦਾ ਹੈ, ਉਨ੍ਹਾਂ ਕੋਲ ਹੋਰ ਲੋਕ ਵੀ ਇਸ ਕੰਮ ਆਉਂਦੇ ਹੋਣ। ਜਾਂ ਹੋ ਸਕਦਾ ਹੈ, ਉਨ੍ਹਾਂ ਨੂੰ ਜਾਣਨ ਵਾਲੇ ਬੰਦੇ ਇਹ ਸੋਚ ਕੇ ਨਾ ਹੀ ਆਉਂਦੇ ਹੋਣ ਕਿ ਕੰਮ ਤਾਂ ਉਨ੍ਹਾਂ ਨੇ ਕਰਨਾ ਨਹੀਂ।

ਤਿੰਨਾਂ ਵਿਚੋਂ ਮੈਨੂੰ ਹੀ ਬੋਲਣਾ ਪੈਣਾ ਸੀ। ਬੇਦੀ ਜੀ ਦੇ ਕੀਤੇ ਸਵਾਗਤ ਮਗਰੋਂ ਕੰਮ ਬਣ ਜਾਣ ਵਿਚ ਕੋਈ ਬਹੁਤਾ ਸ਼ੱਕ ਨਹੀਂ ਸੀ ਰਹਿ ਗਿਆ। ਇਸ ਦੇ ਬਾਵਜੂਦ ਮੈਂ ਗੱਲ ਝਿਜਕ ਜਿਹੀ ਦਿਖਾ ਕੇ ਹੀ ਕਰਨੀ ਠੀਕ ਸਮਝੀ, 'ਬੇਦੀ ਜੀ, ਅਸੀਂ ਕੁਛ ਕਸੂਤੇ ਜਿਹੇ ਕੰਮ ਆਏ ਹਾਂ।'

ਉਹ ਸਹਿਜ ਨਾਲ ਆਖਣ ਲੱਗੇ, 'ਕੰਮ ਕਿਹੋ ਜਿਹਾ ਵੀ ਹੋਵੇ, ਬੰਦਾ ਆਖ਼ਰ ਆਪਣਿਆਂ ਕੋਲ ਹੀ ਪਹੁੰਚਦਾ ਹੈ। ਦੱਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?'

ਮੈਂ ਕੱਚਾ ਜਿਹਾ ਹੋ ਕੇ ਕਿਹਾ, 'ਬੇਦੀ ਜੀ, ਅਸੀਂ ਤਿੰਨੇ ਤੁਹਾਡੇ ਬੱਚਿਆਂ ਵਰਗੇ ਹਾਂ, ਸਾਡੇ ਲਈ ਸੇਵਾ ਵਰਗਾ ਸ਼ਬਦ ਵਰਤ ਕੇ ਸਾਨੂੰ ਪਾਪ ਦੇ ਭਾਗੀ ਨਾ ਬਣਾਓ!' ਆਪਣੀ ਗੱਲ ਦਾ ਅਸਰ ਵਧਾਉਣ ਲਈ ਮੈਂ ਮੁੰਡੇ ਨੂੰ ਸਾਂਢੂ ਦਾ ਦੋਸਤ ਦੱਸਣ ਦੀ ਥਾਂ ਕਿਹਾ, 'ਇਹ ਮੇਰਾ ਸਾਂਢੂ ਹੈ। ਇਹਦਾ ਪਰਚਾ ਤੁਹਾਡੇ ਕੋਲ ਹੈ, ਗੁਪਤ ਨੰਬਰ ਐਨਾ ਹੈ।...ਬੇਦੀ ਜੀ, ਗੱਲ ਇਹ ਹੈ, ਪਹਿਲੇ ਸਾਲ ਵਿਚ ਸੈਕੰਡ ਡਵੀਜ਼ਨ ਤੋਂ ਇਹਦੇ ਨੰਬਰ ਕੁਛ ਘੱਟ ਰਹਿ ਗਏ ਸਨ। ਜੇ ਤੁਹਾਡੀ ਕਿਰਪਾ ਹੋ ਜਾਵੇ, ਇਹਦੀ ਸੈਕੰਡ ਡਵੀਜ਼ਨ ਬਣ ਜਾਵੇ ਤੇ ਨੌਕਰੀ ਵਾਸਤੇ ਰਾਹ ਖੁੱਲ੍ਹ ਜਾਵੇ।'

ਉਹ ਮੇਰੀ ਗੱਲ ਟੋਕੇ ਬਿਨਾਂ ਸ਼ਾਂਤੀ ਨਾਲ ਸੁਣਦੇ ਰਹੇ। ਮੈਂ ਸਾਹ ਲਿਆ ਤਾਂ ਬੋਲੇ, 'ਤੁਹਾਡੀ ਗੱਲ ਬਿਲਕੁਲ ਸਹੀ ਹੈ। ਸਾਡੇ ਵਾਲੇ ਜ਼ਮਾਨੇ ਤਾਂ ਰਹੇ ਨਹੀਂ। ਹੁਣ ਨੌਜਵਾਨਾਂ ਸਾਹਮਣੇ ਨੌਕਰੀ ਇਕ ਵੱਡੀ ਸਮੱਸਿਆ ਹੈ।' ਫੇਰ ਉਹ ਇਕ ਪਲ ਚੁੱਪ ਰਹਿ ਕੇ ਕਹਿੰਦੇ, 'ਪਰ, ਭੁੱਲਰ ਜੀ, ਮੈਂ ਇਹ ਕੰਮ ਜ਼ਿੰਦਗੀ ਵਿਚ ਕਦੀ ਵੀ ਕੀਤਾ ਨਹੀਂ!'

ਕਮਰੇ ਵਿਚ ਚੁੱਪ ਵਰਤ ਗਈ। ਅਸੀਂ ਕਹਿੰਦੇ ਤਾਂ ਕੀ ਕਹਿੰਦੇ, ਜ਼ਿੰਦਗੀ ਭਰ ਦਾ ਆਪਣਾ ਨੇਮ-ਧਰਮ ਤੋੜ ਦਿਉ! ਆਖ਼ਰ ਉਨ੍ਹਾਂ ਨੇ ਹੀ ਚੁੱਪ ਤੋੜੀ, 'ਤੁਹਾਨੂੰ ਮੇਰਾ ਜਵਾਬ ਬੁਰਾ ਲੱਗਿਆ ਹੋ ਸਕਦਾ ਹੈ। ਇਸ ਕਰਕੇ ਮੈਂ ਤੁਹਾਨੂੰ ਇਸ ਦਾ ਕਾਰਨ ਦੱਸਣਾ ਵੀ ਜ਼ਰੂਰੀ ਸਮਝਦਾ ਹਾਂ।...ਮੰਨ ਲਵੋ, ਇਸ ਬੱਚੇ ਦੇ 62 ਨੰਬਰ ਨੇ। ਮੈਂ ਪੰਜ ਵਧਾ ਕੇ 67 ਕਰ ਦਿੰਦਾ ਹਾਂ। ਇਉਂ ਮੈਂ ਇਸ ਨੂੰ ਉਨ੍ਹਾਂ ਕਈ ਬੱਚਿਆਂ ਦੇ ਉਪਰੋਂ ਛਾਲ ਮਰਵਾ ਕੇ ਅੱਗੇ ਲੰਘਾ ਰਿਹਾ ਹੋਵਾਂਗਾ ਜਿਨ੍ਹਾਂ ਦੇ 63 ਤੋਂ 66 ਤੱਕ ਨੰਬਰ ਆਏ ਹੋਏ ਨੇ। ਉਨ੍ਹਾਂ ਨੇ ਇਹ ਨੰਬਰ ਆਪਣੀ ਮਿਹਨਤ ਨਾਲ ਲਏ ਨੇ। ਉਨ੍ਹਾਂ ਨੂੰ ਵੀ ਨੌਕਰੀਆਂ ਚਾਹੀਦੀਆਂ ਨੇ।...ਮੈਂ ਆਪਣੇ ਇਸ ਰਿਸ਼ਤੇਦਾਰ ਦੇ ਨੰਬਰ ਵਧਾ ਦਿਆਂਗਾ, ਪਹਿਲਾਂ ਤੁਸੀਂ ਮੇਰੀ ਇਕ ਗੱਲ ਦਾ ਜਵਾਬ ਦੇ ਦਿਉ।...ਜਿਨ੍ਹਾਂ ਬੱਚਿਆਂ ਦੇ ਉਪਰੋਂ ਦੀ ਮੈਂ ਇਸ ਨੂੰ ਛੜੱਪਾ ਮਰਵਾ ਦਿਆਂਗਾ, ਮਤਲਬ ਉਨ੍ਹਾਂ ਦਾ ਹੱਕ ਮਾਰ ਕੇ ਇਸ ਨੂੰ ਦੇ ਦਿਆਂਗਾ, ਉਨ੍ਹਾਂ ਬਿਚਾਰਿਆਂ ਦਾ ਕੀ ਕਸੂਰ ਹੈ ਭਾਈ?'

ਬੇਦੀ ਜੀ ਨੇ ਅਜਿਹਾ ਸਵਾਲ ਪੁੱਛਿਆ ਸੀ, ਜਿਸ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ ਸਗੋਂ ਕਿਸੇ ਕੋਲ ਵੀ ਕੋਈ ਜਵਾਬ ਨਹੀਂ ਸੀ। ਮੈਂ ਉਠਿਆ ਅਤੇ ਉਨ੍ਹਾਂ ਦੇ ਗੋਡੇ ਛੂਹ ਕੇ ਹੱਥ ਜੋੜੇ, 'ਬੇਦੀ ਜੀ, ਤੁਹਾਡਾ ਸੁੱਚਾ ਸੁਭਾਅ ਜਾਣਦਿਆਂ ਸਾਨੂੰ ਇਹੋ ਜਿਹੇ ਕੰਮ ਵਾਸਤੇ ਤੁਹਾਡੇ ਕੋਲ ਆਉਣਾ ਹੀ ਨਹੀਂ ਸੀ ਚਾਹੀਦਾ। ਮੈਂ ਆਪਣੀ ਬੇਨਤੀ ਵਾਪਸ ਲੈਂਦਾ ਹਾਂ। ਮੈਂ ਹੁਣ ਨੰਬਰ ਵਧਾਉਣ ਲਈ ਬਿਲਕੁਲ ਨਹੀਂ ਆਖਦਾ। ਮੈਨੂੰ ਅਫ਼ਸੋਸ ਹੈ, ਅਸੀਂ ਤੁਹਾਨੂੰ ਤੁਹਾਡੇ ਆਦਰਸ਼ ਤੋਂ ਥਿੜਕਾਉਣ ਦੀ ਕੋਸ਼ਿਸ਼ ਕੀਤੀ। ਸਾਨੂੰ ਮਾਫ਼ ਕਰ ਦਿਓ!'

ਉਨ੍ਹਾਂ ਨੇ ਖੜ੍ਹੇ ਹੋ ਕੇ ਮੈਨੂੰ ਹਿੱਕ ਨਾਲ ਲਾਇਆ ਅਤੇ ਮਾਹੌਲ ਨੂੰ ਸਹਿਜ ਕਰਨ ਲਈ ਕਹਿੰਦੇ, 'ਕੋਈ ਗੱਲ ਨਹੀਂ। ਮਨ ਨੂੰ ਨਾ ਲਾਓ। ਤੁਹਾਡੀ ਕੋਈ ਗ਼ਲਤੀ ਨਹੀਂ। ਅੱਜ-ਕੱਲ੍ਹ ਨੰਬਰ ਵਧਾਉਣ ਨੂੰ ਲੋਕ ਸਾਧਾਰਨ ਗੱਲ ਸਮਝਦੇ ਨੇ। ਤੁਸੀਂ ਕੋਈ ਅਣਹੋਣੀ ਨਹੀਂ ਕੀਤੀ।'

ਮੈਨੂੰ ਪਤਾ ਸੀ, ਸਾਂਢੂ ਦੇ ਦੋਸਤ ਨੂੰ ਮੇਰੀ ਗੱਲ ਬਹੁਤ ਬੁਰੀ ਲੱਗੀ ਹੋਵੇਗੀ। ਉਹ ਘਰ ਤੱਕ ਘੁੱਟਿਆ-ਵੱਟਿਆ ਜਿਹਾ ਰਿਹਾ। ਆਇਆ ਤਾਂ ਉਹ ਰਾਤ ਰਹਿਣ ਸੀ ਪਰ ਘਰ ਪਹੁੰਚ ਕੇ ਉਹਨੇ ਬੈਗ ਚੁੱਕਿਆ ਤੇ ਰੁੱਸੀ ਜਿਹੀ ਫਤਿਹ ਬੁਲਾ ਕੇ ਰਾਤ ਵਾਲੀ ਬਸ ਫੜਨ ਵਾਸਤੇ ਤੁਰ ਗਿਆ। ਉਹਨੇ ਜਾ ਕੇ ਗਿਲਾ ਕੀਤਾ, 'ਕੰਮ ਕੀ ਮੇਰਾ ਸੁਆਹ ਹੋਣਾ ਸੀ, ਭੁੱਲਰ ਨੇ ਤਾਂ ਉਸ ਪ੍ਰੋਫ਼ੈਸਰ ਨੂੰ ਆਪ ਹੀ ਕਹਿ ਦਿੱਤਾ, ਅਸੀਂ ਨੰਬਰ ਵਧਾਉਣ ਲਈ ਨਹੀਂ ਆਖਦੇ।' ਕੁਦਰਤੀ ਸੀ, ਰਿਸ਼ਤੇਦਾਰ ਮੇਰੇ ਨਾਲ ਰੁੱਸ ਗਏ ਪਰ ਬੇਦੀ ਜੀ ਦੀ ਇੱਜ਼ਤ ਮੇਰੇ ਦਿਲ ਵਿਚ ਪਹਿਲਾਂ ਨਾਲੋਂ ਵੀ ਵਧ ਗਈ।

# ਬਹਾਦਰੀ ਸਿਰਫ਼ ਕਤਲ ਕਰਨ ਦਾ ਨਾਂ ਨਹੀਂ ਹੁੰਦਾ

ਸ਼ੇਖਰ ਗੁਪਤਾ ਦਾ ਵੀਡੀਓ ਬਲੌਗ ਦੇਖਦਿਆਂ ਕੁਝ ਗੱਲਾਂ ਜ਼ਿਕਰਯੋਗ ਲੱਗੀਆਂ, ਉਨੀ ਸੌ ਇਕੱਹਤਰ ਦੀ ਜੰਗ ਬਾਰੇ।

ਇੱਕੀ ਸਾਲ ਦਾ ਅਰੁਣ ਖੇਤਰਪਾਲ ਬੰਗਲਾਦੇਸ਼ ਸੈਕਟਰ 'ਚ ਬਸੰਤਰ ਦੇ ਬ੍ਰਿਜ ਹੈਡ ਨੂੰ ਡਿਫੈਂਡ ਕਰ ਰਿਹਾ ਹੈ। ਉਹਦਾ ਟੈਂਕ ਤੁਰ ਨਹੀਂ ਸਕਦਾ ਪਰ ਉਹਦੀ ਟੈਂਕ ਦੀ ਗੰਨ ਚੱਲ ਰਹੀ ਹੈ। ਉਹ ਆਪਣੇ ਕਮਾਂਡਰਾਂ ਨੂੰ ਕਹਿੰਦਾ ਹੈ ਕਿ ਜਦੋਂ ਤੱਕ ਮੇਰੇ ਟੈਂਕ ਦੀ ਗੰਨ ਚੱਲ ਰਹੀ ਹੈ ਚਿੰਤਾ ਦੀ ਕੋਈ ਗੱਲ ਨਹੀਂ। ਉਹ ਉਸ ਬ੍ਰਿਜ ਹੈਡ ਦੀ ਰੱਖਿਆ ਕਰਨ 'ਚ ਸਫ਼ਲ ਸਾਬਤ ਹੁੰਦਾ ਹੈ ਪਰ ਸ਼ਹਾਦਤ ਦੇ ਦਿੰਦਾ ਹੈ। ਅਗਲੇ ਦਿਨ ਜਦੋਂ ਪਾਕਿਸਤਾਨ ਦੀ ਹਮਲਾਵਰ ਟੁਕੜੀ ਦਾ ਮੁਖੀ ਖਵਾਜਾ ਮੁਹੰਮਦ ਨਾਸਿਰ ਲਾਸ਼ਾਂ ਇਕੱਠੀਆਂ ਕਰਨਾ ਆਉਂਦਾ ਹੈ ਤਾਂ ਉਹ ਪੁਛਦਾ ਹੈ ਕਿ ਉਸ ਟੈਂਕ ਵਿਚ ਕੌਣ ਸੀ। ਉਨ੍ਹਾਂ ਦੱਸਿਆ ਜਾਂਦਾ ਹੈ ਕਿ ਉਹ ਇਕ ਇੱਕੀ ਸਾਲ ਦਾ ਨੌਜਵਾਨ ਸੀ ਜਿਹੜਾ ਸ਼ਹੀਦ ਹੋ ਗਿਆ। ਚਾਲੀ ਸਾਲ ਬਾਅਦ



2001 ਵਿੱਚ ਅਰੁਣ ਖੇਤਰਪਾਲ ਦਾ ਪਿਤਾ ਜੋ ਖੁਦ ਫੌਜ ਵਿਚ ਬ੍ਰਿਗੇਡੀਅਰ ਰਹਿ ਚੁੱਕਾ ਸੀ ਇਕਆਸੀ ਸਾਲ ਦੀ ਉਮਰ ਵਿੱਚ ਆਪਣੇ ਪੁਰਾਣੇ ਦੋਸਤਾਂ ਨਾਲ ਪਾਕਿਸਤਾਨ ਵਿੱਚ ਰੀਯੂਨੀਅਨ ਲਈ ਜਾਂਦਾ ਹੈ। ਰਵਾਇਤ ਅਨੁਸਾਰ ਫੌਜੀ ਉਸੇ ਕਾਲਜ ਦੇ ਫ਼ੌਜੀਆਂ ਦੇ ਪਰਿਵਾਰਾਂ ਨਾਲ ਠਹਿਰਦੇ ਹਨ। ਅਚਾਨਕ ਅਰੁਣ ਖੇਤਰਪਾਲ ਦੇ ਪਿਓ ਨੂੰ ਉਸ ਦਾ ਮੇਜ਼ਬਾਨ ਆਪਣੇ ਘਰ ਦੇ ਲਾਅਨ ਵਿਚ ਲੈ ਜਾਂਦਾ ਹੈ ਤੇ ਦੱਸਦਾ ਹੈ ਕਿ ਉਸ ਦੇ ਬੇਟੇ ਦੀ ਸ਼ਹਾਦਤ ਉਸ ਦੇ ਹੱਥੋਂ ਹੋਈ ਹੈ।

ਉਹ ਇਹ ਵੀ ਕਹਿੰਦਾ ਹੈ ਕਿ ਉਸ ਦਾ ਪੁੱਤ ਬਹੁਤ ਬਹਾਦਰੀ ਨਾਲ ਲੜਿਆ ਪਰ ਉਸ ਦਿਨ ਉਸ ਦੀ ਕਿਸਮਤ ਵਿਚ ਬਚਣਾ ਲਿਖਿਆ ਸੀ ਤੇ ਉਸ ਦੇ ਪੁੱਤ ਦੀ ਕਿਸਮਤ ਵਿਚ ਸ਼ਹਾਦਤ।

-ਨਵਚੇਤਨ

# ਗੁਰੂ ਕਾਸ਼ੀ ਕਾਲਜ ਦੀ ਜ਼ਰਖੇਜ਼ ਰਹਿਤਲ

**ਯਾਦ-ਝਰੋਖਾ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਰਾਹੀਂ ਉਨ੍ਹਾਂ ਨੇ ਰੁਜ਼ਗਾਰ ਦੀ ਭਾਲ ਵਿਚ ਮੁੱਲਾਂਪੁਰ ਤੋਂ ਤਲਵੰਡੀ ਸਾਬੋ ਜਾਣ, ਉਥੇ ਗੁਰੂ ਕਾਸ਼ੀ ਕਾਲਜ ਵਿਚ ਨੌਕਰੀ ਕਰਨ ਦੇ ਆਪਣੇ ਵਧੀਆ ਤਜਰਬੇ ਤੇ ਆਪਣੇ ਹੋਣਹਾਰ ਵਿਦਿਆਰਥੀਆਂ ਦਾ ਜ਼ਿਕਰ ਕੀਤਾ ਹੈ।***

ਜੁਲਾਈ 1981, ਰੁਜ਼ਗਾਰ ਦੀ ਭਾਲ ਵਿਚ ਮੁੱਲਾਂਪੁਰ ਤੋਂ ਤਲਵੰਡੀ ਸਾਬੋ ਨੂੰ ਗੁਰੂ ਕਾਸ਼ੀ ਕਾਲਜ ਵਿਚ ਇੰਟਰਵਿਊ ਲਈ ਬੱਸ ਵਿਚ ਬੈਠਾ। ਨਵਾਂ ਇਲਾਕਾ, ਨਵੇਂ ਰਾਹ ਅਤੇ ਨਵੇਂ ਲੋਕ। ਪ੍ਰਾਈਵੇਟ ਕਾਲਜਾਂ ਵਿਚ ਪੜ੍ਹਾਉਂਦਿਆਂ ਅਤੇ ਇਨ੍ਹਾਂ ਦੀਆਂ ਪ੍ਰਬੰਧਕੀ ਕਮੇਟੀਆਂ ਦੇ ਵਿਹਾਰ ਤੇ ਧੱਕੇਸ਼ਾਹੀ ਦਾ ਚਸ਼ਮਦੀਦ ਗਵਾਹ। ਸਾਧਾਰਨ ਪਰਿਵਾਰ ਦੇ ਬੱਚਿਆਂ ਲਈ ਜ਼ਿੰਦਗੀ ਹੀ ਜੱਦੋ-ਜਹਿਦ ਦਾ ਨਾਮ ਅਤੇ ਇਸ ਜੱਦੋ-ਜਹਿਦ ਨੂੰ ਜਾਰੀ ਰੱਖਣ ਲਈ ਇਸ ਇੰਟਰਵਿਊ ਵਿਚ ਕਿਸਮਤ ਅਜਮਾਉਣ ਜਾ ਰਿਹਾ ਸਾਂ। ਪਿਛਲੇ ਹਫ਼ਤੇ ਹੀ ਡੀਏਵੀ ਕਾਲਜ ਹੁਸ਼ਿਆਰਪੁਰ ਵਿਚ ਪ੍ਰਧਾਨ ਦਾ ਉਹ ਰੂਪ ਦੇਖਿਆ, ਜਿਸ ਵਿਚ ਉਸ ਨੇ ਮੈਰਿਟ ਨੂੰ ਨਕਾਰ ਕੇ ਆਪਣੇ ਚਹੇਤੇ ਨੂੰ ਪੱਕੀ ਨੌਕਰੀ 'ਤੇ ਰੱਖਿਆ ਸੀ। ਇਹ ਉਹੀ ਕਾਲਜ ਸੀ ਜਿਸ ਦੇ ਪ੍ਰਿੰਸੀਪਲ ਰਾਜ ਕੁਮਾਰ ਨੂੰ ਮੈਂ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਬਚਾਇਆ ਸੀ, ਜਦ ਵਿਦਿਅਰਥੀਆਂ ਦੇ ਹਜ਼ੂਮ ਨੇ ਉਸ ਦੇ ਸਿਰ ਵਿਚ ਤੇਜ਼ਧਾਰ ਹਥਿਆਰ ਨਾਲ ਡੂੰਘਾ ਜਖ਼ਮ ਕਰ ਕੇ ਲਹੂ-ਲੁਹਾਣ ਕਰ ਦਿੱਤਾ ਅਤੇ ਮੈਂ ਵਿਦਿਅਰਥੀਆਂ ਦੇ ਵਿਰੋਧ ਦੇ ਬਾਵਜੂਦ ਹਸਪਤਾਲ ਵਿਚ ਪਹੁੰਚਾਉਣ ਵਿਚ ਮਦਦ ਕੀਤੀ ਸੀ ਪਰ ਇਨ੍ਹਾਂ ਪ੍ਰਧਾਨਾਂ ਲਈ ਹਰ ਬੰਦਾ ਹੀ ਵਰਤਣ ਦੀ ਵਸਤ ਹੁੰਦੀ ਅਤੇ ਵਰਤਿਆ ਵਿਅਕਤੀ ਸੁੱਟ ਦਿਤਾ ਜਾਂਦਾ, ਡਸਟਬਿਨ ਵਿਚ ਪਰ ਮਨ ਵਿਚ ਇਹ ਸੋਚ ਕੇ ਨਵਾਂ ਹੰਭਲਾ ਭਰਿਆ ਸੀ ਕਿ ਸਾਰੇ ਪ੍ਰਧਾਨ ਜਾਂ ਪ੍ਰਬੰਧਕੀ ਕਮੇਟੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ।

ਤਲਵੰਡੀ ਸਾਬੋ ਨਿੱਕਾ ਜਿਹਾ ਕਸਬਾ ਨੁਮਾ ਪਿੰਡ। ਰਾਮਾ ਮੰਡੀ ਤੇ ਮੌੜ ਵਾਲੀ ਸੜਕ 'ਤੇ ਕੁਦਰਤ ਦੀ ਆਗੋਸ਼ ਵਿਚ ਗੁਰੂ ਕਾਸ਼ੀ ਕਾਲਜ। ਬੇਰੀਆਂ, ਅਮਰੂਦਾਂ ਅਤੇ ਕਿੰਨੂਆਂ ਦੇ ਬਾਗਾਂ ਵਿਚ ਘਿਰਿਆ ਇਹ ਕਾਲਜ ਮਾਨਸਿਕ ਸਕੂਨ ਅਤੇ ਵਿਦਿਆ ਹਾਸਲ ਕਰਨ ਲਈ ਗੁਰੁਕੁਲ ਵਰਗਾ। ਮੁੱਢਲੇ ਪ੍ਰਿੰਸੀਪਲ ਡਾ. ਹਰਬੰਤ ਸਿੰਘ ਅਤੇ ਪ੍ਰਧਾਨ ਜੰਗੀਰ ਸਿੰਘ ਪੂਹਲਾ ਜੀ 'ਤੇ ਆਧਾਰਤ ਕਮੇਟੀ ਵਲੋਂ ਨਿਰੋਲ ਮੈਰਿਟ ਦੇ ਆਧਾਰ 'ਤੇ ਚੋਣ ਕੀਤੀ ਗਈ ਤਾਂ ਮੇਰੀ ਵਾਰੀ ਆਉਣੀ ਸੁਭਾਵਿਕ ਸੀ। ਪੇਂਡੂ ਵਾਤਾਵਰਨ ਵਿਚ ਪਿੰਡ ਦੇ ਉਨ੍ਹਾਂ ਜੁਆਕਾਂ ਨੂੰ ਪੜ੍ਹਾਉਣ ਦਾ ਮੌਕਾ ਮਿਲਣਾ ਇਕ ਸੁਭਾਗ ਸੀ, ਜਿਨ੍ਹਾਂ ਨੂੰ ਪੜ੍ਹਾਈ ਦੀ ਸਭ ਤੋਂ ਵੱਧ ਲੋੜ ਸੀ ਅਤੇ ਉਹ ਪੜ੍ਹ ਕੇ ਆਪਣੇ ਲਈ, ਆਪਣੇ ਪਰਿਵਾਰ ਅਤੇ ਇਲਾਕੇ ਲਈ ਕੁਝ ਚੰਗੇਰਾ ਕਰਨਾ ਲੋਚਦੇ ਸਨ। ਕਾਲਜ ਵਿਚ ਪਹਿਲੀ ਵਾਰ ਸਾਇੰਸ ਦੀਆਂ ਕਲਾਸਾਂ ਸ਼ੁਰੂ ਕਰਨ ਲਈ ਪ੍ਰੋ. ਮਹਿੰਦਰ ਸਿੰਘ ਬਾਟਨੀ (ਜੋ ਬਾਅਦ ਵਿਚ ਇਸ ਕਾਲਜ ਦੇ ਪ੍ਰਿੰਸੀਪਲ ਵੀ ਬਣੇ), ਪ੍ਰੋ. ਹਰਕਮਲ ਸਿੰਘ ਜਿਆਲੋਜੀ ਅਤੇ ਪ੍ਰੋ. ਜਸਬੀਰ ਸਿੰਘ ਸੰਧੂ ਕੈਮਿਸਟਰੀ ਤਾਂ ਉਸ ਇਲਾਕੇ ਦੇ ਹੀ ਸਨ, ਸਿਰਫ਼ ਮੈਂ ਹੀ ਦੁਆਬੇ ਤੋਂ ਮਾਲਵੇ ਵਿਚ ਪਹੁੰਚਿਆ ਸਾਂ।

ਦਰਅਸਲ, ਉਸ ਸਮੇਂ ਤਲਵੰਡੀ ਸਾਬੋ ਇਕ ਛੋਟਾ ਜਿਹਾ ਪਿੰਡ ਹੀ ਸੀ ਭਾਵੇਂ ਕਿ ਇਹ ਸਿੱਖਾਂ ਦਾ ਪੰਜਵਾਂ ਤਖ਼ਤ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਮਨੀ ਸਿੰਘ ਰਾਹੀਂ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਲਿਖਵਾਈਆਂ ਗਈਆਂ ਸਨ ਅਤੇ ਉਹ ਇਥੋਂ ਹੀ ਦੱਖਣ ਵੱਲ ਰਵਾਨਾ ਹੋਏ ਸਨ। ਬਾਬਾ ਦੀਪ ਸਿੰਘ ਜੀ ਨੇ ਹਰਮਿੰਦਰ ਸਾਹਿਬ ਨੂੰ ਮੁਗਲਾਂ ਕੋਲੋਂ ਆਜ਼ਾਦ ਕਰਵਾਉਣ ਲਈ ਇਥੋਂ ਹੀ ਕੂਚ ਕੀਤਾ ਸੀ। ਹਰ ਸ਼ਾਮ ਨੂੰ ਪਿੰਡ ਦੇ ਵਿਚੋਂ ਹੋ ਕੇ ਗੁਰਦੁਆਰੇ ਮੱਥਾ ਟੇਕ ਆਈਦਾ ਸੀ। ਸਾਧਾਰਨ, ਭੋਲੇ-ਭਾਲੇ ਅਤੇ ਮਿਹਨਤਕਸ਼ ਲੋਕ ਇਸ ਨਗਰੀ ਦੇ ਵਾਸੀ ਜੋ ਗੂੜ ਮਲਵਈ ਬੋਲੀ ਵਿਚ ਗੱਲਾਂ ਕਰਦੇ, ਉਨ੍ਹਾਂ ਦੀ ਕਈ ਵਾਰ ਮੈਨੂੰ ਸਮਝ ਵੀ ਨਹੀਂ ਸੀ ਲੱਗਦੀ। ਉਸ ਸਮੇਂ ਸਿਰਫ਼ ਗੁਰੂ ਕਾਸ਼ੀ ਕਾਲਜ ਹੀ ਸੀ ਭਾਵੇਂ ਕਿ ਹੁਣ ਅਕਾਲ ਯੂਨੀਵਰਸਿਟੀ ਤੇ ਗੁਰੂ ਕਾਸ਼ੀ ਯੂਨੀਵਰਸਿਟੀ ਦੋ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਪੰਜਾਬੀ ਯੂਨੀਵਰਸਿਟੀ ਦਾ ਰਿਜਨਲ ਸੈਂਟਰ ਸਮੇਤ ਕਈ ਵਿਦਿਅਕ ਅਧਾਰੇ ਤਲਵੰਡੀ ਸਾਬੋ ਵਿਚ ਸਥਾਪਤ ਹਨ, ਜਿਸ ਕਰਕੇ ਹੁਣ ਤਲਵੰਡੀ ਸਾਬੋ ਸੱਚਮੁੱਚ ਹੀ ਗੁਰੂ ਕੀ ਕਾਸ਼ੀ ਬਣ ਚੁੱਕਾ ਹੈ।

ਉਸ ਸਮੇਂ ਕਾਲਜ ਦੇ ਪ੍ਰਿੰਸੀਪਲ ਪ੍ਰੋ. ਗੁਰਚਰਨ ਸਿੰਘ ਜੀ ਸਨ, ਜੋ ਸਰਕਾਰੀ ਕਾਲਜ ਫਰੀਦਕੋਟ ਤੋਂ ਰਿਟਾਇਰ ਹੋ ਕੇ ਇਹ ਸੇਵਾਵਾਂ ਨਿਭਾ ਰਹੇ ਸਨ। ਉਹ ਬਹੁਤ ਹੀ ਮਿਹਨਤੀ, ਸਮੇਂ ਦੇ ਪਾਬੰਦ, ਸਾਦੇ ਅਤੇ ਪਿੰਡ ਦੇ ਵਿਦਿਆਰਥੀਆਂ ਨੂੰ ਪਿਆਰ ਕਰਨ ਵਾਲੇ ਅਤੇ ਉਨ੍ਹਾਂ ਦੀ ਬਿਹਤਰੀ ਲਈ ਹਰ ਕਦਮ ਉਠਾਉਣ ਲਈ ਤਤਪਰ ਰਹਿੰਦੇ ਸਨ। ਜ਼ਿਆਦਾਤਰ ਪ੍ਰੋਫੈਸਰ ਬਠਿੰਡੇ ਤੋਂ ਹੀ ਆਉਂਦੇ ਸਨ ਜਦਕਿ ਕੁਝ ਕਾਲਜ ਵਿਚਲੇ ਸਟਾਫ਼ ਕੁਆਰਟਰਜ਼ ਵਿਚ ਰਹਿੰਦੇ ਸਨ। ਸਾਰੇ ਪ੍ਰੋਫੈਸਰ ਬਹੁਤ ਹੀ ਮਿਹਨਤੀ ਅਤੇ ਵਿਦਿਆਰਥੀਆਂ ਲਈ ਪ੍ਰਤੀਬੱਧ ਸਨ। ਮੈਂ ਇਸ ਕਲਾਜ ਵਿਚ ਜੁਲਾਈ 1981 ਤੋਂ 29 ਅਪ੍ਰੈਲ, 1984 ਤਕ ਰਿਹਾ ਕਿਉਂਕਿ ਮੇਰੀ ਸਰਕਾਰੀ ਕਾਲਜ ਵਿਚ ਨਿਯੁਕਤੀ ਹੋ ਗਈ ਅਤੇ ਮੈਂ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਜੁਆਇਨ ਕਰ ਲਿਆ। ਇਹ ਪ੍ਰਿੰਸੀਪਲ ਇਕਬਾਲ ਸਿੰਘ ਜੀ ਅਤੇ ਪ੍ਰਧਾਨ ਜੰਗੀਰ ਸਿੰਘ ਪੂਹਲਾ ਜੀ ਦੀ ਵਡੱਤਣ ਹੀ ਸੀ ਕਿ ਉਨ੍ਹਾਂ ਨੇ ਨੌਕਰੀ ਛੱਡਣ ਲਈ ਤਿੰਨ ਮਹੀਨੇ ਦਾ ਨੋਟਿਸ ਦੇਣ ਜਾਂ ਤਿੰਨ ਮਹੀਨੇ ਦੀ ਤਨਖ਼ਾਹ ਜਮ੍ਹਾਂ ਕਰਾਉਣ ਤੋਂ ਪੂਰਨ ਤੌਰ 'ਤੇ ਛੋਟ ਦਿੰਦਿਆਂ ਕਿਹਾ ਕਿ ਮੈਂ ਬਿਨਾਂ ਕਿਸੇ ਫ਼ਿਕਰ ਤੋਂ ਜਦ ਵੀ ਚਾਹਵਾਂ ਸਰਕਾਰੀ



ਕਾਲਜ ਵਿਚ ਆਪਣੀ ਨੌਕਰੀ ਸ਼ੁਰੂ ਕਰ ਸਕਦਾ ਹਾਂ। ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪਹਿਲੀ ਨਿਯੁਕਤੀ ਵਿਚ ਵੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਦਾ ਯੋਗਦਾਨ ਸੀ।

ਹੁਣ ਜਦ ਮੈਂ ਪਿਛਲ ਝਾਤ ਮਾਰਦਾ ਹਾਂ ਤਾਂ ਅਹਿਸਾਸ ਹੁੰਦਾ ਹੈ ਕਿ ਵਾਕਿਆ ਹੀ ਤਲਵੰਡੀ ਸਾਬੋ ਦੇ ਇਲਾਕੇ ਨੂੰ ਗੁਰੂ ਸਾਹਿਬ ਵਲੋਂ ਗੁਰੂ ਕੀ ਕਾਸ਼ੀ ਦਾ ਵਰਦਾਨ ਹੀ ਹੈ ਕਿ ਇਸ ਜਰਖ਼ੇਜ਼ ਜ਼ਮੀਨ ਵਿਚੋਂ ਵਿਦਿਆ ਪ੍ਰਾਪਤ ਕਰ ਕੇ ਵਿਦਿਅਰਥੀ ਉੱਚੇ ਮਰਤਬਿਆਂ ਦਾ ਮਾਣ ਬਣਦੇ ਨੇ। ਯਾਦ ਹੈ ਕਿ 1981 ਵਿਚ ਸ਼ੁਰੂ ਹੋਈਆਂ ਸਾਇੰਸ ਦੀਆਂ ਮੈਡੀਕਲ ਤੇ ਨਾਨ-ਮੈਡੀਕਲ ਕਲਾਸਾਂ ਵਿਚ ਬਹੁਤ ਘੱਟ ਵਿਦਿਆਰਥੀ ਸਨ ਕਿਉਂਕਿ ਚੰਗੇ ਨੰਬਰਾਂ ਵਾਲੇ ਜ਼ਿਆਦਾਤਰ ਵਿਦਿਆਰਥੀ ਬਠਿੰਡੇ ਕਾਲਜ ਵਿਚ ਦਾਖ਼ਲ ਹੋ ਜਾਂਦੇ ਸਨ। ਸਾਇੰਸ ਦੇ ਪ੍ਰੋਫੈਸਰਾਂ ਨੂੰ ਪੜ੍ਹਾਉਣ ਦਾ ਕੇਹਾ ਜਨੂੰਨ ਸੀ ਕਿ ਉਹ ਸਵੇਰੇ ਕਾਲਜ ਤੋਂ ਪਹਿਲਾਂ ਅਤੇ ਸ਼ਾਮ ਨੂੰ ਕਾਲਜ ਤੋਂ ਬਾਅਦ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਤਿਆਰ ਰਹਿੰਦੇ ਸਨ ਅਤੇ ਵਿਦਿਆਰਥੀ ਵੀ ਵੱਧ ਤੋਂ ਵੱਧ ਸਿੱਖਣ ਲਈ ਉਤਾਵਲੇ ਰਹਿੰਦੇ ਸਨ। ਟਿਊਸ਼ਨ ਦਾ ਤਾਂ ਕਿਸੇ ਨੂੰ ਖ਼ਿਆਲ ਵੀ ਨਹੀਂ ਸੀ। ਉਸ ਕਲਾਸ ਦੇ ਕੁਝ ਵਿਦਿਆਰਥੀ ਪਿਛਲੇ 40 ਸਾਲਾਂ ਤੋਂ ਮੇਰੇ ਸੰਪਰਕ ਵਿਚ ਹਨ। ਉਨ੍ਹਾਂ ਨਾਲ ਇਹ ਰਿਸ਼ਤਾ ਮਨ ਵਿਚ ਮਾਣਮੱਤਾ ਅਹਿਸਾਸ ਪੈਦਾ ਕਰਦਾ ਹੈ। ਆਪਣੇ ਉਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਫਖ਼ਰ ਹੁੰਦਾ ਹੈ ਅਤੇ ਇਹ ਧਾਰਨਾ ਵੀ ਪਰਪੱਕ ਹੁੰਦੀ ਹੈ ਕਿ ਜੇਕਰ ਪਿੰਡ ਦੇ ਵਿਦਿਆਰਥੀਆਂ ਨੂੰ ਸਹੀ ਸੇਧ ਅਤੇ ਪੜ੍ਹਾਈ ਲਈ ਸੁਖਾਵਾਂ ਵਾਤਾਵਰਨ ਮਿਲੇ ਤਾਂ ਉਹ ਕੁਝ ਵੀ ਕਰ ਸਕਦੇ ਹਨ। ਪਹਿਲੇ ਬੈਚ ਦੇ ਇਨ੍ਹਾਂ ਵਿਦਿਆਰਥੀਆਂ ਵਿਚੋਂ ਡਾ. ਬੂਟਾ ਸਿੰਘ ਸਿੱਧੂ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦਾ ਵਾਈਸ ਚਾਂਸਲਰ ਹੈ। ਡਾ. ਤੇਜਿੰਦਰਪਾਲ ਸਿੰਘ ਸਿੱਧੂ ਇੰਜਨੀਅਰਿੰਗ ਕਾਲਜ ਫਿਰੋਜ਼ਪੁਰ ਦਾ ਪ੍ਰਿੰਸੀਪਲ ਹੈ। ਕੁਲਜੀਤਪਾਲ ਸਿੰਘ ਮਾਹੀ ਪੀਸੀਐਸ ਹੈ, ਜੋ ਚੰਡੀਗੜ੍ਹ ਵਿਚ ਤਾਇਨਾਤ ਹੈ, ਡਾ. ਸਿੰਮੀ ਗਰੇਵਾਲ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ ਵਿਚ ਡਾਕਟਰ ਹੈ, ਡਾ. ਜਗਸੀਰ ਸਿੰਘ ਵੈਟਰਨਰੀ ਡਾਕਟਰ ਹੈ, ਡਾ. ਅਸ਼ੋਕ ਕੁਮਾਰ ਡਾਕਟਰ ਹੈ, ਪ੍ਰੋ. ਗੁਰਚਰਨ ਸਿੰਘ ਡਬਲ ਐਮਈ ਪਾਲੀਟੈਕਨਿਕ ਕਾਲਜ ਫਗਵਾੜਾ ਵਿਚ ਪ੍ਰੋਫੈਸਰ ਹੈ ਅਤੇ ਹਰਜਸਪਾਲ ਵੀ ਇੰਜਨੀਅਰਿੰਗ ਕਾਲਜ ਦਾ ਪ੍ਰਿੰਸੀਪਲ ਸੀ, ਭਾਵੇਂ ਹੁਣ ਉਹ ਕੈਨੇਡਾ ਆ ਗਿਆ ਹੈ। ਸ. ਬਲਵਿੰਦਰ ਸਿੰਘ ਅਤੇ ਗਿਆਨ ਸਿੰਘ ਬਠਿੰਡਾ ਐਨਐਫਐਲ ਵਿਚ ਉਚੇ ਅਹੁਦਿਆਂ 'ਤੇ ਤਾਇਨਾਤ ਹਨ ਜਦਕਿ ਇੰਜਨੀਅਰ ਸਤਪਾਲ ਟਾਟਾ ਕੰਸਟਰੱਕਸ਼ਨ ਕੰਪਨੀ ਵਿਚ ਵੱਡੇ ਅਹੁਦੇ 'ਤੇ ਹੈ। ਇੰਜ. ਗੁਰਤੇਜ ਸਿੰਘ ਬਿਜਲੀ ਬੋਰਡ ਵਿਚ ਅਫਸਰ ਜਦਕਿ ਓਪਿੰਦਰ ਸਿੰਘ ਪ੍ਰਾਈਵੇਟ ਕੰਪਨੀ ਵਿਚ ਵੱਡੇ ਅਹੁਦੇ 'ਤੇ ਕਾਰਜ ਕਰ ਰਿਹਾ ਹੈ। ਇਹ ਸਾਰੇ ਵਿਦਿਆਰਥੀ ਜਿਥੇ ਆਪਣੇ ਕਾਲਜ, ਪਰਿਵਾਰ, ਪਿੰਡ ਤੇ ਇਲਾਕੇ ਦਾ ਮਾਣ ਹਨ, ਉਥੇ ਹੀ ਆਪਣੇ ਪ੍ਰੋਫੈਸਰਾਂ ਦਾ ਸਿਰ ਉਚਾ ਕਰਨ ਲਈ ਵਧਾਈ ਦੇ ਪਾਤਰ ਵੀ ਹਨ।

ਇਨ੍ਹਾਂ ਵਿਦਿਆਰਥੀਆਂ ਵਿਚ ਪੜ੍ਹਾਈ ਦਾ ਖ਼ਬਤ ਇੰਨਾ ਸੀ ਕਿ ਉਹ ਕੈਂਪਸ ਵਿਚ ਰਹਿੰਦੇ ਪ੍ਰੋਫੈਸਰਾਂ ਦੇ ਪਰਿਵਾਰਕ ਮੈਂਬਰ ਹੀ ਸਨ। ਪ੍ਰੋ. ਗੁਰਚਰਨ ਸਿੰਘ ਭਾਗੀਵਾਂਦਰ ਦਾ ਹੈ ਅਤੇ ਉਹ ਮੇਰੇ ਘਰ ਦੁੱਧ ਦੇਣ ਵੀ ਆਉਂਦਾ ਸੀ ਅਤੇ ਜਦ ਛੁੱਟੀ ਵਾਲੇ ਦਿਨ ਆਉਣਾ ਤਾਂ ਜੇਕਰ ਮੈਂ ਸਬਜ਼ੀ ਦੀ ਕਿਆਰੀ ਗੁੱਡ ਰਿਹਾ ਹੁੰਦਾ ਤਾਂ ਉਹ ਕੰਢੇ 'ਤੇ ਪੈਰਾਂ ਭਾਰ ਬੈਠ ਕੇ ਹੀ ਪ੍ਰਸ਼ਨਾਂ ਦੇ ਜਵਾਬ ਪੁੱਛਦਾ ਰਹਿੰਦਾ। ਉਨ੍ਹਾਂ ਦਾ ਨਿਰਉਚੇਚ ਵਿਹਾਰ ਅਤੇ ਬੇਲਾਗਤਾ ਬਹੁਤ ਪ੍ਰਭਾਵਿਤ ਕਰਦੀ ਸੀ ਅਤੇ ਮਨ ਵਿਚ ਤਮੰਨਾ ਪੈਦਾ ਹੁੰਦੀ ਸੀ ਕਿ ਇਹ ਵਿਦਿਆਰਥੀ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨ।

ਉਸ ਕਾਲਜ ਵਿਚ ਪੜ੍ਹਾਉਂਦੇ ਸਮੇਂ ਮੈਂ ਕਾਲਜ ਦੇ ਹੋਸਟਲ ਦਾ ਵਾਰਡਨ ਵੀ ਸੀ, ਜਿਸ ਵਿਚ ਦੁਰਾਡੇ ਪਿੰਡਾਂ ਦੇ ਵਿਦਿਆਰਥੀ ਰਹਿੰਦੇ ਸਨ। ਉਨ੍ਹਾਂ ਦੀ ਜੀਵਨ ਸ਼ੈਲੀ ਨਿਰੋਲ ਪੇਂਡੂ, ਸੱਚੇ-ਸੁੱਚੇ ਅਤੇ ਆਪਣੇ ਅਕੀਦੇ ਪ੍ਰਤੀ ਸਮਰਪਿਤ ਹੁੰਦੇ। ਉਨ੍ਹਾਂ ਵਿਚ ਤਰਕਸ਼ੀਲਤਾ ਅਤੇ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਬਹੁਤ ਸਨ। 'ਕੇਰਾਂ ਮੈਂ ਅਤੇ ਮੇਰੀ ਪਤਨੀ ਸ਼ਾਮ ਨੂੰ ਰੋਟੀ ਖਾਣ ਤੋਂ ਬਾਅਦ ਸੈਰ ਕਰਦੇ ਹੋਸਟਲ ਪਹੁੰਚੇ ਤਾਂ ਦੇਖਿਆ ਕਿ ਕਮਰੇ ਤੋਂ ਬਾਹਰ ਕੁੱਕੜ ਦੇ ਖੰਭ ਖਿੱਲਰੇ ਪਏ ਸਨ। ਜਦ ਬੱਚਿਆਂ ਨੂੰ ਪੁੱਛਿਆ ਕਿ ਕੀ ਉਹ ਅੱਜ ਕੁੱਕੜ ਬਣਾ ਰਹੇ ਹਨ ਤਾਂ ਉਨ੍ਹਾਂ ਦਾ ਭੋਲੇ ਭਾਅ ਜਵਾਬ ਸੀ ਕਿ ਕੁੱਕੜ ਮੁੱਲ ਕਿਥੋਂ ਲੈਣਾ ਸੀ? ਰਾਤ ਇਸ ਚੌਕ ਵਿਚ ਕੋਈ ਟੂਣਾ ਕਰ ਗਿਆ ਅਤੇ ਕਾਲਾ ਕੁੱਕੜ ਛੱਡ ਗਿਆ ਸੀ। ਅਸੀਂ ਫੜ ਲਿਆ ਅਤੇ ਉਹੀ ਕੁੱਕੜ ਬਣਾ ਰਹੇ ਹਾਂ।' ਪਛੜਿਆ ਇਲਾਕਾ ਹੋਣ ਕਾਰਨ, ਚੌਕ-ਚੁਰਸਤੇ ਵਿਚ ਅਕਸਰ ਹੀ ਲੋਕ ਟੂਣੇ ਕਰਦੇ ਰਹਿੰਦੇ ਸਨ ਪਰ ਹੋਸਟਲ ਵਿਚ ਰਹਿਣ ਵਾਲੇ ਬੱਚਿਆਂ 'ਤੇ ਪੜ੍ਹਾਈ ਦਾ ਹੀ ਅਸਰ ਸੀ ਕਿ ਉਹ ਇਸ ਨੂੰ ਨਿਰਾ ਵਹਿਮ ਸਮਝਦੇ ਸਨ।

ਉਸ ਸਮੇਂ ਤਲਵੰਡੀ ਸਾਬੋ ਦੇ ਲੋਕਾਂ ਲਈ ਮਨੋਰੰਜਨ ਦਾ ਕੋਈ ਵੀ ਸਾਧਨ ਨਹੀਂ ਸੀ। ਕਾਲਜ ਦੇ ਪਹਿਲੇ ਪ੍ਰਿੰਸੀਪਲ ਡਾ. ਹਰਬੰਤ ਸਿੰਘ ਹੁਰਾਂ ਦੀ ਸੋਚ ਨੂੰ ਸਲਾਮ ਹੈ ਕਿ ਉਨ੍ਹਾਂ ਨੇ ਕਾਲਜ ਦੇ ਵਿਦਿਆਰਥੀਆਂ ਅਤੇ ਪਿੰਡ ਦੇ ਲੋਕਾਂ ਦੇ ਮਨੋਰੰਜਨ ਲਈ ਕਾਲਜ ਵਲੋਂ ਇਕ ਪ੍ਰੋਜੈਕਟਰ ਖ੍ਰੀਦਿਆ ਹੋਇਆ ਸੀ, ਜਿਸ 'ਤੇ ਫਿਲਮਾਂ ਦਿਖਾਈਆਂ ਜਾਂਦੀਆਂ ਸਨ। ਮੈਂ ਇਸ ਦਾ ਇੰਚਾਰਜ ਹੋਣ ਕਾਰਨ ਮਹੀਨੇ ਵਿਚ ਇਕ ਜਾਂ ਦੋ ਵਾਰ ਰਾਤ ਨੂੰ ਕਾਲਜ ਦੀ ਗਰਾਊਂਡ ਵਿਚ ਫ਼ਿਲਮ ਦਿਖਾਉਣੀ ਤਾਂ ਤਲਵੰਡੀ ਸਾਬੋ ਤੋਂ ਇਲਾਵਾ ਆਲੇ-ਦੁਆਲ਼ੇ ਦੇ ਲੋਕ ਵੀ ਫ਼ਿਲਮ ਦੇਖਣ ਆ ਜਾਂਦੇ ਸਨ ਪਰ ਇਸ ਦੌਰਾਨ ਕੋਈ ਵੀ ਹੁੱਲੜਬਾਜ਼ੀ, ਰੌਲਾ-ਰੱਪਾ ਜਾਂ ਕਿਸੇ ਕਿਸਮ ਦੀ ਸ਼ਰਾਰਤ ਜਾਂ ਗੜਬੜ ਨਹੀਂ ਸੀ ਹੁੰਦੀ। ਪਿੰਡ ਵਾਲਿਆਂ ਨੂੰ ਅਕਸਰ ਹੀ ਫ਼ਿਲਮ ਦਿਖਾਉਣ ਦੀ ਤਾਰੀਖ਼ ਦੀ ਚਾਅ ਨਾਲ ਉਡੀਕ ਹੁੰਦੀ ਸੀ।

ਬਹੁਤ ਪਿਆਰੀ ਤੇ ਮੋਹਭਿੱਜੀ ਹੈ ਮਲਵਈ ਬੋਲੀ ਅਤੇ ਇਸ ਵਿਚ ਭਰੀ ਹੋਈ ਅਪਣੱਤ। ਕਈ ਵਾਰ ਮੈਂ ਪੇਂਡੂਆਂ ਦੀ ਗੱਲਬਾਤ ਸੁਣਨੀ ਤਾਂ ਮਨ ਵਿਚ ਲੱਜ਼ਤ ਪੈਦਾ ਹੁੰਦੀ ਕਿ ਇਕ ਦੂਜੇ ਨੂੰ ਇੰਝ ਵੀ ਸੰਬੋਧਤ ਹੋਇਆ ਜਾ ਸਕਦਾ ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਪਛਾਣ ਨੂੰ ਇੰਝ ਵੀ ਮਾਨਤਾ ਦਿੱਤੀ ਜਾ ਸਕਦੀ ਹੈ। ਮੇਰੀ ਲੇਖਣੀ ਵਿਚ ਸੁੱਤੇ ਸਿੱਧ ਮਲਵਈ ਸ਼ਬਦਾਂ ਦਾ ਆ ਜਾਣਾ ਤਲਵੰਡੀ ਸਾਬੋ ਵਿਚ ਪੜ੍ਹਾਏ ਤਿੰਨ ਸਾਲਾਂ ਦੌਰਾਨ ਮਲਵਈਆਂ ਵਿਚ ਵਿਚਰਨ ਅਤੇ ਉਨ੍ਹਾਂ ਦੀ ਬੋਲੀ ਨੂੰ ਸੁੱਤੇ ਸਿੱਧ ਹੀ ਅਪਨਾਉਣਾ ਇਕ ਕਾਰਨ ਹੈ।

ਮੈਂ ਪੰਜਾਬ ਦੇ ਬਹੁਤ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਵਿਚ ਪੜ੍ਹਾਇਆ ਹੈ। ਬਹੁਤ ਜ਼ਿਆਦਾ ਵਿਦਿਆਰਥੀ ਵੱਖ ਵੱਖ ਖੇਤਰਾਂ ਵਿਚ ਕਾਮਯਾਬੀ ਅਤੇ ਸ਼ੁਹਰਤ ਦੀ ਬੁਲੰਦੀ 'ਤੇ ਹਨ ਪਰ ਹਰ ਕਲਾਸ ਵਿਚੋਂ ਕੁਝ ਪ੍ਰਤੀਸ਼ਤ ਵਿਦਿਆਰਥੀ ਹੀ ਅਜਿਹੇ ਹੁੰਦੇ ਸਨ ਪਰ ਗੁਰੂ ਕਾਸ਼ੀ ਕਾਲਜ ਤਲਵੰਡੀ ਸਾਬੋ ਵਿਚ ਪੜ੍ਹਾਏ ਉਸ ਪਹਿਲੇ ਬੈਚ ਦਾ ਕੇਹਾ ਕਮਾਲ ਸੀ ਕਿ 15 ਕੁ ਵਿਦਿਆਰਥੀਆਂ ਵਿਚੋਂ 95% ਵਿਦਿਆਰਥੀ ਹੁਣ ਉਚੇ ਅਹੁਦਿਆਂ 'ਤੇ ਬਿਰਾਜਮਾਨ ਹਨ ਅਤੇ ਸਮਾਜ ਵਿਚ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ। ਕਮਾਲ ਦੀ ਇਸ ਕਲਾਸ ਬਾਰੇ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਦੇ ਵੀਸੀ ਡਾ. ਬੂਟਾ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਉਸ ਸਮੇਂ ਅਧਿਆਪਕ ਕਾਲਜ ਟਾਈਮ ਤੋਂ ਪਹਿਲਾਂ ਅਤੇ ਬਾਅਦ ਵਿਚ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਨ। ਪ੍ਰੋਫੈਸਰਾਂ ਦਾ ਪੇਂਡੂ ਪਿਛੋਕੜ ਹੋਣ ਕਾਰਨ ਉਹ ਪੇਂਡੂ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਤੋਂ ਵਾਕਫ਼ ਸਨ ਅਤੇ ਉਹ ਉਨ੍ਹਾਂ ਨੂੰ ਸਹੀ ਸੇਧ, ਮਿਹਨਤ ਦਾ ਮਹੱਤਵ ਅਤੇ ਸੁਪਨੇ ਦੀ ਪੂਰਤੀ ਦੀ ਅਜੇਹੀ ਜਗਿਆਸਾ ਲਾਉਣ ਵਿਚ ਕਾਮਯਾਬ ਰਹੇ ਕਿ ਸਾਰੇ ਹੀ ਵਿਦਿਆਰਥੀ ਵਧੀਆ ਅਕਾਦਮਿਕ ਪ੍ਰਾਪਤੀਆਂ ਕਰ ਸਕੇ। ਉਸ ਸਮੇਂ ਪੇਂਡੂ ਵਿਦਿਆਰਥੀਆਂ ਲਈ ਪੜ੍ਹਾਈ ਤੋਂ ਬਗੈਰ ਹੋਰ ਕੋਈ ਮਾਨਸਿਕ ਭਟਕਣ ਦਾ ਸਾਧਨ ਨਹੀਂ ਸੀ। ਪ੍ਰੋਫ਼ੈਸਰ ਰੂਹ ਨਾਲ ਪੜ੍ਹਾਉਂਦੇ ਸਨ ਕਿਉਂਕਿ ਉਸ ਸਮੇਂ ਟਿਊਸ਼ਨ ਤਾਂ ਕਿਸੇ ਦੇ ਖਾਬੋ-ਖ਼ਿਆਲ ਵਿਚ ਵੀ ਨਹੀਂ ਸੀ।

ਮੇਰੀ ਜਾਚੇ ਇਸ ਦਾ ਸਮੁੱਚਾ ਸਿਹਰਾ ਇਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਅਤੇ ਹੋਣਹਾਰ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਮਾਪਿਆਂ ਦੀ ਜ਼ਿੰਦਗੀ ਵਿਚ ਰੌਸ਼ਨੀ ਭਰੀ ਅਤੇ ਮਾਪੇ ਉਚੇ ਰੁਤਬਿਆਂ 'ਤੇ ਪਹੁੰਚੇ ਆਪਣੇ ਲਾਡਲਿਆਂ 'ਤੇ ਨਾਜ਼ ਕਰਦੇ ਹਨ।

ਤਲਵੰਡੀ ਸਾਬੋ ਦੀ ਧਰਤ ਨੂੰ ਸਜਦਾ ਅਤੇ ਸਲਾਮ ਹੈ ਉਨ੍ਹਾਂ ਵਿਦਿਆਰਥੀਆਂ ਨੂੰ, ਜੋ ਉਚੇ ਅਹੁਦਿਆਂ 'ਤੇ ਪਹੁੰਚ ਕੇ ਵੀ ਆਪਣੇ ਪ੍ਰੋਫ਼ੈਸਰਾਂ ਨੂੰ ਯਾਦ ਰੱਖਦੇ ਹਨ।

---

# ਮੁਰਗੀ

ਅਰਾਮ ਨਾਲ ਆਪਣੇ ਕਮਰੇ ਵਿਚ ਬੈਠੀ ਤਮੰਨਾ ਦਾ ਧਿਆਨ ਉਸ ਵਕਤ ਟੁੱਟਿਆ ਜਦੋਂ ਉਸਦੇ ਕੰਨਾਂ ਵਿਚ ਹਲਕੀ-ਹਲਕੀ ਕਿਸੇ ਦੇ ਰੋਣ ਦੀ ਆਵਾਜ਼ ਪੈ ਰਹੀ ਸੀ। ਕੁਝ ਦੇਰ ਤਮੰਨਾ ਆਪਣੇ ਮਨ ਵਿਚ ਹੀ ਅੰਦਾਜ਼ਾ ਲਗਾਉਂਦੀ ਰਹੀ, ਫਿਰ ਉਹ ਆਪਣੇ ਪਲੰਘ ਤੋਂ ਉੱਠੀ ਅਤੇ ਕਮਰੇ ਵਿਚੋਂ ਬਾਹਰ ਆ ਗਈ। ਜਦ ਉਸ ਨੇ ਕਮਰੇ ਵਿਚੋਂ ਬਾਹਰ ਆ ਕੇ ਉਸੇ ਸੇਧ ਵਿਚ ਤੁਰਨਾ ਸ਼ੁਰੂ ਕੀਤਾ, ਜਿਧਰੋਂ ਰੋਣ ਦੀ ਆਵਾਜ਼ ਉਸ ਦੇ ਕੰਨਾਂ ਵਿਚ ਹਜੇ ਵੀ ਪਈ ਜਾ ਰਹੀ ਸੀ। ਇਕ ਕਮਰੇ ਦੇ ਮੂਹਰੇ ਜਾ ਕੇ ਅਚਾਨਕ ਤਮੰਨਾ ਰੁਕ ਗਈ, ਜਦ ਉਸ ਨੇ ਸਾਹਮਣੇ ਦੇਖਿਆ ਤਾਂ 13-14 ਸਾਲਾਂ ਦੀ ਇਕ ਕੁੜੀ ਪਾਣੀ ਵਾਲੇ ਟੱਬ ਵਿਚ ਪੈਰਾਂ ਭਾਰ ਬੈਠੀ ਹੋਈ ਸੀ।

ਇਸ ਦ੍ਰਿਸ਼ ਨੂੰ ਦੇਖ ਕੇ ਤਮੰਨਾ ਨੂੰ ਰਾਤੀਂ ਕੁੜੀਆਂ ਵੱਲੋਂ ਦੱਸੀ ਇਹ ਗੱਲ ਚੇਤੇ ਆ ਗਈ ਕਿ 'ਕੋਠੇ 'ਤੇ ਇੱਕ ਨਵੀਂ ਕੁੜੀ ਲਿਆਂਦੀ ਗਈ ਹੈ।' ਤਮੰਨਾ ਨੇ ਜਦ ਹੋਰ ਅੱਗੇ ਜਾ ਕੇ ਦੇਖਿਆ ਤਾਂ ਪਾਣੀ ਦਾ ਉਹ ਟੱਬ ਜਿਸ ਵਿਚ ਕੁੜੀ ਬੈਠੀ ਸੀ ਜਾਂ ਬਿਠਾਈ ਗਈ ਸੀ, ਪੂਰਾ ਲਾਲ ਰੰਗ ਨਾਲ ਭਰ ਗਿਆ ਸੀ। ਇਸ ਲਾਲ ਪਾਣੀ ਨੂੰ ਦੇਖ ਕੇ ਤਮੰਨਾ ਨੇ ਘੁੱਟ ਕੇ ਅੱਖਾਂ ਬੰਦ ਕਰ ਲਈਆਂ। ਪਲ ਮਗਰੋਂ ਜਦ ਉਸ ਨੇ ਅੱਖਾਂ ਖੋਲ੍ਹ ਕੇ ਦੇਖਿਆ ਤਾਂ ਟੱਬ ਦੇ ਅੰਦਰਲਾ ਪਾਣੀ ਉਵੇਂ ਦਾ ਉਵੇਂ ਲਾਲ ਰੰਗ ਦਾ ਹੀ ਸੀ। ਫਿਰ ਤਮੰਨਾ ਨੇ ਬਾਂਹ ਤੋਂ ਫੜ ਕੇ ਉਸ ਪਾਣੀ ਵਿਚ ਬੈਠੀ ਕੁੜੀ ਨੂੰ ਬਾਹਰ ਕੱਢਣਾ ਚਾਹਿਆ ਪਰ ਡਰੀ-ਡਰੀ ਤੇ ਸਹਿਮੀ ਜਿਹੀ ਹੋਣ ਕਰਕੇ ਕੁਝ ਝੱਕਦੀ ਹੋਈ ਉਹ ਬਾਹਰ ਨਿਕਲੀ ਤਾਂ ਤਮੰਨਾ ਨੇ ਬੈਂਚ ਦੇ ਉਪਰ ਵਿਛੇ ਇੱਕ ਕੱਪੜੇ ਨੂੰ ਚੁੱਕ ਕੇ ਉਸ ਦੇ ਨੰਗੇ ਸਰੀਰ 'ਤੇ ਲਪੇਟ ਦਿੱਤਾ। ਜਦ ਨੂੰ ਪਿੱਛਿਓਂ ਪਾਨ ਹੱਥ ਵਿਚ ਫੜੀ ਖਾਲਾ ਆ ਗਈ।

'ਇਹ ਤਮੰਨਾ ਕੀ ਕਰਦੀਂ ਇੱਥੇ? ਚੱਲ ਆਪਣੇ ਕਮਰੇ ਵਿਚ। ਨਾਲੇ ਕੁੜੀਏ ਮੁੱਕਿਆ ਨੀ ਤੇਰਾ ਰੋਣਾ-ਧੋਣਾ?

''ਖਾਲਾ ਉਸ ਨੂੰ ਦਰਦ ਹੋ ਰਹੀ ਹੈ, ਸਮਝੋ ਗੱਲ ਨੂੰ ਆਰਾਮ ਕਰਨ ਦਿਓ ਇਸ ਨੂੰ.....

'ਆਰਾਮ-ਅਰੂਮ ਕੋਈ ਨੀਂ, ਸੇਠ ਪਸੰਦ ਕਰ ਕੇ ਗਿਆ ਇਹਨੂੰ ਅਗਲਾ 1500 ਦੇ ਗਿਆ......

''ਪਰ ਮਾਸੀ ਉਸ ਦੀ ਸਿਹਤ ਤੇ ਨਾਲ ਇਹ ਖੂਨ....

''ਬਸ-ਬਸ ਇਹ ਕੁਝ ਨੀ ਪਤਾ ਮੈਨੂੰ ਕੁੜੀਏ ਤਿਆਰ ਰਹਿ ਤੂੰ।

ਜਾਂਦੀ ਹੋਈ ਖਾਲਾ ਨੂੰ ਦੇਖ ਕੇ ਤਮੰਨਾ ਨੇ ਦੰਦ ਕਿਰਚੇ 'ਮੁਰਗੀਆਂ ਵਾਂਗੂ ਕਦੇ ਦਾਣਾ ਪਾ ਦਿੰਦੀ ਆ ਕਦੇ ਧੌਣ ਮਰੋੜ ਦਿੰਦੀ ਆ।'

**-ਰੋਹਿਤ**

# ਚਮਕੌਰ ਦੀ ਗੜ੍ਹੀ ਬਨਾਮ ਚਮਕੌਰ ਸਾਹਿਬ

ਇਨ੍ਹੀਂ ਦਿਨੀਂ ਅਸੀਂ ਸਿੱਖ ਇਤਿਹਾਸ ਦੇ ਉਸ ਪੜਾਅ ਵਿਚੋਂ ਲੰਘ ਰਹੇ ਹਾਂ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੇ ਖਾਲਸਾ ਰਾਜ ਦੀ ਨੀਂਹ ਰੱਖੀ। ਇਹ ਉਹ ਸਮਾਂ ਹੈ ਜਦੋਂ ਗੁਰੂ ਸਾਹਿਬ ਨੂੰ ਆਨੰਦਪੁਰ ਸਾਹਿਬ ਦੀ ਧਰਤੀ ਛੱਡ ਕੇ ਹੇਠਾਂ ਵੱਲ ਨੂੰ ਕੂਚ ਕਰਨਾ ਪਿਆ ਤੇ ਸਰਸਾ ਨਦੀ ਨੂੰ ਪਾਰ ਕਰਦਿਆਂ ਪਾਣੀ ਦੇ ਵਹਾਅ ਕਾਰਨ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਸਾਹਿਬ ਵੱਲ ਨੂੰ ਹੋ ਤੁਰੇ ਅਤੇ ਮਾਤਾ ਗੁਜਰੀ ਨੂੰ ਛੋਟੇ ਸਾਹਿਬਜ਼ਾਦਿਆਂ ਫਤਿਹ ਸਿੰਘ ਤੇ ਜ਼ੋਰਾਵਰ ਸਿੰਘ ਸਮੇਤ ਸਰਹਿੰਦ ਸ਼ਹਿਰ ਵੱਲ ਨੂੰ ਨਿਕਲਣਾ ਪਿਆ।

ਅਜੋਕਾ ਚਮਕੌਰ ਸਾਹਿਬ ਉਦੋਂ ਚਮਕੌਰ ਦੀ ਗੜੀ ਵਜੋਂ ਜਾਣਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਏਸ ਥਾਂ ਉਤੇ ਲੜਦੇ ਸ਼ਹੀਦ ਹੋਏ ਸਨ। ਜਦੋਂ ਗੁਰੂ ਸਾਹਿਬ ਨੂੰ ਇਹ ਸਥਾਨ ਛੱਡਣਾ ਪਿਆ ਤਾਂ ਉਨ੍ਹਾਂ ਨੇ ਆਪਣੀ ਕਲਗੀ ਸੰਗਤ ਸਿੰਘ ਨਾਂ ਦੇ ਯੋਧੇ ਦੇ ਸੀਸ ਉਤੇ ਸਜਾ ਕੇ ਇਤਿਹਾਸਕ ਤੇ ਵੱਡਾ ਭੁਲੇਖਾ ਪੈਦਾ ਕੀਤਾ ਸੀ। ਏਸ ਸਥਾਨ ਉਤੇ ਹੁਣ ਗੁਰਦੁਆਰਾ ਗੜੀ ਸਾਹਿਬ ਸੁਸ਼ੋਭਿਤ ਹੈ। ਏਥੇ ਹੀ ਉਹ ਸਥਾਨ ਹੈ, ਜਿਥੇ ਗੁਰੂ ਸਾਹਿਬ ਨੇ ਤਾੜੀ ਮਾਰ ਕੇ ਆਵਾਜ਼ ਦਿੱਤੀ ਸੀ ਕਿ 'ਹਿੰਦ ਦਾ ਪੀਰ ਤੇ ਸਿੱਖਾਂ ਦਾ ਗੁਰੂ ਜਾ ਰਿਹਾ ਹੈ। ਇਸ ਥਾਂ ਉਤੇ ਜਿਹੜਾ ਗੁਰਦੁਆਰਾ ਸੁਸ਼ੋਭਿਤ ਹੋਇਆ, ਉਹ ਤਾੜੀ ਸਾਹਿਬ ਵਜੋਂ ਜਾਣਿਆ ਜਾਂਦਾ ਹੈ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਤੋਂ ਵਿਛੜਨ ਮਗਰੋਂ ਗੁਰੂ ਜੀ ਨੇੜੇ ਹੀ ਰਾਜਾ ਬਿਧੀ ਚੰਦ ਦੇ ਬਾਗ ਵਿਚ ਠਹਿਰੇ ਸਨ, ਜਿਥੇ ਵੱਡੇ ਸਾਹਿਬਜ਼ਾਦੇ ਵੀ ਉਨ੍ਹਾਂ ਦੇ ਨਾਲ ਸਨ। ਇਸ ਥਾਂ ਉਤੇ ਹੁਣ ਗੁਰਦੁਆਰਾ ਦਮਦਮਾ ਸਾਹਿਬ ਸਥਾਪਤ ਹੈ।

ਮੇਰਾ ਜੱਦੀ ਪਿੰਡ ਤਾਂ ਦੁਆਬਾ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੈ ਪਰ ਆਪਣੇ ਜੀਵਨ ਦੇ ਪਹਿਲੇ 14 ਸਾਲ ਏਸ ਖੇਤਰ ਵਿਚ ਰਿਹਾ ਹੋਣ ਕਾਰਨ ਮੈਂ ਇਸ ਧਰਤੀ ਦੇ ਚੱਪੇ-ਚੱਪੇ ਤੋਂ ਜਾਣੂ ਹਾਂ। ਏਸ ਲਈ ਵੀ ਕਿ ਇਹ ਚਾਰੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਖੇਤਰ ਹੈ। ਮੇਰਾ ਜਨਮ ਖੰਨਾ ਸੰਘੋਲ ਮਾਰਗ ਉਤੇ ਪੈਂਦੇ ਬਡਲਾ ਕੋਟਲਾ ਦਾ ਹੈ, ਜਿਹੜਾ ਉਨ੍ਹਾਂ ਪੰਜ ਪਿੰਡਾਂ ਵਿਚੋਂ ਇਕ ਹੈ, ਜਿਹੜੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਨੂੰ ਸੋਧਣ ਵਾਲੇ ਬਾਬਾ ਮਹਿਤਾਬ ਸਿੰਘ ਭੰਗੂ ਦੇ ਸਪੂਤ ਰਾਇ ਸਿੰਘ ਨੇ ਸਰ ਕੀਤੇ ਸਨ। ਮੈਂ ਪ੍ਰਾਇਮਰੀ ਤਕ ਦੀ ਪੜ੍ਹਾਈ ਭੜੀ ਦੇ ਸਕੂਲ ਤੋਂ



ਪ੍ਰਾਪਤ ਕੀਤੀ ਤੇ ਮਿਡਲ ਤਕ ਦੀ ਵਿਦਿਆ ਆਰੀਆ ਹਾਈ ਸਕੂਲ ਖੰਨਾ ਤੋਂ ਹਾਸਲ ਕੀਤੀ। ਅਜੋਕਾ ਚਮਕੌਰ ਸਾਹਿਬ ਤੇ ਫਤਿਹਗੜ੍ਹ ਸਾਹਿਬ ਅਤੇ ਖੰਨਾ ਮੰਡੀ ਇਕ ਤਿਕੋਨ ਬਣਦੇ ਹਨ, ਜਿਸ ਨੇ ਖਾਲਸਾ ਰਾਜ ਦੀ ਨੀਂਹ ਰੱਖੀ। ਚੇਤੇ ਰਹੇ ਕਿ ਇਤਿਹਾਸਕ ਸ਼ਹਿਰ ਰੋਪੜ ਵੀ ਇਸ ਧਰਤੀ ਵਿਚ ਹੀ ਪੈਂਦਾ ਹੈ, ਜਿਹੜਾ 1831 ਵਿਚ ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ ਗਵਰਨਰ ਲਾਰਡ ਵਿਲੀਅਮ ਬੈਂਟਿਕ ਵਿਚਕਾਰ ਹੋਈ ਇਤਿਹਾਸਕ ਸੰਧੀ ਲਈ ਜਾਣਿਆ ਜਾਂਦਾ ਹੈ।

ਹੋਰ ਪੁੱਛਦੇ ਹੋ ਤਾਂ ਮੇਰੀ ਮਾਂ ਦਾ ਨਾਨਕਾ ਪਿੰਡ ਮਹਿਦੂਦਾਂ ਵੀ ਸਰਹਿੰਦ, ਬਸੀ ਪਠਾਣਾ ਤੇ ਫਤਿਹਗੜ੍ਹ ਸਾਹਿਬ ਦੀ ਬੁੱਕਲ ਵਿਚ ਪੈਂਦਾ ਹੈ ਤੇ ਮੇਰੀ ਮਾਂ ਦੀਆਂ ਦੋ ਭੂਆ ਰਾਮਗੜ੍ਹ ਲੁਠੇੜੀ ਵਿਖੇ ਵਿਆਹੀਆਂ ਹੋਈਆਂ ਸਨ। ਪਹਿਲਾਂ ਚਮਕੌਰ ਸਾਹਿਬ ਤੇ ਫਤਿਹਗੜ੍ਹ ਸਾਹਿਬ ਤਹਿਸੀਲ ਰੋਪੜ ਵਿਚ ਪੈਂਦੇ ਸਨ ਤੇ ਰੋਪੜ ਅੰਬਾਲਾ ਜ਼ਿਲ੍ਹੇ ਦੀ ਇਕ ਤਹਿਸੀਲ ਸੀ। ਸਰਸਾ ਨਦੀ ਵਾਲਾ ਉਹ ਸਥਾਨ, ਜਿੱਥੇ ਗੁਰੂ ਸਾਹਿਬ ਦਾ ਅੱਧਾ ਪਰਿਵਾਰ ਉਨ੍ਹਾਂ ਨਾਲੋਂ ਵਿਛੜ ਗਿਆ ਰੋਪੜ-ਆਨੰਦਪੁਰ ਮਾਰਗ ਉਤੇ ਮਸਾਂ ਪੰਜ ਕੋਹ ਹੈ, ਜਿਥੇ ਹੁਣ ਗੁਰਦੁਆਰਾ ਪਰਿਵਾਰ ਵਿਛੋੜਾ ਸੁਸ਼ੋਭਿਤ ਹੈ।

ਮੇਰੇ ਬਚਪਨ ਵਿਚ ਪਿੰਡਾਂ ਤੇ ਕਸਬਿਆਂ ਤਕ ਕੋਈ ਸਵਾਰੀ ਨਹੀਂ ਸੀ। ਜਿਸ ਪਾਸੇ ਵੀ ਜਾਣਾ ਹੁੰਦਾ ਤੁਰ ਕੇ ਜਾਂਦੇ ਸਾਂ। ਰਹਿਣ-ਸਹਿਣ ਤੇ ਖਾਣ- ਪੀਣ ਦਾ ਕੋਈ ਅੰਤ ਨਹੀਂ ਸੀ। ਖਾਸ ਕਰਕੇ ਇਨ੍ਹਾਂ ਦਿਨਾਂ ਵਿਚ ਜਦੋਂ ਮੇਲੇ ਦੀ ਰੌਣਕ ਸਿਖਰ ਉਤੇ ਹੁੰਦੀ ਸੀ, ਹਰ ਘਰ ਦੁੱਧ, ਦਹੀਂ ਤੇ ਦਾਲ ਫੁਲਕਾ ਚਲਦਾ ਸੀ। ਅਸੀਂ ਢਾਡੀ ਜਥਿਆਂ ਤੇ ਕਵੀਸ਼ਰਾਂ ਕੋਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਕਿੱਸੇ ਮੰਤਰ-ਮੁਗਧ ਹੋ ਕੇ ਸੁਣਦੇ ਤੇ ਮਾਣਦੇ ਸਾਂ। ਜਿਸ ਪਾਸੇ ਵੀ ਜਾਂਦੇ ਦੀਵਾਨ ਸਜੇ ਹੁੰਦੇ ਸਨ, ਨੇੜੇ ਹੀ ਲੰਗਰ ਦੀ ਵਿਵਸਥਾ ਸੀ।

ਹੁਣ ਜ਼ਮਾਨਾ ਬਦਲ ਗਿਆ ਹੈ। ਢਾਡੀ ਤੇ ਕਵੀਸ਼ਰ ਰੇਡੀਓ ਤੇ ਟੈਲੀਵਿਜ਼ਨ ਰਾਹੀਂ ਘਰੀਂ ਆ ਵੜੇ ਹਨ। ਸਾਈਕਲਾਂ, ਸਕੂਟਰਾਂ ਤੇ ਮੋਟਰ ਗੱਡੀਆਂ ਵਾਲੇ ਆਪੋ-ਆਪਣੇ ਵਾਹਨਾਂ ਉਤੇ ਸਵਾਰ ਹੋ ਕੇ ਮੋਬਾਈਲ ਫੋਨ ਕੰਨਾਂ ਨੂੰ ਲਾਈ ਫਿਰਦੇ ਹਨ। ਢਾਡੀਆਂ ਤੇ ਕਵੀਸ਼ਰਾਂ ਦੇ ਬੋਲਾਂ ਦਾ ਰਸ ਮਾਣਨਾ ਬਹੁਤ ਸੌਖਾ ਹੋ ਗਿਆ ਹੈ। ਹਰ ਤਰ੍ਹਾਂ ਦੇ ਗੀਤ ਤੁਸੀਂ ਬਿਸਤਰੇ ਵਿਚ ਬੈਠ ਰਜਾਈ ਦੀ ਬੁੱਕਲ ਮਾਰ ਕੇ ਸੁਣ ਸਕਦੇ ਹੋ। ਫੇਰ ਵੀ ਸਾਇੰਸ ਸਾਨੂੰ ਅਵੇਸਲੇ ਨਹੀਂ ਹੋਣ ਦਿੰਦੀ। ਸਾਇੰਸ ਦੀਆਂ ਕਾਢਾਂ ਤੁਹਾਨੂੰ ਬੰਦ ਕਮਰਿਆਂ ਤੋਂ ਬਾਹਰ ਨਿਕਲਣ ਦੇ ਸੱਦੇ ਦੇ ਰਹੀਆਂ ਹਨ। ਇਕੱਲੇ ਚਮਕੌਰ ਵਿਚ ਕਤਲਗੜ੍ਹ ਸਾਹਿਬ, ਗੜੀ ਸਾਹਿਬ, ਦਮਦਮਾ ਸਾਹਿਬ, ਰਣਜੀਤਗੜ੍ਹ ਸਾਹਿਬ ਆਦਿ ਕਈ ਸ਼ਹੀਦੀ ਅਸਥਾਨ ਹਨ, ਜਿੱਥੇ ਰਾਗੀ ਜਥਿਆਂ ਵਲੋਂ ਕੀਰਤਨ ਕੀਤਾ ਜਾਂਦਾ ਹੈ ਤੇ ਪ੍ਰਚਾਰਕ ਜਥੇ ਸ਼ਹੀਦੀ ਦਾਸਤਾਨਾਂ ਨਾਲ ਨਿਹਾਲ ਕਰਦੇ ਹਨ।

ਓਧਰ ਨਵੀਂ ਪਨੀਰੀ ਅਪਣੇ ਮਾਪਿਆਂ ਨੂੰ ਦਾਸਤਾਨ-ਏ-ਸ਼ਹਾਦਤ ਦੇ ਲੇਜ਼ਰ ਸ਼ੋਅ ਵੱਲ ਲੈ ਤੁਰਦੀ ਹੈ, ਜਿੱਥੇ ਅੱਧੀ ਦਰਜਨ ਤੋਂ ਵੱਧ ਗੈਲਰੀਆਂ ਵਿਚ ਬਾਬਾ ਨਾਨਕ ਦੀ ਦੇਣ ਤੋਂ ਲੈ ਕੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਨਾਲ ਗੁਰੂ ਗੋਬਿੰਦ ਸਿੰਘ ਦੇ ਨਾਂਦੇੜ ਪਹੁੰਚਣ ਦੀ ਗਾਥਾ ਸਮੇਤ ਬੰਦਾ ਬੈਰਾਗੀ ਨੂੰ ਪ੍ਰੇਰਨ ਵਾਲੇ ਬੋਲਾਂ ਨੂੰ ਸੁਣਦੇ ਹੋਏ ਦਰਸ਼ਕ ਤੇ ਸਰੋਤੇ ਕਿਧਰ ਤੋਂ ਕਿਧਰ ਪਹੁੰਚ ਜਾਂਦੇ ਹਨ। ਖਾਸ ਕਰਕੇ ਜਿਵੇਂ ਗੁਰੂ ਗੋਬਿੰਦ ਸਿੰਘ ਜੀ, ਬਾਬਾ ਬੰਦਾ ਬਹਾਦਰ ਵਿਚ ਆਪਣੀ ਰੂਹ ਫੂਕ ਕੇ ਆਮ ਲੋਕਾਈ ਨੂੰ ਗੁਰੂ ਮਾਨਿਓ ਗ੍ਰੰਥ ਦਾ ਉਪਦੇਸ਼ ਦਿੰਦੇ ਹਨ।

ਚਮਕੌਰ ਸਾਹਿਬ ਵਿਖੇ ਦਾਸਤਾਨ-ਏ-ਸ਼ਹਾਦਤ ਦੀ ਸਥਾਪਨਾ ਤੇ ਉਸਾਰੀ ਕਈ ਸਾਲਾਂ ਤੋਂ ਲਟਕਦੀ ਆ ਰਹੀ ਸੀ, ਜਿਸ ਨੂੰ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦੀ ਕਮਾਨ ਸੰਭਾਲਦੇ ਸਾਰ ਗਿਣੇ ਮਿੱਥੇ ਦਿਨਾਂ ਵਿਚ ਨੇਪਰੇ ਚਾੜ੍ਹ ਕੇ ਜੱਸ ਖੱਟਿਆ ਹੈ। 5 ਦਸੰਬਰ ਵਾਲੇ ਦਿਨ ਮੈਂ ਖੁਦ ਇਸ ਵਿਗਿਆਨਕ ਕ੍ਰਿਸ਼ਮੇ ਦਾ ਆਨੰਦ ਮਾਣ ਕੇ ਆਇਆ ਹਾਂ। ਹੋ ਸਕਦਾ ਹੈ ਕਿ ਭਲਕੇ ਕੋਈ ਹੋਰ ਨੇਤਾ ਫਤਿਹਗੜ੍ਹ ਸਾਹਿਬ ਦੀ ਸ਼ਹਾਦਤ ਬਾਰੇ ਏਸ ਸਥਾਨ ਉਤੇ ਵੀ ਚਮਕੌਰ ਸਾਹਿਬ ਵਰਗਾ ਪ੍ਰਬੰਧ ਕਰ ਕੇ ਨਾਮਣਾ ਖੱਟੇ ਤੇ ਇਸ ਨੂੰ ਦਾਸਤਾਨ-ਏ-ਸ਼ਹਾਦਤ ਦੀ ਥਾਂ ਦਾਸਤਾਨ-ਏ-ਸ਼ਹੀਦਾਂ ਦਾ ਨਾਂ ਦੇ ਕੇ ਸ਼ਹੀਦਾਂ ਦੀ ਸਮੁੱਚੀ ਦੇਣ ਨੂੰ ਆਪਣੀ ਬੁੱਕਲ ਵਿਚ ਲੈ ਆਵੇ। ਨਵੀਆਂ ਤਕਨੀਕਾਂ ਜ਼ਿੰਦਾਬਾਦ!

## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com


**ਅੰਤਿਕਾ**
ਗੁਰਭਜਨ ਗਿੱਲ
ਤੁਰੇ ਆਨੰਦਪੁਰੀ ਤੋਂ ਸਤਗੁਰ
ਸਰਸਾ ਨਦੀ ਤੋਂ ਪਿਆ ਵਿਛੋੜਾ
ਪੁੱਤ ਦਸਮੇਸ਼ ਪਿਤਾ ਦੇ ਦੇਖੋ
ਚਹੁੰ ਤੋਂ ਹੋ ਗਏ ਜੋੜਾ-ਜੋੜਾ
ਵੱਡਿਆਂ ਨੂੰ ਚਮਕੌਰ ਉਡੀਕੇ
ਨਿੱਕਿਆਂ ਨੂੰ ਸਰਹਿੰਦ ਜ਼ਾਲਮ
ਸ਼ਬਦ ਸਲਾਮਤ ਗੁਰ ਦੇ ਮੱਥੇ
ਉਡ ਗਏ ਬਾਜ਼ ਤੇ ਨੀਲਾ ਘੋੜਾ।

---

# ਸ਼ਹੀਦੀ ਦਿਹਾੜੇ ਨੂੰ ਸਮਰਪਿਤ

## ਸਾਹਿਬਜ਼ਾਦਿਆਂ ਦਾ ਸੂਬੇ ਨੂੰ ਜਵਾਬ

ਕਹਿਣ ਸੂਬੇ ਨੂੰ ਕੜਕ ਕੇ
ਦਸਮੇਸ਼ ਦੁਲਾਰੇ,
ਤੇਰੇ ਲਾਲਚ ਸੂਬਿਆ,
ਢੇਰ ਖਾਕ ਦੇ ਸਾਰੇ,
ਤੂੰ ਜ਼ੁਲਮ ਕਮਾ ਲੈ ਰੱਜ ਕੇ
ਤੈਥੋਂ ਨੀ ਡਰਦੇ,
ਤੇਰਾ ਦੀਨ ਕਬੂਲ ਸੂਬਿਆ
ਅਸੀਂ ਨੀ ਕਰਦੇ।

ਦੁਸ਼ਮਣ ਅੱਗੇ ਦੇਖ ਕੇ
ਕਦੇ ਸ਼ੇਰ ਨਾ ਹਿੱਲੇ,
ਝੱਖੜ ਝੁੱਲਦੇ ਰਹਿਣ,
ਕਦੇ ਨਾ ਪਰਬਤ ਹਿੱਲੇ,
ਤੇਰੇ ਫੋਕੇ ਦਬਕਿਆਂ ਦੀ
ਪ੍ਰਵਾਹ ਨਾ ਕਰਦੇ,
ਤੇਰਾ ਦੀਨ ਕਬੂਲ ਸੂਬਿਆ
ਅਸੀਂ ਨੀ ਕਰਦੇ।

ਲਾਲਚ ਮਿਲਖ ਜਗੀਰਾਂ ਦੇ
ਸਾਨੂੰ ਭਰਮਾਵੇਂ,
ਧਰਮ ਨਹੀਂ ਛੱਡਦੇ ਵੈਰੀਆ
ਲੱਖ ਚਮੜੀ ਜਾਵੇ।
ਧਰਮ ਲਈ ਮੌਤ ਕਬੂਲ ਹੈ,
ਮਰਨੋਂ ਨਈਂ ਡਰਦੇ,
ਤੇਰਾ ਦੀਨ ਕਬੂਲ ਸੂਬਿਆ
ਅਸੀਂ ਨੀ ਕਰਦੇ।

ਧਰਮ ਨਾ ਹਾਰਿਆ ਦਾਦੇ
ਜਾ ਦਿੱਲੀ ਸੀਸ ਕਟਾਇਆ,
ਮਰ ਮਿਟਣ ਦਾ ਜਜ਼ਬਾ
ਵਿਰਸੇ 'ਚੋਂ ਪਾਇਆ,
ਪੁੱਤ ਹਾਂ ਬਾਜਾਂ ਵਾਲੇ ਦੇ,
ਸਿਦਕੋਂ ਨਾ ਹਰਦੇ,
ਤੇਰਾ ਦੀਨ ਕਬੂਲ ਸੂਬਿਆ
ਅਸੀਂ ਨੀ ਕਰਦੇ।

ਛੋਟੇ ਸਮਝੀਂ ਬਾਲ ਨਾ,
ਕਰ ਲੈ ਮਨਆਈਆਂ,
ਸਦਾ ਸਲਾਮਤ ਰਹਿਣੀਆਂ
ਨਾ ਬਾਦਸ਼ਾਹੀਆਂ।

'ਮਹਿਮੂਦਪੁਰੀ' ਬੇਖੌਫ ਲਾਡਲੇ
ਕਲਗੀਧਰ ਦੇ,
ਤੇਰਾ ਦੀਨ ਕਬੂਲ ਸੂਬਿਆ
ਅਸੀਂ ਨੀ ਕਰਦੇ।

***-ਲਖਵਿੰਦਰ ਸਿੰਘ ਰੰਧਾਵਾ***
***ਫੋਨ: 94634-71945***

---

## ਜ਼ੁਲਮ-ਏ-ਸਰਹੰਦ

ਕੰਧੇ ਸਰਹੰਦ ਦੀਏ,
ਤੂੰ ਏ ਕੀ ਕਹਿਰ ਕਮਾਇਆ ਏ,
ਨਿੱਕੇ ਨਿੱਕੇ ਬਾਲਾਂ ਨੂੰ ਤੂੰ,
ਆਪਣੇ ਵਿਚ ਸਮਾਇਆ ਏ।

ਤੈਨੂੰ ਭੋਰਾ ਸੰਗ ਨਾ ਲੱਗੀ,
ਤੂੰ ਬਾਲਾਂ ਨੂੰ ਅਪਣਾਇਆ ਏ,
ਕਰਕੇ ਕਹਿਰ ਏ ਤੂੰ,
ਆਪਣਾ ਰੰਗ ਵਿਖਾਇਆ ਏ।

ਵਜ਼ੀਰ ਖਾਂ ਦੇ ਪਿੱਛੇ ਲੱਗ,
ਤੂੰ ਆਪਣਾ ਭੇਸ ਵਟਾਇਆ ਏ
ਐਵੇਂ ਕਿਵੇਂ ਬਾਲਾਂ ਨੂੰ
ਆਪਣੀ ਬੁੱਕਲ ਵਿਚ ਲੁਕਾਇਆ ਏ।

ਨਿੱਕੇ ਨਿੱਕੇ ਬਾਲਾਂ ਦੀ,
ਦਸ ਜਿੰਦ ਨੂੰ ਕਿਂਝ ਚਿਣਵਾਇਆ ਏ,
ਤੈਨੂੰ ਭੋਰਾ ਤਰਸ ਨਾ ਆਇਆ
ਤੂੰ ਬਾਲਾਂ ਨੂੰ ਹਿੱਕ ਨਾਲ ਲਾਇਆ ਏ।

ਨਿੱਕੀ ਉਮਰੇ ਖੇਡਣ ਦੀ ਥਾਂ
ਤੂੰ ਨਾਲ ਆਪਣੇ ਖਿਡਾਇਆ ਏ,
ਸੱਤ-ਨੌਂ ਵਰ੍ਹਿਆਂ ਦੇ ਲਾਲਾਂ ਨੂੰ
ਤੂੰ ਜਹਾਨੋਂ ਮਾਰ ਮੁਕਾਇਆ ਏ।

ਕੰਧੇ ਸਰਹੰਦ ਦੀਏ ਤੂੰ
ਏ ਕੀ ਕਹਿਰ ਕਮਾਇਆ ਏ,
ਕਰ ਕੇ ਕਹਿਰ ਏ ਤੂੰ
ਆਪਣਾ ਰੰਗ ਵਿਖਾਇਆ ਏ।

***-ਜਸਕੀਰਤ ਸਿੰਘ***
***ਮੰਡੀ ਗੋਬਿੰਦਗੜ੍ਹ***
***ਫੋਨ: 98889-49201***

---

## ਮਾਸੂਮ ਜਿੰਦਾਂ ਦੀ ਕਹਾਣੀ

ਸ਼ਹੀਦੀ ਪਾ ਅਮਰ ਹੋ ਗਏ,
ਜਿਨ੍ਹਾਂ ਮੌਜ ਨਾ ਕੋਈ ਮਾਣੀ,
ਕੋਈ ਸੁਣਾ ਦੇਵੋ ਬੱਚਿਆਂ ਨੂੰ,
ਮਾਸੂਮ ਜਿੰਦਾਂ ਦੀ ਕਹਾਣੀ।

ਝੁਕ ਜਾਣਗੇ ਉਹ
ਛੋਟਾ ਦਰਵਾਜ਼ਾ ਸੀ ਕਰਵਾਇਆ,
ਭੋਰਾ ਮਨ ਵੀ ਡੋਲਿਆ ਨਾ,
ਜਾ ਫਤਿਹ ਜੈਕਾਰਾ ਲਾਇਆ।
ਜਿੱਤ ਹੁੰਦੀ ਉਨ੍ਹਾਂ ਦੀ,
ਜੋ ਬਣਦੇ ਸਮੇਂ ਦੇ ਹਾਣੀ,
ਕੋਈ ਸੁਣਾ ਦੇਵੋ ਬੱਚਿਆਂ ਨੂੰ
ਮਾਸੂਮ ਜਿੰਦਾਂ ਦੀ ਕਹਾਣੀ।

ਹੱਥ ਕੜੀਆਂ ਜਿਨ੍ਹਾਂ ਦੇ
ਤੁਰੇ ਜਾਂਦੇ ਕੌਮ ਦੇ ਹੀਰੇ,
ਕਿਓਂ ਵੈਰੀ ਬਣ ਭੁੱਲ ਗਈ ਏਂ
ਮੱਥੇ ਦੀਏ ਤਕਦੀਰੇ।
ਦਿਲ 'ਤੇ ਪੱਥਰ ਧਰ ਤੱਕਦੀ ਰਹੀ,
ਦਾਦੀ ਦੀ ਚੀਸ ਕਿਸੇ ਨਾ ਜਾਣੀ,
ਕੋਈ ਸੁਣਾ ਦੇਵੋ ਬੱਚਿਆਂ ਨੂੰ,
ਮਾਸੂਮ ਜਿੰਦਾਂ ਦੀ ਕਹਾਣੀ।

ਮੋਹਰਾਂ ਦੇਖ ਮਚਲ ਗਿਆ
ਪਾਪੀ ਗੰਗੂਆ ਮਨ ਤੇਰਾ,
ਠੰਢੇ ਬੁਰਜ 'ਚ ਕੈਦ ਰਹੇ,
ਦੇਖ ਬੱਚਿਆਂ ਦਾ ਜੇਰਾ।
ਜਿੱਤ ਪਾਉਣੀ ਸੂਬੇ 'ਤੇ
ਦਿਲ ਵਿਚ ਇਹੋ ਠਾਣੀ,
ਕੋਈ ਸੁਣਾ ਦੇਵੋ ਬੱਚਿਆਂ ਨੂੰ,
ਮਾਸੂਮ ਜਿੰਦਾਂ ਦੀ ਕਹਾਣੀ।

ਨਿੱਕੀਆਂ ਜਿੰਦਾਂ 'ਤੇ ਝੁੱਲੀ ਬੜੀ ਹਨ੍ਹੇਰੀ,
ਫਿੱਟੇ ਮੂੰਹ ਜ਼ਾਲਮਾਂ ਓਏ,
ਕਿਵੇਂ ਚੱਲੀ ਕਰਾਂਡੀ ਤੇਰੀ,
ਸੂਬੇ ਨੀਂਹਾਂ ਵਿਚ ਚਿਣਵਾ ਦਿੱਤੇ,
ਧਾਲੀਵਾਲ ਤਾਂ ਵੀ ਜਪੀ ਜਾਣ ਗੁਰਬਾਣੀ,
ਕੋਈ ਸੁਣਾ ਦੇਵੋ ਬੱਚਿਆਂ ਨੂੰ,
ਮਾਸੂਮ ਜਿੰਦਾਂ ਦੀ ਕਹਾਣੀ।

***-ਗਗਨਦੀਪ ਕੌਰ ਧਾਲੀਵਾਲ***

---

## ਕੈਸਾ ਤੇਰਾ ਸਿੱਖ

ਸੁੱਤਾ ਕੰਢਿਆਂ 'ਤੇ ਜਿਨ੍ਹਾਂ ਲਈ
ਛੱਡ ਕੇ ਰਿਆਸਤਾਂ
ਬਾਜ਼ਾਂ ਵਾਲਿਆ, ਮੈਂ ਕੇਹਾ ਤੇਰਾ ਸਿੱਖ ਹਾਂ,
ਮੰਗਦਾ ਲੋਕਾਂ ਕੋਲੋਂ ਕੁਰਸੀ ਦੀ ਭਿਖ ਹਾਂ।

ਮਨਾਵਾਂ ਤੇਰਾ ਪ੍ਰਕਾਸ਼ ਪੁਰਬ,
ਗੱਲ ਕਰਾਂ ਵੋਟਾਂ ਦੀ,
ਵਾਰ ਗਿਆ ਪਰਿਵਾਰ ਤੂੰ,
ਗੱਲ ਕਰਾਂ ਮੈਂ ਨੋਟਾਂ ਦੀ।
ਘੇਰੀ ਬੈਠੇ ਬਾਜ਼
ਫੇਰ ਚਿੜੀਆਂ ਦੀ ਡਾਰ ਨੂੰ,
ਦੇਵਾਂ ਮੈਂ ਦੁਹਾਈ
ਤਾਹੀਓਂ ਸੱਚੀ ਸਰਕਾਰ ਨੂੰ।

ਸਾਡੇ ਮੱਥੇ ਵਿਚ ਧਰੀ
ਅਣਖਾਂ ਦੀ ਜੋਤ ਤੂੰ,
ਮੇਟੇ ਭਿੰਨ-ਭੇਦ ਸਾਰੇ
ਨਾਲ਼ੇ ਜਾਤ-ਗੋਤ ਤੂੰ।
ਬਣਾ ਕੇ ਰੱਖੀਂ ਚਰਨਾਂ ਦੀ
ਧੂੜ ਮੇਰੇ ਮਾਲਕਾ,
ਹੰਕਾਰ ਵਿਚ ਹੋ ਨਾ ਜਾਵਾਂ
ਕੂੜ ਮੇਰੇ ਮਾਲਕਾ।

ਬਣਨੇ ਨੂੰ ਗੁਰੂ ਅੱਜ,
ਚੇਲੇ ਤੇਰੇ ਲੋਚਦੇ,
ਭੁੱਖੇ ਮੂੰਹੋਂ ਰੋਟੀ ਇਹ,
ਖੋਹਣ ਬਾਰੇ ਸੋਚਦੇ।
ਸੁੱਤਾ ਕੰਢਿਆਂ 'ਤੇ
ਜਿਨ੍ਹਾਂ ਲਈ ਛੱਡ ਕੇ ਰਿਆਸਤਾਂ,
ਤੇਰੇ ਪੁੱਤਾਂ ਦੀਆਂ ਸ਼ਹਾਦਤਾਂ 'ਤੇ,
ਕਰਨ ਇਹ ਸਿਆਸਤਾਂ।

***-ਅਮਰਬੀਰ ਸਿੰਘ ਚੀਮਾ***
***ਫੋਨ: 98889-40211***

---

## ਗੋਬਿੰਦ ਦੇ ਲਾਲ

ਬਲਿਦਾਨ ਕਦੇ ਵੀ ਨਾ ਭੁਲਾਓ,
ਚੇਤਾ ਉਨ੍ਹਾਂ ਦਾ ਲੈ ਆਓ,
ਜਿਹੜੇ ਨੀਂਹਾਂ ਵਿਚ ਚਿਣੇ ਸੀ,
ਨਾ ਹੌਸਲੇ ਗਏ ਮਿਣੇ ਸੀ।
ਸ਼ੇਰਾਂ ਵਾਂਗੂੰ ਜਿਹੜੇ ਗੱਜੇ,
ਦੁਸ਼ਮਣ ਡਰ ਕੇ ਅੱਗੇ ਭੱਜੇ।

ਸਿੱਖ ਧਰਮ ਦੇ ਜੋ ਨਗੀਨੇ,
ਦੁਸ਼ਮਣ ਤਾਈਂ ਆਉਣ ਪਸੀਨੇ।
ਗੱਲ ਸਿਆਣੀ ਕਰਦੇ ਸੀ ਜੋ,
ਨਹੀਂ ਪਾਣੀ ਭਰਦੇ ਸੀ ਜੋ।

ਚਿਹਰੇ ਉਤੇ ਨੂਰ ਇਲਾਹੀ,
ਜ਼ਾਲਮ ਨੂੰ ਸੀ ਗੱਲ ਸਮਝਾਈ।
ਬਾਲ ਬੜੇ ਸਨ, ਉਹ ਗਿਆਨੀ,
ਮਾਤ ਗਈ ਸੀ, ਖਾ ਜਵਾਨੀ।

ਤਨ ਤੋਂ ਭਾਵੇਂ ਬਾਲ ਜਿਹੇ ਸਨ,
ਬਲਦੀ ਪਰ ਮਸ਼ਾਲ ਜਿਹੇ ਸਨ।
ਵੱਡੇ ਵੱਡੇ ਸਨ ਘਬਰਾਏ,
ਉਹ ਗੋਬਿੰਦ ਦੇ ਲਾਲ ਕਹਾਏ।

ਉਨ੍ਹਾਂ ਜੇਹੇ ਬਣੀਏ ਸਾਰੇ,
ਬਣੀਏ ਸਭ ਦੀ ਅੱਖ ਦੇ ਤਾਰੇ।
ਉਨ੍ਹਾਂ ਨੂੰ ਨਿੱਤ ਸੀਸ ਝੁਕਾਈਏ,
ਦੱਸੇ ਰਾਹ 'ਤੇ ਚਲਦੇ ਜਾਈਏ।

***-ਹਰਦੀਪ ਬਿਰਦੀ***
***ਫੋਨ: 90416-00900***

# 'ਖਾਲਿਸਤਾਨ ਦੀ ਸਾਜ਼ਿਸ਼' ਅਤੇ ਸਿੱਖ ਲੀਡਰਸ਼ਿਪ

***ਹਰਚਰਨ ਸਿੰਘ ਪਰਹਾਰ ਸਿੱਖ ਮਸਲਿਆਂ ਬਾਰੇ ਅਕਸਰ ਲਿਖਦੇ ਰਹਿੰਦੇ ਹਨ। ਇਸ ਵਾਰ ਉਨ੍ਹਾਂ ਖੁਫੀਆ ਅਫਸਰ ਰਹੇ ਜੀ.ਬੀ.ਐਸ. ਸਿੱਧੂ ਦੀ ਕਿਤਾਬ 'ਦਿ ਖਾਲਿਸਤਾਨ ਕਾਂਸਪਿਰੇਸੀ' (ਖਾਲਿਸਤਾਨ ਦੀ ਸਜ਼ਿਸ਼' ਨੂੰ ਆਧਾਰ ਬਣਾ ਕੇ ਪਿਛਲੀ ਸਦੀ ਦੇ ਮਗਰਲੇ ਦਹਾਕਿਆਂ ਬਾਰੇ ਲੰਮਾ ਲੇਖ ਭੇਜਿਆ ਹੈ। ਇਸ ਲੇਖ ਵਿਚ ਉਨ੍ਹਾਂ ਕੁਝ ਹੋਰ ਕਿਤਾਬਾਂ ਅਤੇ ਦਸਤਾਵੇਜ਼ਾਂ ਦੀ ਇਮਦਾਦ ਨਾਲ ਉਸ ਦੌਰ ਦੀ ਹਕੀਕਤ ਨੂੰ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਇਹ ਉਹੀ ਦੌਰ ਸੀ ਜਿਸ ਨੇ ਪੰਜਾਬ ਦੀ ਸਿਆਸਤ ਉਤੇ ਬਹੁਤ ਡੂੰਘਾ ਅਸਰ ਛੱਡਿਆ ਹੈ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।***

'ਜਿਸ ਦਿਨ 9 ਸਤੰਬਰ, 1981 ਨੂੰ ਲਾਲਾ ਜਗਤ ਨਰਾਇਣ ਦਾ ਕਤਲ ਹੋਇਆ, ਭਿੰਡਰਾਂਵਾਲਾ ਚੰਦੋ ਕਲਾਂ (ਹਰਿਆਣਾ) ਵਿਚ ਸਿੱਖੀ ਪ੍ਰਚਾਰ ਦੇ ਦੌਰੇ 'ਤੇ ਸੀ। ਕਤਲ ਤੋਂ ਚਾਰ ਦਿਨ ਬਾਅਦ ਸੰਤ ਦੀ ਗ੍ਰਿਫਤਾਰੀ ਦੇ ਆਰਡਰ ਹੋ ਚੁੱਕੇ ਸਨ। ਉਸ ਵਕਤ ਉਨ੍ਹਾਂ ਨਾਲ ਉਹ ਦੋ ਵਿਅਕਤੀ ਵੀ ਹਾਜ਼ਰ ਸਨ ਜਿਨ੍ਹਾਂ ਦੇ ਨਾਮ ਲਾਲੇ ਦੇ ਕਤਲ ਕੇਸ ਦੀ ਐਫ.ਆਈ.ਆਰ. ਵਿਚ ਦਰਜ ਸਨ। ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਹੁਕਮਾਂ 'ਤੇ ਡੀ.ਆਈ.ਜੀ. ਡੀ.ਐਸ. ਮਾਂਗਟ ਆਪਣੀ ਫੋਰਸ ਨਾਲ ਸੰਤ ਨੂੰ ਗ੍ਰਿਫਤਾਰ ਕਰਨ ਲਈ ਹਰਿਆਣੇ ਨੂੰ ਰਵਾਨਾ ਹੋ ਚੁੱਕਾ ਸੀ ਪਰ ਇਸ ਤੋਂ ਪਹਿਲਾਂ ਹੀ ਭਿੰਡਰਾਂਵਾਲੇ ਨੂੰ ਉਪਰੋਂ ਜਾਣਕਾਰੀ ਮਿਲ ਚੁੱਕੀ ਸੀ ਤੇ ਉਹ ਆਪਣੇ ਕੁਝ ਸਾਥੀਆਂ ਨਾਲ ਮਹਿਤਾ ਚੌਕ ਲਈ ਰਵਾਨਾ ਹੋ ਗਿਆ ਸੀ। ਉਹ ਸਾਰੇ 300 ਕਿਲੋਮੀਟਰ ਦਾ ਸਫਰ ਤੈਅ ਕਰਕੇ 13-14 ਸਤੰਬਰ, 1981 ਦੀ ਰਾਤ ਨੂੰ ਆਪਣੇ ਹੈਡ ਕੁਆਰਟਰ ਪਹੁੰਚ ਚੁੱਕੇ ਸਨ। ਗਿਆਨੀ ਜ਼ੈਲ ਸਿੰਘ ਨੇ ਖੁਦ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੂੰ ਕਹਿ ਦਿੱਤਾ ਸੀ



**ਹਰਚਰਨ ਸਿੰਘ ਪਰਹਾਰ**
**ਫੋਨ:** 403-681-8689
**ਈਮੇਲ:** hp8689@gmail.com


ਕਿ ਸੰਤ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ ਅਤੇ ਉਹ ਇਸ ਝਮੇਲੇ ਵਿਚ ਨਾ ਪਵੇ। ਉਸ ਵਕਤ ਮੈਨੂੰ ਡੀ.ਆਈ.ਜੀ., ਬੀ.ਐਸ.ਐਫ. ਦਿਵਾਕਰ ਗੁਪਤਾ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਭਿੰਡਰਾਂਵਾਲੇ ਨੂੰ ਕਈ ਚੈਕ ਪੋਸਟਾਂ 'ਤੇ ਗ੍ਰਿਫਤਾਰ ਕਰਨਾ ਚਾਹਿਆ ਪਰ ਗ੍ਰਹਿ ਮੰਤਰਾਲੇ ਦੇ ਹੁਕਮਾਂ ਅਨੁਸਾਰ ਉਸ ਨੂੰ ਜਾਣ ਦਿੱਤਾ ਗਿਆ। ਭਿੰਡਰਾਂਵਾਲਾ ਇਤਨੀ ਕਾਹਲੀ ਵਿਚ ਨਿਕਲਿਆ ਸੀ ਕਿ ਉਹ ਧਾਰਮਿਕ ਪੋਥੀਆਂ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਾਲੀ ਵੈਨ ਉਥੇ ਹੀ ਛੱਡ ਆਇਆ ਸੀ ਜਿਹੜੀਆਂ ਬਾਅਦ ਵਿਚ ਹੋਈ ਹਿੰਸਾ ਵਿਚ ਸੜ ਗਈਆਂ ਸਨ।' (ਜੀ.ਬੀ.ਐਸ. ਸਿੱਧੂ ਦੀ ਕਿਤਾਬ 'ਖਾਲਿਸਤਾਨ ਦੀ ਸਾਜ਼ਿਸ਼', ਪੰਨਾ 61)। ਇਸ ਕਿਤਾਬ ਦੀਆਂ ਉਪਰਲੀਆਂ ਕੁਝ ਲਾਈਨਾਂ ਪੰਜਾਬ ਵਿਚ 1978-1995 ਦੌਰਾਨ ਵਾਪਰੇ ਖੂਨੀ ਦੌਰ ਦੀ ਸ਼ੁਰੂਆਤ ਦੀ ਤਸਵੀਰ ਪੇਸ਼ ਕਰਦੀਆਂ ਹਨ ਕਿ ਕਿਵੇਂ ਇੱਕ ਪਾਸੇ ਪੁਲਿਸ ਪ੍ਰਸ਼ਾਸਨ, ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਦੂਜੇ ਪਾਸੇ ਭਾਰਤ ਦਾ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਉਸ ਨੂੰ ਬਚਾਉਣ ਲਈ ਸਾਰੀਆਂ ਹੱਦਾਂ ਪਾਰ ਕਰ ਰਿਹਾ ਸੀ। ਇਹ ਉਸ ਵਰਤਾਰੇ ਦੀ ਸ਼ੁਰੂਆਤ ਸੀ ਜਿਸ ਨੇ ਬਾਅਦ ਵਿਚ ਵੱਡੇ ਘੱਲੂਘਾਰੇ ਨੂੰ ਜਨਮ ਦੇਣਾ ਸੀ।

'ਅਖੀਰ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿਚ ਭਿੰਡਰਾਂਵਾਲੇ ਨੂੰ ਚੌਕ ਮਹਿਤਾ ਤੋਂ 20 ਸਤੰਬਰ, 1981 ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 15 ਅਕਤੂਬਰ, 1981 ਨੂੰ ਰਿਹਾਅ ਕਰ ਦਿੱਤਾ ਗਿਆ। ਇਹ ਮੰਨਣ ਲਈ ਸਾਰੇ ਮਹੱਤਵਪੂਰਨ ਸਬੂਤ ਮੌਜੂਦ ਹਨ ਕਿ ਉਸ ਦੀ ਰਿਹਾਈ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਸਿੱਧੇ ਹੁਕਮਾਂ ਅਨੁਸਾਰ ਹੋਈ ਸੀ। ਉਸ ਨੇ ਪਾਰਲੀਮੈਂਟ ਵਿਚ ਸੰਤ ਦੇ ਨਿਰਦੋਸ਼ ਹੋਣ ਦੀ ਨਿਸ਼ੰਗ ਹੋ ਕੇ ਜ਼ਾਮਨੀ ਦਿੱਤੀ ਸੀ। ਪੰਜਾਬ ਦੇ ਕੁਝ ਸੀਨੀਅਰ ਕਾਂਗਰਸੀ ਲੀਡਰਾਂ ਨੇ ਬੀ.ਬੀ.ਸੀ. ਦੇ ਪੱਤਰਕਾਰ ਸਤੀਸ਼ ਜੈਕਬ ਨੂੰ ਦੱਸਿਆ ਸੀ ਕਿ ਮੈਡਮ ਗਾਂਧੀ ਦੀ ਵੀ ਇਸ ਵਿਚ ਪੂਰੀ ਸਹਿਮਤੀ ਸੀ। ਇਸ ਦੀ ਤਸਦੀਕ ਬਾਅਦ ਵਿਚ ਬੀ.ਬੀ.ਸੀ. ਦੇ ਪੱਤਰਕਾਰ ਮਾਰਕ ਤੁਲੀ ਨਾਲ ਇੰਟਰਵਿਊ ਦੌਰਾਨ ਮਨਜੀਤ ਸਿੰਘ ਜੀਕੇ ਨੇ ਵੀ ਕੀਤੀ ਸੀ। ਉਸ ਦੇ ਦੱਸਣ ਅਨੁਸਾਰ ਉਸ ਦੇ ਪਿਤਾ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਨੇ ਇੰਦਰਾ ਗਾਂਧੀ ਨੂੰ ਧਮਕੀ ਦਿੱਤੀ ਸੀ ਕਿ ਜੇ ਸੰਤ ਨੂੰ ਬਿਨਾ ਸ਼ਰਤ ਰਿਹਾਅ ਨਾ ਕੀਤਾ ਤਾਂ ਦਿੱਲੀ ਕਮੇਟੀ ਕਾਂਗਰਸ ਦਾ ਸਾਥ ਛੱਡ ਦੇਵੇਗੀ। ਮਾਰਕ ਤੁਲੀ ਦੀ ਕਿਤਾਬ 'ਅੰਮ੍ਰਿਤਸਰ: ਇੰਦਰਾ ਗਾਂਧੀ ਦੀ ਆਖਰੀ ਲੜਾਈ' ਦੇ ਪੰਨਾ 65 ਅਨੁਸਾਰ ਇੰਦਰਾ ਗਾਂਧੀ ਦੀ ਇਹ ਅਜਿਹੀ ਸਿਆਸੀ ਗਲਤੀ ਸੀ ਜਿਸ ਵਿਚ ਉਸ ਨੇ ਆਪਣੇ ਸੌੜੇ ਸਿਆਸੀ ਮੁਫਾਦਾਂ ਲਈ ਇਨਸਾਫ ਨੂੰ ਦਰ-ਕਿਨਾਰ ਕਰਕੇ ਅਜਿਹਾ 'ਫਰੈਂਕਿਨਸਟੀਨ' ਖੜ੍ਹਾ ਕਰ ਲਿਆ ਸੀ ਜਿਸ ਨੇ ਬਾਅਦ ਵਿਚ ਉਸ ਨੂੰ ਹੀ ਨਿਗਲ ਜਾਣਾ ਸੀ।



'ਖਾਲਿਸਤਾਨ ਦੀ ਸਾਜ਼ਿਸ਼' ਦਾ ਲੇਖਕ ਜੀ.ਬੀ.ਐਸ. ਸਿੱਧੂ।

***ਜੀ.ਬੀ.ਐਸ. ਸਿੱਧੂ ਦੀ ਕਿਤਾਬ 'ਖਾਲਿਸਤਾਨ ਦੀ ਸਾਜ਼ਿਸ਼' ਵਿਚ ਪੰਜਾਬ ਵਿਚ 1978-1995 ਦੌਰਾਨ ਵਾਪਰੇ ਖੂਨੀ ਦੌਰ ਦੀ ਸ਼ੁਰੂਆਤ ਦੀ ਤਸਵੀਰ ਪੇਸ਼ ਕਰਦੀ ਹੈ ਕਿ ਕਿਵੇਂ ਇੱਕ ਪਾਸੇ ਪੁਲਿਸ ਪ੍ਰਸ਼ਾਸਨ, ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਦੂਜੇ ਪਾਸੇ ਭਾਰਤ ਦਾ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਉਸ ਨੂੰ ਬਚਾਉਣ ਲਈ ਸਾਰੀਆਂ ਹੱਦਾਂ ਪਾਰ ਕਰ ਰਿਹਾ ਸੀ। ਇਹ ਉਸ ਵਰਤਾਰੇ ਦੀ ਸ਼ੁਰੂਆਤ ਸੀ ਜਿਸ ਨੇ ਬਾਅਦ ਵਿਚ ਵੱਡੇ ਘੱਲੂਘਾਰੇ ਨੂੰ ਜਨਮ ਦੇਣਾ ਸੀ।***




ਕਿਤਾਬ 'ਦਿ ਖਾਲਿਸਤਾਨ ਕਾਂਸਪਰੇਸੀ' ਦਾ ਮੁਖੜਾ।

ਬੀ.ਬੀ.ਸੀ. ਦੇ ਪੱਤਰਕਾਰ ਮਾਰਕ ਤੁਲੀ ਤੇ ਸਤੀਸ਼ ਜੈਕਬ ਆਪਣੀ ਇਸੇ ਕਿਤਾਬ ਦੇ ਪੰਨਾ 63 'ਤੇ ਲਿਖਦੇ ਹਨ ਕਿ ਭਾਰਤ ਦੇ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ 14 ਅਕਤੂਬਰ, 1981 ਨੂੰ ਪਾਰਲੀਮੈਂਟ ਵਿਚ ਦੱਸਿਆ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਪਤਾ ਲੱਗੇ ਕਿ ਸੰਤ ਭਿੰਡਰਾਂਵਾਲਾ ਲਾਲਾ ਜਗਤ ਨਰਾਇਣ ਦੇ ਕਤਲ ਦੀ ਸਾਜ਼ਿਸ਼ ਵਿਚ ਕਿਸੇ ਵੀ ਤਰ੍ਹਾਂ ਸ਼ਾਮਿਲ ਹੈ। ਇਸ ਤੋਂ ਬਾਅਦ ਅਗਲੇ ਦਿਨ ਉਸ ਨੂੰ ਬਿਨਾ ਸ਼ਰਤ ਰਿਹਾਅ ਕਰ ਦਿੱਤਾ ਗਿਆ। ਇਸੇ ਕਿਤਾਬ ਦੇ ਪੰਨਾ 64-65 'ਤੇ ਉਹ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਬਾਰੇ ਲਿਖਦੇ ਹਨ: 'ਉਸ ਵਕਤ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਟਰੋਲ ਕਾਂਗਰਸ ਪਾਰਟੀ ਦੇ ਹੱਥ ਵਿਚ ਸੀ। ਇਸ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਦੇ ਸ੍ਰੀਮਤੀ ਇੰਦਰਾ ਗਾਂਧੀ ਤੇ ਗ੍ਰਹਿ ਮੰਤਰੀ ਜ਼ੈਲ ਸਿੰਘ ਨਾਲ ਬੜੇ ਨੇੜੇ ਦੇ ਨਿੱਜੀ ਸਬੰਧ ਸਨ। ਜਥੇਦਾਰ ਸੰਤੋਖ ਸਿੰਘ ਭਿੰਡਰਾਂਵਾਲੇ ਦਾ ਵੀ ਖਾਸ ਆਦਮੀ ਸੀ। ਭਿੰਡਰਾਂਵਾਲਾ ਅਕਸਰ ਕਹਿੰਦਾ ਸੀ ਕਿ ਸੰਤੋਖ ਸਿੰਘ ਨੇ ਉਦੋਂ ਉਸ ਦੇ ਵਕੀਲਾਂ ਦੀ ਫੀਸ ਭਰੀ ਸੀ, ਜਦੋਂ ਉਸ ਉਤੇ ਨਿਰੰਕਾਰੀ ਮੱਤ ਦੇ ਮੁਖੀ ਗੁਰਬਚਨ ਸਿੰਘ ਦੇ ਕਤਲ ਕੇਸ ਦੀ ਸਾਜ਼ਿਸ਼ ਦਾ ਦੋਸ਼ ਲਗਾਇਆ ਗਿਆ ਸੀ ਅਤੇ ਉਹ 2000 ਪ੍ਰਤੀ ਮਹੀਨਾ ਭਾਈ ਰਣਜੀਤ ਸਿੰਘ ਨੂੰ ਵੀ ਦਿੰਦਾ ਸੀ ਜਿਸ ਨੇ ਨਿਰੰਕਾਰੀ ਮੁਖੀ ਨੂੰ ਮਾਰਿਆ ਸੀ। ਸੰਤੋਖ ਸਿੰਘ ਉਦੋਂ ਮਹਿਤੇ ਚੌਕ ਮੌਜੂਦ ਸੀ, ਜਦੋਂ ਸੰਤ ਨੇ ਲਾਲੇ ਦੇ ਕੇਸ ਵਿਚ ਗ੍ਰਿਫਤਾਰੀ ਦਿੱਤੀ ਸੀ। ਉਥੇ ਉਸ ਨੇ ਆਪਣੀ ਭੜਕਾਊ ਤਕਰੀਰ ਵਿਚ ਕਿਹਾ ਸੀ: 'ਜੇ ਸਰਕਾਰ ਭਿੰਡਰਾਂਵਾਲੇ ਨੂੰ ਫੜਦੀ ਹੈ ਤਾਂ ਉਹ ਸਿੱਖਾਂ ਦੇ ਦਿਲ ਨੂੰ ਹੱਥ ਪਾਵੇਗੀ। ਜੇ ਉਸ 'ਤੇ ਝੂਠੇ ਕੇਸ ਪਾਏ ਤਾਂ ਸਿੱਖ ਕੌਮ ਜਵਾਲਾਮੁਖੀ ਵਾਂਗ ਫਟ ਪਵੇਗੀ ਅਤੇ ਪਿਘਲਿਆ ਲਾਵਾ ਇਸ ਦੇਸ਼ ਨੂੰ ਡੁਬੋਅ ਦੇਵੇਗਾ।' ਸੰਤ ਦੀ ਗ੍ਰਿਫਤਾਰੀ ਤੋਂ ਬਾਅਦ ਅਕਾਲੀਆਂ ਨੇ ਵੀ 16 ਅਕਤੂਬਰ, 1981 ਨੂੰ ਪੰਜਾਬ ਦੀਆਂ ਮੰਗਾਂ ਬਾਰੇ ਇੰਦਰਾ ਸਰਕਾਰ ਨਾਲ ਹੋਣ ਵਾਲੀ ਪਹਿਲੀ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਇਹ ਮੰਗ ਰੱਖ ਦਿੱਤੀ ਸੀ ਕਿ ਜਦੋਂ ਤੱਕ ਸੰਤ ਨੂੰ ਬਿਨਾ ਸ਼ਰਤ ਰਿਹਾਅ ਨਹੀਂ ਕੀਤਾ ਜਾਂਦਾ, ਕੋਈ ਗੱਲਬਾਤ ਨਹੀਂ ਹੋਵੇਗੀ। ਪੱਤਰਕਾਰ ਜਗਤਾਰ ਸਿੰਘ ਦੀ ਕਿਤਾਬ 'ਖਾਲਿਸਤਾਨ- ਏ ਨਾਨ ਮੂਵਮੈਂਟ' ਅਨੁਸਾਰ ਸੰਤਾਂ ਦੀ ਚੜ੍ਹਤ ਦੀ ਸ਼ੁਰੂਆਤ ਤਾਂ ਉਸੇ ਸਮੇਂ ਹੋ ਗਈ ਸੀ, ਜਦੋਂ ਜੇਲ੍ਹ ਤੋਂ ਰਿਹਾਈ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਅਕਾਲ ਤਖਤ ਦਾ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਹਜ਼ਾਰਾਂ ਲੋਕਾਂ ਨਾਲ ਜੇਲ੍ਹ ਦੇ ਬਾਹਰ ਸੰਤਾਂ ਦੇ ਸਵਾਗਤ ਲਈ ਖੜ੍ਹੇ ਸਨ ਅਤੇ ਫਿਰ ਸੰਤ ਜੀ ਨੂੰ ਵੱਡੇ ਭਾਰੀ ਜਲੂਸ ਵਿਚ ਜਿੱਤ ਦੇ ਨਾਹਰੇ ਲਾਉਂਦੇ ਹੋਏ ਦਰਬਾਰ ਸਾਹਿਬ ਲੈ ਗਏ ਸਨ। 1984 ਦੇ ਦੌਰ ਬਾਰੇ ਵੱਖ-ਵੱਖ ਕਿਤਾਬਾਂ ਵਿਚ ਛਪੀ ਜਾਣਕਾਰੀ ਤੋਂ ਕਈ ਸਵਾਲ ਖੜ੍ਹੇ ਹੁੰਦੇ ਹਨ; ਇੱਕ ਪਾਸੇ ਦਿੱਲੀ ਕਮੇਟੀ ਦਾ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਇੰਦਰਾ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਦਾ ਵੀ ਚਹੇਤਾ ਹੈ, ਤੇ ਦੂਜੇ ਪਾਸੇ ਸੰਤ ਭਿੰਡਰਾਂਵਾਲੇ ਦਾ ਵੀ ਖਾਸਮ-ਖਾਸ ਹੈ। ਇੱਕ ਪਾਸੇ ਪੰਜਾਬ ਸਰਕਾਰ ਦੀ ਦਰਬਾਰਾ ਸਿੰਘ ਸੰਤ ਨੂੰ ਕਤਲ ਕੇਸ ਵਿਚ ਗ੍ਰਿਫਤਾਰ ਵੀ ਕਰਦੀ ਹੈ, ਤੇ ਦੂਜੇ ਪਾਸੇ ਕੇਂਦਰ ਸਰਕਾਰ ਸੰਤ ਨੂੰ ਬੇਗੁਨਾਹ ਕਹਿ ਕੇ ਬਿਨਾ ਸ਼ਰਤ ਰਿਹਾਅ ਵੀ ਕਰ ਰਹੀ ਹੈ? ਕੀ ਇਹ ਉਹੋ ਪ੍ਰਪੰਚ ਨਹੀਂ ਸੀ ਜੋ ਉਸ ਦੌਰ ਲਈ ਪਿੜ ਬੰਨ੍ਹ ਰਿਹਾ ਸੀ ਜਿਸ ਨੇ ਬਾਅਦ ਵਿਚ ਜੂਨ, 1984 ਦੇ ਹਮਲੇ ਅਤੇ ਫਿਰ ਦਸ ਸਾਲ ਦੀ ਕਤਲੋ-ਗਾਰਤ ਦੇ ਰੂਪ ਵਿਚ ਪ੍ਰਗਟ ਹੋਣਾ ਸੀ?

ਲਾਲਾ ਜਗਤ ਨਰਾਇਣ ਦੇ ਕਤਲ ਤੋਂ ਪਹਿਲਾਂ 24 ਅਪਰੈਲ, 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੀ ਹੱਤਿਆ ਹੋ ਹੀ ਚੁੱਕੀ ਸੀ। ਉਸ ਵਕਤ ਵੀ ਸੰਤ ਭਿੰਡਰਾਂਵਾਲਿਆਂ ਦਾ ਨਾਮ ਕਤਲ ਦੀ ਸਾਜ਼ਿਸ਼ ਵਿਚ ਆਇਆ ਸੀ। ਇਸ ਬਾਰੇ ਗੁਰਦੇਵ ਸਿੰਘ ਗਰੇਵਾਲ ਦੀ ਕਿਤਾਬ 'ਦਿ ਸਰਚਿੰਗ ਆਈ: ਐਨ ਇਨਸਾਈਡਰ ਲੁਕਸ ਐਟ ਪੰਜਾਬ ਕ੍ਰਾਈਸਿਸ' ਦੇ ਪੰਨਾ 113 ਅਨੁਸਾਰ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ 'ਤੇ ਸੀ.ਬੀ.ਆਈ. ਦੇ ਡਾਇਰੈਕਟਰ ਜੇ.ਐਸ. ਬਾਵਾ ਨੇ ਸੰਤ ਭਿੰਡਰਾਂਵਾਲੇ ਤੋਂ ਨਿਰੰਕਾਰੀ ਮੁਖੀ ਕਤਲ ਕੇਸ ਬਾਰੇ ਗੁਰੂ ਰਾਮਦਾਸ ਸਰਾਂ ਵਿਚ ਪਹੁੰਚ ਕੇ ਪੁਛ-ਗਿੱਛ ਦੀ ਸੰਕੇਤਕ ਕਾਰਵਾਈ ਪਾਈ ਸੀ। ਸੰਤ ਨਿਰੰਕਾਰੀ ਮੁਖੀ ਦੇ ਕਤਲ ਪਿੱਛੋਂ ਇਹਤਿਆਤੀ ਕਦਮ ਵਜੋਂ ਮਹਿਤਾ ਚੌਕ ਤੋਂ ਗੁਰੂ ਰਾਮ ਦਾਸ ਸਰਾਂ ਵਿਚ ਪਹੁੰਚ ਚੁੱਕੇ ਸਨ। ਇਥੇ ਇਹ ਵੀ ਵਰਨਣਯੋਗ ਹੈ ਕਿ ਨਿਰੰਕਾਰੀ ਮੁਖੀ ਨੂੰ ਕਤਲ ਕਰਨ ਲਈ ਜੋ ਕਾਰਬਾਈਨ ਵਰਤੀ ਗਈ ਸੀ, ਉਹ ਸੰਤ ਦੇ ਵੱਡੇ ਭਰਾ ਜਗੀਰ ਸਿੰਘ ਦੇ ਨਾਮ 'ਤੇ ਰਜਿਸਟਰਡ ਸੀ। ਇਸ ਕਤਲ ਕਾਂਡ ਵਿਚ ਨਾਮਜ਼ਦ ਕੀਤੇ 25 ਦੇ ਕਰੀਬ ਵਿਅਕਤੀਆਂ ਵਿਚ ਟਕਸਾਲ ਦੇ ਕੁਝ ਸਿੰਘਾਂ ਦੇ ਨਾਮ ਵੀ ਸ਼ਾਮਿਲ ਸਨ। 'ਇੰਡੀਅਨ ਐਕਸਪ੍ਰੈਸ' ਦੇ ਪੱਤਰਕਾਰ ਅਤੇ ਸੰਤਾਂ ਦੇ ਨਜ਼ਦੀਕੀ ਰਹੇ ਜਗਤਾਰ ਸਿੰਘ ਦੀ ਕਿਤਾਬ 'ਖਾਲਿਸਤਾਨ- ਏ ਨਾਨ ਮੂਵਮੈਂਟ' ਅਨੁਸਾਰ ਉਸ ਵਕਤ ਜਦੋਂ ਸੰਤ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਦੀ ਗੱਲ ਚੱਲ ਰਹੀ ਸੀ ਤਾਂ ਦਲ ਖਾਲਸਾ ਨੇ ਅਖਬਾਰੀ ਬਿਆਨ ਰਾਹੀਂ ਧਮਕੀ ਦਿੱਤੀ ਸੀ ਕਿ ਜੇ ਸੰਤ ਜੀ ਦਾ ਵਾਲ ਵੀ ਵਿੰਗਾ ਹੋਇਆ ਤਾਂ ਅਸੀਂ ਕਤਲਾਂ ਦੀ ਹਨੇਰੀ ਲਿਆ ਦਿਆਂਗੇ। ਉਸ ਵਕਤ ਵੀ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਪਾਰਲੀਮੈਂਟ ਵਿਚ ਬਿਆਨ ਦਿੱਤਾ ਸੀ ਕਿ ਸੰਤ ਭਿੰਡਰਾਂਵਾਲਿਆਂ ਦਾ ਨਿਰੰਕਾਰੀ ਕਤਲ ਕਾਂਡ ਵਿਚ ਕੋਈ ਹੱਥ ਨਹੀਂ।

ਪੁਸਤਕ 'ਖਾਲਿਸਤਾਨ ਦੀ ਸਾਜ਼ਿਸ਼' ਅਨੁਸਾਰ '1977 ਤੋਂ 1984 ਤੱਕ ਪੰਜਾਬ ਵਿਚ ਕਾਂਗਰਸ ਨੇ ਦੋ ਅਪਰੇਸ਼ਨ ਚਲਾਏ। ਪਹਿਲਾ ਅਪਰੇਸ਼ਨ 'ਭਿੰਡਰਾਂਵਾਲਾ-ਖਾਲਿਸਤਾਨ' ਸੀ ਜੋ 1977 ਤੋਂ 1980 ਤੱਕ ਸੀ। ਇਸ ਅਪਰੇਸ਼ਨ ਨੂੰ ਸੰਜੇ ਗਾਂਧੀ ਅਤੇ ਗਿਆਨੀ ਜ਼ੈਲ ਸਿੰਘ ਲੀਡ ਕਰ ਰਹੇ ਸਨ। ਉਨ੍ਹਾਂ ਨਾਲ ਇੰਦਰਾ ਗਾਂਧੀ ਤੇ ਕਮਲ ਨਾਥ ਸਨ। ਇਸ ਮਿਸ਼ਨ ਦਾ ਮਕਸਦ ਸਿੱਖਾਂ ਵਿਚ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਆਪਣੀ ਥਾਂ ਬਣਾਉਣਾ ਸੀ। ਇਸੇ ਮਕਸਦ ਨਾਲ 1979 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸੰਤ ਭਿੰਡਰਾਂਵਾਲੇ, ਦਲ ਖਾਲਸਾ ਅਤੇ ਜਗਜੀਤ ਸਿੰਘ ਚੌਹਾਨ ਨੇ ਅਕਾਲੀਆਂ ਖਿਲਾਫ ਆਪਣੇ ਬੰਦੇ ਵੀ ਖੜ੍ਹੇ ਕੀਤੇ ਸਨ। ਇਸ ਮਿਸ਼ਨ ਅਨੁਸਾਰ ਸੰਤ ਭਿੰਡਰਾਂਵਾਲੇ ਨੂੰ ਸਿੱਖਾਂ ਵਿਚ ਗਰਮ-ਖਿਆਲ ਸਿੱਖਾਂ ਦੇ ਉਭਾਰ, ਧਾਰਮਿਕ ਕੱਟੜਵਾਦ ਅਤੇ ਪੰਜਾਬ ਵਿਚ ਹਿੰਸਕ ਮਾਹੌਲ ਤਿਆਰ ਕਰਨ ਲਈ ਵਰਤਿਆ ਜਾਣਾ ਸੀ ਤਾਂ ਕਿ ਨਰਮ-ਖਿਆਲ ਅਕਾਲੀਆਂ ਨੂੰ ਖੂੰਜੇ ਲਾਇਆ ਜਾ ਸਕੇ। ਇੰਦਰਾ ਗਾਂਧੀ ਦੇ ਨਜ਼ਦੀਕੀ ਰਹੇ ਕਾਂਗਰਸੀ ਆਗੂ ਕਮਲ ਨਾਥ ਦੇ ਦੱਸਣ ਮੁਤਾਬਿਕ, ਕਾਂਗਰਸ ਇਸ ਮਿਸ਼ਨ ਲਈ ਸੰਤ ਭਿੰਡਰਾਂਵਾਲੇ ਨੂੰ ਫੰਡਿੰਗ ਵੀ ਕਰਦੀ ਸੀ; ਉਂਜ, ਕਮਲ ਨਾਥ ਨੇ ਮੰਨਿਆ ਕਿ ਉਦੋਂ ਉਨ੍ਹਾਂ ਇਹ ਆਸ ਨਹੀਂ ਕੀਤੀ ਸੀ ਕਿ ਬਾਅਦ ਵਿਚ ਭਿੰਡਰਾਂਵਾਲਾ ਇਤਨਾ ਵੱਡਾ 'ਅਤਿਵਾਦੀ ਲੀਡਰ' ਬਣ ਜਾਵੇਗਾ। ਉਸੇ ਸਮੇਂ ਦੌਰਾਨ ਗਿਆਨੀ ਜ਼ੈਲ ਸਿੰਘ ਅਤੇ ਸੰਜੇ ਗਾਂਧੀ ਨੇ ਭਿੰਡਰਾਂਵਾਲੇ ਤੋਂ ਵੱਖਰਾ 'ਖਾਲਿਸਤਾਨ' ਦਾ ਮੁੱਦਾ ਖੜ੍ਹਾ ਕਰਨ ਲਈ ਦਲ ਖਾਲਸਾ ਦੀ ਸਥਾਪਨਾ ਵੀ ਕਰਾਈ ਸੀ। ਇਸ ਬਾਰੇ ਗਿਆਨੀ ਜ਼ੈਲ ਸਿੰਘ ਨੇ ਹਿੰਦੀ ਦੇ ਹਫਤਾਵਾਰੀ ਮੈਗਜ਼ੀਨ 'ਦਿਨਮਾਨ' ਦੇ 30 ਜਨਵਰੀ, 1988 ਦੇ ਅੰਕ ਵਿਚ ਦਿੱਤੀ ਇੰਟਰਵਿਊ 'ਮੇਰੀ ਮਜਬੂਰੀ ਸੀ' ਵਿਚ ਮੰਨਿਆ ਸੀ: 'ਮੈਂ ਦਲ ਖਾਲਸਾ ਨਾਲ ਸੰਪਰਕ ਕਾਇਮ ਕੀਤਾ ਸੀ, ਮੇਰਾ ਨਿਸ਼ਾਨਾ ਸਿੱਖ ਗੁਰਦੁਆਰਾ ਸਿਆਸਤ ਵਿਚ ਹਿੱਸਾ ਲੈਣਾ ਸੀ, ਆਖਿਰ ਗੁਰਦੁਆਰਿਆਂ ਦਾ ਅਕਾਲੀਆਂ ਨੇ ਠੇਕਾ ਨਹੀਂ ਲਿਆ ਹੋਇਆ। ਮੈਨੂੰ ਅਜਿਹਾ ਕਰਨ ਲਈ ਮੇਰੀ ਆਗੂ ਸ੍ਰੀਮਤੀ ਇੰਦਰਾ ਗਾਂਧੀ ਨੇ ਵੀ ਕਿਹਾ ਸੀ। ਇਹ ਮੇਰੀ ਮਜਬੂਰੀ ਸੀ।'

ਜੀ.ਬੀ. ਸਿੱਧੂ ਦੀ ਇਸੇ ਪੁਸਤਕ (ਦਿ ਖਾਲਿਸਤਾਨ ਕਾਂਸਪਿਰੇਸੀ) ਅਨੁਸਾਰ ਦੂਸਰਾ ਅਪਰੇਸ਼ਨ ਉਦੋਂ ਉਲੀਕਿਆ ਗਿਆ, ਜਦੋਂ 1980 ਵਿਚ ਇੰਦਰਾ ਗਾਂਧੀ ਦੁਬਾਰਾ ਸੱਤਾ ਵਿਚ ਆ ਗਈ ਸੀ ਤੇ ਅਕਾਲੀ ਪੰਜਾਬ ਵਿਚੋਂ ਹਾਰ ਚੁੱਕੇ ਸਨ। ਇਹ ਦੂਸਰਾ ਮਿਸ਼ਨ ਵੀ ਸੰਜੇ ਗਾਂਧੀ ਅਤੇ ਗਿਆਨੀ ਜ਼ੈਲ ਸਿੰਘ ਨੇ ਹੀ ਉਲੀਕਿਆ ਸੀ ਪਰ ਸੰਜੇ ਗਾਂਧੀ ਦੀ ਉਸੇ ਸਾਲ 23 ਜੂਨ, 1980 ਨੂੰ ਮੌਤ ਤੋਂ ਬਾਅਦ ਇਸ ਦੇ ਖਿਡਾਰੀ ਬਦਲ ਗਏ ਸਨ। ਹੁਣ ਇਸ ਗਰੁੱਪ ਵਿਚ ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ, ਰਾਜੀਵ ਗਾਂਧੀ, ਮੱਖਣ ਲਾਲ ਫੋਤੇਦਾਰ, ਅਰੁਣ ਨਹਿਰੂ, ਅਰੁਣ ਸਿੰਘ, ਕਮਲ ਨਾਥ ਆਦਿ ਸ਼ਾਮਿਲ ਸਨ। ਇਸ ਮਿਸ਼ਨ ਦਾ ਮਕਸਦ ਸੀ ਕਿ ਜਨਵਰੀ, 1985 ਵਿਚ ਹੋਣ ਵਾਲੀਆਂ ਅਗਲੀਆਂ ਚੋਣਾਂ ਵਿਚ ਕਾਂਗਰਸ ਨੂੰ ਭਾਰੀ ਬਹੁਮਤ ਨਾਲ ਜਿਤਾਉਣਾ ਤਾਂ ਕਿ ਜਨਤਾ ਪਾਰਟੀ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਵੇ ਅਤੇ ਪਹਿਲਾਂ ਵਾਂਗ ਕਾਂਗਰਸ ਹੀ ਇੱਕੋ-ਇੱਕ ਪਾਰਟੀ ਰਹਿ ਜਾਵੇ। ਇਸ ਮਕਸਦ ਲਈ ਭਿੰਡਰਾਂਵਾਲਾ ਤੇ ਹੋਰ ਗਰਮ-ਖਿਆਲ ਸਿੱਖ ਧੜਿਆਂ ਰਾਹੀਂ ਕੱਟੜਵਾਦ, ਅਤਿਵਾਦ ਤੇ ਖਾਲਿਸਤਾਨ ਦੀ ਮੰਗ ਨੂੰ ਉਭਾਰ ਕੇ ਹਿੰਦੂਆਂ ਵਿਚ ਸਹਿਮ ਦਾ ਮਾਹੌਲ ਪੈਦਾ ਕੀਤਾ ਜਾਣਾ ਸੀ ਤੇ ਫਿਰ 1985 ਦੀਆਂ ਚੋਣਾਂ ਤੋਂ ਪਹਿਲਾਂ ਕੁਝ ਅਜਿਹਾ ਵੱਡਾ ਕੀਤਾ ਜਾਣਾ ਸੀ ਜਿਸ ਨਾਲ ਇਹ ਸਾਬਿਤ ਕੀਤਾ ਜਾ ਸਕੇ ਕਿ ਇੰਦਰਾ ਗਾਂਧੀ ਨੇ ਨਾ ਸਿਰਫ ਹਿੰਦੂਆਂ ਸਗੋਂ ਦੇਸ਼ ਨੂੰ ਟੁੱਟਣ ਤੋਂ ਬਚਾ ਲਿਆ ਹੈ।' (ਜੀ.ਬੀ.ਐਸ. ਸਿੱਧੂ ਦੀ ਕਿਤਾਬ 'ਖਾਲਿਸਤਾਨ ਦੀ ਸਾਜ਼ਿਸ਼' ਪੰਨਾ: ਣਣ-ਣਣਵਿ)। ਇਹ ਕਿਤਾਬ ਪੜ੍ਹ ਕੇ ਇਵੇਂ ਲਗਦਾ ਹੈ ਕਿ 1978 ਦੇ ਸਿੱਖ-ਨਿਰੰਕਾਰੀ ਖੂਨੀ ਕਾਂਡ ਤੋਂ ਬਾਅਦ 2 ਦਹਾਕੇ ਚੱਲੇ ਕਾਲੇ ਦੌਰ ਵਿਚ ਹਰ ਤਰ੍ਹਾਂ ਦੇ ਸਿੱਖ ਲੀਡਰ ਉਸ ਸ਼ਤਰੰਜ ਦੇ ਮੋਹਰੇ ਸਨ ਜਿਸ ਨੂੰ ਜੀ.ਬੀ.ਐਸ. ਸਿੱਧੂ ਅਨੁਸਾਰ, ਇੱਕ ਅਕਬਰ ਰੋਡ ਦਿੱਲੀ ਵਿਚ ਬੈਠੀ ਜੁੰਡਲੀ ਨੇ ਵਿਛਾਇਆ ਸੀ।

ਇਸੇ ਕਿਤਾਬ ਦੇ ਪੰਨਾ 39 'ਤੇ ਜੀ.ਬੀ.ਐਸ. ਸਿੱਧੂ 'ਖਾੜਕੂਵਾਦ ਦੇ ਕੋਈ ਚਿੰਨ੍ਹ ਨਹੀਂ ਸਨ' ਵਾਲੇ ਸਿਰਲੇਖ ਹੇਠ ਲਿਖਦੇ ਹਨ ਕਿ ਪਹਿਲੇ ਅਪਰੇਸ਼ਨ ਵਿਚ ਕਾਂਗਰਸੀ ਲੀਡਰ, ਭਿੰਡਰਾਂਵਾਲਾ ਤੇ ਦਲ ਖਾਲਸਾ ਰਾਹੀਂ ਸਿੱਖਾਂ ਵਿਚ

***ਪੁਸਤਕ ਅਨੁਸਾਰ ਦੂਸਰਾ ਅਪਰੇਸ਼ਨ ਉਦੋਂ ਉਲੀਕਿਆ ਗਿਆ, ਜਦੋਂ 1980 ਵਿਚ ਇੰਦਰਾ ਗਾਂਧੀ ਦੁਬਾਰਾ ਸੱਤਾ ਵਿਚ ਆ ਗਈ ਸੀ ਤੇ ਅਕਾਲੀ ਪੰਜਾਬ ਵਿਚੋਂ ਹਾਰ ਚੁੱਕੇ ਸਨ। ਇਹ ਦੂਸਰਾ ਮਿਸ਼ਨ ਵੀ ਸੰਜੇ ਗਾਂਧੀ ਅਤੇ ਗਿਆਨੀ ਜ਼ੈਲ ਸਿੰਘ ਨੇ ਹੀ ਉਲੀਕਿਆ ਸੀ ਪਰ ਸੰਜੇ ਗਾਂਧੀ ਦੀ ਉਸੇ ਸਾਲ 23 ਜੂਨ, 1980 ਨੂੰ ਮੌਤ ਤੋਂ ਬਾਅਦ ਇਸ ਦੇ ਖਿਡਾਰੀ ਬਦਲ ਗਏ ਸਨ। ਹੁਣ ਇਸ ਗਰੁੱਪ ਵਿਚ ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ, ਰਾਜੀਵ ਗਾਂਧੀ, ਮੱਖਣ ਲਾਲ ਫੋਤੇਦਾਰ, ਅਰੁਣ ਨਹਿਰੂ, ਅਰੁਣ ਸਿੰਘ, ਕਮਲ ਨਾਥ ਆਦਿ ਸ਼ਾਮਿਲ ਸਨ। ਇਸ ਮਿਸ਼ਨ ਦਾ ਮਕਸਦ ਸੀ ਕਿ ਜਨਵਰੀ, 1985 ਵਿਚ ਹੋਣ ਵਾਲੀਆਂ ਅਗਲੀਆਂ ਚੋਣਾਂ ਵਿਚ ਕਾਂਗਰਸ ਨੂੰ ਭਾਰੀ ਬਹੁਮਤ ਨਾਲ ਜਿਤਾਉਣਾ ਤਾਂ ਕਿ ਜਨਤਾ ਪਾਰਟੀ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਵੇ ਅਤੇ ਪਹਿਲਾਂ ਵਾਂਗ ਕਾਂਗਰਸ ਹੀ ਇੱਕੋ-ਇੱਕ ਪਾਰਟੀ ਰਹਿ ਜਾਵੇ।***

(ਬਾਕੀ ਅਗਲੇ ਸਫੇ 'ਤੇ)

ਕੋਈ ਖਾਸ ਥਾਂ ਨਾ ਬਣਾ ਸਕੇ ਅਤੇ ਨਾ ਹੀ ਇਹ ਲੋਕ 1980 ਤੱਕ ਕੋਈ ਖਾੜਕੂਵਾਦ ਸ਼ੁਰੂ ਕਰ ਸਕੇ। ਇਸ ਸੰਬੰਧੀ ਉਹ ਸਾਬਕਾ ਆਈ.ਏ.ਐਸ. ਅਤੇ ਗ੍ਰਹਿ ਮੰਤਰਾਲੇ ਦੇ ਕੈਬਨਿਟ ਸੈਕਟਰੀ ਬੀ.ਜੀ. ਦੇਸ਼ਮੁੱਖ ਦੀ ਕਿਤਾਬ 'ਫਰਾਮ ਪੂਨਾ ਟੂ ਦਿ ਪ੍ਰਾਈਮ ਮਿਨਿਸਟਰ ਆਫਿਸ: ਏ ਕੈਬਨਿਟ ਸੈਕਰੇਟਰੀ ਲੁਕਸ ਬੈਕ' ਦਾ ਹਵਾਲਾ ਦੇ ਕੇ ਦੱਸਦੇ ਹਨ ਕਿ ਦੇਸ਼ਮੁੱਖ ਖੁਦ ਦਿੱਲੀ ਤੋਂ ਅੰਮ੍ਰਿਤਸਰ ਗਏ ਅਤੇ ਅਕਾਲੀਆਂ ਤੇ ਆਮ ਸਿੱਖਾਂ ਨੂੰ ਮਿਲੇ ਤਾਂ ਉਨ੍ਹਾਂ ਨੂੰ ਪੰਜਾਬ ਵਿਚ ਧਾਰਮਿਕ ਕੱਟੜਵਾਦ, ਖਾਲਿਸਤਾਨ ਜਾਂ ਖਾੜਕੂਵਾਦ ਬਾਰੇ ਸਿੱਖ ਨੌਜਵਾਨਾਂ ਵਿਚ ਕੋਈ ਰੁਝਾਨ ਨਹੀਂ ਦਿਸਿਆ। ਦੇਸ਼ਮੁੱਖ ਉਦਾਸੀਨਤਾ ਨਾਲ ਦੱਸਦੇ ਹਨ ਕਿ ਇਹ ਰੁਝਾਨ ਬਹੁਤਾ ਚਿਰ ਨਹੀਂ ਰਿਹਾ, ਕਿਉਂਕਿ ਕਾਂਗਰਸ ਦੀ ਲੀਡਰਸ਼ਿਪ ਦਾ ਇੱਕ ਵਰਗ ਪੰਜਾਬ ਵਿਚ ਅਜਿਹੀ ਸਾਜ਼ਿਸ਼ ਰਚ ਰਿਹਾ ਸੀ ਜਿਸ ਨੇ ਆਉਣ ਵਾਲੇ ਸਾਲਾਂ ਵਿਚ ਕਾਂਗਰਸ ਸਮੇਤ ਸਭ ਨੂੰ ਆਪਣੀ ਲਪੇਟ ਵਿਚ ਲੈ ਲੈਣਾ ਸੀ। ਭਿੰਡਰਾਂਵਾਲੇ, ਦਲ ਖਾਲਸਾ ਅਤੇ ਹੋਰ ਗਰਮ-ਖਿਆਲ ਧੜਿਆਂ ਦਾ ਉਭਾਰ ਉਦੋਂ ਤੱਕ ਨਹੀਂ ਹੋਇਆ ਸੀ, ਜਦੋਂ ਤੱਕ ਹਿੰਸਾ ਦੀਆਂ ਦੋ ਵੱਡੀਆਂ ਘਟਨਾਵਾਂ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਅਤੇ ਪੱਤਰਕਾਰ ਲਾਲਾ ਜਗਤ ਨਰਾਇਣ ਦੇ ਕਤਲ ਨਹੀਂ ਹੋਏ। ਇਸ ਤੋਂ ਬਾਅਦ ਹਿੰਸਾ ਦੀਆਂ ਘਟਨਾਵਾਂ ਦਾ ਅਜਿਹਾ ਦੌਰ ਸ਼ੁਰੂ ਹੋਇਆ ਜਿਸ ਨੇ ਅਗਲੇ 15 ਸਾਲ ਪੰਜਾਬ ਦੇ ਸਭ ਭਾਈਚਾਰਿਆਂ ਨੂੰ ਹਿੰਸਕ ਅਗਨਕੁੰਡ 'ਚ ਪਾਈ ਰੱਖਿਆ।

***ਸਾਬਕਾ ਆਈ.ਏ.ਐਸ. ਅਤੇ ਗ੍ਰਹਿ ਮੰਤਰਾਲੇ ਦੇ ਕੈਬਨਿਟ ਸੈਕਟਰੀ ਬੀ.ਜੀ. ਦੇਸ਼ਮੁੱਖ ਦੀ ਕਿਤਾਬ 'ਫਰਾਮ ਪੂਨਾ ਟੂ ਦਿ ਪ੍ਰਾਈਮ ਮਿਨਿਸਟਰ ਆਫਿਸ: ਏ ਕੈਬਨਿਟ ਸੈਕਰੇਟਰੀ ਲੁਕਸ ਬੈਕ' ਦਾ ਹਵਾਲਾ ਦੇ ਕੇ ਉਹ (ਜੀ.ਬੀ.ਐਸ. ਸਿੱਧੂ) ਦੱਸਦੇ ਹਨ ਕਿ ਦੇਸ਼ਮੁੱਖ ਖੁਦ ਦਿੱਲੀ ਤੋਂ ਅੰਮ੍ਰਿਤਸਰ ਗਏ ਅਤੇ ਅਕਾਲੀਆਂ ਤੇ ਆਮ ਸਿੱਖਾਂ ਨੂੰ ਮਿਲੇ ਤਾਂ ਉਨ੍ਹਾਂ ਨੂੰ ਪੰਜਾਬ ਵਿਚ ਧਾਰਮਿਕ ਕੱਟੜਵਾਦ, ਖਾਲਿਸਤਾਨ ਜਾਂ ਖਾੜਕੂਵਾਦ ਬਾਰੇ ਸਿੱਖ ਨੌਜਵਾਨਾਂ ਵਿਚ ਕੋਈ ਰੁਝਾਨ ਨਹੀਂ ਦਿਸਿਆ। ਦੇਸ਼ਮੁੱਖ ਉਦਾਸੀਨਤਾ ਨਾਲ ਦੱਸਦੇ ਹਨ ਕਿ ਇਹ ਰੁਝਾਨ ਬਹੁਤਾ ਚਿਰ ਨਹੀਂ ਰਿਹਾ, ਕਿਉਂਕਿ ਕਾਂਗਰਸ ਦੀ ਲੀਡਰਸ਼ਿਪ ਦਾ ਇੱਕ ਵਰਗ ਪੰਜਾਬ ਵਿਚ ਅਜਿਹੀ ਸਾਜ਼ਿਸ਼ ਰਚ ਰਿਹਾ ਸੀ ਜਿਸ ਨੇ ਆਉਣ ਵਾਲੇ ਸਾਲਾਂ ਵਿਚ ਕਾਂਗਰਸ ਸਮੇਤ ਸਭ ਨੂੰ ਆਪਣੀ ਲਪੇਟ ਵਿਚ ਲੈ ਲੈਣਾ ਸੀ। ਭਿੰਡਰਾਂਵਾਲੇ, ਦਲ ਖਾਲਸਾ ਅਤੇ ਹੋਰ ਗਰਮ-ਖਿਆਲ ਧੜਿਆਂ ਦਾ ਉਭਾਰ ਉਦੋਂ ਤੱਕ ਨਹੀਂ ਹੋਇਆ ਸੀ, ਜਦੋਂ ਤੱਕ ਹਿੰਸਾ ਦੀਆਂ ਦੋ ਵੱਡੀਆਂ ਘਟਨਾਵਾਂ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਅਤੇ ਪੱਤਰਕਾਰ ਲਾਲਾ ਜਗਤ ਨਰਾਇਣ ਦੇ ਕਤਲ ਨਹੀਂ ਹੋਏ। ਇਸ ਤੋਂ ਬਾਅਦ ਹਿੰਸਾ ਦੀਆਂ ਘਟਨਾਵਾਂ ਦਾ ਅਜਿਹਾ ਦੌਰ ਸ਼ੁਰੂ ਹੋਇਆ ਜਿਸ ਨੇ ਅਗਲੇ 15 ਸਾਲ ਪੰਜਾਬ ਦੇ ਸਭ ਭਾਈਚਾਰਿਆਂ ਨੂੰ ਹਿੰਸਕ ਅਗਨਕੁੰਡ 'ਚ ਪਾਈ ਰੱਖਿਆ।***

ਸੁਰਜੀਤ ਜਲੰਧਰੀ ਆਪਣੀ ਕਿਤਾਬ 'ਜਨਮ ਤੋਂ ਸ਼ਹਾਦਤ ਤੱਕ: ਭਿੰਡਰਾਂਵਾਲੇ ਸੰਤ' ਦੇ ਪੰਨਾ 25 'ਤੇ ਲਿਖਦੇ ਹਨ ਕਿ 13 ਅਪਰੈਲ, 1978 ਨੂੰ ਅੰਮ੍ਰਿਤਸਰ ਵਿਚ ਵਾਪਰੇ ਖੂਨੀ ਸਾਕੇ ਤੋਂ ਬਾਅਦ ਦਿੱਲੀ ਵਿਚ 14 ਮਈ, 1978 ਨੂੰ ਸਿੱਖਾਂ ਵਲੋਂ ਕੱਢੇ 'ਵਿਸ਼ਾਲ ਸਿੱਖ ਮਾਰਚ' ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਰਾਹੀਂ ਸ੍ਰੀਮਤੀ ਇੰਦਰਾ ਗਾਂਧੀ ਆਪਣੇ ਘਰ ਦੇ ਬਾਹਰ ਸੰਤ ਭਿੰਡਰਾਂਵਾਲੇ ਅਤੇ ਦਲ ਖਾਲਸਾ ਵਾਲਿਆਂ ਨੂੰ ਮਿਲੀ ਸੀ। ਇਸ ਸਮੇਂ ਦੌਰਾਨ ਕਾਂਗਰਸ ਦੇ ਸਰਗਰਮ ਵਰਕਰ ਸਿੱਖ-ਨਿਰੰਕਾਰੀ ਮੁਜ਼ਾਹਰਿਆਂ ਵਿਚ ਮੂਹਰੇ ਹੁੰਦੇ ਸਨ। ਇਸ ਸੰਬੰਧੀ ਸਤੰਬਰ, 1978 ਨੂੰ ਕਾਨਪੁਰ ਵਿਚ ਨਿਰੰਕਾਰੀਆਂ ਖਿਲਾਫ ਮੁਜ਼ਾਹਰੇ ਲਈ ਪ੍ਰਬੰਧ ਕਾਨਪੁਰ ਦੇ ਯੂਥ ਕਾਂਗਰਸ ਪ੍ਰਧਾਨ ਕੰਵਲਜੀਤ ਸਿੰਘ ਗਿੱਲ ਨੇ ਆਪਣੇ ਵਰਕਰਾਂ ਰਾਹੀਂ ਕੀਤਾ ਸੀ ਜਿਥੇ ਹੋਈ ਹਿੰਸਾ ਤੋਂ ਬਾਅਦ ਪੁਲਿਸ ਗੋਲੀ ਨਾਲ 12 ਸਿੱਖ ਮਾਰੇ ਗਏ ਸਨ ਅਤੇ 80 ਜ਼ਖਮੀ ਹੋਏ ਸਨ। ਉਸ ਤੋਂ ਬਾਅਦ ਦਿੱਲੀ ਵਿਚ ਵੀ ਕਾਂਗਰਸੀਆਂ ਦੀ ਮਦਦ ਨਾਲ 5 ਨਵੰਬਰ, 1978 ਨੂੰ ਹੋਏ ਨਿਰੰਕਾਰੀ ਵਿਰੋਧੀ ਮੁਜ਼ਾਹਰੇ ਦੌਰਾਨ ਭੜਕੀ ਹਿੰਸਾ ਵਿਚ ਪੁਲਿਸ ਗੋਲੀ ਨਾਲ 3 ਸਿੱਖ ਮਾਰੇ ਗਏ ਸਨ ਅਤੇ ਦਰਜਨਾਂ ਜ਼ਖਮੀ ਹੋਏ ਸਨ। ਜੀ.ਬੀ.ਐਸ. ਸਿੱਧੂ ਅਤੇ ਡਾ. ਸੰਗਤ ਸਿੰਘ (ਕਿਤਾਬ 'ਇਤਿਹਾਸ ਵਿਚ ਸਿੱਖ' ਦਾ ਲੇਖਕ) ਦੀਆਂ ਕਿਤਾਬਾਂ ਅਨੁਸਾਰ ਉਸ ਵਕਤ ਇੱਕ ਅਕਬਰ ਰੋਡ ਵਾਲੀ ਜੁੰਡਲੀ ਵਲੋਂ ਸਿੱਖ-ਨਿਰੰਕਾਰੀ ਟਕਰਾਅ ਰਾਹੀਂ ਹਿੰਸਾ ਦਾ ਮਾਹੌਲ ਸਿਰਜਿਆ ਜਾ ਰਿਹਾ ਸੀ ਅਤੇ ਸਿੱਖ ਲੀਡਰਸ਼ਿਪ ਤੇ ਸਿੱਖ ਨੌਜਵਾਨ ਉਸ ਜਾਲ ਵਿਚ ਫਸ ਰਹੇ ਸਨ। ਅਜਿਹੀਆਂ ਘਟਨਾਵਾਂ ਤੋਂ ਬਾਅਦ ਹੀ ਸੰਤ ਭਿੰਡਰਾਂਵਾਲਿਆਂ ਨੇ ਆਪਣੀਆਂ ਤਕਰੀਰਾਂ ਵਿਚ ਇਨ੍ਹਾਂ ਘਟਨਾਵਾਂ ਦੇ ਹਵਾਲਿਆਂ ਨਾਲ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਸਿੱਖ ਭਾਰਤ ਵਿਚ ਗੁਲਾਮ ਹਨ, ਉਨ੍ਹਾਂ 'ਤੇ ਭਾਰਤ ਵਿਚ ਜ਼ੁਲਮ ਹੋ ਰਿਹਾ ਹੈ, ਸਿੱਖ ਦੂਜੇ ਦਰਜੇ ਦੇ ਸ਼ਹਿਰੀ ਸਮਝੇ ਜਾਂਦੇ ਹਨ।

'ਖਾਲਿਸਤਾਨ ਦੀ ਸਾਜ਼ਿਸ਼' ਦੇ ਚੈਪਟਰ 4 'ਦਿ ਰਾਈਜ਼ ਆਫ ਭਿੰਡਰਾਂਵਾਲੇ' (ਭਿੰਡਰਾਂਵਾਲੇ ਦਾ ਉਭਾਰ) ਦੇ ਪੰਨਿਆਂ 41-61 'ਤੇ ਬਹੁਤ ਵਿਸਥਾਰ ਨਾਲ ਲਿਖਿਆ ਮਿਲਦਾ ਹੈ ਕਿ ਕਿਵੇਂ ਸੰਤ ਭਿੰਡਰਾਂਵਾਲੇ ਨੂੰ ਉਸੇ ਅਕਬਰ ਰੋਡ ਵਾਲੀ ਜੁੰਡਲੀ ਨੇ ਉਭਾਰਿਆ ਅਤੇ ਚੰਦੋਂ ਕਲਾਂ (ਹਰਿਆਣਾ), ਦਿੱਲੀ, ਮੁੰਬਈ ਆਦਿ ਥਾਵਾਂ ਤੋਂ ਗ੍ਰਹਿ ਮੰਤਰਾਲੇ ਦੇ ਹੁਕਮਾਂ ਅਨੁਸਾਰ ਪੁਲਿਸ ਤੋਂ ਬਚਾ ਕੇ ਪੂਰੀ ਹਿਫਾਜ਼ਤ ਨਾਲ ਕੱਢ ਕੇ ਹੀਰੋ ਬਣਾਇਆ। ਇਸ ਦੇ ਨਾਲ ਹੀ ਦਲ ਖਾਲਸਾ ਤੇ ਹੋਰ ਗਰਮ-ਖਿਆਲ ਧੜਿਆਂ ਰਾਹੀਂ ਹਿੰਸਾ ਨੂੰ ਉਤਸ਼ਾਹਿਤ ਕੀਤਾ ਗਿਆ। ਉਸ ਸਮੇਂ ਦੌਰਾਨ ਹੀ ਅਕਾਲੀਆਂ ਨੇ 1982 ਵਿਚ ਧਰਮ ਯੁੱਧ ਮੋਰਚਾ ਸ਼ੁਰੂ ਕਰ ਲਿਆ ਜਿਸ ਵਿਚ ਇੱਕ ਪਾਸੇ ਅਕਾਲੀਆਂ ਨਾਲ ਗੱਲਬਾਤ ਦਾ ਦੌਰ ਜਾਰੀ ਰੱਖਿਆ ਪਰ ਸਮਝੌਤਾ ਨਹੀਂ ਕੀਤਾ ਤਾਂ ਕਿ ਇਸ ਮਸਲੇ ਨੂੰ ਜਨਵਰੀ, 1985 ਦੀਆਂ ਵੋਟਾਂ ਤੱਕ ਲਮਕਾ ਕੇ ਸੱਤਾ 'ਤੇ ਪੂਰੀ ਤਰ੍ਹਾਂ ਕਬਜ਼ੇ ਦਾ ਆਪਣਾ ਮਿਸ਼ਨ ਪੂਰਾ ਕੀਤਾ ਜਾ ਸਕੇ। ਇਸ ਦੌਰਾਨ ਭਿੰਡਰਾਂਵਾਲੇ ਦੇ ਹਥਿਆਰਬੰਦ ਖਾੜਕੂਆਂ ਰਾਹੀਂ ਅਕਾਲੀਆਂ ਤੇ ਧਰਮ ਯੁੱਧ ਮੋਰਚੇ ਦੀਆਂ ਸਾਰੀਆਂ ਮੰਗਾਂ ਮੰਨਵਾਏ ਬਿਨਾ ਕੋਈ ਵੀ ਸਮਝੌਤਾ ਨਾ ਕਰਨ ਲਈ ਮੌਤ ਦੀ ਤਲਵਾਰ ਵੀ ਲਟਕਾਈ ਹੋਈ ਸੀ। ਜੀ.ਬੀ.ਐਸ. ਸਿੱਧੂ, ਡਾ. ਸੰਗਤ ਸਿੰਘ, ਮਾਰਕ ਤੁਲੀ-ਸਤੀਸ਼ ਜੈਕਬ, ਗੁਰਦੇਵ ਸਿੰਘ ਗਰੇਵਾਲ ਆਦਿ ਲੇਖਕਾਂ ਦੀਆਂ ਕਿਤਾਬਾਂ ਅਨੁਸਾਰ ਇੱਕ ਤੀਜਾ ਫਰੰਟ ਵੀ ਸ਼ੁਰੂ ਕੀਤਾ ਗਿਆ ਸੀ ਜਿਸ ਵਿਚ ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਿਚ ਵੀ ਖਾਲਿਸਤਾਨ ਦੀਆਂ ਜੜ੍ਹਾਂ ਲਗਾਉਣ ਲਈ ਡਾ. ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿੱਲੋਂ, ਬਲਬੀਰ ਸਿੰਘ ਸੰਧੂ, ਕੁਲਦੀਪ ਸਿੰਘ ਸੋਢੀ, ਜਸਵੰਤ ਸਿੰਘ ਠੇਕੇਦਾਰ ਆਦਿ ਵਰਗੇ ਕਈ ਵਿਅਕਤੀ ਵਿਦੇਸ਼ਾਂ ਵਿਚ ਖਾਲਿਸਤਾਨ ਦੇ ਮੁੱਦੇ ਨੂੰ ਉਭਾਰਨ ਲਈ ਲਗਾਏ ਗਏ। ਡਾ. ਸੰਗਤ ਸਿੰਘ ਦੀ ਕਿਤਾਬ 'ਇਤਿਹਾਸ 'ਚ ਸਿੱਖ' ਦੇ ਪੰਨਾ 405-406 ਅਨੁਸਾਰ ਖਾਲਿਸਤਾਨੀ ਲੀਡਰ ਜਗਜੀਤ ਸਿੰਘ ਚੌਹਾਨ 1977 ਵਿਚ ਵਿਦੇਸ਼ ਤੋਂ ਵਾਪਸ ਪੰਜਾਬ ਆ ਗਿਆ। ਕਾਂਗਰਸ ਉਸ ਵਕਤ ਤਖਤੋਂ ਲੱਥ ਚੁੱਕੀ ਸੀ। ਉਸ ਨੇ ਚੌਹਾਨ ਦੀ ਉਸੇ ਤਰ੍ਹਾਂ ਵਰਤੋਂ ਕਰਨੀ ਸ਼ੁਰੂ ਕੀਤੀ, ਜਿਵੇਂ 1970ਵਿਆਂ ਦੇ ਸ਼ੁਰੂ ਵਿਚ ਕੀਤੀ ਸੀ। ਉਸ ਨੇ ਗਿਆਨੀ ਜ਼ੈਲ ਸਿੰਘ ਨਾਲ ਨੇੜੇ ਦਾ ਸੰਪਰਕ ਬਣਾਇਆ ਹੋਇਆ ਸੀ ਅਤੇ 1980 ਦੀਆਂ ਚੋਣਾਂ ਤੋਂ ਪਹਿਲਾਂ ਉਹ ਕਈ ਵਾਰ ਇੰਦਰਾ ਗਾਂਧੀ ਨੂੰ ਵੀ ਮਿਲਦਾ ਰਿਹਾ। 1978-79 ਵਿਚ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੀ ਉਸ ਨੇ ਕਾਂਗਰਸ ਵਲੋਂ ਲਗਾਈ ਡਿਊਟੀ ਨਿਭਾਈ। ਇੰਦਰਾ ਗਾਂਧੀ ਦੇ ਜਨਵਰੀ, 1980 ਵਿਚ ਦੁਬਾਰਾ ਸੱਤਾ ਵਿਚ ਆਉਣ ਤੋਂ ਬਾਅਦ ਉਹ ਫਿਰ ਉਸ ਨੂੰ ਮਿਲਿਆ ਅਤੇ 12 ਅਪਰੈਲ, 1980 ਵਿਚ ਉਸ ਨੇ ਆਨੰਦਪੁਰ ਸਾਹਿਬ ਵਿਚ 'ਖਾਲਿਸਤਾਨ ਦੀ ਕੌਮੀ ਕੌਂਸਲ' ਦਾ ਐਲਾਨ ਵੀ ਕੀਤਾ। ਉਸ ਨੇ ਆਪਣੇ ਆਪ ਨੂੰ ਕੌਂਸਲ ਦਾ ਪ੍ਰਧਾਨ ਅਤੇ ਬਲਬੀਰ ਸਿੰਘ ਸੰਧੂ ਨੂੰ ਜਨਰਲ ਸਕੱਤਰ ਐਲਾਨਿਆ। ਇਸ ਸਮੇਂ ਤੱਕ ਉਸ ਨੂੰ ਕਾਂਗਰਸ ਸਰਕਾਰ ਵਲੋਂ ਖੁੱਲ੍ਹਾ ਪੈਸਾ ਮਿਲਦਾ ਰਿਹਾ। ਮਈ, 1980 ਵਿਚ ਉਹ ਇੰਗਲੈਂਡ ਚਲਾ ਗਿਆ ਅਤੇ ਅਗਲੇ ਮਹੀਨੇ ਖਾਲਿਸਤਾਨ ਦਾ ਐਲਾਨ ਕਰਕੇ ਖਾਲਿਸਤਾਨ ਦੇ ਪਾਸਪੋਰਟ, ਟਿਕਟਾਂ, ਕਰੰਸੀ ਵੀ ਜਾਰੀ ਕੀਤੀ। 1979 ਵਿਚ ਗੰਗਾ ਸਿੰਘ ਢਿੱਲੋਂ ਭਾਰਤ ਆਇਆ ਤਾਂ ਦਲ ਖਾਲਸਾ ਦੇ ਗਜਿੰਦਰ ਸਿੰਘ ਨੇ ਕਰਨਾਲ ਕੋਲ ਗਿਆਨੀ ਜ਼ੈਲ ਸਿੰਘ ਨਾਲ ਉਸ ਦੀ ਮੁਲਾਕਾਤ ਦਾ ਪ੍ਰਬੰਧ ਕੀਤਾ। ਫਿਰ 1981 ਵਿਚ ਚੀਫ ਖਾਲਸਾ ਦੀਵਾਨ ਵਲੋਂ ਚੰਡੀਗੜ੍ਹ ਵਿਚ ਗੰਗਾ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ 'ਸਿੱਖ ਐਜੂਕੇਸ਼ਨਲ ਕਾਨਫਰੰਸ' ਕਰਾਈ ਗਈ ਜਿਸ ਵਿਚ ਢਿੱਲੋਂ ਨੇ 'ਸਿੱਖ ਇੱਕ ਵੱਖਰੀ ਕੌਮ' ਦਾ ਮਤਾ ਪੇਸ਼ ਕੀਤਾ ਤੇ ਬਾਅਦ ਵਿਚ ਕਾਨਫਰੰਸ ਵਲੋਂ ਸਿੱਖ ਕੌਮ ਨੂੰ ਯੂ.ਐਨ. ਵਿਚ 'ਫਲਸਤੀਨ ਲਿਬਰੇਸ਼ਨ ਆਰਗਨਾਈਜ਼ੇਸ਼ਨ' ਵਾਂਗ ਮਾਨਤਾ ਦੇਣ ਦਾ ਮਤਾ ਵੀ ਪਾਸ ਕੀਤਾ। ਦਲ ਖਾਲਸਾ ਵਲੋਂ ਇਸ ਦਾ ਜ਼ੋਰ-ਸ਼ੋਰ ਨਾਲ ਸਵਾਗਤ ਕੀਤਾ ਗਿਆ। ਡਾ. ਸੰਗਤ ਸਿੰਘ ਦੀ ਕਿਤਾਬ ਅਨੁਸਾਰ ਉਸ ਵਕਤ ਗਿਆਨੀ ਜ਼ੈਲ ਸਿੰਘ ਖਾਲਿਸਤਾਨ ਲਹਿਰ ਰੂਪੀ 'ਚੱਕਰਵਿਊ' ਸਿਰਜਣ ਵਿਚ ਚੰਗੀ ਤਰ੍ਹਾਂ ਸਫਲ ਹੋ ਰਿਹਾ ਸੀ।

***(ਚੱਲਦਾ)***

# ਟਕਰਾਅ ਨਹੀਂ, ਗੱਲਬਾਤ ਸਹੀ ਰਾਹ

ਗੁਰਬਚਨ ਜਗਤ

ਕਿਸਾਨ ਅੰਦੋਲਨ ਹਾਲ ਦੀ ਘੜੀ ਮੁਲਤਵੀ ਹੈ। ਕਿਸਾਨ ਜਥੇਬੰਦੀਆਂ ਅਤੇ ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਖੇਤੀਬਾੜੀ ਸੁਧਾਰਾਂ ਬਾਰੇ ਤਿੰਨ ਕਾਨੂੰਨ ਲਾਗੂ ਕੀਤੇ ਗਏ ਸਨ। ਇਸ ਬਾਬਤ ਨਾ ਸਰਕਾਰ ਅਤੇ ਕਿਸਾਨਾਂ ਵਿਚਕਾਰ ਕੋਈ ਗੱਲਬਾਤ ਹੋਈ ਅਤੇ ਨਾ ਹੀ ਸੰਸਦ ਜਾਂ ਕਿਸੇ ਸੰਸਦੀ ਕਮੇਟੀ ਵਿਚ ਕੋਈ ਵਿਚਾਰ ਚਰਚਾ ਕੀਤੀ ਗਈ। ਇਸ ਇਕਪਾਸੜ ਕਾਰਵਾਈ ਕਰਕੇ ਇਕ ਸਾਲ ਤੋਂ ਵੱਧ ਸਮਾਂ ਅੰਦੋਲਨ ਚੱਲਿਆ ਅਤੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਲੱਖਾਂ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਲੱਗੇ ਮੋਰਚਿਆਂ ਵਿਚ ਹਿੱਸਾ ਲਿਆ। ਅੰਤ ਨੂੰ ਭਾਰਤ ਸਰਕਾਰ ਨੇ ਕਿਸਾਨਾਂ ਦੀਆਂ ਜ਼ਿਆਦਾਤਰ ਮੰਗਾਂ ਮੰਨ ਲਈਆਂ। ਜੇ ਸੰਸਦ ਵਿਚ ਇਸ ਮੁਤੱਲਕ ਅਗਾਊਂ ਚਰਚਾ ਹੋਈ ਹੁੰਦੀ ਤਾਂ ਇਸ ਸਭ ਕਾਸੇ ਤੋਂ ਬਚਿਆ ਜਾ ਸਕਦਾ ਸੀ।

ਕਾਰਜਪਾਲਿਕਾ ਦੀ ਸ਼ਕਤੀ ਦੇ ਇਕਤਰਫਾ ਇਸਤੇਮਾਲ ਅਤੇ ਸੰਸਦ ਨੂੰ ਪੂਰੀ ਤਰ੍ਹਾਂ ਬਾਈਪਾਸ ਕੀਤੇ ਜਾਣ ਕਰਕੇ ਇਹ ਟਕਰਾਅ ਪੈਦਾ ਹੋਇਆ ਸੀ। ਸਿਤਮਜ਼ਰੀਫੀ ਇਹ ਹੈ ਕਿ ਚੋਣ ਅਤੇ ਜਮਹੂਰੀ ਪ੍ਰਕਿਰਿਆ ਰਾਹੀਂ ਹੋਂਦ ਵਿਚ ਆਉਣ ਵਾਲੀ ਸਰਕਾਰ ਹੀ ਇਸ ਕਿਸਮ ਦਾ ਵਿਹਾਰ ਕਰਨ ਲੱਗ ਪਈ। ਸੰਸਦ ਅਤੇ ਬਹਿਸ ਲੋਕਰਾਜ ਦੀ ਮੂਲ ਪਛਾਣ ਹੁੰਦੇ ਹਨ। ਅਫਸੋਸ, ਅੱਜਕੱਲ੍ਹ ਇਨ੍ਹਾਂ ਪ੍ਰਕਿਰਿਆਵਾਂ ਨੂੰ ਅਣਡਿੱਠ ਕਰਨ ਦਾ ਰਿਵਾਜ ਹੀ ਬਣ ਗਿਆ ਹੈ। ਸਮੇਂ ਦੀ ਸਰਕਾਰ ਅਸਲ ਕੰਟਰੋਲ ਰੇਖਾ ਉਪਰ ਚੀਨ ਵੱਲੋਂ ਪੈਦਾ ਕੀਤੀਆ ਸਮੱਸਿਆਵਾਂ ਜਿਹੇ ਕੌਮੀ ਸੁਰੱਖਿਆ ਦੇ ਮੁੱਦਿਆਂ, ਪਰਵਾਸੀ ਮਜ਼ਦੂਰਾਂ, ਕੋਵਿਡ ਆਦਿ ਜਿਹੇ ਮੁੱਦਿਆਂ 'ਤੇ ਵੀ ਵਿਚਾਰ ਚਰਚਾ ਕਰਨ ਤੋਂ ਇਨਕਾਰੀ ਹੋ ਜਾਂਦੀ ਹੈ।

ਭਾਰਤ ਇਕ ਉਪ ਮਹਾਦੀਪ ਹੈ ਜਿੱਥੇ ਦੁਨੀਆਂ ਦੀ ਆਬਾਦੀ ਦਾ ਛੇਵਾਂ ਹਿੱਸਾ ਵਸਦਾ ਹੈ ਅਤੇ ਜੀਵਨ ਦੇ ਵੱਖ ਵੱਖ ਮਾਮਲਿਆਂ ਨੂੰ ਲੈ ਕੇ ਲੋਕਾਂ ਵਿਚ ਆਪਸੀ ਮਤਭੇਦ ਹੋਣਾ ਸੁਭਾਵਿਕ ਗੱਲ ਹੈ। ਬਹਰਹਾਲ, ਇਨ੍ਹਾਂ ਮਤਭੇਦਾਂ ਨੂੰ ਟਕਰਾਅ ਖਾਸਕਰ ਅਣਸੁਲਝੇ ਹਥਿਆਰਬੰਦ ਟਕਰਾਵਾਂ ਵਿਚ ਬਦਲਣ ਦੇਣਾ ਵੱਖ-ਵੱਖ ਸਰਕਾਰਾਂ ਦੀ ਨਾਕਾਮੀ ਹੈ ਜਿਹੜੀਆਂ ਕੇਂਦਰ ਤੇ ਸੂਬਿਆਂ ਅੰਦਰ ਸੱਤਾ ਦੀ ਕੁਰਸੀ ਨਾਲ ਚਿੰਬੜੀਆਂ ਰਹਿੰਦੀਆਂ ਹਨ। ਮੌਜੂਦਾ ਹਾਕਮਾਂ ਵੱਲੋਂ ਇਨ੍ਹਾਂ ਟਕਰਾਵਾਂ ਨੂੰ ਕਿਵੇਂ ਵਧਾਇਆ ਗਿਆ ਹੈ, ਇਸ ਦਾ ਨਿਰਣਾ ਇਤਿਹਾਸ ਕਰੇਗਾ। ਆਓ, ਇਸ ਵੇਲੇ ਦੇਸ਼ ਅੰਦਰ ਚੱਲ ਰਹੇ ਕੁਝ ਪ੍ਰਮੁੱਖ ਟਕਰਾਵਾਂ 'ਤੇ ਝਾਤ ਮਾਰੀਏ। ਛੱਤੀਸਗੜ੍ਹ, ਬਿਹਾਰ, ਝਾਰਖੰਡ ਅਤੇ ਮਹਾਰਾਸ਼ਟਰ ਦੇ ਕੁਝ ਹਿੱਸਿਆਂ ਵਿਚ ਪਿਛਲੇ ਕਈ ਦਹਾਕਿਆਂ ਤੋਂ ਮਾਓਵਾਦੀ ਸੰਘਰਸ਼ ਚੱਲ ਰਹੇ ਹਨ ਜਿਨ੍ਹਾਂ ਵਿਚ ਦੋਵੇਂ ਤਰਫੋਂ ਸੈਂਕੜਿਆਂ ਦੀ ਤਾਦਾਦ ਵਿਚ ਜਾਨਾਂ ਜਾ ਚੁੱਕੀਆਂ ਹਨ।

ਕਾਰਪੋਰੇਟ ਕੰਪਨੀਆਂ ਇਸ 'ਚੋਂ ਆਪਣਾ ਹਿੱਸਾ ਵੰਡਾਉਣਾ ਚਾਹੁੰਦੀਆਂ ਸਨ। ਸਨਅਤੀਕਰਨ ਦੇ ਰਾਹ 'ਤੇ ਚੱਲ ਕੇ ਆਧੁਨਿਕ ਅਰਥਚਾਰਾ ਬਣਨ ਦੀ ਕੋਸ਼ਿਸ਼ ਕਰ ਰਹੇ ਕਿਸੇ ਦੇਸ਼ ਨੂੰ ਆਪਣੇ ਕੁਦਰਤੀ ਸਰੋਤਾਂ ਬਾਰੇ ਨਿਰਖ ਪਰਖ ਕਰਨ/ਇਨ੍ਹਾਂ ਨੂੰ ਜੋਖਣ ਦੀ ਲੋੜ ਹੈ। ਇਹ ਕੋਈ ਸਮੱਸਿਆ ਨਹੀਂ ਹੈ। ਸਮੱਸਿਆ ਰਵਾਇਤੀ ਮਾਲਕਾਂ ਅਤੇ ਤੇਜ਼ੀ ਨਾਲ ਉਭਰੇ ਨਵੇਂ ਦਾਅਵੇਦਾਰਾਂ ਦਰਮਿਆਨ ਅਸਾਵੀਂ ਵੰਡ ਦੀ ਹੈ। ਹਾਲ ਹੀ ਵਿਚ ਪ੍ਰਕਾਸ਼ਤ ਵਿਸ਼ਵ ਨਾ-ਬਰਾਬਰੀ ਰਿਪੋਰਟ ਤੋਂ ਪਤਾ ਚਲਦਾ ਹੈ ਕਿ ਭਾਰਤ ਦੀ ਤਕਰੀਬਨ 65 ਫੀਸਦ ਦੌਲਤ 10 ਫੀਸਦ ਲੋਕਾਂ ਦੇ ਹੱਥਾਂ ਵਿਚ ਇਕੱਠੀ ਹੋ ਗਈ ਹੈ। ਇੱਥੇ ਹੀ ਸਮੱਸਿਆ ਪਈ ਹੈ- ਬੇਈਮਾਨ ਕੰਪਨੀਆਂ ਨੂੰ ਕਬਾਇਲੀ ਖੇਤਰਾਂ ਵਿਚ ਪੈਂਦੇ ਸਰੋਤਾਂ ਅਤੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ੍ਹੀ ਛੂਟ ਦੇ ਕੇ ਕਰੋਨੀ/ਜੁੰਡਲੀ ਪੂੰਜੀਵਾਦ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਸਿੱਟੇ ਵਜੋਂ ਟਕਰਾਅ ਪੈਦਾ ਹੁੰਦਾ ਹੈ ਜਿਸ ਨੂੰ ਭਖਾਇਆ ਜਾਂਦਾ ਹੈ ਤਾਂ ਕਿ ਸੱਤਾਧਾਰੀ ਨਿਜ਼ਾਮ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਹਥਿਆਰਬੰਦ ਦਸਤਿਆਂ ਦੀ ਵਰਤੋਂ ਕਰਨ ਦਾ ਮੌਕਾ ਮਿਲਦਾ ਰਹੇ। ਲੋਕਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੇ ਗਿਲੇ ਸ਼ਿਕਵੇ ਦੂਰ ਕਰਨ ਦੀ ਕਦੇ ਕੋਈ ਬੱਝਵੀਂ ਕੋਸ਼ਿਸ਼ ਨਹੀਂ ਕੀਤੀ ਗਈ। ਗੱਲਬਾਤ ਦੀ ਅਣਹੋਂਦ ਵਿਚ ਸਟੇਟ ਵਿਸ਼ੇਸ਼ ਤਾਕਤਾਂ ਅਤੇ ਕਾਨੂੰਨਾਂ ਦਾ ਇਸਤੇਮਾਲ ਕਰ ਕੇ ਵੱਡੇ ਪੱਧਰ 'ਤੇ ਕੇਂਦਰੀ ਹਥਿਆਰਬੰਦ ਪੁਲਿਸ ਦਸਤੇ ਅਤੇ ਗੈਰ-ਹੁਨਰਮੰਦ ਸੂਬਾਈ ਪੁਲਿਸ ਦਸਤੇ ਤਾਇਨਾਤ ਕਰਦੀ ਹੈ। ਇਸ ਨਾਲ ਅਮੁੱਕ ਟਕਰਾਅ ਅਤੇ ਮੁਕਾਮੀ ਲੋਕਾਂ ਦਾ ਘਾਣ ਸ਼ੁਰੂ ਹੋ ਜਾਂਦਾ ਹੈ। ਸਟੇਟ ਦੀ ਇਸ ਨਾਕਾਮੀ ਕਰਕੇ ਕੁਝ ਲੋਕ ਸਟੇਟ ਖਿਲਾਫ ਹਥਿਆਰ ਉਠਾ ਲੈਂਦੇ ਹਨ। ਲੋਕਾਂ ਲਈ ਇਕੋ-ਇਕ ਪਾਏਦਾਰ ਰਾਹ ਇਹ ਬਚਦਾ ਹੈ ਕਿ ਉਹ ਆਪਣੀ ਮੁਕਾਮੀ ਲੀਡਰਸ਼ਿਪ ਹੇਠ ਸ਼ਾਂਤਮਈ ਸੰਘਰਸ਼ ਵਿੱਢਣ ਅਤੇ ਉਸ ਨੂੰ ਲੰਮਾ ਸਮਾਂ ਚਲਦਾ ਰੱਖਣ। ਸਿਤਮਜ਼ਰੀਫੀ ਇਹ ਹੈ ਕਿ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਸਾਨੂੰ ਇਹੀ ਰਾਹ ਅਖਤਿਆਰ ਕਰਨਾ ਪਿਆ ਸੀ। ਜਨ ਅੰਦੋਲਨ ਅਤੇ ਇਸ ਦੇ ਸਿੱਟੇ ਵਜੋਂ ਵੋਟਾਂ ਖੁੱਸਣ ਦਾ ਡਰ ਪੈਦਾ ਕਰਨਾ ਹੀ ਇਕੋ-ਇਕ ਹੰਢਣਸਾਰ ਰਾਹ ਬਚਿਆ ਹੈ।

ਦੇਸ਼ ਦੇ ਉਤਰ ਪੂਰਬੀ ਖਿੱਤੇ ਦੀ ਗੱਲ ਕਰੀਏ ਤਾਂ ਇਹ ਉਹ ਖਿੱਤਾ ਹੈ ਜੋ ਕਈ ਦਹਾਕਿਆਂ ਤੱਕ ਅਸ਼ਾਂਤ ਰਿਹਾ ਹੈ। ਅਜਿਹੀ ਸੂਰਤ ਵਿਚ ਬਹੁਤਾ ਸਮਾਂ ਭਾਰਤ ਸਰਕਾਰ ਹੀ ਦੂਰੋਂ ਸ਼ਾਸਨ ਕਰਦੀ ਰਹੀ ਹੈ ਪਰ ਇਸ ਦੇ ਕੋਈ ਬਿਹਤਰ ਨਤੀਜੇ ਨਹੀਂ ਨਿਕਲੇ। ਕਈ ਸਾਲਾਂ ਤੱਕ ਦਿੱਲੀ ਵਿਚ ਬੈਠੇ ਨੌਕਰਸ਼ਾਹ (ਜ਼ਿਆਦਾਤਰ ਜੁਆਇੰਟ ਸੈਕਟਰੀ ਪੱਧਰ ਦੇ ਅਫਸਰ) ਹੀ ਮਾਮਲੇ ਚਲਾਉਂਦੇ ਰਹੇ ਹਨ। ਇਹ ਉਨ੍ਹਾਂ ਸੂਬਿਆਂ ਦੇ ਲੋਕਾਂ ਲਈ ਇਕ ਜ਼ਲਾਲਤ ਭਰਿਆ ਅਨੁਭਵ ਸਾਬਿਤ ਹੋਇਆ ਹੈ। ਭਾਰਤ ਸਰਕਾਰ ਨੇ ਇਨ੍ਹਾਂ 'ਚੋਂ ਜ਼ਿਆਦਾਤਰ ਖੇਤਰਾਂ ਵਿਚ ਅਫਸਪਾ (ਹਥਿਆਰਬੰਦ ਦਸਤਿਆਂ ਲਈ ਵਿਸ਼ੇਸ਼ ਤਾਕਤਾਂ ਦਾ ਕਾਨੂੰਨ) ਲਾਗੂ ਕੀਤਾ ਹੋਇਆ ਹੈ ਪਰ ਆਮ ਨਾਗਰਿਕਾਂ ਤੰਗ ਪ੍ਰੇਸ਼ਾਨ ਕਰਨ ਤੋਂ ਬਿਨਾ ਇਸ ਦਾ ਕੋਈ ਸਾਕਾਰਾਤਮਕ ਨਤੀਜਾ ਸਾਹਮਣੇ ਨਹੀਂ ਆਇਆ। ਬਹੁਤ ਸਾਰੇ ਸੂਬਿਆਂ ਵਿਚ ਅਫਸਪਾ ਕਈ ਦਹਾਕਿਆਂ ਤੋਂ ਲਾਗੂ ਹੈ। ਇਨ੍ਹਾਂ ਖੇਤਰਾਂ ਅੰਦਰ ਪ੍ਰਸ਼ਾਸਨ ਭ੍ਰਿਸ਼ਟ ਅਤੇ ਨਾਅਹਿਲ ਹੈ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਚਲਦੀ ਹੈ।

***ਸਰਕਾਰ ਅਤੇ ਲੋਕਾਂ ਦਰਮਿਆਨ ਬਿਨਾ ਵਿਚੋਲਿਆਂ ਤੋਂ ਬੱਝਵੀਂ ਗੱਲਬਾਤ ਹੋਣੀ ਚਾਹੀਦੀ ਹੈ। ਸੂਬਾਈ ਪੁਲਿਸ ਦੀ ਵਧੇਰੇ ਸ਼ਮੂਲੀਅਤ ਹੋਣੀ ਚਾਹੀਦੀ ਹੈ ਅਤੇ ਹਥਿਆਰਬੰਦ ਦਸਤਿਆਂ ਦੀ ਸ਼ਮੂਲੀਅਤ ਘੱਟ ਤੋਂ ਘੱਟ ਰੱਖੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਟੀ.ਵੀ., ਅਖਬਾਰਾਂ ਅਤੇ ਸੋਸ਼ਲ ਮੀਡੀਆ ਨੂੰ ਵੀ ਆਪਣੇ ਹਵਾਈ ਕਿਲ੍ਹਿਆਂ 'ਚੋਂ ਬਾਹਰ ਆ ਕੇ ਝਾਤੀ ਮਾਰਨ ਦੀ ਲੋੜ ਹੈ।***

ਕੇਂਦਰ ਵੱਲੋਂ ਇਨ੍ਹਾਂ ਖੇਤਰਾਂ ਲਈ ਬਣਾਏ ਗਏ ਵਿਸ਼ੇਸ਼ ਵਿਕਾਸ ਫੰਡ ਅਤੇ ਵਿਸ਼ੇਸ਼ ਵਿਭਾਗ ਵੱਡੇ ਪੱਧਰ 'ਤੇ ਹੁੰਦੇ ਭ੍ਰਿਸ਼ਟਾਚਾਰ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਵਿਚ ਨਾਕਾਮ ਰਹੇ ਹਨ। ਵੱਖ ਵੱਖ ਵਿਭਾਗਾਂ ਦੇ ਫੰਡ ਅਤੇ ਭਰਤੀਆਂ ਦੀ ਸਰਕਾਰੀ ਅਹਿਲਕਾਰਾਂ ਦਰਮਿਆਨ ਵੰਡ ਕਰ ਦਿੱਤੀ ਜਾਂਦੀ ਅਤੇ ਨਾਗਾਲੈਂਡ ਤੇ ਮਨੀਪੁਰ ਜਿਹੇ ਖੇਤਰਾਂ ਵਿਚ ਰੂਪੋਸ਼ ਅਨਸਰ ਨਿਯਮਤ ਰੂਪ ਵਿਚ ਫੰਡਾਂ ਦਾ ਵੱਡਾ ਹਿੱਸਾ ਹਾਸਲ ਕਰਦੇ ਆ ਰਹੇ ਹਨ ਅਤੇ ਉਹ ਟ੍ਰਾਂਸਪੋਰਟਰਾਂ, ਕਾਰੋਬਾਰੀਆਂ ਅਤੇ ਦੁਕਾਨਦਾਰਾਂ ਤੋਂ ਵੀ ਵਸੂਲੀ ਕਰਦੇ ਹਨ। ਉਹ ਵਿਆਪਕ ਬੰਦ ਕਰਵਾ ਕੇ ਰਿਆਸਤ/ਸਟੇਟ ਤੇ ਲੋਕਾਂ ਨੂੰ ਅੱਗੇ ਲਾ ਲੈਂਦੇ ਹਨ। ਨਾਗਾਲੈਂਡ ਵਿਚ ਤਾਂ ਇਕ ਤਰ੍ਹਾਂ ਨਾਲ ਪਾਬੰਦੀਸ਼ੁਦਾ ਜਥੇਬੰਦੀਆਂ ਦਾ ਹੀ ਸਿੱਕਾ ਚਲਦਾ ਹੈ। ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਇਨ੍ਹਾਂ ਜਥੇਬੰਦੀਆਂ ਨਾਲ ਗੱਲਬਾਤ ਕਰਨ ਵਾਲੇ ਵਾਰਤਾਕਾਰ ਮੌਜੂਦ ਹਨ ਪਰ ਇਸ ਦਾ ਕੋਈ ਠੋਸ ਨਤੀਜਾ ਨਹੀਂ ਨਿਕਲਿਆ। ਹਰ ਵਾਰ ਕਿਹਾ ਜਾਂਦਾ ਹੈ ਕਿ ਸਮੱਸਿਆ ਹੱਲ ਦੇ ਨੇੜੇ ਪਹੁੰਚ ਗਈ ਹੈ ਪਰ ਉਹ ਪੜਾਅ ਹਮੇਸ਼ਾ ਅੱਗੇ ਖਿਸਕਦਾ ਰਹਿੰਦਾ ਹੈ। ਨਿਹਿਤ ਸਵਾਰਥੀਆਂ ਨੂੰ ਲਾਂਭੇ ਰੱਖ ਕੇ ਸਰਕਾਰ ਅਤੇ ਲੋਕਾਂ ਦਰਮਿਆਨ ਸਿੱਧੀ ਗੱਲਬਾਤ ਹੋਣੀ ਚਾਹੀਦੀ ਹੈ। ਨਾਗਾਲੈਂਡ ਅਤੇ ਮਨੀਪੁਰ ਵਿਚ ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ ਬਹੁਤ ਮਜ਼ਬੂਤ ਹਨ ਅਤੇ ਗੱਲਬਾਤ ਚਲਾਉਣ ਦੇ ਸਮੱਰਥ ਹਨ। ਜੇ ਟਕਰਾਅ ਸੁਲਝਾਉਣੇ ਹਨ ਤਾਂ ਸਰਕਾਰ ਅਤੇ ਲੋਕਾਂ ਦਰਮਿਆਨ ਪਾੜਾ ਘਟਾਉਣਾ ਪਵੇਗਾ ਅਤੇ ਇਸ ਮਾਮਲੇ ਵਿਚ ਸਰਕਾਰ ਨੂੰ ਪਹਿਲ ਕਰਨੀ ਪੈਣੀ ਹੈ।

ਜੰਮੂ ਕਸ਼ਮੀਰ ਵਿਚ ਹਾਲਾਤ ਬਿਲਕੁਲ ਵੱਖਰੇ ਹਨ ਕਿਉਂਕਿ ਉਥੇ ਵਿਦੇਸ਼ੀ ਅਨਸਰਾਂ, ਹਥਿਆਰਾਂ ਤੇ ਨਸ਼ਿਆਂ ਦੇ ਰੂਪ ਵਿਚ ਪਾਕਿਸਤਾਨ ਦੀ ਤਰਫੋਂ ਘੁਸਪੈਠ ਕੀਤੀ ਜਾਂਦੀ ਹੈ। ਭੂਗੋਲਿਕ ਸਥਿਤੀਆਂ ਅਜਿਹੀਆਂ ਹਨ ਕਿ ਇਸ ਘੁਸਪੈਠ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕੀਤਾ ਜਾ ਸਕਦਾ ਅਤੇ ਇਹ ਵੀ ਮੰਨਣਾ ਪੈਣਾ ਹੈ ਕਿ ਇਸ ਨੂੰ ਕੁਝ ਹੱਦ ਤੱਕ ਮੁਕਾਮੀ ਹਮਾਇਤ ਵੀ ਹਾਸਿਲ ਹੈ। ਇੱਥੇ ਵੀ ਮੁੱਖਧਾਰਾ ਦੀਆਂ ਪਾਰਟੀਆਂ ਅਤੇ ਸੂਬਾਈ ਪ੍ਰਸ਼ਾਸਨ ਕੋਈ ਖਾਸ ਮਦਦਗਾਰ ਸਾਬਿਤ ਨਹੀਂ ਹੋ ਸਕੇ। ਵੱਖ ਵੱਖ ਪੱਧਰਾਂ 'ਤੇ ਫੰਡਾਂ ਵਿਚ ਬਹੁਤ ਜ਼ਿਆਦਾ ਲੀਕੇਜ ਹੁੰਦੀ ਹੈ ਅਤੇ ਪ੍ਰਸ਼ਾਸਨ ਸਰਗਰਮੀ ਨਾਲ ਕੰਮ ਨਹੀਂ ਕਰਦਾ। ਸਾਰੇ ਪੱਧਰਾਂ 'ਤੇ ਸਰਕਾਰ ਅਤੇ ਲੋਕਾਂ ਦਰਮਿਆਨ ਬੱਝਵੇਂ ਰੂਪ ਵਿਚ ਗੱਲਬਾਤ ਹੋਣੀ ਜ਼ਰੂਰੀ ਹੈ। ਇਸੇ ਤਰ੍ਹਾਂ ਲੋਕਾਂ ਨੂੰ ਆਪੋ ਆਪਣੇ ਖੇਤਰਾਂ ਦੇ ਵਿਕਾਸ ਕਾਰਜਾਂ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜ਼ਮੀਨੀ ਪੱਧਰ 'ਤੇ ਲੋਕਾਂ ਦੇ ਨੁਮਾਇੰਦਿਆਂ ਅਤੇ ਮੁਕਾਮੀ ਪ੍ਰਸ਼ਾਸਨ ਦਰਮਿਆਨ ਨਿਰੰਤਰ ਗੱਲਬਾਤ ਚਲਾਉਣੀ ਜ਼ਰੂਰੀ ਹੈ। ਅਫਸਪਾ ਵਰਗੇ ਸਖਤ ਕਾਨੂੰਨ ਇਕੱਲੇ ਨਤੀਜੇ ਨਹੀਂ ਦੇ ਸਕਦੇ ਤੇ ਨਾ ਹੀ ਟਕਰਾਅ ਸੁਲਝਾਅ ਸਕਦੇ ਹਨ। ਗੱਲਬਾਤ ਦੀ ਅਣਹੋਂਦ ਕਰਕੇ ਮੁਕਾਮੀ ਲੜਕਿਆਂ ਦੀ ਅਤਿਵਾਦ ਵਿਚ ਸ਼ਮੂਲੀਅਤ ਵਧ ਰਹੀ ਹੈ ਅਤੇ ਇਹ ਖਾਸ ਕਰਕੇ ਸ੍ਰੀਨਗਰ ਵਿਚ ਦੇਖਣ ਨੂੰ ਮਿਲ ਰਿਹਾ ਹੈ।

ਸੰਖੇਪ ਸਾਰ ਇਹ ਹੈ ਕਿ ਸਰਕਾਰ ਅਤੇ ਲੋਕਾਂ ਦਰਮਿਆਨ ਬਿਨਾ ਵਿਚੋਲਿਆਂ ਤੋਂ ਪਿੰਡ ਤੋਂ ਲੈ ਕੇ ਉਪਰ ਤੱਕ ਹਰੇਕ ਪੱਧਰ 'ਤੇ ਬੱਝਵੀਂ ਗੱਲਬਾਤ ਹੋਣੀ ਚਾਹੀਦੀ ਹੈ। ਸੂਬਾਈ ਪੁਲਿਸ ਦੀ ਵਧੇਰੇ ਸ਼ਮੂਲੀਅਤ ਹੋਣੀ ਚਾਹੀਦੀ ਹੈ ਅਤੇ ਹਥਿਆਰਬੰਦ ਦਸਤਿਆਂ ਦੀ ਸ਼ਮੂਲੀਅਤ ਘੱਟ ਤੋਂ ਘੱਟ ਰੱਖੀ ਜਾਣੀ ਚਾਹੀਦੀ ਹੈ।

ਆਖਰੀ ਸ਼ਬਦ ਟੀ.ਵੀ., ਅਖਬਾਰਾਂ ਅਤੇ ਸੋਸ਼ਲ ਮੀਡੀਆ ਵਿਚਲੇ ਮਿੱਤਰਾਂ ਵਾਸਤੇ ਹਨ। ਤੁਹਾਨੂੰ ਵੀ ਆਪਣੇ ਹਵਾਈ ਕਿਲ੍ਹਿਆਂ 'ਚੋਂ ਬਾਹਰ ਆ ਕੇ ਝਾਤੀ ਮਾਰਨ ਦੀ ਲੋੜ ਹੈ ਅਤੇ ਵੱਖ ਵੱਖ ਥਾਵਾਂ 'ਤੇ ਜਾ ਕੇ ਲੋਕਾਂ ਨੂੰ ਮਿਲਣਾ ਚਾਹੀਦਾ ਹੈ ਜਿਨ੍ਹਾਂ ਬਾਰੇ ਤੁਸੀਂ ਲਿਖਦੇ ਰਹਿੰਦੇ ਹੋ ਜਾਂ ਜਿਨ੍ਹਾਂ ਨੂੰ ਤੁਹਾਡੇ ਚੈਨਲਾਂ ਰਾਹੀਂ ਪ੍ਰਵਚਨ ਦਿੱਤੇ ਜਾਂਦੇ ਹਨ। ਜੇ ਤੁਸੀਂ ਇਮਾਨਦਾਰੀ ਅਤੇ ਇੱਜ਼ਤ ਮਾਣ ਨਾਲ ਆਪਣਾ ਫਰਜ਼ ਨਿਭਾਓਗੇ ਅਤੇ ਜ਼ਮੀਨੀ ਪੱਧਰ ਤੋਂ ਰਿਪੋਰਟਿੰਗ ਕਰੋਗੇ ਤਾਂ ਸਮੱਸਿਆਵਾਂ ਬਹੁਤ ਜਲਦੀ ਸੁਲਝ ਜਾਣਗੀਆਂ ਤੇ ਸਹੀ ਦਿਸ਼ਾ ਵੱਲ ਅੱਗੇ ਵਧਣਗੀਆਂ। ਟਕਰਾਅ ਵਿਚ ਸ਼ਾਮਲ ਲੋਕਾਂ ਦੇ ਨਜ਼ਰੀਏ ਤੋਂ ਚੀਜ਼ਾਂ ਨੂੰ ਦੇਖਣ ਦਾ ਯਤਨ ਕਰੋ ਅਤੇ ਸਮੱਸਿਆਵਾਂ ਘਟਾਉਣ ਵਿਚ ਮਦਦ ਕਰੋ ਨਾ ਕਿ ਉਨ੍ਹਾਂ ਨੂੰ ਹੋਰ ਵਧਾਉਣ ਵਿਚ।

ਕਹਾਣੀ

# ਲਾਂਬੂ

**ਬੰਦੇ ਦੀ ਹੋਣੀ ਨੂੰ ਬਿਆਨ ਕਰਦੀ ਸਰਘੀ ਦੀ ਕਹਾਣੀ 'ਲਾਂਬੂ' ਦੀਆਂ ਇਕ ਨਹੀਂ, ਅਨੇਕ ਪਰਤਾਂ ਹਨ। ਇਸ ਅੰਦਰ ਸਮਝ ਅਤੇ ਸਵਾਰਥ ਦਾ ਬਰਾਬਰ ਦਾ ਦਖਲ ਹੈ ਪਰ ਗੱਲ ਆਖਿਰਕਾਰ ਬੰਦੇ ਦੀ ਹੋਂਦ 'ਤੇ ਹੀ ਟੁੱਟਦੀ ਹੈ। ਇਹ ਅਸਲ ਵਿਚ ਔਖੇ ਵੇਲਿਆਂ ਵਿਚ ਬੰਦੇ ਦੀ ਅਜ਼ਮਾਇਸ਼ ਦੀ ਕਹਾਣੀ ਹੈ।**

ਮੈਂ ਬਹੁਤ ਥੱਕਿਆ ਹੋਇਆ ਸੀ ਤੇ ਪਤਾ ਨਹੀਂ ਕਿਹੜੇ ਵੇਲੇ ਅੱਖ ਲੱਗ ਗਈ। ਮੀਟੀਆਂ ਅੱਖਾਂ ਨੂੰ ਅੱਗ ਦੇ 'ਲਾਂਬੂ' ਦਿਸਣ ਲੱਗੇ। ਹਰ ਮੁਰਦੇ ਨੂੰ ਉਹਦੇ ਵਾਰਿਸ ਹਫੜਾ-ਦਫੜੀ 'ਚ 'ਲਾਂਬੂ' ਲਾ ਰਹੇ ਸਨ ਪਰ ਮੇਰੇ ਕੋਲੋਂ ਆਪਣੇ ਬਾਪੂ ਨੂੰ 'ਲਾਂਬੂ' ਨਹੀਂ ਲਾ ਹੋਇਆ। ਕੋਸ਼ਿਸ਼ ਕੀਤੀ ਸੀ ਪਰ ਨੇਜ਼ਿਆਂ, ਛੁਰੀਆਂ ਤੇ ਤਲਵਾਰਾਂ ਦੇ ਹਜੂਮ ਅੱਗੇ ਮੇਰੀ ਕੋਈ ਪੇਸ਼ ਨਾ ਗਈ। ਫਿਰ ਹਥਿਆਰਾਂ ਦਾ ਹਜੂਮ ਕਿਧਰੇ ਦੂਰ ਰਹਿ ਜਾਂਦਾ ਹੈ। ਆਪਣੀ ਜਾਨ ਬਚਾ ਲੈਂਦਾ ਹਾਂ ਪਰ ਗੱਡੇ 'ਤੇ ਪਈ ਲਾਸ਼ ਦੀਆਂ ਅੱਖਾਂ ਤੋਂ ਬਚਿਆ ਨਹੀਂ ਜਾਂਦਾ। ਉਹ ਤਾਂ ਅਜੇ ਵੀ ਮੇਰਾ ਪਿੱਛਾ ਕਰ ਰਹੀਆਂ ਹਨ। ਮੈਂ ਬੌਂਦਲਿਆ ਜਿਹਾ ਉਠਦਾ ਹਾਂ ਪਰ ਮੈਂ ਤਾਂ ਆਪਣੇ ਬਾਪ ਦਾ ਸਸਕਾਰ ਆਪਣੇ ਹੱਥੀਂ ਕੀਤਾ ਸੀ।

ਸਾਹਮਣੇ ਕੰਧ 'ਤੇ ਲੱਗੀ ਫੋਟੋ ਵਿਚਲਾ ਬਾਪੂ ਮੁਸਕਰਾਉਂਦਾ ਹੈ। ਮੈਂ ਬੀਤੇ ਨੂੰ ਹੰਘਾਲਦਾ ਹਾਂ ਤੇ ਫਿਰ ਬਾਪੂ ਬੋਲਣ ਲੱਗ ਪਿਆ ਸੀ, 'ਪੁੱਤਰਾ, ਜਦ ਕਦੇ ਜ਼ਮੀਨ-ਜੈਦਾਦ ਵੇਖ ਬਹੁਤਾ ਹੰਕਾਰ ਆ ਜਾਵੇ ਤਾਂ ਚੇਤੇ ਕਰ ਲਿਆ ਕਰੀਂ, ਸੰਤਾਲੀ ਵੇਲੇ 'ਭੋਇੰ-ਨਈ' ਦੇ ਮਾਲਕ ਤੇਰੇ ਦਾਦੇ



ਸਰਘੀ
ਫੋਨ: +91-99888-54454

ਨੂੰ ਖੱਫਣ ਵੀ ਨਹੀਂ ਸੀ ਜੁੜਿਆ ਤੇ ਨਾ ਹੀ ਉਹਦੀ ਚਿਖਾ ਨੂੰ ਪੁੱਤ ਦੇ ਹੱਥੋਂ 'ਲਾਂਬੂ' ਲਾ ਹੋਇਆ ਸੀ।'

ਤੜਕੇ ਆਇਆ ਇਹ ਸੁਪਨਾ ਮੈਨੂੰ ਬੇਚੈਨ ਕਰ ਗਿਆ ਸੀ। ਭਈਏ ਨੂੰ ਨਾਲ ਲੈ ਮੈਂ 'ਚੜ੍ਹਦੀ ਪੱਤੀ' ਦੀਆਂ ਮੜ੍ਹੀਆਂ ਵੱਲ ਲੱਗੇ ਬੂਟਿਆਂ ਨੂੰ ਪਾਣੀ ਦੇਣ ਤੁਰ ਪੈਂਦਾ ਹਾਂ। ਉਂਜ ਤਾਂ 'ਲਹਿੰਦੀ ਪੱਤੀ' ਦੀਆਂ ਮੜ੍ਹੀਆਂ 'ਚ ਵੀ ਫੁੱਲ-ਬੂਟੇ ਮੈਂ ਹੀ ਲਗਵਾਏ ਸਨ, ਪਰ ਪਤਾ ਨਹੀਂ ਕਿਉਂ ਮੈਂ ਉਨ੍ਹਾਂ ਬੂਟਿਆਂ ਨੂੰ ਆਪ ਪਾਣੀ ਦੇਣ ਕਦੇ ਨਹੀਂ ਗਿਆ। ਆਪਣੇ ਹੀ ਪਿੰਡ ਦੀਆਂ ਗਲੀਆਂ ਮੈਨੂੰ ਓਪਰੀਆਂ ਜਿਹੀਆਂ ਲੱਗੀਆਂ। ਕੰਮ-ਧੰਦਿਆਂ ਦੇ ਦਿਨ ਸਨ। ਕਹਿੰਦੇ ਹੁੰਦੇ ਆ ਇਨ੍ਹਾਂ ਦਿਨਾਂ 'ਚ ਤਾਂ ਜ਼ਿਮੀਂਦਾਰ ਆਪਣੀ ਮਰੀ ਮਾਂ 'ਭੜੋਲੇ' ਪਾ ਛੱਡਦੇ ਪਰ ਹੁਣ ਤਾਂ ਉਹ ਜਿਉਂਦੇ ਜੀਅ ਆਪ ਹੀ 'ਭੜੋਲੇ' 'ਚ ਪੈ ਗਏ ਸਨ।

ਮੌਸਮ ਬਹਾਰ ਦਾ ਸੀ, ਕਣਕ ਨਿੱਸਰ ਆਈ ਸੀ, ਕੋਇਲ ਦੀ ਕੂ-ਕੂ ਦੂਰ ਤਕ ਸੁਣ ਰਹੀ ਸੀ। ਪਸ਼ੂ, ਪੰਛੀ, ਪਰਿੰਦਿਆਂ 'ਤੇ 'ਚੰਦਰੇ ਵਾਇਰਸ' ਦਾ ਕੋਈ ਅਸਰ ਨਹੀਂ ਸੀ ਪਰ ਬੰਦੇ ਨੂੰ ਇਸ 'ਕਰੋਨਾ ਵਾਇਰਸ' ਨੇ ਕਾਸੇ ਜੋਗਾ ਨਾ ਰਹਿਣ ਦਿੱਤਾ। ਗਲੀ ਦੀ 'ਸੁੰਨ-ਮਸਾਣ' ਵੇਖ ਮੇਰੇ ਅੰਦਰੋਂ ਪੀਲੂ ਬੋਲਣ ਲੱਗ ਪਿਆ 'ਗਲੀਆਂ ਹੋ ਜਾਣ ਸੁੰਨੀਆਂ, ਵਿਚ ਮਿਰਜ਼ਾ ਯਾਰ ਫਿਰੇ'। ਤੇ ਇਸ ਵੇਲੇ ਮੈਨੂੰ ਆਪਣਾ ਆਪ ਮਿਰਜ਼ੇ ਤੋਂ ਘੱਟ ਨਹੀਂ ਲੱਗ ਰਿਹਾ।

ਤਿੰਨ ਮਹੀਨੇ ਪਹਿਲਾਂ ਚੀਨ 'ਚ ਨਵੇਂ ਵਾਇਰਸ ਦੀ ਗੱਲ ਸੁਣੀ ਸੀ। ਉਦੋਂ ਮੈਂ ਮਾੜਾ-ਮੋਟਾ ਅਖ਼ਬਾਰ 'ਚੋਂ ਇਹਦੇ ਬਾਰੇ ਪੜ੍ਹਿਆ, ਪਰ ਬਹੁਤੇ ਪਿੰਡ ਵਾਲੇ ਇਸ ਤੋਂ ਅਣਜਾਣ ਹੀ ਸਨ। ਰੋਜ਼ ਵਾਂਗ ਮੈਂ ਆਪਣੇ ਪੋਤਿਆਂ ਨੂੰ 'ਕਪਾਲ ਭਾਤੀ' ਕਰਵਾ ਰਿਹਾ ਸਾਂ। ਅੰਦਰੋਂ ਮੇਰਾ ਮੁੰਡਾ ਆਇਆ ਤਾਂ ਮੇਰੇ ਗਲ ਹੀ ਪੈ ਗਿਆ। ਹਲਕਿਆਂ ਵਾਂਗ ਉੱਚੀ ਸਾਰੀ ਕਹਿਣ ਲੱਗਾ, 'ਦੁਨੀਆ 'ਚ ਮਹਾਮਾਰੀ ਫੈਲੀ ਹੋਈ ਏ ਤੇ ਤੁਸੀਂ ਇੱਕ-ਦੂਜੇ ਦੇ ਸਾਹਮਣੇ ਬਹਿ ਕੇ ਇੱਕ-ਦੂਜੇ ਦੇ ਸਾਹਾਂ 'ਚ ਸਾਹ ਕੱਢ-ਪਾ ਰਹੇ ਹੋ। ਡੈਡ! ਥੋੜ੍ਹੀ ਅਕਲ ਕਰ ਲਿਆ ਕਰ, ਤੂੰ ਪੜ੍ਹਿਆ-ਲਿਖਿਆ ਬੰਦਾ, ਦੀਨ-ਦੁਨੀਆ ਦੀ ਸੋਝੀ ਰੱਖਣ ਵਾਲਾ।' ਉਸ ਦਿਨ ਪੁੱਤ ਦੀਆਂ ਕਹੀਆਂ-ਸੁਣੀਆਂ ਨੇ ਮੇਰੇ ਧੁਰ ਅੰਦਰ ਤਕ ਲਾਂਬੂ ਲਾ ਦਿੱਤਾ ਸੀ।

ਮੈਂ ਬਲਵੰਤ ਸਿੰਘ ਚੰਦੀ ਪਿੰਡ ਦਾ ਸਰਪੰਚ, ਜ਼ਮੀਨ ਜਾਇਦਾਦ ਵਾਲਾ ਬੰਦਾ, ਆਲੇ ਦੁਆਲੇ ਦੇ ਲੋਕ ਮੇਰੇ ਕੋਲੋਂ ਸਲਾਹਾਂ ਲੈ ਕੇ ਆਪਣੇ ਕੰਮ ਕਰਦੇ ਪਰ ਮੈਂ ਆਪਣੇ ਹੀ ਘਰ ਅੰਦਰ ਬੇਅਕਲਾ ਹੋ ਗਿਆ। ਉਸ ਵੇਲੇ ਜੀਅ 'ਚ ਆਈ ਆਖਾਂ-'ਕੰਜਰਾ ਮੈਨੂੰ ਅਕਲ ਬਥੇਰੀ ਸੀ ਪਰ ਤੇਰੇ ਵਰਗੇ ਧੀਆਂ-ਪੁੱਤ ਕਮਲਾ ਕਰ ਦੇਂਦੇ' ਪਰ ਕਹਿ ਨਾ ਹੋਇਆ। ਸੋਚਿਆ, ਛੁੱਟੀ ਕੱਟਣ ਆਇਆ, ਫਿਰ ਇਹਨੇ ਚਲੇ ਹੀ ਜਾਣਾ ਸ਼ਹਿਰ ਵਾਲੇ ਘਰ। ਕਈ ਵਾਰ ਸੋਚੂੰ, ਇਹੋ ਜਿਹੇ ਆਉਣ ਖੁਣੋਂ ਕੀ ਥੁੜ੍ਹਿਆ। ਜੇ ਰੱਬ ਨੇ ਸਾਥ ਖੋਹ 'ਕੱਲਾ ਕਰ ਦਿੱਤਾ ਹੈ ਤੇ ਫਿਰ ਮੈਂ ਆਪਣੇ ਘਰ 'ਕੱਲਾ ਹੀ ਚੰਗਾ। ਮਾਂ ਵਾਂਗੂੰ ਵਹਿਮੀ ਬੜਾ, ਪਤਾ ਨਹੀਂ ਕਿੰਨੀ ਵਾਰ ਕਮਲਿਆਂ ਵਾਂਗ ਹੱਥ ਈ ਧੋਈ ਜਾਂਦਾ।

ਇਸ ਬਿਮਾਰੀ ਤੋਂ ਮੈਂ ਕਿਹੜਾ ਅਣਜਾਣ ਸੀ ਪਰ ਹਾਲੇ ਸਾਡੇ ਦੇਸ਼ 'ਚ ਇਹਦਾ ਕੋਈ 'ਨਾਂ-ਨਿਸ਼ਾਨ' ਨਹੀਂ ਸੀ ਪਰ ਇਹ ਨਵਾਂ ਕੋੜਮਾ ਸਾਰੀ ਦਿਹਾੜੀ ਲੈਪਟਾਪ ਅੱਗੇ ਬੈਠਾ ਰਹਿੰਦਾ। ਇਨ੍ਹਾਂ ਨੂੰ ਸਭ ਪਤਾ ਹੁੰਦਾ। ਤਦ ਤਾਂ ਦੀਪ ਇਵੇਂ ਮੱਚ ਉਠਿਆ ਸੀ, ਜਿਵੇਂ ਸਹੁਰੀ ਦਾ ਕਰੋਨਾ ਬਾਹਰ ਹੀ ਖਲੋਤਾ ਹੋਵੇ। ਫਿਰ ਬਹੁਤ ਦਿਨ ਕਰੋਨਾ ਬਾਹਰ ਖਲੋਤਾ ਨਹੀਂ ਰਿਹਾ, ਸਾਡੇ ਦੇਸ਼ ਵੀ ਆਣ ਪਹੁੰਚਿਆ ਸੀ। ਪਾੜ੍ਹਿਆਂ ਨੇ ਤਾਂ ਕਦ ਦਾ ਇਸ ਬਿਮਾਰੀ ਦਾ ਕੱਪੜ-ਛਾਣ ਕਰ ਲਿਆ ਸੀ ਤੇ ਹੁਣ ਦੇਸਾਂ-ਪਰਦੇਸਾਂ 'ਚ ਬੈਠੇ ਸਾਰੇ ਧੀਆਂ-ਪੁੱਤ ਫੋਨ 'ਤੇ ਮਾਂ-ਪਿਉ ਨੂੰ ਨਸੀਹਤਾਂ ਦੇ ਪਹਾੜੇ ਪੜ੍ਹਾਉਣ ਲੱਗ ਪਏ ਸਨ, ਪਰ ਸਮਝਾਇਆ ਥੋੜ੍ਹਾ ਤੇ ਡਰਾਇਆ ਬਹੁਤਾ ਸੀ।

ਮੜ੍ਹੀਆਂ ਤੋਂ ਵਾਪਸ ਆਉਂਦਿਆਂ ਮੈਨੂੰ ਫਿਰ ਆਪਣਾ ਬਾਪੂ ਯਾਦ ਆਉਣ ਲੱਗ ਪਿਆ। ਬਾਪੂ ਹਰ ਮਰਨੇ-ਪਰਨੇ 'ਤੇ ਖੱਫਣ ਦੇ ਆਉਂਦਾ ਸੀ। ਲਾਂਬੂ ਲਾਉਣ ਲਈ ਲੱਕੜਾਂ ਵੀ ਸੁਟਵਾ ਦੇਂਦਾ ਸੀ। ਜਦ 'ਚੜ੍ਹਦੀ ਪੱਤੀ' ਦੇ ਸਰਦੇ-ਪੁੱਜਦੇ ਘਰ ਉਸ ਦੀ ਇਸ ਗੱਲ 'ਤੇ ਨੱਕ-ਮੂੰਹ ਵੱਟਣ ਲੱਗੇ ਤਾਂ ਫਿਰ ਉਹਨੇ ਆਪਣੀਆਂ ਮੁਹਾਰਾਂ 'ਲਹਿੰਦੀ ਪੱਤੀ' ਵੱਲ ਮੋੜ ਲਈਆਂ। ਲਾਗੇ-ਬੰਨ੍ਹੇ ਦੀ ਕਿਸੇ ਵੀ ਲਾਵਾਰਸ ਲਾਸ਼ ਨੂੰ ਲਾਂਬੂ ਲਾ ਕੇ ਬਾਪੂ ਸ਼ਾਇਦ ਆਪਣੇ ਹੀ ਅੰਦਰ ਮੱਚਦੇ 'ਲਾਂਬੂ' ਨੂੰ ਠੰਢ ਪਾ ਰਿਹਾ ਹੁੰਦਾ। ਬਾਪੂ ਅਕਸਰ ਕਹਿੰਦਾ, 'ਪੁੱਤਰਾ, ਕਿਸੇ ਦੇ ਦੁੱਖ ਵੰਡਾਅ, ਬੰਦਾ ਆਪਣੇ-ਆਪ ਨੂੰ ਹੀ ਹੌਲਾ ਕਰ ਰਿਹਾ ਹੁੰਦੈ।' ਬਾਪੂ ਜਹਾਨੋਂ ਤੁਰ ਗਿਆ ਤੇ ਲੋਕਾਂ ਦੇ 'ਦੁੱਖ-ਦਰਦ' ਵੰਡਾਉਣ ਦਾ ਜ਼ਿੰਮਾ 'ਚੁੱਪ-ਚੁਪੀਤੇ' ਮੈਂ ਲੈ ਲਿਆ ਤੇ ਬਾਪੂ ਦੇ ਅੰਦਰ ਮੱਚਦਾ 'ਲਾਂਬੂ' ਕਦ ਮੇਰੇ ਅੰਦਰ ਧੁਖਣ ਲੱਗਾ, ਮੈਨੂੰ ਪਤਾ ਹੀ ਨਾ ਲੱਗਿਆ।

ਮੇਰੇ ਆਪਣੇ ਪੁੱਤ ਦੇ ਅੜਬ ਜਿਹੇ ਬੋਲ ਮੈਨੂੰ ਧੁਰ ਅੰਦਰ ਤਕ ਦੁੱਖ ਦੇਂਦੇ, ਪਰ ਇਸ ਦੁੱਖ ਨੂੰ ਵੰਡਾਉਣ ਵਾਲਾ ਮੇਰੇ ਕੋਲ ਕੋਈ ਨਹੀਂ ਸੀ। ਹੋਰਨਾਂ ਦਾਦਿਆਂ ਵਾਂਗ ਮੈਨੂੰ ਵੀ 'ਮੂਲ ਨਾਲੋਂ ਵਿਆਜ' ਪਿਆਰਾ ਸੀ। ਸ਼ਾਇਦ ਇਸੇ ਲਈ ਪੁੱਤ ਦੀਆਂ ਕਹੀਆਂ-ਸੁਣੀਆਂ ਨੂੰ ਲਾਂਭੇ ਕਰ ਇਕ ਦਿਨ ਸ਼ਹਿਰ ਵਾਲੇ ਘਰ ਤੁਰ ਪਿਆ। ਘਰ ਦੀ ਬੈੱਲ ਮਾਰ-ਮਾਰ ਹੰਭ ਗਿਆ, ਪਰ ਦਰਵਾਜ਼ਾ ਨਾ ਖੁੱਲ੍ਹਿਆ। ਥੱਕ-ਹਾਰ ਕੇ ਮੁੰਡੇ ਨੂੰ ਫੋਨ ਕੀਤਾ ਤਾਂ ਉਸ ਕਿਹੜੀ 'ਸਤਿ-ਕੁਸਤਿ' ਬੁਲਾਈ ਸੀ, ਭਬਕ ਕੇ ਪੈ ਗਿਆ, 'ਕਰੋਨਾ ਬੁਰੀ ਤਰ੍ਹਾਂ ਫੈਲ ਰਿਹੈ ਤੇ ਤੁਹਾਨੂੰ ਮਿਲਣੇ ਸੁੱਝਣ ਡਏ ਆ। ਜੇ ਕੱਲ੍ਹ ਨੂੰ ਕੁਝ ਹੋ ਗਿਆ ਤਾਂ ਮੇਰੇ ਤੋਂ ਕੋਈ ਆਸ ਨਾ ਰੱਖਿਓ।'

'ਤੇਰੇ ਵਰਗੀ ਔਲਾਦ ਤੋਂ ਮੈਨੂੰ ਕੀ ਆਸ ਹੋ ਸਕਦੀ ਭਲਾ।' ਮੇਰੀ ਗੱਲ ਸੁਣ ਉਸ ਫੋਨ ਕੱਟ ਦਿੱਤਾ ਤੇ ਮੈਂ ਆਪਣੇ ਅੰਦਰ ਧੁਖਦੇ ਲਾਂਬੂ ਸਮੇਤ ਪਿੰਡ ਵਾਪਸ ਆ ਗਿਆ। ਉਸ ਦਿਨ ਨੂੰ ਯਾਦ ਕਰ ਅੱਜ ਵੀ ਲੂੰ-ਕੰਡੇ ਖੜ੍ਹੇ ਹੋ ਜਾਂਦੇ ਆ। ਮੈਂ ਪਿੱਛੇ ਮੁੜ ਕੇ ਵੇਖਿਆ ਤਾਂ ਭਈਆ ਵਾਹਵਾ ਪਿੱਛੇ ਰਹਿ ਗਿਆ ਸੀ।

'ਉਹ ਛੇਤੀ ਪੈਰ ਪੁੱਟ ਹੁਣ, ਤੂੰ ਤਾਂ ਮਸੀਂ ਤੁਰ ਰਿਹੈਂ।'

'ਸਰਦਾਰ ਜੀ ਪੀਛੇ ਨਾ ਰਹੀ ਹੂੰ, ਮੈਂ ਜਾਣ ਕੇ ਪੀਛੇ ਰਹੀ 'ਸੋਸ਼ਲ ਡੈਸਟਿੰਗ' ਕਰ ਰਹਾਂ ਹੂੰ, ਛੋਟਾ ਸਰਦਾਰ ਬੋਲ ਕਰ ਗਈ ਥੀ ਮੁਝੇ।'

'ਸਹੁਰੀ ਦਿਆ, ਅਬ ਸੇ ਛੋਟਾ ਸਰਦਾਰ ਜੋ ਕਹੇ, ਉਸਸੇ ਉਲਟ ਕੀਆ ਕਰ।'

ਮੜ੍ਹੀਆਂ ਤੋਂ ਵਾਪਸ ਆਉਂਦਿਆਂ ਵੀ ਟਿਕਾਅ ਨਹੀਂ ਸੀ। 'ਲਹਿੰਦੀ' ਤੇ 'ਚੜ੍ਹਦੀ' ਪੱਤੀ ਦੇ ਐਨ ਵਿਚਕਾਰ ਕੁਵੇਲੇ ਤੁਰ ਗਏ ਮੇਰੇ ਜਿਗਰੀ ਯਾਰ 'ਇੰਦਰ ਨਰ' ਦਾ ਘਰ ਸੀ। ਉਹਦਾ ਪੁੱਤ ਅਮਰੀਕਾ 'ਚ ਸੈੱਟ ਸੀ। ਮੈਨੂੰ ਇਹ ਵੀ ਪਤਾ ਸੀ, ਹੁਣ ਇਸ ਘਰ ਕੋਈ ਨਹੀਂ, ਫਿਰ ਵੀ ਮੈਂ ਆਪਣੇ ਯਾਰ ਦੇ ਘਰ ਦੀਆਂ ਬਰੂਹਾਂ ਟੱਪ ਗਿਆ। 'ਇੰਦਰ ਨਰ' ਦੇ ਪੁਰਖਿਆਂ ਕੋਲ ਥੋੜ੍ਹੀ-ਬਹੁਤ ਜ਼ਮੀਨ ਸੀ ਪਰ ਜਦ ਉਹ ਤਹਿਸੀਲਦਾਰ ਬਣਿਆ ਤਾਂ ਥੋੜ੍ਹੇ ਜਿਹੇ ਸਮੇਂ 'ਚ ਹੀ ਪਿੰਡ ਦਾ ਸਭ ਤੋਂ ਵੱਡਾ ਜ਼ਿਮੀਂਦਾਰ ਬਣ ਗਿਆ।

ਵਾਕਿਆ ਹੀ ਉਹ 'ਨਰ ਬੰਦਾ' ਸੀ। ਮੇਰੇ ਨਾਲ ਗਲਾਸੀ ਟਕਰਾਅ ਕੇ ਆਖਦਾ, 'ਤੂੰ ਕਰਮ ਤੋਂ ਨਰ, ਮੈਂ ਜਨਮ ਤੋਂ ਨਰ।' ਉਹਦੀ ਗੱਲ ਦਾ ਹੁੰਗਾਰਾ ਭਰਦਿਆਂ, ਮੈਂ ਵੀ ਕਹਿ ਦੇਂਦਾ, 'ਆਪਾਂ ਦੋਵੇਂ ਨਰ, ਤੇਰੇ-ਮੇਰੇ ਵਰਗਾ ਹੋਰ ਕੋਈ ਪਿੰਡ 'ਚ ਨਹੀਓਂ।'

'ਓਇ ਨਹੀਂ, ਤੇਰੇ ਵਰਗਾ ਤਾਂ ਫਿਰ ਵੀ ਕੋਈ ਪਿੰਡ 'ਚ ਹੋ ਸਕਦੈ ਪਰ ਮੇਰੇ ਵਰਗਾ ਤਾਂ ਉੱਕਾ ਨਹੀਓਂ।' ਉਹਦਾ ਜਵਾਬ ਸੁਣ ਮੈਂ ਹੱਸ ਛੱਡਦਾ। ਗੱਲ ਭਾਵੇਂ ਕਿਸੇ ਤਰ੍ਹਾਂ ਦੀ ਵੀ ਹੁੰਦੀ, ਉਹ 'ਅੰਬੇਦਕਰ' ਦੇ ਸੋਹਲੇ ਗਾਉਣੇ ਨਾ ਭੁੱਲਦਾ। ਇਹੋ ਜਿਹੇ ਵੇਲੇ ਮੈਂ ਵੀ ਊਧਮ ਸਿੰਘ ਨੂੰ ਵਡਿਆਉਂਦਿਆਂ ਉਹਨੂੰ 'ਕੰਬੋਅ' ਸਿੱਧ ਕਰਨ 'ਤੇ ਤੁਲ ਜਾਂਦਾ, ਜਿਹੜਾ ਸਾਰੀ ਉਮਰ ਆਪਣੇ



ਆਪ ਨੂੰ 'ਮੁਹੰਮਦ ਸਿੰਘ ਆਜ਼ਾਦ' ਲਿਖਦਾ ਰਿਹਾ ਸੀ। ਜਦ ਮੈਂ ਉਹਦੇ ਘਰੋਂ ਤੁਰਨ ਲੱਗਾ ਤਾਂ ਮੇਰਾ ਹੱਥ ਫੜ ਕਹਿਣ ਲੱਗਾ, 'ਐਵੇਂ ਭੁਲੇਖੇ ਨੇ ਜ਼ਿਮੀਂਦਾਰਾਂ ਦੇ, ਮੁੰਡੇ ਮਾੜੇ ਨਹੀਂ ਚਮਾਰਾਂ ਦੇ।'

ਵਾਕਿਆ ਹੀ ਉਹ ਮੇਰਾ ਜਿਗਰੀ ਯਾਰ ਸੀ। ਉਸ ਕਦੇ ਮੈਨੂੰ ਪਿੱਠ ਨਹੀਂ ਵਿਖਾਈ। ਜਾਤ-ਬਰਾਦਰੀ ਦੀ ਕਦੇ ਮੈਂ ਪਰਵਾਹ ਨਹੀਂ ਕੀਤੀ ਸੀ, ਪਰ ਜਦ ਕਦੇ ਉਹ ਅਮਰੀਕਾ 'ਚ ਆਪਣੇ ਪੁੱਤ ਦੇ ਵੱਡੇ ਕਾਰੋਬਾਰ ਤੇ ਵੱਡੇ ਘਰ ਦੀਆਂ ਗੱਲਾਂ ਕਰਦਾ ਤਾਂ ਮੇਰੇ ਅੰਦਰ ਬੈਠੇ 'ਜ਼ਿਮੀਂਦਾਰ' ਨੂੰ ਕੁਝ ਹੋਣ ਲੱਗਦਾ। ਆਪਣੇ ਅਖ਼ੀਰਲੇ ਦਿਨਾਂ 'ਚ ਜਦ ਵੀ ਉਸ ਘੁੱਟ ਪੀਤੀ ਹੁੰਦੀ ਤਾਂ ਮੈਨੂੰ ਅਕਸਰ ਕਹਿੰਦਾ, 'ਤੇਰੇ ਯਾਰ ਕੋਲ ਰੜਕ ਆ, ਮੜਕ ਆ, ਪਰ ਬੜ੍ਹਕ ਹੈ ਨੀਂ, ਚੱਲ ਆਪਣੇ ਯਾਰ ਨੂੰ ਬੜ੍ਹਕ ਮਾਰਨੀ ਸਿਖਾ।' ਸ਼ਾਇਦ ਇਹ ਮੇਰੀ ਹੀ ਬਦਨੀਤੀ ਸੀ ਜਾਂ ਉਹਦੀ, ਨਾ ਮੇਰੇ ਕੋਲੋਂ ਬੜ੍ਹਕ ਮਾਰਨੀ ਸਿਖਾਈ ਗਈ ਤੇ ਨਾ ਉਹਦੇ ਕੋਲੋਂ ਸਿੱਖੀ ਗਈ ਸੀ।

ਇਕ ਰਾਤ 'ਕੱਠੇ ਬੈਠੇ ਸੀ। ਆਪਣੇ ਚੌੜੇ ਸੀਨੇ 'ਤੇ ਹੱਥ ਧਰ ਗੜਕਵੀਂ ਆਵਾਜ਼ 'ਚ ਉਸ ਕਿਹਾ, 'ਮੈਂ ਚਮਾਰ, ਮੈਂ ਤਹਿਸੀਲਦਾਰ, ਮੈਂ ਪਿੰਡ ਦਾ ਸਭ ਤੋਂ ਵੱਡਾ ਜ਼ਿਮੀਂਦਾਰ ਪਰ ਮੇਰੇ ਕੋਲੋਂ ਬੜ੍ਹਕ ਨਹੀਂ ਵੱਜਦੀ ਉਇ।'

ਮੈਂ ਉਹਦੇ ਬੋਲਾਂ 'ਚੋਂ ਬੜ੍ਹਕ ਪਛਾਣ ਲਈ ਸੀ ਪਰ ਉਹਦੇ ਕੋਲੋਂ ਆਪਣੀ ਹੀ 'ਬੜ੍ਹਕ' ਬੋਚੀ ਨਹੀਂ ਗਈ ਸੀ। ਉਹਦੀ ਉੱਚੀ ਆਵਾਜ਼ ਸੁਣ ਵੱਟ ਜਿਹਾ ਵੀ ਚੜ੍ਹਿਆ, ਫਿਰ ਵੀ ਉਹਨੂੰ ਸਮਝਾਉਂਦਿਆਂ ਕਿਹਾ, 'ਮਿੱਤਰਾ, ਸਾਨੂੰ ਗੁੜਤੀ ਦੇਣ ਵੇਲੇ ਸਿਰਫ ਸ਼ਹਿਦ ਹੀ ਨਹੀਂ ਚਟਾਇਆ ਜਾਂਦਾ, ਸਾਡੇ ਕੰਨਾਂ ਲਾਗੇ ਬੜ੍ਹਕ ਵੀ ਮਾਰੀ ਜਾਂਦੀ ਆ।' ਉਸ ਵੇਲੇ ਬੜਾ ਉਦਾਸ ਜਿਹਾ ਹੋ ਉਸ ਜਵਾਬ ਦਿੱਤਾ, 'ਇਨ੍ਹਾਂ 'ਮੱਥੇ' 'ਚੋਂ ਨਿਕਲਿਆਂ ਨੇ ਸਾਡੀ ਬੜ੍ਹਕ ਖੋਹ ਲਈ ਤੇ ਤੁਸੀਂ ਪਤਾ ਨਹੀਂ ਕਿੱਥੋਂ ਨਿਕਲੇ, ਸਾਡੇ ਕੋਲੋਂ ਤਾਂ ਤੁਹਾਡੇ ਸਾਹਮਣੇ ਵੀ ਬੜ੍ਹਕ ਨਹੀਂ ਵੱਜਦੀ।' ਉਹਦੀ ਇਸ ਗੱਲ ਦਾ ਜਵਾਬ ਮੇਰੇ ਕੋਲ ਵੀ ਨਾ ਦੇ ਹੋਇਆ।

ਇੰਦਰ ਕਈ ਵਾਰ ਮੈਨੂੰ ਕਹਿੰਦਾ ਹੁੰਦਾ, 'ਇਕ ਮੈਂ ਹੀ ਤੇਰਾ 'ਜਿਗਰੀ ਯਾਰ' ਬਾਕੀ ਸਾਰੇ ਤੇਰੇ ਖਾਊ ਯਾਰ', ਇੰਦਰ ਦੀ ਚੇਤੇ ਆਈ ਇਹ ਗੱਲ ਮੈਨੂੰ ਹੋਰ 'ਕੱਲਾ ਕਰ ਗਈ ਤੇ ਮੈਂ ਆਪਣੀ 'ਕੱਲ 'ਤੋਂ ਘਬਰਾ ਕੇ ਲਾਗੇ-ਬੰਨੇ ਦੇ ਖਾਊ ਯਾਰਾਂ ਨੂੰ ਆਪਣੇ ਘਰ ਬੁਲਾ ਲਿਆ। ਅਸੀਂ ਸ਼ਤਰੰਜ ਦੀ ਬਾਜ਼ੀ ਲਾਉਣ ਲੱਗ ਪਏ। ਚਿੱਤ ਵੀ ਮੇਰਾ, ਪਟ ਵੀ ਮੇਰਾ ਸੀ ਪਰ ਕਹਿ ਹੋ ਗਿਆ, 'ਚਾਲ ਨਹੀਂ ਚੱਲੀ ਜਾਂਦੀ ਹੁਣ।'

'ਬੰਦਾ 'ਕੱਲਾ ਹੀ ਹੁੰਦਾ ਬਲਵੰਤ ਸਿਆਂ, ਮੇਰੇ ਕੰਨੀਂ ਝਾਕ, ਦੋ ਪੁੱਤ ਸੀ ਦੋਵੇਂ ਪਰਦੇਸੀ ਹੋ ਗਏ। ਜਦ ਛੋਟਾ ਘਰੋਂ ਤੁਰਿਆ ਤਾਂ ਮੈਂ ਕਹਿ ਬੈਠਾ-'ਤੂੰ ਵੀ ਤੁਰ ਚੱਲਿਓਂ ਪਰਦੇਸ, ਕੋਈ ਤਾਂ ਫੂਕਣ ਵਾਲਾ ਰਹਿ ਜਾਂਦਾ'। ਅੱਗੋਂ ਮੈਨੂੰ ਬਣਾ-ਸਵਾਰ ਕੇ ਕਹਿਣ ਲੱਗਾ-'ਬਾਪੂ ਅਟਕ ਕੇ ਮਰੀਂ, ਐਡੀ ਛੇਤੀ ਲਾਂਬੂ ਲਾਉਣ ਨੀਂ ਮੁੜਿਆ ਜਾਣਾ'। ਗੱਲ ਭਾਵੇਂ ਉਸ ਹਾਸੇ 'ਚ ਕਹੀ ਸੀ ਪਰ ਇਹ ਗੱਲ ਮੇਰੇ ਸੀਨੇ 'ਤੇ ਆਰ ਫੇਰ ਗਈ। ਉੱਝ ਹੁਣ ਮੋਹ ਬਥੇਰਾ ਕਰਦਾ ਮੇਰੇ ਨਾਲ।'

'ਚੁੱਪ ਈ ਭਲੀ ਆ ਕਰਮ ਸਿਆਂ, ਝੱਗਾ ਚੁੱਕੋ ਤਾਂ ਆਪਣਾ ਹੀ ਢਿੱਡ ਨੰਗਾ ਹੁੰਦਾ।'

ਗੁਲਜ਼ਾਰੀ ਸਭ ਕੁਝ ਸੁਣ ਰਿਹਾ ਸੀ ਤੇ ਉਸ ਨਿਹੋਰੇ ਜਿਹੇ ਨਾਲ ਮੈਨੂੰ ਕਿਹਾ, 'ਤੇਰੇ ਮੁੰਡੇ ਨੇ ਸ਼ਹਿਰ ਜਾ ਕੇ ਇਤਲਾਹ ਦਿੱਤੀ ਹੈ ਕਿ ਇਸ ਪਿੰਡ 'ਚ 'ਸੋਸ਼ਲ ਡੈਸਟਿੰਗ' ਨਹੀਂ ਹੁੰਦੀ।' ਉਹਦੀ ਗੱਲ ਨੂੰ ਟੋਕਦਿਆਂ ਮੈਂ ਕਿਹਾ, 'ਉਹ ਅਨਪੜ੍ਹਾ, 'ਸੋਸ਼ਲ ਡੈਸਟਿੰਗ' ਨਹੀਂ, 'ਸੋਸ਼ਲ ਡਿਸਟੈਂਸਿੰਗ' ਹੁੰਦੀ ਹੈ।' ਉਹ ਥੋੜ੍ਹਾ ਝੇਪ ਗਿਆ ਤੇ ਫਿਰ ਪੁੱਛਣ ਲੱਗਾ, 'ਪੰਜਾਬੀ 'ਚ ਇਹਨੂੰ ਕੀ ਕਹਿੰਦੇ?'

'ਪੰਜਾਬੀ 'ਚ ਇਹਨੂੰ ਕਹਿੰਦੇ ਆ-'ਪਰ੍ਹੇ-ਪਰ੍ਹੇ ਮਰੇ ਰਹੋ, ਇਕ-ਦੂਜੇ 'ਤੇ ਨਾ ਚੜ੍ਹੇ ਰਹੋ'।

ਖਚਰਾ ਜਿਹਾ ਹਾਸਾ ਹੱਸਦਿਆਂ ਗੁਲਜ਼ਾਰੀ ਬੋਲਿਆ, 'ਓਹ ਹੁਣ ਕਿੱਥੇ ਚੜ੍ਹਨ ਜੋਗੇ, ਪਰ੍ਹੇ ਹੀ ਮਰੇ ਰਹੀਦੈ, ਇਸ ਉਮਰੇ ਸੰਦੂਕ ਖਾਲੀ ਆ।'

ਉਹਦੀ ਗੱਲ ਸੁਣ ਸਾਨੂੰ ਢਿੱਡੀਂ ਪੀੜਾਂ ਪੈ ਗਈਆਂ। ਹੱਸਦਿਆਂ-ਹੱਸਦਿਆਂ ਹੀ ਕਰਮ ਸਿਹੁੰ ਨੇ ਕਿਹਾ, 'ਦੁਨੀਆ ਨੂੰ ਕਰੋਨਾ ਨੇ ਵਖ਼ਤ ਪਾਇਆ ਤੇ ਤੂੰ ਆਪਣੀ 'ਲੀਲਾ' ਦੱਸਣ ਬਹਿ ਜਾ।'

'ਤੇ ਲੀਲਾ ਵੀ ਉਹ ਜਿਹਦੇ 'ਚ ਕੋਈ ਰਾਸ ਨਹੀਂ।' ਟਿੱਚਰ-ਮਖ਼ੌਲ ਕਰ ਹੀ ਰਹੇ ਸੀ ਕਿ ਬੌਂਦਲਿਆ ਜਿਹਾ ਭਈਆ ਆ ਧਮਕਿਆ, 'ਸਰਦਾਰ ਜੀ, ਖੇਤ ਮੇਂ ਕਰੋਨਾ ਦੇਖੀ ਮੈਨੇ।'

'ਓਹ ਸਹੁਰੀ ਦਿਆ, ਕਰੋਨਾ ਕੋਈ ਗਾਜਰ ਮੂਲੀ ਆ ਜੋ ਖੇਤਾਂ 'ਚ ਉੱਗਦਾ।'

'ਨਾ ਸਰਦਾਰ ਜੀ, ਮੇਰੇ ਸਾਥ ਆਉ। ਜੈਸਾ ਟੀ.ਵੀ. ਮੇਂ ਦਿਖਤੀ ਕਰੋਨਾ, ਵੈਸਾ ਹੀ ਦੇਖੀ ਮੈਨੇ।' ਭਈਏ ਦੇ ਕਹਿਣ 'ਤੇ ਅਸੀਂ ਸਾਰੇ ਖੇਤਾਂ ਵੱਲ ਹੋ ਤੁਰੇ। ਵਾਕਿਆ ਹੀ ਬਿਲਕੁਲ ਕਰੋਨਾ ਹੀ ਤਾਂ ਸੀ। ਕਰਮ ਸਿੰਘ ਜੋ ਹਮੇਸ਼ਾ ਡੱਬ 'ਚ ਪਿਸਤੌਲ ਰੱਖਦਾ, ਗੁੱਸੇ 'ਚ ਬੋਲਿਆ, 'ਲੈ ਸਾਲੇ ਦਾ ਅੱਜ ਹੀ ਘੋਗਾ ਚਿੱਤ ਕਰ ਦੇਂਦੇ ਆ। ਵਖ਼ਤ ਪਾਇਆ ਇਹਨੇ ਸਭ ਨੂੰ।'

'ਓਹ ਖੜ੍ਹ ਜਾ, ਖੜ੍ਹ ਜਾ। ਐਵੇਂ ਗੱਲ-ਗੱਲ 'ਤੇ ਪਿਸਤੌਲ ਕੱਢ ਕੇ ਬਹਿ ਜਾਂਦੈਂ, ਕਰੋਨਾ ਤਾਂ ਬੰਦੇ ਦੇ ਅੰਦਰ ਹੁੰਦਾ, ਖੇਤਾਂ 'ਚ ਨਹੀਂ।' ਸਿਆਣਾ ਜਿਹਾ ਬਣ ਮੈਂ ਫਿਰ ਸਮਝਾਇਆ।

ਕਰਮ ਸਿੰਘ ਨੂੰ ਪਤਾ ਨਹੀਂ ਕਿਹੜੀ ਖਿਝ ਸੀ, ਉਸ ਫਾਇਰ ਕਰ ਦਿੱਤੇ। ਥਰਮੋਕੋਲ ਦੇ ਫੰਭੇ ਹਵਾ 'ਚ ਉੱਡੇ। ਦੂਰ ਖਲੋਤੇ ਬੱਚੇ ਜੋ ਸਭ ਕਾਸੇ ਨੂੰ ਵੇਖ ਰਹੇ ਸੀ, 'ਅਪਰੈਲ-ਫੂਲ' ਕਹਿ ਕੇ ਸ਼ੂਟਾਂ ਵੱਟ ਕੇ ਦੌੜ ਗਏ। ਕਰਮ ਸਿੰਘ ਨੇ ਦੂਰੋਂ ਹੀ ਉਨ੍ਹਾਂ ਨੂੰ ਦਬਕਾਇਆ ਤੇ ਫਿਰ ਬੋਲੀ ਪਾ ਬਾਘੀਆਂ ਪਾਉਣ ਲੱਗ ਪਿਆ-

ਝੋਨਾ ਝੋਨਾ ਝੋਨਾ,
ਤਲਾਵੇ ਵਾਲੇ ਕਰਮ ਸਿਹੁੰ ਨੇ,
ਭੁੰਨ ਸੁੱਟਿਆ ਈ ਅੱਜ ਕਰੋਨਾ।

ਕਿੰਨੇ ਦਿਨਾਂ ਬਾਅਦ ਖੁੱਲ੍ਹ ਕੇ ਹੱਸੇ। ਖੇਤੋਂ ਘਰ ਮੁੜੇ ਤਾਂ ਕ੍ਰਿਸ਼ਨਾ ਪੁੱਛਣ ਲੱਗਾ, 'ਸਰਦਾਰ ਜੀ, ਖਾਣੇ ਕੇ ਸਾਥ ਕੌਣ ਸੀ ਸਬਜ਼ੀ ਬਣਾਊਂ?'

'ਯੇ ਸਾਲਾ ਕਰੋਨਾ ਹੀ ਬਣਾ ਲੇ ਔਰ ਮੁਝੇ ਖਿਲਾ ਦੇ, ਸਾਰਾ ਸਿਆਪਾ ਹੀ ਮੁੱਕ ਜੇ।'

'ਸਰਦਾਰ ਜੀ, ਤੁਮ ਤੋ ਗੁੱਸਾ ਹੋ ਗੀ।'

'ਕਮਲਿਆ ਤੇਰੇ ਨਾਲ ਗੁੱਸਾ ਨਹੀਂ ਹੋਣਾ, ਤੂੰ ਹੀ ਤਾਂ ਮੈਨੂੰ ਆਪਣਾ ਲੱਗੇਂ।'

'ਸਰਦਾਰ ਜੀ, ਤੂੰ ਜੀਅ ਛੋਟਾ ਨਾ ਕਰੀਂ, ਮੈਂ ਹੂੰ ਨਾ ਯਹਾਂ।'

'ਗੱਲ ਸੁਣ, ਛੋਟੇ ਸਰਦਾਰ ਨੂੰ ਨਹੀਂ ਦੱਸਣਾ ਏਥੇ ਕੌਣ-ਕੌਣ ਆਤਾ।'

'ਮੈਂ ਕਮਲਾ ਨਹੀਂ, ਛੋਟੇ ਸਰਦਾਰ ਕਾ ਫੋਨ ਆਈ ਥੀ। ਮੈਂ ਝੂਠ ਬੋਲੀ ਉਸਸੇ ਕਿ ਬੜਾ ਸਰਦਾਰ ਕਹੀਂ ਨਹੀਂ ਜਾਤਾ ਔਰ ਨਾ ਹੀ ਕਿਸੀ ਕੋ ਘਰ ਬੁਲਾਤਾ।'

'ਕ੍ਰਿਸ਼ਨਾ ਦੋ ਬਾਤ ਯਾਦ ਰੱਖੀਂ, ਇਕ ਛੋਟੇ ਸਰਦਾਰ ਕੋ ਸੱਚ ਨਹੀਂ ਬਤਾਨਾ', ਦੂਜੀ ਅਜੇ ਮੇਰੇ ਮੂੰਹ 'ਚ ਹੀ ਸੀ ਕਿ ਕ੍ਰਿਸ਼ਨਾ ਬੋਲਿਆ, 'ਜੋ ਭੀ ਛੋਟਾ ਸਰਦਾਰ ਬਾਤ ਕਹੇ, ਉਸਸੇ ਉਲਟ ਕਾਮ ਕਰਨਾ।' ਉਸ ਦੀ ਇਸ ਗੱਲ 'ਤੇ ਮੈਂ ਖਿੜਖਿੜਾ ਕੇ ਹੱਸ ਪਿਆ।

ਦਿਨ ਲੰਘ ਰਹੇ ਸਨ ਪਰ ਕਰੋਨਾ ਦੀ ਦਹਿਸ਼ਤ ਉਸੇ ਤਰ੍ਹਾਂ ਬਰਕਰਾਰ ਸੀ। ਮਹੀਨੇ ਬਾਅਦ ਝੋਨੇ ਦੀ ਲਵਾਈ ਸ਼ੁਰੂ ਹੋ ਗਈ ਪਰ ਦਿਹਾੜੀਏ ਤਾਂ ਲੱਭਿਆਂ ਨਹੀਂ ਸਨ ਲੱਭਦੇ। 'ਲਹਿੰਦੀ ਪੱਤੀ' ਵਾਲਿਆਂ ਦੇ ਅੱਧਿਓਂ ਜ਼ਿਆਦਾ ਘਰ ਮਨਰੇਗਾ 'ਤੇ ਲੱਗੇ ਸਨ। ਭਈਏ ਵੀ ਕਰੋਨਾ ਤੋਂ ਡਰਦੇ ਆਪਣੇ ਦੇਸ ਨੂੰ ਹੋ ਤੁਰੇ ਸਨ। ਦਿਹਾੜੀਦਾਰਾਂ ਦਾ ਕਾਲ ਪੈ ਗਿਆ ਸੀ। ਇਕ ਦਿਨ ਕ੍ਰਿਸ਼ਨਾ ਨੂੰ ਮੈਂ ਸੁਭਾਇਕੀ ਪੁੱਛ ਬੈਠਾ, 'ਕ੍ਰਿਸ਼ਨਾ, ਆਪਣੇ ਗਾਓਂ ਨਹੀਂ ਜਾਣਾ?'

'ਸਰਦਾਰ ਜੀ, ਮਨ ਤੋ ਹੈ ਪਰ ਤੂੰ 'ਕੱਲਾ ਹੋ ਜਾਣੀ।'

ਉਸ ਦਿਨ ਕ੍ਰਿਸ਼ਨਾ 'ਤੇ ਬੜਾ ਮੋਹ ਆਇਆ ਤੇ ਮੈਂ ਕ੍ਰਿਸ਼ਨਾ ਨੂੰ ਨਾਲ ਲੈ ਕੇ ਪਿੰਡ ਦਾ ਗੇੜਾ ਮਾਰਨ ਤੁਰ ਪਿਆ।

'ਲਹਿੰਦੀ ਪੱਤੀ' ਦੇ ਘਰਾਂ ਵੱਲ ਵੇਖ ਮਨ ਨੂੰ ਤਸੱਲੀ ਹੁੰਦੀ ਆ। ਇੰਦਰ ਦੀ 'ਸਰਕਾਰੇ ਦਰਬਾਰੇ' ਪਹੁੰਚ ਸੀ। ਮੇਰਾ ਵੀ ਅਸਰ-ਰਸੂਖ ਚੰਗਾ ਸੀ। ਅਸੀਂ ਦੋਵਾਂ ਨੇ ਮਿਲ ਕੇ ਕਈ ਟੱਬਰਾਂ ਨੂੰ ਘਰ ਛੱਤਣ ਲਈ ਥਾਂ ਅਲਾਟ ਕਰਵਾਈ ਸੀ। ਸਰਪੰਚ ਬਣਨ 'ਤੇ ਮੈਂ ਹੀ 'ਲਹਿੰਦੀ ਪੱਤੀ' ਦੀਆਂ ਸਭ ਗਲੀਆਂ ਤੇ ਨਾਲੀਆਂ ਪੱਕੀਆਂ ਕਰਵਾਈਆਂ ਸਨ। ਮੇਰੇ ਕੰਮਾਂ ਨੂੰ ਵੇਖ ਇੰਦਰ ਹਮੇਸ਼ਾ ਮੇਰਾ ਮੋਢਾ ਥਾਪੜਦਾ ਤੇ ਇੰਦਰ ਕਰਕੇ ਹੀ 'ਲਹਿੰਦੀ ਪੱਤੀ' ਵਾਲਿਆਂ ਦੀਆਂ ਸਾਰੀਆਂ ਵੋਟਾਂ ਮੇਰੀਆਂ ਸਨ। ਜਦ ਵਿਹੜੇ ਵਾਲਿਆਂ ਦੀਆਂ ਨੂੰਹਾਂ-ਧੀਆਂ ਮੇਰੇ ਪੈਰੀਂ ਹੱਥ ਲਾਉਂਦੀਆਂ ਤਾਂ ਮੈਂ ਮਾਣ ਨਾਲ ਭਰ ਜਾਂਦਾ। ਜਦ ਦੀ ਸਰਪੰਚੀ ਮਿਲੀ ਸੀ, ਸਹੁਰਿਓਂ ਆਈਆਂ ਕੁੜੀਆਂ ਨੂੰ ਮੈਂ ਸ਼ਗਨ ਦੇਣਾ ਨਾ ਭੁੱਲਦਾ। ਜਦ ਕੋਈ ਬਜ਼ੁਰਗ ਕਹਿੰਦਾ, 'ਤੂੰ ਤਾਂ ਭਾਈ ਸਾਡੀ 'ਉੜਾ-ਥੁੜਾ' 'ਚ ਬਾਂਹ ਫੜਨ ਵਾਲਾ', ਇਹੋ ਜਿਹੇ ਵੇਲੇ ਮੈਂ ਆਪਣੇ-ਆਪ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਘੱਟ ਨਾ ਸਮਝਦਾ ਤੇ ਜਦ ਵੀ ਮੈਂ 'ਲਹਿੰਦੀ ਪੱਤੀ' ਵੱਲ ਜਾਂਦਾ, ਪ੍ਰਸਿੰਨੀ ਚਾਚੀ ਦੇ ਘਰ ਜਾਣਾ ਨਾ ਭੁੱਲਦਾ। ਸਾਰੀ ਉਮਰ ਉਸ ਨੇ ਸਾਡੇ ਘਰ ਦੇ ਲੇਖੇ ਲਾ ਦਿੱਤੀ ਸੀ। ਮੇਰੀ ਮਾਂ ਦਾ ਰੋਗ ਅਸਾਧ ਸੀ ਤੇ ਮੈਂ ਉਹਦੇ ਹੀ ਹੱਥਾਂ 'ਚ ਜੰਮ-ਪਲ ਕੇ ਜਵਾਨ ਹੋਇਆ। ਉਹਦੇ ਵਿਹੜੇ ਪੈਰ ਪਾਉਂਦਿਆਂ ਹੀ ਮੈਂ ਪੁੱਛਿਆ, 'ਤਕੜੀ ਆਂ ਚਾਚੀ।' 'ਆਹੋ ਪੁੱਤ, ਚੰਗੀ ਭਲੀ ਆਂ ਪੁੱਤ, ਤੂੰ ਵੀ ਗਦਰੌਣੀ ਥੋੜ੍ਹੀ ਘੱਟ ਕਰਿਆ ਕਰ ਇਹੋ ਜਿਹੇ ਵੇਲੇ, ਐਵੇਂ ਲੋਕਾਂ ਦੇ ਭਲੇ ਕਰਦਾ

(ਬਾਕੀ ਅਗਲੇ ਸਫੇ 'ਤੇ)

# ਜਦੋਂ ਗੀਤਾ ਮਿਲੀ !

ਬਹੁਤਿਆਂ ਪੜਨ ਲਿਖਣ ਵਾਲਿਆਂ ਨੂੰ ਪਤਾ ਹੈ ਕਿ ਮੈਂ ਪਟਿਆਲੇ ਸ਼ੇਰਾਂ ਵਾਲੇ ਗੇਟ ਨੇੜੇ ਭਾਸ਼ਾ ਸਦਨ (ਮਿੰਨੀ ਸਕੱਤਰੇਤ) ਵਿਚ ਕਰੀਬ ਚਾਰ ਸਾਲ ਦਾ ਅਰਸਾ ਦਰਜਾ ਚਾਰ ਮੁਲਾਜ਼ਮ (ਕੱਚਾ) ਰਿਹਾ ਸਾਂ, 1997 ਵੇਲੇ। ਮੈਂ ਦਫਤਰ ਵਿਚ ਹੀ ਸੌਂਦਾ ਸਾਂ। ਸਵੇਰੇ ਸਦੇਹਾਂ ਹੀ ਉਠ ਕੇ ਬਾਹਰੋਂ

ਨਿੰਦਰ ਘੁਗਿਆਣਵੀ
ਫੋਨ: 94174-21700

ਫੌਜੀ ਦੀ ਰੇਹੜੀ ਤੋਂ ਚਾਹ ਪੀਂਦਾ ਤੇ ਫਿਰ ਮੋਟੀ ਕਾਲੀ ਪਾਈਪ ਲਗਾ ਕੇ ਛੇ ਮੰਜਿਲਾਂ ਤੀਕ ਲੱਗੇ ਕੂਲਰਾਂ ਵਿਚ ਪਾਣੀ ਭਰਨ ਜੁਟ ਜਾਂਦਾ। ਆਪਣੇ ਵਕਤ ਉਤੇ ਸਫਾਈ ਸੇਵਿਕਾ ਗੀਤਾ ਵੀ ਆ ਜਾਂਦੀ। ਮੈਂ ਉਸ ਨੂੰ 'ਨਮਸਕਾਰ' ਬੋਲਦਾ। ਉਹ ਲੰਬੇ ਸਾਲਾਂ ਤੋਂ ਉਥੇ ਕੱਚੇ ਤੌਰ 'ਤੇ ਹੀ ਕੰਮ ਕਰਦੀ ਆ ਰਹੀ ਸੀ। ਜਦ ਕਿਸੇ ਕੂਲਰ ਵਿਚ ਪਾਣੀ ਪਾਉਣ ਸਮੇਂ ਦੂਰੋਂ ਪਾਈਪ ਨਿੱਕਲਦੀ, ਕਮਰੇ ਜਾਂ ਫਲੋਰ ਦਾ ਫਰਸ਼ ਪਾਣੀ ਨਾਲ ਭਰ ਜਾਂਦਾ, ਤਾਂ ਮੈਨੂੰ ਗੀਤਾ ਡਾਂਟਣ ਲਗਦੀ, 'ਅਰੇ ਤੰਨੇ ਅਕਲ ਨੀ, ਅਕਲ ਕੇ ਆਂਧੇ ਲੜਕੇ' ਉਸ ਨੂੰ ਦੋਬਾਰਾ ਪੋਚਾ ਲਾਉਣਾ ਪੈਂਦਾ। ਸ਼ਾਂ-ਸ਼ਾਂ ਤੋਂ ਗਲੀ ਪਈ ਸਰਕਾਰੀ ਪਾਈਪ ਟੁਟਦੀ ਹੀ ਰਹਿੰਦੀ ਸੀ। ਜਿਸ ਦਿਨ ਸਵੇਰੇ ਮੈਂ ਬਹੁਤਾ ਉਦਾਸ ਜਾਂ ਪ੍ਰੇਸ਼ਾਨ ਹੁੰਦਾ, ਉਸ ਦਿਨ ਗੀਤਾ ਨੂੰ 'ਨਮਸਕਾਰ' ਨਾ ਬੋਲਦਾ। ਉਸ ਨੂੰ ਪਤਾ ਚਲ ਜਾਂਦਾ ਕਿ ਅੱਜ ਮਾਹੌਲ 'ਠੀਕ' ਨਹੀਂ ਹੈ। ਅਸੀਂ ਨੇੜੇ-ਨੇੜੇ ਫਿਰਦੇ ਆਪੋ-ਆਪਣੇ ਕੰਮ ਕਰਦੇ ਰਹਿੰਦੇ ਪਰ ਗੱਲਬਾਤ ਨਾ ਕਰਦੇ।

ਦੁਪਹਿਰ ਵੇਲੇ ਗਰਮੀ ਤੋਂ ਬਚਣ ਲਈ 'ਸਾਹਿਤ ਸਦਨ' ਵਿਚ ਬੈਠੀ ਗੀਤਾ ਕੋਲ ਮੈਂ ਦੋ ਘੜੀਆਂ ਰੰਬੀ ਰੱਖ ਕੇ ਬਹਿ ਜਾਂਦਾ। ਕੂਲਰ ਭਰ ਹਟਣ ਮਗਰੋਂ 'ਸਰਕਾਰੀ ਰੰਬੀ' ਨਾਲ ਮੈਂ ਬੂਟਿਆਂ-ਫੁੱਲਾਂ ਦੀ ਗੋਡ-ਗੋਡਾਈ ਕਰਦਾ ਰਹਿੰਦਾ। ਕਈ ਵਾਰ ਬੈਠੀ ਗੀਤਾ ਮੈਨੂੰ ਮੇਰੇ ਘਰ-ਬਾਰ ਦੀਆਂ ਗੱਲਾਂ ਪੁਛਦੀ ਰਹਿੰਦੀ। ਇਕ ਦਿਨ ਬੈਠੀ-ਬੈਠੀ ਉਹ ਮੈਨੂੰ ਆਖਣ ਲੱਗੀ, 'ਵੇ ਬੀਰਾ, ਤੂੰ ਚੰਗਾ ਬਹੁਤ ਐਂ, ਰੱਬ ਤੇਰੀ ਤਰੱਕੀ ਕਰੂਗਾ, ਰੱਬ ਤੈਨੂੰ ਸੁਖ ਦੇਵੇ ਵੇ ਬੀਰਾ।' ਗੀਤਾ ਦੀਆਂ ਦਿੱਤੀਆਂ ਅਸੀਸਾਂ ਸੁਣ ਮੇਰੀਆਂ ਅੱਖਾਂ ਭਰ ਆਉਣੀਆਂ।ਜਿਸ ਦਿਨ ਮੈਂ ਮਹਿਕਮਾ ਛੱਡ ਕੇ ਪਿੰਡ ਆਉਣਾ ਸੀ, ਤਾਂ ਗੀਤਾ ਉਸ ਦਿਨ ਛੁੱਟੀ 'ਤੇ



ਸੀ। ਉਸ ਨੂੰ ਮੇਰੇ ਨੌਕਰੀ ਛੱਡਣ ਦਾ ਵੀ ਨਹੀਂ ਸੀ ਪਤਾ। ਦੂਸਰੇ ਦਿਨ ਖਾਲਸਾ ਸੁਰਜੀਤ ਸਿੰਘ ਚੌਕੀਦਾਰ ਉਹਨੂੰ ਦਸਦਾ ਹੈ ਕਿ ਤੇਰਾ ਬੀਰਾ ਤਾਂ ਚਲਾ ਗਿਆ ਹੈ ਪਿੰਡ, ਹੁਣ ਨਹੀਂ ਆਉਂਦਾ। ਗੀਤਾ ਨੇ ਸੁਰਜੀਤ ਸਿੰਘ ਤੋਂ ਮੇਰੇ ਘਰ ਦਾ ਫੋਨ ਨੰਬਰ ਲਿਆ ਤੇ ਸਾਰੇ ਕੰਮ ਛੱਡ ਕੇ ਐਸ ਟੀਡੀ ਪੀਸੀ ਓ ਵੱਲ ਨੂੰ ਭੱਜੀ ਤੇ ਮੇਰੇ ਘਰ ਫੋਨ ਲਾਇਆ। ਆਖਣ ਲੱਗੀ, 'ਵੇ ਬੀਰੇ ਵੇ, ਤੂੰ ਬਿਨਾਂ ਦੱਸੇ ਚਲਾ ਗਿਆ। ਰੱਬ ਤੇਰੀ ਬਹੁਤ ਤਰੱਕੀ ਕਰੂ, ਸੁਖੀ ਰੱਖੇ ਤੈਨੂੰ ਰੱਬ, ਪਰ ਆਪਣੀ ਭੈਣ ਨੂੰ ਜ਼ਰੂਰ ਯਾਦ ਰੱਖੀਂ, ਭੁੱਲ ਨਾ ਜਾਵੀਂ।' ਉਹ ਫੋਨ ਵਿਚ ਰੋ ਰਹੀ ਸੀ।

ਲਗਭਗ 24 ਸਾਲ ਬਾਅਦ। 30 ਨਵੰਬਰ 2021 ਦਾ ਦਿਨ, ਮੈਂ ਉਸੇ ਦਫਤਰ ਭਾਸ਼ਾ ਭਵਨ ਵਿਖੇ ਹੋ ਰਹੇ ਸਮਾਗਮ ਵਿਚ ਸ਼ਰੋਮਣੀ ਲੇਖਕ ਵਜੋਂ ਵਿਸ਼ੇਸ਼ ਮਹਿਮਾਨ ਸਾਂ। ਸਮਾਗਮ ਮੁੱਕਿਆ। ਮੈਂ ਤੇ ਬਾਈ ਧਰਮ ਕੰਮੇਆਣਾ ਬਾਹਰ ਆਉਣ ਲੱਗੇ, ਤਾਂ ਗੀਤਾ ਪੰਡਾਲ ਵਾਲੇ ਗੇਟ ਉਤੇ ਮਿਲਣ ਆਈ ਖੜੀ ਸੀ। ਉਸ ਦੇ ਬੜੇ ਸੋਹਣੇ ਕਪੜੇ ਪਹਿਨੇ ਹੋਏ ਸਨ। ਮੈਂ ਉਸਦੇ ਪੈਰੀਂ ਹੱਥ ਲਾਏ। ਉਸ ਨੇ ਆਖਿਆ ਕਿ ਮੈਂ ਤੇਰੇ ਨਾਲ ਫੋਟੋ ਖਿਚਵਾਣੀ ਹੈ। ਮੈਂ ਛੋਟੀ ਛੋਟੀ ਬਟੂਏ ਚੋਂ ਜੋ ਕੁਛ ਲੱਭਿਆ, ਉਹਨੂੰ ਭੇਟਾ ਕੀਤਾ। ਮੇਰੇ ਕੋਲ ਮੂੰਹ ਕਰਕੇ ਬੋਲੀ, 'ਬੀਰੇ, ਸੱਚੀਂ ਰੱਬ ਨੇ ਤੈਨੂੰ ਤਰੱਕੀ ਦਿੱਤੀ, ਅੱਜ ਤਾਂ ਤੂੰ ਵੱਡਾ ਅਫਸਰ ਬਣ ਗਿਆ। ਮੈਂ ਤੈਨੂੰ ਕਿਹਾ ਸੀ ਨਾ ਬੀਰੇ...।'

ਉਹਨੇ ਸੋਹਣੇ ਸ਼ਾਲ ਨਾਲ ਅੱਖਾਂ ਪੂੰਝੀਆਂ। ਜਦ ਕਾਰ ਚੰਡੀਗੜ੍ਹ ਨੂੰ ਪਈ ਤੇ ਵਿਭਾਗ ਦੇ ਸਹਾਇਕ ਡਾਇਰੈਕਟਰ ਪ੍ਰਵੀਨ ਕੁਮਾਰ ਦਾ ਫੋਨ ਆਇਆ। ਕਹਿਣ ਲੱਗੇ ਕਿ ਗੀਤਾ ਨਾਲ ਮੈਂ ਤੇਰੀ ਫੋਟੋ ਖਿੱਚ ਦਿੱਤੀ ਸੀ, ਵੈਟਸ ਐਪ ਕਰ ਦਿੱਤੀ ਹੈ। ਤੇ ਹਾਂ, ਮੈਂ ਦੱਸਣਾ ਭੁੱਲ ਗਿਆ ਕਿ ਗੀਤਾ ਅੱਜ ਰਿਟਾਇਰ ਵੀ ਹੋ ਗਈ ਹੈ। ਮੈਂ ਹੈਰਾਨ ਹੋ ਕੇ ਪੁਛਿਆ ਕਿ ਹੈਂ? ਸੱਚੀਓਂ ਅੱਜ ਫੰਕਸ਼ਨ ਵਾਲੇ ਦਿਨ ਹੀ ਗੀਤਾ ਦੀ ਰਿਟਾਇਰਮੈਂਟ ਸੀ? ਉਸ ਨੇ ਵੀ ਦੱਸਿਆ ਨਹੀਂ ਯਾਰ। ਪ੍ਰਵੀਨ ਕੁਮਾਰ ਬੋਲੇ, 'ਹਾਂਜੀ, ਅੱਜ ਹੀ ਸੀ ਉਸਦੀ ਸੇਵਾਮੁਕਤੀ, ਇਸੇ ਲਈ ਤਾਂ ਵਿਚਾਰੀ ਨੇ ਸੋਹਣਾ ਸ਼ਾਲ ਲੈ ਰੱਖਿਆ ਸੀ ਸਿਰ 'ਤੇ।' ਮੇਰੇ ਮੂੰਹੋਂ ਨਿਕਲਿਆ, 'ਹੇ ਗੀਤਾ ਭੈਣ, ਰੱਬ ਤੈਨੂੰ ਹਮੇਸ਼ਾ ਸੁਖ ਦੇਵੇ ਤੇ ਤੇਰੇ ਸਿਰ ਉਤੇ ਸਦਾ ਸੋਹਣਾ ਸ਼ਾਲ ਸੋਂਹਦਾ ਰਹਵੇ।'

---

ਆਪਣਾ ਨੁਕਸਾਨ ਨਾ ਕਰਵਾ ਲਵੀਂ।'

ਚਾਚੀ ਹਮੇਸ਼ਾ ਮੇਰਾ ਇੰਜ ਹੀ ਫਿਕਰ ਕਰਦੀ। ਉਹ ਮਾਂ ਨਹੀਂ ਸੀ ਪਰ ਮਾਂ ਤੋਂ ਘੱਟ ਵੀ ਨਹੀਂ।

'ਲੈ ਚਾਚੀ, ਵਰਤ-ਖਰਚ ਲਈਂ।'

'ਪੁੱਤ ਵੱਡੀਆਂ ਉਮਰਾਂ ਹੋਵਣ, ਪਤਾ ਨਹੀਂ ਕਿਹੜੇ ਜਨਮਾਂ ਦਾ 'ਲੇਖਾ-ਸੁਾਬ' ਆ ਤੇਰਾ ਤੇ ਮੇਰਾ।'

'ਚਾਚੀ, ਪੁੱਤਾਂ ਨਾਲ ਵੀ ਕੋਈ 'ਲੇਖੇ-ਸੁਾਬ' ਹੁੰਦੇ। ਮਾਈਂ ਕਦੇ ਘਰ ਵੱਲ ਗੇੜਾ।'

'ਆਊਂਗੀ ਪੁੱਤ, ਆ ਚੰਦਰੀ ਬਿਮਾਰੀ ਨੇ ਜਾਨ ਲੈਣੀ ਕੀਤੀ ਉ।'

ਵਾਕਿਆ ਈ ਇਸ ਚੰਦਰੀ ਬਿਮਾਰੀ ਨੇ ਸਭ ਨੂੰ ਡਰਾ ਛੱਡਿਆ ਸੀ। ਝੋਨੇ ਦੀ ਲੁਆਈ ਸਿਰ 'ਤੇ ਸੀ ਤੇ ਭਈਏ ਆਪਣੇ ਦੇਸ ਵੱਲ ਹੋ ਤੁਰੇ ਸੀ। 'ਚੜ੍ਹਦੀ ਪੱਤੀ' ਵਾਲਿਆਂ ਨੇ 'ਲਹਿੰਦੀ ਪੱਤੀ' ਵੱਲ ਰੁਖ ਕੀਤਾ। 'ਲਹਿੰਦੀ ਪੱਤੀ' ਦੇ ਮੋਹਤਬਰਾਂ ਨੇ ਆਪਣੇ ਬੰਦਿਆਂ ਦੀ ਦਿਹਾੜੀ ਦੱਸ ਦਿੱਤੀ। ਪਹਿਲਾਂ ਦੇ ਮੁਕਾਬਲੇ ਦਿਹਾੜੀ ਬਹੁਤ ਜ਼ਿਆਦਾ ਸੀ। ਪਰ੍ਹੇ-ਪੰਚਾਇਤਾਂ 'ਚ ਬੈਠ ਕੇ ਮਸਲੇ ਨੂੰ ਸੁਲਝਾਉਣਾ ਚਾਹਿਆ ਪਰ ਦੋਵੇਂ ਧਿਰਾਂ ਟਸ ਤੋਂ ਮਸ ਨਾ ਹੋਈਆਂ ਤੇ ਮੈਂ 'ਲਹਿੰਦੀ ਪੱਤੀ' ਦੇ ਮੋਹਤਬਰਾਂ ਨੂੰ ਬਸ ਏਨਾ ਹੀ ਕਿਹਾ, 'ਗੱਲ ਸੁਣੋ ਭਰਾਵੋ, ਨਗਰ-ਖੇੜੇ 'ਤੇ ਪਈ ਬਿਪਤਾ ਨੂੰ ਮਿਲ-ਜੁਲ ਕੇ ਨਜਿੱਠ ਲਈਏ।'

'ਓਹ ਆਪਾਂ ਕਿਹੜਾ ਤੁਹਾਡੇ ਤੋਂ ਭੱਜੇ ਆਂ ਸਰਪੰਚ ਸਾਹਿਬ, ਤੁਸੀਂ ਸਾਡੀ ਮੰਨ ਲਓ, ਅਸੀਂ ਤੁਹਾਡੀ ਮੰਨ ਲੈਂਦੇ ਹਾਂ।'

ਉਸ ਦਿਨ ਪਹਿਲੀ ਵਾਰ ਆਪਣੇ ਹੀ ਪਿੰਡ ਦੇ ਲੋਕ, ਮੈਨੂੰ ਓਪਰੇ ਜਿਹੇ ਲੱਗੇ ਤੇ ਮੈਂ ਨਿੰਮੋਝੂਣਾ ਜਿਹਾ ਹੋ ਘਰ ਆ ਗਿਆ।

'ਸਰਦਾਰ ਜੀ, ਚੁੱਪ-ਚੁੱਪ ਕਿਉਂ ਬੈਠੀ।'

'ਚੁੱਪ ਨੂੰ ਸਾਲਿਆ ਹੋਰ ਮੈਂ ਭੰਗੜੇ ਪਾਵਾਂ, ਝੋਨੇ ਦੀ ਲੁਆਈ ਸਿਰ 'ਤੇ ਆ, ਬੰਦਾ ਕੋਈ ਮਿਲ ਨਹੀਂ ਰਿਹਾ। ਤੁਮ ਭੀ ਆਸੇ-ਪਾਸੇ ਦੀ ਬਿੜਕ ਰੱਖਾ ਕਰ, ਜੇ ਕਿਸੇ ਪਾਸਿਓਂ ਭਈਓਂ ਕਾ ਇੰਤਜ਼ਾਮ ਹੋ ਜੇ।'

ਖੇਤਾਂ 'ਚ ਜਾ ਅਜੇ ਮੈਂ ਚਾਰ ਸਿਆੜ ਹੀ ਕੱਢੇ ਕਿ ਮੈਨੂੰ ਸਾਹ ਚੜ੍ਹਨ ਲੱਗ ਪਿਆ।

'ਸਰਦਾਰ ਜੀ ਬੰਦਾ ਕੋਈ ਨੀ ਹੈਗੀ, ਕੰਮ ਬਹੁਤ ਕਰਨੀ ਪੈਂਦੀ, ਤੁੰ ਮੈਨੂੰ ਗੁੱਸੇ ਹੁੰਦੀ ਰਹਿੰਦੀ।' ਫਿਰ ਦੂਰ ਦਲੀਪੇ ਹੁਰਾਂ ਦੇ ਖੇਤਾਂ ਵੱਲ ਵੇਖ ਕੇ ਕਹਿਣ ਲੱਗਾ, 'ਸਰਦਾਰ ਜੀ, 'ਭੋਲੇ ਔਰ ਮਧੂ' ਕੋ ਲੈ ਆਊਂ।'

'ਇਹ ਵੀ ਕੋਈ ਪੁਛਣੇ ਵਾਲੀ ਗੱਲ ਹੈ, ਜਲਦੀ ਜਾ ਤੇ ਲੈ ਕੇ ਆ।' ਮੈਂ ਉਸ ਵੇਲੇ ਉਹਨੂੰ ਭੇਜ ਕੇ ਧਰਤੀ ਮਾਂ ਨੂੰ ਮੱਥਾ ਟੇਕਿਆ ਤੇ ਸ਼ੁਕਰ ਮਨਾਇਆ ਕਿ ਕਾਮੇ ਆ ਗਏ। ਕ੍ਰਿਸ਼ਨਾ ਭੱਜ ਕੇ ਬੰਬੀ ਵਾਲੇ ਕਮਰੇ 'ਚ ਗਿਆ ਤੇ ਉਥੋਂ ਈ ਵਾਪਸ ਆ ਗਿਆ। ਮੈਂ ਉੱਚੀ ਆਵਾਜ਼ ਦੇ ਕੇ ਕਿਹਾ, 'ਹੁਣ ਉਨ੍ਹਾਂ ਕੁਝ ਲੱਗਦਿਆਂ ਨੂੰ ਲੈ ਆ, ਰਾਹ ਵਿਚੋਂ ਹੀ ਮੁੜ ਆਇਐਂ।' ਕ੍ਰਿਸ਼ਨਾ ਦੂਰੋਂ ਹੀ ਸੈਨਤਾਂ ਜਿਹੀਆਂ ਮਾਰੀ ਜਾਵੇ ਜਿਹੜੀਆਂ ਮੇਰੇ ਪੱਲੇ ਨਾ ਪਈਆਂ। ਮੇਰੇ ਕੋਲ ਆ ਕੇ ਲਫਾਫੀਆਂ ਜਿਹੀਆਂ ਖੋਲ੍ਹ ਕੇ ਕਹਿਣ ਲੱਗਾ, 'ਸਰਦਾਰ ਜੀ ਯੇਹ ਖਾ ਲੋ ਜੋ ਹਰ ਦਸ-ਮਿੰਟ ਬਾਅਦ ਵੱਟ ਪੇ ਬੈਠ ਕਰ ਹੌਅ-ਹੌਅ ਕਰਨ ਲਗ ਜਾਏ, ਇਸ ਕੋ ਖਾਣੇ ਸੇ ਬੰਦ ਹੋ ਜਾਏ।'

'ਉਹ ਤੇਰੀ ਭਲੀ ਹੋ ਜੇ, ਮੈਂ ਕੁਝ ਹੋਰ ਸਮਝ ਬੈਠਾ ਤੇ ਤੂੰ ਆਹ 'ਗੰਦ-ਪਿਲ' ਮੇਰੇ ਅੱਗੇ ਲਿਆ ਧਰਿਆ।'

'ਸਰਦਾਰ ਜੀ 'ਗੰਦ-ਪਿਲ' ਮਤ ਬੋਲੋ 'ਮਧੂ ਔਰ ਭੋਲੇ' ਕੋ, ਬੜੀ ਮਸਤ ਚੀਜ਼ ਹੈ। ਅੰਦਰ ਜਾਤੇ ਹੀ ਸਭ ਕੁਝ ਮਸਤ ਕਰ ਦੇਤੀ।'

ਪਰ ਮੇਰੇ ਕੋਲੋਂ ਮਸਤ ਨਾ ਹੋਇਆ ਗਿਆ। ਪੁੱਤ ਦੀ ਬੇਰੁਖੀ ਮੈਨੂੰ ਉਦਾਸ ਕਰ ਗਈ ਤੇ ਪਿੰਡ ਵਾਲਿਆਂ ਦੀ ਖਿੱਚੋਤਾਣ ਪ੍ਰੇਸ਼ਾਨ। ਅਗਲੇ ਦਿਨ ਫਿਰ ਪੰਚਾਇਤ ਬੈਠੀ, ਦੋਹਾਂ ਧਿਰਾਂ ਦੀ ਕਾਵਾਂਰੌਲੀ ਨੇ ਗੱਲ ਕਿਸੇ ਤਣ-ਪੱਤਣ ਨਾ ਲੱਗਣ ਦਿੱਤੀ। ਲਹਿੰਦੀ ਪੱਤੀ ਵਾਲਿਆਂ ਫਿਰ ਦੁਹਰਾਇਆ, 'ਆਪਾਂ ਕਿਹੜਾ ਤੁਹਾਡੇ ਤੋਂ ਭੱਜੇ ਆਂ ਪਰ ਦਿਹਾੜੀ ਸਾਡੀ ਮਰਜ਼ੀ ਦੀ ਹੋਊ ਇਸ ਵਾਰ।' ਏਨਾ ਆਖ ਉਹ ਉੱਠ ਤੁਰੇ ਤੇ ਪਿੱਛੇ ਰਹਿ ਗਏ 'ਚੜ੍ਹਦੀ ਪੱਤੀ' ਵਾਲੇ ਆਪਣਾ ਗੁੰਭ-ਗੁਲਾਟ ਕੱਢਣ ਬਹਿ ਗਏ।

'ਨਰੇਗਾ ਦੀ ਦਿਹਾੜੀ ਜੁ ਪਾਉਂਦੇ, ਵੇਖ ਕਿਵੇਂ ਗੱਲਾਂ ਆਉਂਦੀਆਂ ਬਰੋਬਰ ਬਹਿ ਕੇ।' ਇਕ ਨੇ ਕਿਹਾ।

'ਆਟਾ ਦਾਲ ਸਕੀਮ ਨੇ ਚੌੜ ਕਰ ਦਿੱਤਾ ਸਭ ਨੂੰ, ਸ਼ੁਕਰ ਕਰੋ ਭਰਾਵੋ ਸਾਰੇ ਨੀ ਨਰੇਗਾ 'ਤੇ। ਉਂ ਇਹ ਜਾਤ ਭੁੱਖੀ ਮਰਦੀ ਹੀ ਚੰਗੀ।' ਦੂਜੇ ਨੇ ਹਾਮੀ ਭਰੀ।

'ਚਾਰ ਅੱਖਰ ਪੜ੍ਹ ਕੀ ਗਏ, ਅਣਖ ਦੀਆਂ ਗੱਲਾਂ ਕਰਨ ਲੱਗ ਪਈ ਮੁੰਡੀਰ। 'ਮਰੀਕਾ ਵਾਲੇ ਦੇ ਡਾਲਰਾਂ ਨੇ ਮਫਰਾਅ ਦਿੱਤੇ ਬਹੁਤ, ਜਦ ਘਰ ਭੰਗ ਭੁੱਜੀ, ਫਿਰ ਪਤਾ ਲੱਗੂ।' ਤੀਜੇ ਨੇ ਵੀ ਤੀਲ੍ਹੀ ਲਾਈ।

'ਨਿਆਣੇ ਸਾਰਿਆਂ ਦੇ ਬਾਹਰ ਬੈਠੇ ਆ, ਇਨ੍ਹਾਂ ਬਿਨਾਂ ਆਪਾਂ ਕਾਸੇ ਜੋਗੇ ਨਹੀਂ। ਥੋੜ੍ਹੀ ਬਹੁਤ ਦਿਹਾੜੀ ਵਧਾ ਦੇਂਦੇ ਆਂ। ਐਵੇਂ ਨਿੱਤ ਦਾ ਕਲੇਸ਼ ਚੰਗਾ ਨਹੀਂ ਹੁੰਦਾ।' ਸਿਆਣੇ ਬੰਦੇ ਨੇ ਸਿਆਣੀ ਸਲਾਹ ਦਿੱਤੀ।

'ਜਾਹ ਚਾਚਾ, ਬਹੁਤੀਆਂ ਸਿਆਣਪਾਂ ਨਾ ਘੋਟ। ਫਿਰ ਕੀ ਆ ਜੇ ਨਿਆਣੇ ਬਾਹਰ ਬੈਠੇ, ਆਪਾਂ ਸਾਰੇ ਰਲ-ਮਿਲ ਕੇ ਲਾ ਲਵਾਂਗੇ ਝੋਨਾ।' ਕਿਸੇ ਅੱਧਖੜ ਨੇ ਸਿਆਣੇ ਬੰਦੇ ਦੀ ਗੱਲ ਰਫਾ-ਦਫਾ ਕਰ ਦਿੱਤੀ।

'ਨਾ ਗੱਲ ਸੁਣ ਮੇਰੀ, ਆਹ ਜਿਹਤੀ ਕਵਿੰਟਲ ਦੀ ਗੋਗੜ ਕੱਢੀ ਫਿਰਦੈਂ, ਝੋਨਾ ਲਾਉਣਾ ਤਾਂ ਦੂਰ ਦੀ ਗੱਲ, ਤੇਰੇ ਕੋਲੋਂ ਪਾਣੀ ਦਾ ਨੱਕਾ ਵੀ ਮੋੜ ਨਹੀਂ ਹੋਣਾ।' ਸਿਆਣੇ ਬੰਦੇ ਦੀ ਸਿਆਣੀ ਗੱਲ ਸਭ ਨੂੰ ਚੁੱਪ ਕਰਾ ਗਈ ਪਰ ਉਨ੍ਹਾਂ ਦੀ ਅੜੀ ਨੂੰ ਕਿਸੇ ਪਾਸੇ ਨਾ ਲਾ ਸਕੀ। ਫਿਰ ਮੈਨੂੰ ਆਪਣੇ ਯਾਰ ਦਾ ਅਮਰੀਕਾ ਬੈਠਾ ਪੁੱਤ ਯਾਦ ਆਇਆ। ਇਨ੍ਹਾਂ ਸਭ ਦੀ ਮੱਤ ਨੂੰ ਉਹੀ ਟਿਕਾਣੇ ਲਿਆ ਸਕਦੈ, ਪਰ ਕੁਝ ਸਿਰਫਿਰਿਆਂ ਦੀ ਮੱਤ ਨੇ ਚੜ੍ਹਦੀ ਪੱਤੀ ਦੇ ਗੁਰਦੁਆਰੇ ਤੋਂ ਮੁਨਾਦੀ ਕਰਵਾ ਦਿੱਤੀ, 'ਸਾਡੇ ਲੱਖ ਬੁਲਾਉਣ 'ਤੇ ਵੀ ਤੁਸੀਂ ਨਹੀਂ ਆਏ। ਅੱਗੇ ਤੋਂ ਤੁਹਾਡਾ ਸਾਡੇ ਖੇਤਾਂ ਵਿਚ ਆਉਣਾ ਬੰਦ ਤੇ ਨਾ ਹੀ ਸਾਡੇ ਖੇਤਾਂ ਨੂੰ ਆਪਣੇ ਜ਼ਰੂਰੀ ਕੰਮਾਂ ਲਈ ਵਰਤੋਗੇ।'

ਉਸੇ ਸ਼ਾਮ ਲਹਿੰਦੀ ਪੱਤੀ ਵਾਲਿਆਂ ਵੀ ਆਪਣੇ ਗੁਰਦੁਆਰੇ ਤੋਂ ਮੋੜਵਾਂ ਜਵਾਬ ਦਿੱਤਾ, 'ਦਿਹਾੜੀ ਕਰਦੇ ਆਂ, ਅਸੀਂ ਕੋਈ ਭੀਖ ਨਹੀਂ ਮੰਗਦੇ। ਜੇ ਤੁਹਾਡੇ ਖੇਤ ਸਾਨੂੰ ਨਹੀਂ ਝੱਲਦੇ ਤਾਂ ਬਾਕੀ ਪਿੰਡਾਂ ਦੇ ਖੇਤ ਸਹੀ। ਜੇ ਤੁਹਾਨੂੰ ਕੋਈ ਲਿਹਾਜ਼ ਨਹੀਂ ਤਾਂ ਸਾਨੂੰ ਵੀ ਤੁਹਾਡਾ ਹੇਜ ਨਹੀਂ।'

ਅਨਾਊਂਸਮੈਂਟ ਸੁਣ ਮੇਰੇ ਅੰਦਰੋਂ ਕੁਝ ਕੜੱਕ ਕਰ ਕੇ ਟੁੱਟਾ। ਗੁੱਸਾ ਵੀ ਆਇਆ 'ਲਹਿੰਦੀ ਪੱਤੀ' ਵਾਲਿਆਂ 'ਤੇ ਪਰ ਅਗਲੇਰੀ ਸਰਪੰਚੀ ਸਿਰ 'ਤੇ ਸੀ ਤੇ ਮੈਂ ਆਪਣੇ ਗੁੱਸੇ ਨੂੰ ਜ਼ਰਦਿਆਂ 'ਲਹਿੰਦੀ ਪੱਤੀ' ਵਾਲਿਆਂ ਦੇ ਘਰ ਰਾਸ਼ਨ ਭਿਜਵਾ ਦਿੱਤਾ ਪਰ 'ਲਹਿੰਦੀ ਪੱਤੀ' ਵਾਲਿਆਂ ਦੇ ਕੁਝ ਪਾੜ੍ਹਿਆਂ ਦੀ 'ਈਗੋ' ਨੂੰ ਸੱਟ ਵੱਜੀ ਤੇ ਉਨ੍ਹਾਂ ਰਾਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ।

ਤਾਈ ਪ੍ਰਸਿੰਨੀ ਨੇ ਉਹਨੂੰ ਬਾਹੋਂ ਫੜ ਲਿਆ, 'ਪਾੜ੍ਹਿਆ ਆਹ ਜਿਹੜੀ 'ਈਗੋ-ਈਗੋ' ਕਰਦਾ ਰਹਿੰਦਾ ਏਂ, ਇਹਦੇ ਨਾਲ ਮੱਥਾ ਤਾਂ ਡੰਮਿਆ ਜਾਊ ਪਰ ਇਹਦੇ ਨਾਲ ਢਿੱਡ ਨਹੀਓਂ ਡੰਮਿਆ ਜਾਣਾ।'

'ਲੈ ਤਾਈ, ਤੈਨੂੰ ਕੀ ਪਤਾ, ਸਾਡੀ ਵੀ ਅਣਖ ਦਾ ਸਵਾਲ ਆ।'

'ਜੈ ਵੱਢੀਦਿਆ, ਅਣਖ ਨੂੰ ਟੰਮਣੇ ਚਾੜ੍ਹ ਛੱਡ, ਟੱਬਰ ਭਾਵੇਂ ਘਰ ਭੁੱਖਾ ਮਰ ਜੇ।'

'ਕਿਤੇ ਨੀ ਭੁੱਖੇ ਮਰਦੇ ਤਾਈ। ਲੌਕਡਾਊਨ 'ਚ ਬਥੇਰੇ ਪਾਸਿਓਂ ਦਾਣੇ ਆਏ, ਸਰਪੰਚ ਸਾਹਿਬ, ਹੁਣ ਹਰ ਕੋਠੀ ਦਾਣੇ ਤੇ ਸਾਡੇ ਵਰਗੇ ਮਾੜਤ ਵੀ ਸਿਆਣੇ।'

ਉਹਦੀ ਗੱਲ ਬੋਚਦਿਆਂ ਮੈਂ ਕਿਹਾ, 'ਬਿਲਕੁਲ ਪੁੱਤ, ਸਾਰੀਆਂ ਸਿਆਣਪਾਂ ਤਾਂ 'ਨਵੇਂ ਪੋਚ' ਕੋਲ ਆ ਗਈਆਂ, ਮੁਾੜਤ ਤਾਂ ਅਸੀਂ ਬੁੱਢੇ-ਠੇਰੇ ਬਣ ਗਏ। ਨਗਰ ਖੇੜੇ 'ਤੇ ਪਈ ਬਿਪਤਾ ਨੂੰ ਸਿਆਣਪ ਨਾਲ ਰਲ-ਮਿਲ ਨਜਿੱਠ ਲਈਏ। ਇਕ ਦੂਜੇ ਬਿਨ ਆਪਾਂ ਕਾਹਦੇ ਜੋਗੇ।' ਉਹ ਸਭ ਚੁੱਪ ਕਰ ਗਏ ਤੇ ਮੈਂ ਭਰਿਆ-ਪੀਤਾ ਉਥੋਂ ਤੁਰ ਆਇਆ। ਆਪਣੇ ਗੁੱਸੇ 'ਤੇ ਜ਼ਾਬਤਾ ਰੱਖ ਮੈਂ ਚੜ੍ਹਦੀ ਪੱਤੀ ਦੇ ਮੋਹਤਬਰ ਬੰਦਿਆਂ ਨੂੰ ਆਪਣੇ ਘਰ ਸੱਦ ਲਿਆ। ਬੜੀ ਹਲੀਮੀ ਨਾਲ ਮੈਂ ਗੱਲ ਸ਼ੁਰੂ ਕੀਤੀ, 'ਆਪਣੇ ਪਿੰਡ ਦਾ ਮਸਲਾ, ਘਰ ਦੀ ਗੱਲ ਘਰ 'ਚ ਹੀ ਨਿਬੇੜ ਲਈਏ।' ਮੈਂ ਬਸ ਏਨਾ ਹੀ ਕਿਹਾ ਤੇ ਉਹ ਸਭ ਝੂਠੀਆਂ-ਸੱਚੀਆਂ ਤੁਹਮਤਾਂ ਮੇਰੇ ਮੱਥੇ ਮੜ੍ਹਨ ਲੱਗੇ।

'ਗੱਲ ਸੁਣ ਲਾ ਬਲਵੰਤ ਸਿਆਂ! ਜ਼ਮੀਨ ਜੈਦਾਦਾਂ ਵਾਲੇ ਹੋ ਕੇ ਅਸੀਂ 'ਮੱਛਰੀ ਮੁੰਡੀਰ' ਦੇ ਤਲਵੇ ਨਹੀਂ ਚੱਟਣੇ। ਕੱਲ੍ਹ ਦੇ ਛੋਕਰੇ ਅਨਾਊਂਸਮੈਂਟ ਕਰਨ ਬਹਿਗੇ। ਅਸੀਂ ਤਾਂ ਆਰ-ਪਾਰ ਦੀ ਲੜਾਈ ਲੜਨੀ ਹੁਣ।'

'ਬਲਵੰਤ ਸਿਆਂ, ਤੂੰ ਚੰਗੀ ਨਹੀਉਂ ਕੀਤੀ 'ਲਹਿੰਦੀ ਪੱਤੀ' ਵਾਲਿਆਂ ਨੂੰ ਰਾਸ਼ਨ ਪਾਣੀ ਵੰਡ ਕੇ। ਤੂੰ ਸਰਪੰਚੀ 'ਚ ਵੋਟਾਂ ਬਟੋਰਨ ਕਰਕੇ ਸਾਡੀ ਪਿੱਠ ਲੁਆ ਦਿੱਤੀ।'

'ਭਰਾਵੋ ਤੁਸੀਂ ਜੋ ਮਰਜ਼ੀ ਸਮਝ ਲਵੋ ਪਰ ਮੈਂ ਆਪਣੇ ਪੁਰਖੇ ਦੀ ਪਿਰਤ ਨੂੰ ਤੋੜ ਨਹੀਂ ਸਕਦਾ। ਬਾਕੀ ਰਹੀ ਗੱਲ ਸਰਪੰਚੀ ਦੀ, ਇਸ ਵਾਰ ਦੀ ਸਰਪੰਚੀ ਗੁਲਜ਼ਾਰ ਸਿਆਂ ਤੇਰੀ।'

ਉਹ ਜਿਹੜਾ ਘੜੀ ਕੁ ਪਹਿਲਾਂ ਉੱਚੀ-ਉੱਚੀ ਫੁੰਕਾਰੇ ਛੱਡ ਰਿਹਾ ਸੀ ਤੇ ਦੂਜਿਆਂ ਨੂੰ ਵੀ ਭੜਕਾ ਰਿਹਾ ਸੀ, ਸ਼ਾਂਤ ਜਿਹਾ ਹੋ ਕੇ ਕਹਿਣ ਲੱਗਾ, 'ਗੱਲ ਤਾਂ ਤੇਰੀ ਠੀਕ ਆ ਭਾਊ, ਘਰ ਦੀ ਘਰ 'ਚ ਹੀ ਨਿਬੇੜ ਲਈਏ ਤਾਂ ਚੰਗਾ।'

ਮੈਂ ਆਪਣੀ ਚਾਲ ਚੱਲ ਗਿਆ ਤੇ ਉਸ ਵੇਲੇ ਸਰਪੰਚੀ ਦੇ ਤਜਰਬੇ ਨੇ ਮੈਨੂੰ ਦੱਸਿਆ ਕਿ ਹੁਣ ਕਿਹੜੇ ਮੋਹਰੇ ਨਾਲ ਬਾਜ਼ੀ ਜਿੱਤੀ ਜਾ ਸਕਦੀ ਹੈ ਤੇ ਮੈਂ 'ਇੰਦਰ ਨਰ' ਦੇ ਅਮਰੀਕਾ ਬੈਠੇ ਪੁੱਤ ਨੂੰ ਫੋਨ ਲਾ ਦਿੱਤਾ।

'ਚਾਚਾ ਕਿਵੇਂ ਯਾਦ ਆ ਗਈ ਅੱਜ ਭਤੀਜ ਦੀ।'

'ਤੈਨੂੰ ਪਤਾ ਈ ਆ ਸਭ।'

'ਆਹੋ ਪਤਾ ਸਭ ਮੈਨੂੰ ਗੁਰੂਘਰ 'ਚੋਂ ਕਿਹੜੀਆਂ-ਕਿਹੜੀਆਂ ਅਨਾਊਂਸਮੈਂਟਾਂ ਹੋ ਰਹੀਆਂ।'

'ਪੁੱਤਰਾ, ਚੜੇਖੜੀ ਦੋਵਾਂ ਧਿਰਾਂ ਵੱਲੋਂ ਹੋਈ।'

'ਪਰ ਪਹਿਲ ਤੇਰੇ ਬੰਦਿਆਂ ਨੇ ਕੀਤੀ, ਹੁਣ ਉਹ ਵੇਲੇ ਨਹੀਂ ਰਹੇ ਚਾਚਾ। 'ਆਪਣੇ ਬੰਦਿਆਂ' ਨੂੰ ਇਹ ਗੱਲ ਸਮਝਾ ਛੱਡ।'

'ਮੈਨੂੰ ਵੀ ਪਤੈ, ਹੁਣ ਉਹ ਵੇਲੇ ਨਹੀਂ ਰਹੇ ਪਰ ਇਸ ਵੇਲੇ ਨੂੰ ਰਲ-ਮਿਲ ਸਾਂਭ ਲਈਏ ਪੁੱਤਰਾ, ਤੇਰੀਆਂ ਰਗਾਂ 'ਚ ਮੇਰੇ ਯਾਰ ਦਾ ਖੂਨ ਆ, ਮੈਨੂੰ ਪਿੱਠ ਨਾ ਦੇਵੀਂ।'

'ਚਾਚਾ ਜੀਅ ਤਾਂ ਕਰਦੈ, ਤੈਨੂੰ ਪਿੱਠ ਵਿਖਾ ਈ ਦੇਵਾਂ ਇਸ ਵਾਰ, ਤੈਨੂੰ ਵੀ ਪਤਾ ਲੱਗੇ, ਕਿਸ ਭਾਅ ਵਿਕਦੀ ਆ।'

'ਪੁੱਤਰਾ, ਤੇਰੇ ਕੋਲੋਂ ਇਹ ਆਸ ਨਹੀਂ ਸੀ।' ਨਿਸੱਤੀ ਜਿਹੀ ਆਵਾਜ਼ 'ਚ ਮੇਰੇ ਕੋਲੋਂ ਬਸ ਇਹੋ ਆਖ ਹੋਇਆ।

'ਬੜੀ ਛੇਤੀ ਘਬਰਾ ਗਿਐਂ ਚਾਚਾ, ਤੂੰ ਮੈਨੂੰ ਪਿਓ ਬਰੋਬਰ ਆਂ। ਨਾ ਪਿੱਠ ਮੈਂ ਤੇਰੀ ਲੱਗਣ ਦੇਣੀ, ਨਾ ਆਪਣੇ ਬੰਦਿਆਂ ਦੀ।'

'ਮੇਰੇ ਮਨੋਂ ਤੂੰ ਭਾਰ ਲਾਹ ਦਿੱਤਾ, ਪੁੱਤਰਾ।'

'ਪੁੱਤ-ਭਤੀਜੇ ਹੋਰ ਕਾਹਦੇ ਲਈ ਹੁੰਦੇ, ਚਾਚਾ ਗਲਾਸੀ ਲਾ ਤੇ ਪੂਰੇ ਪਿੰਡ 'ਚ ਬੜ੍ਹਕ ਮਾਰ ਕੇ ਦੱਸ ਦੇ ਸਭ ਨੂੰ, ਤੇਰੀ ਪਿੱਠ 'ਤੇ ਅਮਰੀਕਾ ਖਲੋਤੈ ਅਮਰੀਕਾ।'

ਦਿਨ ਚੜ੍ਹੇ ਹੀ 'ਲਹਿੰਦੀ ਪੱਤੀ' ਵਾਲੇ ਮੇਰੇ ਘਰ ਦੀਆਂ ਬਰੂਹਾਂ 'ਤੇ ਆ ਖਲੋਤੇ। ਅੰਦਰੋਂ ਮੈਂ ਖੁਸ਼ ਸੀ, ਫਿਰ ਵੀ 'ਆਪਣੇ ਬੰਦਿਆਂ' ਸਾਹਮਣੇ ਰੋਹਬ ਜਿਹੇ ਨਾਲ ਕਿਹਾ, 'ਹਾਂ, ਕਿੰਨੀ ਦਿਹਾੜੀ ਪਾਉਣੀ ਫਿਰ, ਕਰ ਲੈਣੇ ਸੀ 'ਸੁਾਬ-ਕਿਤਾਬ'

ਉਹ ਸਾਰੇ ਚੁੱਪ ਸਨ ਪਰ ਵਿਚੋਂ ਬੀ.ਏ. ਪਾਸ ਉਨ੍ਹਾਂ ਦਾ ਲੀਡਰ ਬੋਲਿਆ, 'ਸਰਪੰਚ ਸੁਾਬ! ਤੁਸੀਂ ਧਰਤ ਦੇ ਮਾਲਕ, ਅਸੀਂ ਧਰਤੀ ਦੇ ਪੁੱਤ। 'ਹਿਸਾਬ-ਕਿਤਾਬ' ਮਾਲਕਾਂ ਦਾ ਹੁੰਦਾ ਹੋਊ, ਮਾਂ-ਪੁੱਤਾਂ ਦੇ ਕਾਹਦੇ ਹਿਸਾਬ-ਕਿਤਾਬ।' ਉਹਦੀ ਗੱਲ ਸੁਣ ਮੈਂ ਝੇਪ ਜਿਹਾ ਗਿਆ।

ਕੋਲ ਖਲੋਤੇ ਗੁਲਜ਼ਾਰੀ ਨੇ ਟਿੱਚਰ ਜਿਹੀ 'ਚ ਆਖਿਆ, 'ਫਿਰ ਵੀ ਵਾਧੇ-ਘਾਟੇ ਸੋਚ ਲੈਣੇ ਸੀ ਆਪਣੇ।'

'ਸਰਪੰਚ ਸਾਹਿਬ, 'ਆਪਣੇ ਬੰਦਿਆਂ' ਨੂੰ ਸਮਝਾ ਲਵੋ, ਅਸੀਂ ਵਾਧੂ-ਘਾਟੂ ਗੱਲਾਂ ਸੁਣਨ ਨਹੀਂ ਆਏ। 'ਆਪਣੇ ਬੰਦੇ' ਦੇ ਕਹਿਣ 'ਤੇ ਮੈਂ ਇਨ੍ਹਾਂ ਨੂੰ ਛੱਡਣ ਆ ਗਿਆ। ਵਾਪਸ ਚਲੇ ਜਾਂਦੇ ਆਂ, ਫਿਰ ਵੇਖ ਲਿਓ 'ਵਾਧੇ-ਘਾਟੇ' ਕਿਨ੍ਹਾਂ ਨੂੰ ਪੈਂਦੇ ਆ।'

ਇਕ ਪਲ ਮੈਨੂੰ ਲੱਗਾ, ਬਣੀ-ਬਣਾਈ ਗੱਲ ਹੱਥੋਂ ਖਿਸਕ ਚੱਲੀ ਆ। ਨਾ ਚਾਹੁੰਦਿਆਂ ਹੋਇਆਂ ਵੀ ਉਸ ਨਵੇਂ-ਨਵੇਂ ਬਣੇ ਮੋਹਤਬਰ ਨੂੰ ਆਪਣੇ ਕਲਾਵੇ 'ਚ ਲੈ ਲਿਆ। ਮੈਂ ਕੁਝ ਕਹਿਣ ਹੀ ਵਾਲਾ ਸੀ ਕਿ ਭੀੜ 'ਚੋਂ ਬਚਨਾ ਅਮਲੀ ਬੋਲ ਪਿਆ, 'ਗੁਲਜ਼ਾਰ ਸਿਆਂ, ਸਰਪੰਚ ਦੀ ਪਿੱਠ 'ਤੇ ਵੀ 'ਮਰੀਕਾ' ਤੇ ਸਾਡੀ ਪਿੱਠ 'ਤੇ ਵੀ 'ਮਰੀਕਾ', ਸਾਡਾ ਦੋਵਾਂ ਦਾ ਇਕੋ ਤਰੀਕਾ ਤੇ ਫਿਰ ਰੌਲਾ ਕਾਹਦਾ।'

ਵਾਕਿਆ ਹੀ ਫਿਰ ਕੋਈ ਰੌਲਾ ਨਹੀਂ ਰਿਹਾ। ਦੋਵਾਂ ਧਿਰਾਂ ਦੀ ਰਜ਼ਾਮੰਦੀ ਨਾਲ ਮੇਰੇ ਸਿਰ ਤੋਂ ਮਣਾਂ-ਮੂੰਹੀਂ ਭਾਰ ਲੱਥ ਗਿਆ। ਅਜੇ ਨਰ ਨੂੰ ਫੋਨ ਕਰ ਕਹਿੰਦਾ ਹਾਂ, 'ਪੁੱਤਰਾ, ਪਿਓ ਤੇਰਾ ਜਨਮ ਤੋਂ 'ਨਰ' ਸੀ, ਮੈਂ ਕਰਮ ਤੋਂ 'ਨਰ' ਪਰ ਤੂੰ ਜਨਮ ਤੋਂ ਵੀ ਨਰ ਤੇ ਕਰਮ ਤੋਂ ਵੀ ਨਰ।'

'ਚਾਚਾ, ਤੂੰ ਮੈਨੂੰ ਪਿਓ ਬਰੋਬਰ ਆਂ, ਬਸ ਹੁਕਮ ਕਰਿਆ ਕਰ।'

ਉਹਦੇ ਇਹ ਬੋਲ ਮੈਨੂੰ ਧਰਵਾਸਾ ਦੇ ਗਏ ਤੇ ਇਸ ਧਰਵਾਸੇ 'ਚ ਹੀ ਮੈਂ ਆਪਣੇ ਪੁੱਤ ਨੂੰ ਫੋਨ ਕਰ ਦਿੱਤਾ ਪਰ ਮਾੜੀ-ਮੋਟੀ ਸਤਿ-ਕੁਸਤਿ ਕਰ, ਉਸ ਫੋਨ ਨਿਆਣਿਆਂ ਦੇ ਕੰਨਾਂ ਨੂੰ ਲਾ ਦਿੱਤਾ। ਦਿਨ ਚੜ੍ਹੇ ਹੀ ਉਹਦੀ ਇਹ ਹਰਕਤ ਮੇਰੇ ਧੁਰ ਅੰਦਰ ਤਕ ਲਾਂਬੂ ਲਾ ਗਈ ਸੀ।

ਪੁੱਤ ਦੇ ਲੱਛਣਾਂ ਨੇ ਮੈਨੂੰ ਲੂਹ ਕੇ ਰੱਖ ਦਿੱਤਾ ਤੇ ਮੈਂ ਸੋਚ ਰਿਹਾ ਸੀ, ਇਹ ਕਰੋਨਾ ਤਾਂ ਕਿਸੇ ਦਿਨ ਖ਼ਤਮ ਹੋ ਜੂ ਪਰ ਬੰਦੇ ਅੰਦਰ ਪਿਆ ਕਰੋਨਾ ਬਹੁਤ ਜ਼ਹਿਰੀਲਾ, ਇਸ ਪਤੰਦਰ ਕੋਲ ਇਹੋ ਜਿਹੀਆਂ ਕਲਾਬਾਜ਼ੀਆਂ, ਇਹ ਮਰਨ ਵੀ ਨਹੀਂ ਦੇਂਦੀਆਂ ਪਰ ਜੀਣ ਜੋਗਾ ਵੀ ਨਹੀਂ ਛੱਡਦੀਆਂ।

ਮਨ ਨੂੰ ਆਹਰੇ ਲਾਉਣ ਲਈ ਟੀ.ਵੀ. ਲਾ ਲੈਂਦਾ ਹਾਂ। ਟੀ.ਵੀ. 'ਤੇ ਚੀਕ-ਚਿਹਾੜਾ ਪੈ ਰਿਹਾ ਹੈ-'ਘਰ 'ਚ ਰਹਿੰਦੇ ਬਜ਼ੁਰਗ ਜੋੜੇ ਦੀ ਮੌਤ, ਧੀਆਂ-ਪੁੱਤਾਂ ਨੇ ਲਾਸ਼ਾਂ ਲੈਣ ਤੋਂ ਕੀਤਾ ਇਨਕਾਰ'। ਮੇਰੀ ਸ਼ੂਗਰ ਘੱਟ ਹੋ ਜਾਂਦੀ ਹੈ, ਹੱਥ-ਪੈਰ ਕੰਬਣ ਲੱਗਦੇ ਆ। ਸਰੀਰ ਠੰਢਾ ਯਖ਼, ਅੱਖਾਂ ਮੀਚਣ ਲੱਗਦੀਆਂ ਹਨ। ਰੂਹ ਉੱਡ ਜਾਂਦੀ ਹੈ। ਕ੍ਰਿਸ਼ਨਾ ਦਰਵਾਜ਼ਾ ਖੋਲ੍ਹ ਰਿਹਾ ਹੈ, ਗਲੀ-ਗੁਆਂਢ ਨੂੰ 'ਵਾਜਾਂ ਮਾਰ ਰਿਹੈ, ਕੋਈ ਨਹੀਂ ਬਹੁੜਦਾ। ਨੂੰਹ-ਪੁੱਤ ਵੀ ਫੋਨ ਨਹੀਂ ਚੁੱਕ ਰਹੇ।

ਗੁਰਦੁਆਰੇ 'ਚ ਅਨਾਊਂਸਮੈਂਟ ਹੋ ਰਹੀ ਹੈ, 'ਗੁਰੂਘਰ ਦੀ ਸਾਜੀ-ਨਿਵਾਜੀ ਸਾਧ ਸੰਗਤ, ਸਾਡੇ ਸਭ ਦੇ ਹਰਦਿਲ ਅਜ਼ੀਜ਼ ਬਲਵੰਤ ਸਿੰਘ ਜੀ ਸਵਰਗ ਸਿਧਾਰ ਗਏ ਹਨ। ਮਹਾਮਾਰੀ ਦੇ ਚਲਦਿਆਂ ਅੰਤਿਮ ਰਸਮਾਂ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਨੇ ਲਈ ਹੈ। ਪਿੰਡੋਂ ਹਟਵੀਆਂ ਹੋਣ ਕਰਕੇ ਉਨ੍ਹਾਂ ਦਾ ਸਸਕਾਰ 'ਲਹਿੰਦੀ ਪੱਤੀ' ਵਾਲੇ ਸ਼ਮਸ਼ਾਨਘਾਟ 'ਚ ਕੀਤਾ ਜਾਵੇਗਾ। ਸਾਧ ਸੰਗਤ ਨੂੰ ਬੇਨਤੀ ਹੈ ਕਿ ਸਸਕਾਰ ਵੇਲੇ ਬਹੁਤਾ 'ਕੱਠ ਨਾ ਕੀਤਾ ਜਾਵੇ ਜੀ।'

'ਚੜ੍ਹਦੀ ਪੱਤੀ' ਵਿਚੋਂ ਕੋਈ ਜੀਅ-ਪਰਿੰਦਾ ਨਹੀਂ ਹਿੱਲਦਾ। 'ਲਹਿੰਦੀ ਪੱਤੀ' ਦੇ ਵਿਹੜੇ 'ਚ ਚਾਚੀ ਪ੍ਰਸਿੰਨੀ ਖਲੋ ਗਈ, ਉਹਦੇ ਦੁਆਲੇ ਚਿੱਟੀਆਂ ਚੁੰਨੀਆਂ ਦਾ ਝੁਰਮਟ ਹੈ। ਦੇਹ ਨੂੰ ਵੇਖ ਦੂਰੋਂ ਵੈਣ ਪੈਣ ਲੱਗਦੇ ਹਨ-

ਵੇ ਸਾਡੇ ਲਈ ਤੂੰ ਰਣਜੀਤ ਸਿਹੁੰ ਮਾਰਾਜ,
ਵੇ ਉੱਠ ਕੇ ਸਾਡੇ ਕੰਨੀ ਝਾਕ,
ਵੇ ਆਏ ਤੇਰੇ ਉੜਾਂ-ਥੁੜਾਂ ਦੇ ਸਾਕ।

ਕੋਈ ਅਣਪਛਾਣਿਆ ਚਿਹਰਾ ਦੇਹ ਨੂੰ ਲਾਂਬੂ ਲਾਉਣ ਲੱਗਾ ਹੈ। ਚਾਚੀ ਪ੍ਰਸਿੰਨੀ ਮੇਰੇ ਪੁੱਤ ਨੂੰ ਵਾਜਾਂ ਮਾਰਦੀ ਹੈ ਪਰ ਉਹ ਨਹੀਂ ਬਹੁੜਦਾ ਤੇ ਫਿਰ ਚਾਚੀ ਪ੍ਰਸਿੰਨੀ 'ਚੜ੍ਹਦੀ ਪੱਤੀ' ਵੱਲ ਵੇਖਦਿਆਂ ਲੇਰ ਮਾਰਦੀ ਹੈ-

ਕੋਈ ਲਾਂਬੂ ਵੀ ਲਾਉਣ ਨਾ ਆਇਆ,
ਵੇ ਬਹੁਤੀਆਂ ਜੈਦਾਦਾਂ ਵਾਲਿਆ।

ਮੈਂ ਉੱਠ ਖਲੋਇਆ ਸੀ, ਘਬਰਾਇਆ ਹੋਇਆ ਸੀ, ਅੱਭੜਵਾਹੇ ਮੈਂ ਆਪਣੇ ਸਰੀਰ ਨੂੰ ਟੋਂਹਦਾ ਹਾਂ, ਆਪਣੇ ਦਿਲ 'ਤੇ ਹੱਥ ਧਰਦਾ ਹਾਂ, ਇਹ ਤਾਂ ਅਜੇ ਵੀ ਧੜਕ ਰਿਹਾ ਸੀ। ਬਾਹਰ ਆਉਂਦਾ ਹਾਂ ਪਰ ਅੱਜ ਮੈਂ ਕ੍ਰਿਸ਼ਨਾ ਨੂੰ ਆਵਾਜ਼ ਨਹੀਂ ਮਾਰਦਾ ਤੇ ਅਗਲੇ ਹੀ ਪਲ ਮੈਂ 'ਕੱਲਾ ਹੀ 'ਲਹਿੰਦੀ ਪੱਤੀ' ਦੀਆਂ ਮੜ੍ਹੀਆਂ ਦੇ ਰਾਹੇ ਪੈ ਜਾਂਦਾ ਹਾਂ। ਮੜ੍ਹੀਆਂ 'ਚ ਲੱਗੇ ਬੂਟਿਆਂ ਨੂੰ ਪਾਣੀ ਦੇਂਦਾ ਹਾਂ, ਗਰਮੀ ਨਾਲ ਧੁੱਖੇ ਫੁੱਲਾਂ 'ਤੇ ਪਾਣੀ ਦਾ ਛਿੜਕਾਅ ਕਰਦਿਆਂ ਆਪਣੇ ਧੁਖਦੇ ਸਰੀਰ ਨੂੰ ਵੀ ਪਾਣੀ ਥੱਲੇ ਕਰ ਦੇਂਦਾ ਹਾਂ। ਮੇਰੇ ਅੰਦਰ ਚਿਰਾਂ ਤੋਂ ਮੱਚ ਰਿਹਾ ਲਾਂਬੂ ਹੌਲੀ-ਹੌਲੀ ਮੱਠਾ ਪੈਣ ਲੱਗਦਾ ਹੈ।

# ਖਿਡਾਰੀਆਂ ਦਾ ਮਸੀਹਾ ਰਾਜਦੀਪ ਸਿੰਘ ਗਿੱਲ


ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਰਾਜਦੀਪ ਸਿੰਘ ਗਿੱਲ ਪੰਜਾਬ ਪੁਲਿਸ ਦੇ ਸਾਬਕਾ ਡੀਜੀਪੀ ਵਜੋਂ ਘੱਟ, ਖੇਡਾਂ ਤੇ ਖਿਡਾਰੀਆਂ ਦੇ ਮਸੀਹੇ ਵਜੋਂ ਵੱਧ ਜਾਣਿਆ ਜਾਂਦੈ। ਉਹ ਸਾਲਾਂਬੱਧੀ ਖੇਡਾਂ ਤੇ ਖਿਡਾਰੀਆਂ ਦਾ ਰਹਿਬਰ ਰਿਹਾ। ਉਸ ਨੇ ਇਕ ਹਜ਼ਾਰ ਤੋਂ ਵੱਧ ਖਿਡਾਰੀ ਪੰਜਾਬ ਪੁਲਿਸ ਵਿਚ ਭਰਤੀ ਕੀਤੇ/ਕਰਵਾਏ, ਜੋ ਉਸ ਨੂੰ ਆਪਣਾ ਇਸ਼ਟ ਮੰਨਦੇ ਹਨ। ਪੰਜਾਬ ਪੁਲਿਸ ਦਾ ਸਭ ਤੋਂ ਵੱਡਾ ਅਫ਼ਸਰ ਹੋਣ ਦੇ ਬਾਵਜੂਦ ਉਹ ਬੜਾ ਨਿਮਰ ਤੇ ਮਿਲਾਪੜਾ ਇਨਸਾਨ ਹੈ। ਅਫ਼ਸਰੀ ਦਾ ਰੋਅਬ ਦਾਬ ਪਾਉਣ ਦੀ ਥਾਂ ਖਿਡਾਰੀਆਂ ਨੂੰ ਮੋਹ ਨਾਲ ਮਿਲਦਾ ਰਿਹਾ ਤੇ ਉਨ੍ਹਾਂ ਦੇ ਕੰਮ ਆ ਕੇ ਖੁਸ਼ ਹੁੰਦਾ ਰਿਹੈ। ਉਸ ਨੇ ਬਤੌਰ ਖੇਡ ਪ੍ਰਬੰਧਕ 12 ਅੰਤਰਰਾਸ਼ਟਰੀ ਟੂਰਨਾਮੈਂਟ/ਚੈਂਪੀਅਨਸ਼ਿਪਾਂ, 23 ਨੈਸ਼ਨਲ ਚੈਂਪੀਅਨਸ਼ਿਪਾਂ ਤੇ ਡੇਢ ਸੌ ਤੋਂ ਵੱਧ ਸੂਬਾਈ ਪੱਧਰ ਦੇ ਟੂਰਨਾਮੈਂਟ ਕਾਮਯਾਬੀ ਨਾਲ ਕਰਵਾਏ। ਉਸ ਨੇ ਦਰਜਨ ਦੇ ਕਰੀਬ ਮੁਲਕ ਘੁੰਮੇ, ਕਿਲੇ ਤੇ ਅਜਾਇਬ ਘਰ ਵੇਖੇ, ਪਹਾੜੀ ਹਾਈਕਿੰਗ ਟ੍ਰੈਕਿੰਗ ਕੀਤੀ, ਜੰਗਲੀ ਜੀਵਨ ਵੇਖਿਆ ਤੇ ਫੋਟੋਗ੍ਰਾਫੀ ਕਰਨ ਨਾਲ ਕਲਾ ਤੇ ਸੰਗੀਤ ਨੂੰ ਮਾਣਿਆ। ਉਹ ਖੇਡ ਸਾਹਿਤ ਦਾ ਵੀ ਸਿਰਜਕ ਤੇ ਸ਼ੌਕੀ ਹੈ। ਉਸ ਦੀ ਲਾਇਬ੍ਰੇਰੀ ਵਿਸ਼ਵ ਭਰ ਦੀਆਂ ਖੇਡ ਪੁਸਤਕਾਂ ਨਾਲ ਮਾਲਾਮਾਲ ਹੈ, ਜੋ ਖੇਡ ਖੋਜੀਆਂ ਲਈ ਅਨਮੋਲ ਖ਼ਜ਼ਾਨਾ ਹੈ।

ਡੀਜੀਪੀ ਦੇ ਅਹੁਦੇ ਤੋਂ ਰਿਟਾਇਰ ਹੋਣ ਪਿੱਛੋਂ ਉਸ ਦਾ ਪੱਕਾ ਟਿਕਾਣਾ ਫੂਲਕੀਆ ਐਨਕਲੇਵ, ਪਟਿਆਲਾ ਵਿਚ ਹੈ। ਦੋਵੇਂ ਪੁੱਤਰ ਸੋਹੇਲ ਸਿੰਘ ਤੇ ਸਦੀਵ ਸਿੰਘ ਆਪਣੇ ਕੰਮਾਂ ਕਾਰਾਂ 'ਤੇ ਹਨ। ਉਹ ਪੰਜਾਬ ਬਾਸਕਟਬਾਲ ਐਸੋਸੀਏਸ਼ਨ ਤੇ ਭਾਰਤੀ ਬਾਸਕਟਬਾਲ ਫੈਡਰੇਸ਼ਨ ਦਾ ਪ੍ਰਧਾਨ ਰਿਹਾ ਅਤੇ ਘੋੜਸਵਾਰੀ ਸੰਘ ਨਾਲ ਵੀ ਜੁੜਿਆ ਆ ਰਿਹੈ। ਉਹ ਭਾਰਤ ਦੀਆਂ ਕੌਮੀ ਖੇਡਾਂ ਵਿਚ ਪੰਜਾਬ ਰਾਜ ਦੇ ਖਿਡਾਰੀ ਦਲਾਂ ਦਾ ਚੀਫ ਡੀ ਮਿਸ਼ਨ ਬਣ ਕੇ ਜਾਂਦਾ ਰਿਹਾ ਤੇ ਪੰਜਾਬ ਨੂੰ ਚੈਂਪੀਅਨਸ਼ਿਪਾਂ ਜਿਤਾਉਂਦਾ ਰਿਹੈ। ਪੰਜਾਬ ਦੇ ਖੇਡ ਖੇਤਰ ਵਿਚ ਉਸ ਦਾ ਯੋਗਦਾਨ ਅਦੁੱਤੀ ਹੈ। ਅੱਜ-ਕੱਲ੍ਹ ਉਹ ਪੰਜਾਬ ਓਲੰਪਿਕ ਐਸੋਸੀਏਸ਼ਨ ਦਾ ਸੀਨੀਅਰ ਮੀਤ ਪ੍ਰਧਾਨ ਹੈ। ਪੰਜਾਬ ਓਲੰਪਿਕ ਭਵਨ ਵਿਚ ਹਾਲ ਆਫ਼ ਫੇਮ ਨੂੰ ਸ਼ਿੰਗਾਰਨ ਦੀਆਂ ਉਚੇਚੀਆਂ ਵਿਉਂਤਾਂ ਬਣਾ ਰਿਹੈ। ਖ਼ੁਦ ਖਿਡਾਰੀ ਰਿਹਾ, ਖੇਡ ਪ੍ਰੇਮੀ, ਖੇਡ ਮਾਹਿਰ, ਖੇਡ ਪ੍ਰਮੋਟਰ, ਖੇਡ ਪ੍ਰਬੰਧਕ, ਖੇਡ ਲੇਖਕ, ਗੱਲ ਕੀ ਖੇਡਾਂ ਦਾ ਐਨਸਾਈਕਲੋਪੀਡੀਆ ਹੈ। ਉਸ ਨੇ ਹੋਰਨਾਂ ਪੁਸਤਕਾਂ ਤੋਂ ਇਲਾਵਾ, ਪੰਜਾਬ ਪੁਲਿਸ ਦੇ ਖਿਡਾਰੀਆਂ ਦੇ ਇਤਿਹਾਸ ਦਾ ਬੜਾ ਸੁੰਦਰ ਖੇਡ ਗ੍ਰੰਥ ਛਪਵਾਇਆ ਹੈ, ਜਿਸ ਦਾ ਨਾਂ ਹੈ 'ਗ੍ਰਿਟ ਐਂਡ ਗਲੋਰੀ'। 550 ਪੰਨਿਆਂ ਦੇ ਮੋਮੀ ਕਾਗਜ਼ ਤੇ ਸੁੰਦਰ ਜਿਲਦ ਵਾਲੇ ਇਸ ਗ੍ਰੰਥ ਦਾ ਵਜ਼ਨ ਤਿੰਨ ਕਿੱਲੋ ਤੋਂ ਵੱਧ ਹੈ, ਜੋ ਲਾਇਬ੍ਰੇਰੀਆਂ ਦਾ ਸ਼ਿੰਗਾਰ ਹੈ। ਉਸ ਦਾ ਕਹਿਣਾ ਹੈ ਕਿ ਇਸ ਦਾ ਪੰਜਾਬੀ ਰੂਪ ਵੀ ਛੇਤੀ ਛਪੇਗਾ।

ਉਸ ਨੇ ਇਹ ਖੇਡ ਗ੍ਰੰਥ ਆਪਣੇ ਮਰਹੂਮ ਪਿਤਾ ਸ. ਨਛੱਤਰ ਸਿੰਘ ਗਿੱਲ ਦੀ ਯਾਦ ਨੂੰ ਸਮਰਪਿਤ ਕੀਤਾ ਹੈ, ਜਿਨ੍ਹਾਂ ਨੇ ਬਚਪਨ ਤੋਂ ਹੀ ਆਪਣੇ ਪੁੱਤਰਾਂ ਨੂੰ ਖੇਡਾਂ ਦੀ ਚੇਟਕ ਲਾਈ। ਉਸ ਦੀ ਪਹਿਲੀ ਛਾਪ ਨਵੰਬਰ 2002 ਵਿਚ ਛਪੀ ਸੀ, ਜਿਸ ਨੂੰ ਫੂਲਕੀਆਂ ਪ੍ਰੈੱਸ ਪ੍ਰਾਈਵੇਟ ਲਿਮਟਿਡ ਨੇ ਛਾਪਿਆ। ਵਿਸ਼ੇਸ਼ ਸੰਦੇਸ਼ ਉੱਘੇ ਖੇਡ ਪ੍ਰਮੋਟਰ ਅਸ਼ਵਨੀ ਕੁਮਾਰ, ਮੈਂਬਰ ਕਾਰਜਕਾਰੀ ਬੋਰਡ, ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਲਿਖਿਆ। ਸ਼ੁਭ ਸੰਦੇਸ਼ ਦੇਣ ਵਾਲੇ ਹਨ, ਸਰਬ ਸ੍ਰੀ ਜੇ.ਐਫ. ਰਿਬੀਰੋ, ਕੇ.ਪੀ.ਐੱਸ. ਗਿੱਲ, ਪੀ.ਸੀ. ਡੋਗਰਾ, ਸਰਬਜੀਤ ਸਿੰਘ, ਮਹਿਲ ਸਿੰਘ ਭੁੱਲਰ ਤੇ ਕੇ.ਪੀ. ਸਿੰਘ।

ਰਾਜਦੀਪ ਸਿੰਘ ਗਿੱਲ ਨੇ ਭੂਮਿਕਾ ਵਿਚ ਦੱਸਿਆ, '1976 ਵਿਚ ਜਦੋਂ ਮੈਂ ਪੰਜਾਬ ਪੁਲਿਸ ਦੀਆਂ ਖੇਡਾਂ ਨਾਲ ਜੁੜਿਆ ਤਾਂ ਪੁਲਿਸ ਦੀਆਂ ਸ਼ਾਨਦਾਰ ਖੇਡ ਪ੍ਰਾਪਤੀਆਂ ਦੇ ਬਾਵਜੂਦ ਉਨ੍ਹਾਂ ਦਾ ਕੋਈ ਇਤਿਹਾਸਕ ਦਸਤਾਵੇਜ਼ ਨਹੀਂ ਸੀ। 18 ਸਾਲ ਪੁਲਿਸ ਦੇ ਖੇਡ ਪ੍ਰਬੰਧ ਨਾਲ ਜੁੜੇ ਰਹਿਣ ਪਿੱਛੋਂ ਮੈਂ ਥਾਂ ਪਰ ਥਾਂ ਖਿੱਲਰਿਆ ਸਾਰਾ ਪੁਰਾਣਾ ਰਿਕਾਰਡ 'ਕੱਠਾ ਕੀਤਾ ਤੇ ਅੱਠ ਸਾਲ ਦੀ ਮਿਹਨਤ ਨਾਲ ਮੁਕੰਮਲ ਕਰ ਕੇ 2002 ਵਿਚ ਪੁਸਤਕ ਰੂਪ ਵਿਚ ਛਪਵਾਇਆ। ਇਸ ਦੌਰਾਨ 1947 ਤੋਂ ਪਹਿਲਾਂ ਦੇ ਸਹੀ ਰਿਕਾਰਡ ਨੂੰ ਕਲਮਬੱਧ ਕਰਨ ਵਿਚ ਕਾਫੀ ਕਠਿਨਾਈ ਆਈ। ਪੁਰਾਣੇ ਅਖ਼ਬਾਰ ਫੋਲੇ ਗਏ ਤੇ ਲਾਇਬ੍ਰੇਰੀਆਂ ਛਾਣੀਆਂ ਗਈਆਂ। ਮੇਰੇ ਦੋ ਸਹਾਇਕ ਲਖਬੀਰ ਸਿੰਘ ਤੇ ਇੰਦਰਵੀਰ ਸ਼ਰਮਾ ਬੜੇ ਕੰਮ ਆਏ। 1925 ਤੋਂ 31 ਮਾਰਚ, 2001 ਤਕ ਹੋਈਆਂ ਆਲ ਇੰਡੀਆ ਪੁਲਿਸ ਗੇਮਜ਼, ਨੈਸ਼ਨਲ ਗੇਮਜ਼, ਸੈਫ਼ ਗੇਮਜ਼, ਵਰਲਡ ਪੁਲਿਸ ਗੇਮਜ਼, ਏਸ਼ੀਅਨ ਚੈਂਪੀਅਨਸ਼ਿਪਸ/ਕੱਪ, ਏਸ਼ੀਅਨ ਗੇਮਜ਼, ਕਾਮਨਵੈਲਥ ਚੈਂਪੀਅਨਸ਼ਿਪਸ, ਕਾਮਨਵੈਲਥ ਗੇਮਜ਼, ਵਰਲਡ ਚੈਂਪੀਅਨਸ਼ਿਪਸ/ਕੱਪ ਅਤੇ ਓਲੰਪਿਕ ਗੇਮਜ਼ ਦੇ ਰਿਕਾਰਡ ਹੰਘਾਲੇ ਗਏ। ਉੱਦਮੀ ਤੇ ਸਿਰੜੀ ਸਮਝੇ ਜਾਂਦੇ ਆਮ ਪੰਜਾਬੀਆਂ ਵਾਂਗ ਪੰਜਾਬ ਪੁਲਿਸ ਦੇ ਖਿਡਾਰੀ ਵੀ ਖੇਡ ਮੈਦਾਨਾਂ ਦੇ ਸਾਹਸੀ ਤੇ ਸ਼ਾਨਮੱਤੇ ਜੁਝਾਰੂ ਰਹੇ, ਇਸ ਲਈ ਪੁਸਤਕ ਦਾ ਪੂਰਾ ਨਾਂ ਹੀ 'ਗ੍ਰਿਟ ਐਂਡ ਗਲੋਰੀ, ਦਿ ਮੈਗਨੀਫੀਸ਼ੈਂਟ ਪ੍ਰਫਾਰਮੈਂਸ ਆਫ਼ ਦਾ ਪੰਜਾਬ ਪੁਲੀਸ ਇਨ ਸਪੋਰਟਸ 1925-2001' ਰੱਖ ਦਿੱਤਾ। ਨਿੱਕਾ ਨਾਂ 'ਪੰਜਾਬ ਪੁਲਿਸ ਸਪੋਰਟਸ' ਹੈ। ਪੁਸਤਕ ਦੇ ਦਸ ਚੈਪਟਰ ਹਨ, ਸੰਦੇਸ਼, ਭੂਮਿਕਾ, ਮਾਨ ਸਨਮਾਨ, ਰਿਕਾਰਡਜ਼, ਪ੍ਰਾਪਤੀਆਂ, ਬੈੱਸਟ ਖਿਡਾਰੀ, ਬਾਕੀ ਖਿਡਾਰੀ, ਤਸਵੀਰਾਂ, ਪੁਸਤਕ ਸੂਚੀ ਤੇ ਧੰਨਵਾਦੀ ਸ਼ਬਦ।'



ਰਾਜਦੀਪ ਸਿੰਘ ਗਿੱਲ

ਰਾਜਦੀਪ ਸਿੰਘ ਗਿੱਲ ਦਾ ਜਨਮ 22 ਫਰਵਰੀ, 1950 ਨੂੰ ਸ. ਨਛੱਤਰ ਸਿੰਘ ਗਿੱਲ ਤੇ ਮਾਤਾ ਗੁਰਦੀਪ ਕੌਰ ਦੇ ਘਰ ਮੋਗਾ ਵਿਚ ਹੋਇਆ। ਗਿੱਲ ਪਰਿਵਾਰ ਮੋਗਾ ਦਾ ਮਾਣ ਕਿਹਾ ਜਾਂਦਾ ਹੈ। ਰਾਜਦੀਪ ਸਿੰਘ ਦਾ ਪੜਦਾਦਾ ਸ. ਖੇਮ ਸਿੰਘ ਅਤੇ ਦਾਦਾ ਸ. ਉਜਾਗਰ ਸਿੰਘ ਪਹਿਲਵਾਨੀ ਦਾ ਸ਼ੌਕ ਰੱਖਦੇ ਸਨ। ਉਹ ਪਹਿਲਵਾਨਾਂ ਨੂੰ ਮੋਗੇ ਸੱਦਦੇ ਤੇ ਦੰਗਲ ਕਰਵਾਉਂਦੇ। ਦਾਦਾ ਜੀ ਖ਼ੁਦ ਵੀ ਘੁਲਦੇ ਸਨ। ਉਨ੍ਹਾਂ ਨੇ ਆਪਣੇ ਪੁੱਤਰ ਨਛੱਤਰ ਸਿੰਘ ਨੂੰ ਵੀ ਪਹਿਲਵਾਨੀ ਵਿਚ ਪਾਇਆ। ਉਨ੍ਹਾਂ ਨੇ ਚੜ੍ਹਦੀ ਉਮਰੇ ਕਈ ਪਹਿਲਵਾਨਾਂ ਨੂੰ ਢਾਹਿਆ ਤੇ ਫਰੀਦਕੋਟ ਵਿਖੇ ਝੰਡੀ ਕਰੀ ਫਿਰਦੇ ਇਕ ਨਾਮੀ ਪਹਿਲਵਾਨ ਦੀਆਂ ਗੋਡੀਆਂ ਲਵਾਈਆਂ। ਉਹ ਦੌਧਰ ਦੇ ਮਸ਼ਹੂਰ ਪਹਿਲਵਾਨ ਗੁਰਬਖ਼ਸ਼ ਸਿੰਘ ਨਾਲ ਜ਼ੋਰ ਕਰਿਆ ਕਰਦੇ ਸਨ।

ਗਿੱਲ ਪਰਿਵਾਰ ਪੜ੍ਹਿਆ-ਲਿਖਿਆ ਹੋਣ ਕਰਕੇ ਪਹਿਲਵਾਨ ਨਛੱਤਰ ਸਿੰਘ ਦੀ ਪੜ੍ਹਾਈ 'ਤੇ ਵੀ ਜ਼ੋਰ ਦਿੱਤਾ ਗਿਆ। ਇੰਜ ਉਹਦਾ ਪਹਿਲਵਾਨੀ ਵੱਲੋਂ ਰੁਝਾਨ ਘਟ ਗਿਆ ਅਤੇ ਹਾਕੀ ਤੇ ਅਥਲੈਟਿਕਸ ਵੱਲ ਵਧ ਗਿਆ। ਉਸ ਨੇ ਸਕੂਲੀ ਪੜ੍ਹਾਈ ਮੋਗੇ ਤੋਂ ਕਰ ਕੇ ਹਾਕੀ ਖੇਡਣ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲਾ ਲੈ ਲਿਆ, ਜਿੱਥੇ ਮੋਗਾ ਦੇ ਬਾਈ ਬਲਬੀਰ ਸਿੰਘ ਤੇ ਮਾਝੇ ਦੇ ਭਾਊ ਧਰਮ ਸਿੰਘ ਨਾਲ ਖੇਡਣ ਦਾ ਮੌਕਾ ਮਿਲਿਆ। ਉਥੋਂ ਬੀਏ ਕਰ ਕੇ ਐਲ.ਐਲ.ਬੀ. ਦਿੱਲੀ ਤੋਂ ਕੀਤੀ, ਜਿੱਥੇ ਦਿੱਲੀ ਯੂਨੀਵਰਸਿਟੀ ਦੀ ਹਾਕੀ ਟੀਮ ਦਾ ਕਪਤਾਨ ਬਣਿਆ। ਨਾਲ ਗੋਲਾ ਸੁੱਟਣ ਤੇ ਡਿਸਕਸ ਸੁੱਟਣ ਦਾ ਵੀ ਯੂਨੀਵਰਸਿਟੀ ਚੈਂਪੀਅਨ ਬਣ ਗਿਆ। ਇਹ 1947-50 ਦੀਆਂ ਗੱਲਾਂ ਹਨ। ਬਾਅਦ ਵਿਚ ਨਛੱਤਰ ਸਿੰਘ ਗਿੱਲ ਮੋਗਾ ਤੋਂ ਵਿਧਾਨ ਸਭਾ ਪੰਜਾਬ ਦੇ ਮੈਂਬਰ ਬਣੇ ਅਤੇ ਮੋਗੇ ਵਿਚ ਹਾਕੀ ਦੇ ਟੂਰਨਾਮੈਂਟ ਤੇ ਕੁਸ਼ਤੀ ਦੇ ਦੰਗਲ ਕਰਵਾਉਂਦੇ ਰਹੇ। ਉਹ ਮੰਨੇ ਪ੍ਰਮੰਨੇ ਖੇਡ ਪ੍ਰਮੋਟਰ ਸਨ। ਮਾੜੀ ਗੱਲ ਇਹ ਹੋਈ ਕਿ ਦਹਿਸ਼ਤੀ ਦੌਰ ਵਿਚ ਅਣਪਛਾਤੇ ਅਤਿਵਾਦੀਆਂ ਨੇ ਉਨ੍ਹਾਂ ਦਾ ਘਰ ਵਿਚ ਹੀ ਕਤਲ ਕਰ ਦਿੱਤਾ।


ਸ. ਨਛੱਤਰ ਸਿੰਘ ਗਿੱਲ ਨੇ ਆਪਣੇ ਦੋਹਾਂ ਪੁੱਤਰਾਂ ਨੂੰ ਰੀਝ ਨਾਲ ਪੜ੍ਹਾਇਆ ਤੇ ਖੇਡਾਂ ਵਿਚ ਪਾਇਆ। ਵੱਡਾ ਪੁੱਤਰ ਪਰਮਜੀਤ ਸਿੰਘ ਗਿੱਲ ਤੇ ਛੋਟਾ ਰਾਜਦੀਪ ਸਿੰਘ ਗਿੱਲ ਪੜ੍ਹਾਈ ਵਿਚ ਹੁਸ਼ਿਆਰ ਰਹੇ ਤੇ ਖੇਡਾਂ ਵਿਚ ਵੀ ਤਕੜੇ ਰਹੇ। ਦੋਵੇਂ ਆਈ.ਪੀ.ਐੱਸ. ਅਫਸਰ ਬਣੇ ਤੇ ਦੋਵੇਂ ਡੀਜੀਪੀ ਬਣ ਕੇ ਰਿਟਾਇਰ ਹੋਏ। ਪਰਮਜੀਤ ਸਿੰਘ ਗਿੱਲ ਤਾਂ ਆਪਣੇ ਪਿਤਾ ਜੀ ਵਾਂਗ ਮੋਗਾ ਤੋਂ ਵਿਧਾਨ ਸਭਾ ਦੀ ਚੋਣ ਵੀ ਲੜਿਆ। ਰਾਜਦੀਪ ਸਿੰਘ ਗਿੱਲ ਨੇ ਸਕੂਲੀ ਪੜ੍ਹਾਈ ਮਸੂਰੀ ਤੋਂ ਤੇ ਉਚੇਰੀ ਪੜ੍ਹਾਈ ਸਰਕਾਰੀ ਕਾਲਜ ਚੰਡੀਗੜ੍ਹ ਤੋਂ ਕੀਤੀ। ਭੂਗੋਲ ਤੇ ਇਤਿਹਾਸ ਉਸ ਦੇ ਮੁੱਖ ਵਿਸ਼ੇ ਸਨ, ਜਿਨ੍ਹਾਂ ਵਿਚ ਉਹ ਯੂਨੀਵਰਸਿਟੀ ਵਿਚੋਂ ਪ੍ਰਥਮ ਆਉਂਦਾ ਰਿਹਾ। ਉਸ ਨੂੰ ਮੈਡਲ ਤੇ ਕਾਲਜ ਕਲਰਜ਼ ਮਿਲਦੇ ਰਹੇ। ਆਪਣੇ ਪਿਤਾ ਵਾਂਗ ਉਸ ਨੇ ਵੀ ਹਾਕੀ ਤੇ ਅਥਲੈਟਿਕਸ ਵਿਚ ਚੰਗਾ ਨਾਮਣਾ ਖੱਟਿਆ। 1967 ਵਿਚ ਉਹ ਆਪਣੇ ਕਾਲਜ ਦੀ ਹਾਕੀ ਟੀਮ ਦਾ ਮੈਂਬਰ ਸੀ, ਜਿਸ ਨੇ ਪੰਜਾਬ ਯੂਨੀਵਰਸਿਟੀ 'ਚ ਵਿਸ਼ੇਸ਼ ਸਥਾਨ ਹਾਸਲ ਕੀਤਾ।

ਉਹ ਲਗਾਤਾਰ ਤਿੰਨ ਸਾਲ ਪੰਜਾਬ ਯੂਨੀਵਰਸਿਟੀ ਵਿਚ ਹਾਕੀ ਖੇਡਿਆ ਅਤੇ 800 ਮੀਟਰ ਦੌੜ ਤੇ ਰਿਲੇਅ ਟੀਮਾਂ ਵਿਚ ਦੌੜਦਿਆਂ ਯੂਨੀਵਰਸਿਟੀ 'ਚੋਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਉਸ ਨੂੰ ਹਾਕੀ ਖੇਡਦਿਆਂ ਵੇਖ ਕੇ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦੇ ਕੋਚ ਬਣੇ ਓਲੰਪੀਅਨ ਧਰਮ ਸਿੰਘ ਨੇ ਪੁੱਛਿਆ, ਕਿਤੇ ਤੂੰ ਮੋਗੇ ਵਾਲੇ ਬਾਈ ਨਛੱਤਰ ਸਿੰਘ ਦਾ ਬੇਟਾ ਤਾਂ ਨਹੀਂ? ਉਹਦੇ ਵਾਂਗ ਹੀ ਹਾਕੀ ਖੇਡਦੈਂ। ਰਾਜਦੀਪ ਸਿੰਘ ਦੇ 'ਹਾਂ ਜੀ' ਕਹਿਣ 'ਤੇ ਉਸ ਨੇ ਕਿਹਾ, ਉਸ ਨੂੰ ਆਖੀਂ ਮਾਝੇ ਵਾਲਾ ਭਾਊ ਮਿਲਿਆ ਸੀ, ਤੇਰਾ ਕੋਈ ਫਿਕਰ ਨਾ ਕਰੇ। ਯੂਨੀਵਰਸਿਟੀ ਦੀ ਟੀਮ ਵਿਚ ਉਸ ਨੂੰ ਓਲੰਪੀਅਨ ਸੁਰਜੀਤ ਸਿੰਘ, ਬਲਦੇਵ ਸਿੰਘ ਤੇ ਅਜੀਤ ਸਿੰਘ ਹੋਰਾਂ ਨਾਲ ਖੇਡਣ ਦੇ ਮੌਕੇ ਮਿਲੇ। ਜੇਕਰ ਆਈ.ਪੀ.ਐਸ. ਦਾ ਇਮਤਿਹਾਨ ਨਾ ਦੇਣਾ ਹੁੰਦਾ ਤਾਂ ਸੰਭਵ ਸੀ ਰਾਜਦੀਪ ਸਿੰਘ ਵੀ ਹਾਕੀ ਦਾ ਓਲੰਪੀਅਨ ਬਣਦਾ। ਅਸਲ ਵਿਚ ਉਹਦੀ ਓਲੰਪੀਅਨ ਬਣਨ ਦੀ ਅਧੂਰੀ ਰਹਿ ਗਈ ਰੀਝ ਨੇ ਹੀ ਉਸ ਨੂੰ ਉੱਚ ਕੋਟੀ ਦਾ ਖੇਡ ਪ੍ਰਮੋਟਰ ਬਣਾਇਆ। ਚਾਲੀ ਸਾਲਾਂ ਤੋਂ ਖੇਡਾਂ ਦਾ ਮਸੀਹਾ ਬਣ ਕੇ ਆਪਣੀਆਂ ਅਧੂਰੀਆਂ ਰੀਝਾਂ ਹੀ ਪੂਰੀਆਂ ਕਰ ਰਿਹੈ! ਪੇਸ਼ ਹੈ ਉਸ ਦੀ ਰਿਟਾਇਰਮੈਂਟ ਸਮੇਂ ਖੇਡ ਪ੍ਰੇਮੀਆਂ ਵੱਲੋਂ ਭੇਟ ਕੀਤਾ ਗਿਆ ਮਾਣ ਪੱਤਰ:

### ਸਨਮਾਨ ਪੱਤਰ

ਰਾਜਦੀਪ ਸਿੰਘ ਗਿੱਲ ਨੂੰ ਖੇਡਾਂ ਦਾ ਮਸੀਹਾ ਕਿਹਾ ਜਾਂਦਾ ਹੈ। ਡੀਜੀਪੀ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਤਕ ਆਪ ਜੀ ਨੇ ਆਪਣੇ ਸੇਵਾ ਕਾਲ ਦੌਰਾਨ ਖੇਡਾਂ ਵਾਸਤੇ ਜੋ ਕੀਤਾ, ਉਸ ਨੂੰ ਕੋਈ ਇਕ ਵਿਅਕਤੀ ਵਿਸ਼ੇਸ਼ ਤਾਂ ਕੀ ਸਗੋਂ ਕੋਈ ਸੰਸਥਾ ਵੀ ਨਹੀਂ ਸੀ ਕਰ ਸਕਦੀ। ਆਪਣੇ ਵਿਦਿਆਰਥੀ ਜੀਵਨ ਵਿਚ ਹਾਕੀ, ਫੁੱਟਬਾਲ ਤੇ ਅਥਲੈਟਿਕਸ ਵਿਚ ਵੱਡੀਆਂ ਮੱਲਾਂ ਮਾਰਨ ਵਾਲੇ ਰਾਜਦੀਪ ਸਿੰਘ ਗਿੱਲ ਹੁਰਾਂ ਕੋਲ ਹਰ ਖਿਡਾਰੀ ਆਪਣੇ ਹਿੱਤ ਸੁਰੱਖਿਅਤ ਸਮਝਦਾ ਰਿਹਾ। ਜਦੋਂ ਵੀ ਕਿਸੇ ਖਿਡਾਰੀ ਨੂੰ ਆਪਣੇ ਹੱਕ ਖੁੱਸਦੇ ਜਾਪਦੇ ਤਾਂ ਉਹ ਉਨ੍ਹਾਂ ਦੀ ਛਤਰ ਛਾਇਆ ਹੇਠ ਆ ਜਾਂਦਾ। ਪੁਲਿਸ ਅਧਿਕਾਰੀ ਵਜੋਂ ਵੀ ਆਪ ਜੀ ਨੇ ਬਾਖ਼ੂਬੀ ਸੇਵਾ ਨਿਭਾਈ। ਆਪ ਜੀ ਉਹ ਜੌਹਰੀ ਹਨ, ਜੋ ਖਿਡਾਰੀ ਰੂਪੀ ਹੀਰਿਆਂ ਦੀ ਤਲਾਸ਼ ਵਿਚ ਹਰ ਵੇਲੇ ਜੁਟੇ ਰਹਿੰਦੇ। ਆਪਣੇ ਦਫ਼ਤਰ ਵਿਚ ਦੇਰ ਰਾਤ ਤਕ ਆਪ ਖਿਡਾਰੀਆਂ ਦੇ ਭਲੇ ਲਈ ਸਕੀਮਾਂ ਬਣਾਉਂਦੇ ਅਤੇ ਆਪ ਦੇ ਦਰਵਾਜ਼ੇ ਹਰ ਖਿਡਾਰੀ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ।

ਰਾਜਦੀਪ ਸਿੰਘ ਗਿੱਲ ਦੀ ਇਹ ਇਮਾਨਦਾਰੀ ਤੇ ਤਨਦੇਹੀ ਨਾਲ ਫਰਜ਼ ਨਿਭਾਉਣ ਵਾਲੀ ਸ਼ਖਸੀਅਤ ਦਾ ਹੀ ਪ੍ਰਤਾਪ ਸੀ ਕਿ 2007 ਵਿਚ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਸਾਫ-ਸੁਥਰੇ ਢੰਗ ਨਾਲ ਨੇਪਰੇ ਚਾੜ੍ਹਨਾ ਸੀ ਤਾਂ ਚੋਣ ਕਮਿਸ਼ਨ ਨੇ ਆਪ ਜੀ ਨੂੰ ਮੈਰਿਟ ਦੇ ਆਧਾਰ 'ਤੇ ਡੀ.ਜੀ.ਪੀ. ਲਗਾਇਆ। ਆਪ ਜੀ ਦੀ ਕਾਰਜ ਕੁਸ਼ਲਤਾ ਦੀ ਇਹ ਵੱਡੀ ਮਿਸਾਲ ਹੈ। ਭਾਰਤੀ ਬਾਸਕਟਬਾਲ ਸੰਘ, ਪੰਜਾਬ ਬਾਸਕਟਬਾਲ ਐਸੋਸੀਏਸ਼ਨ ਦੇ ਪ੍ਰਧਾਨ, ਪੰਜਾਬ ਓਲੰਪਿਕ ਸੰਘ ਦੇ ਸੀਨੀਅਰ ਮੀਤ ਪ੍ਰਧਾਨ ਤੇ ਪੰਜਾਬ ਘੋੜਸਵਾਰੀ ਐਸੋਸੀਏਸ਼ਨ ਦੇ ਪ੍ਰਧਾਨ ਹੋਣ ਸਮੇਤ ਕਈ ਖੇਡ ਅਹੁਦਿਆਂ 'ਤੇ ਰਹਿਣ ਵਾਲੇ ਰਾਜਦੀਪ ਸਿੰਘ ਗਿੱਲ ਦਾ ਪਰਿਵਾਰਕ ਪਿਛੋਕੜ ਵੀ ਖੇਡਾਂ ਨਾਲ ਓਤ-ਪੋਤ ਰਿਹਾ। ਆਪ ਜੀ ਦੇ ਪਿਤਾ ਜੀ ਤੇ ਦਾਦਾ ਜੀ ਆਪਣੇ ਸਮੇਂ ਦੇ ਨਾਮੀ ਪਹਿਲਵਾਨ ਰਹੇ। ਆਪ ਜੀ ਦਾ ਸਮੁੱਚਾ ਪਰਿਵਾਰ ਪੀੜ੍ਹੀਆਂ ਤੋਂ ਖਿਡਾਰੀਆਂ ਦੀ ਸਰਪ੍ਰਸਤੀ ਕਰਦਾ ਰਿਹਾ। 1973 ਦੇ ਬੈਚ ਵਿਚ ਸਿਵਲ ਸੇਵਾਵਾਂ ਪ੍ਰੀਖਿਆ ਵਿਚ ਸੱਤਵਾਂ ਰੈਂਕ ਹਾਸਲ ਕਰਨ ਵਾਲੇ ਆਰ.ਐਸ. ਗਿੱਲ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 'ਚ ਪੜ੍ਹਦਿਆਂ ਬੀ.ਏ. ਐਮ.ਏ. (ਹਿਸਟਰੀ) ਤਕ ਪਹਿਲੀ ਪੁਜੀਸ਼ਨ ਹਾਸਲ ਕਰਦਿਆਂ ਸਕਾਲਰਸ਼ਿਪ ਹਾਸਲ ਕੀਤੇ। ਆਪ ਜੀ ਨੇ ਮੁੱਢਲੀ ਪੜ੍ਹਾਈ ਮਸੂਰੀ ਦੇ ਹੈਪਟਨ ਕੋਰਟ ਤੇ ਸੇਂਟ ਜਾਰਜਜ਼ ਕਾਲਜ ਤੋਂ ਹਾਸਲ ਕੀਤੀ। ਇਕੋ ਵੇਲੇ ਤਿੰਨ-ਤਿੰਨ ਖੇਡਾਂ ਵਿਚ ਯੂਨੀਵਰਸਿਟੀ ਚੈਂਪੀਅਨ ਰਹੇ ਰਾਜਦੀਪ ਗਿੱਲ ਹੁਰਾਂ ਨੇ ਜਦੋਂ ਤੋਂ ਪੁਲਿਸ ਸਰਵਿਸ ਸ਼ੁਰੂ ਕੀਤੀ ਤਾਂ ਆਪ ਜੀ ਦਾ ਦਿਲ ਸਦਾ ਖੇਡਾਂ ਤੇ ਖਿਡਾਰੀਆਂ ਲਈ ਧੜਕਦਾ ਰਿਹਾ।




ਪੁਸਤਕ 'ਗ੍ਰਿਟ ਐਂਡ ਗਲੋਰੀ' ਦਾ ਮੁਖੜਾ

ਰਾਜਦੀਪ ਸਿੰਘ ਗਿੱਲ ਨੇ ਪੀਏਪੀ ਵਿਚ ਹੁੰਦਿਆਂ ਪੰਜਾਬ ਪੁਲਿਸ ਦੇ ਖਿਡਾਰੀਆਂ ਨੂੰ ਖੇਡਾਂ ਲਈ ਤਿਆਰ ਕੀਤਾ। ਪਦਮ ਸ੍ਰੀ, ਅਰਜੁਨਾ ਐਵਾਰਡ, ਦਰੋਣਾਚਾਰੀਆ ਐਵਾਰਡ ਤੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਜੇਤੂ ਓਲੰਪੀਅਨਾਂ ਅਤੇ ਕੌਮਾਂਤਰੀ ਮੁਕਾਬਲਿਆਂ ਦੇ ਖਿਡਾਰੀਆਂ ਦਾ ਮਾਰਗ-ਦਰਸ਼ਨ ਕਰਨ ਵਾਲੇ ਰਾਜਦੀਪ ਸਿੰਘ ਗਿੱਲ ਪੁਲਿਸ ਦੇ ਉਚ ਅਹੁਦਿਆਂ 'ਤੇ ਰਹਿੰਦੇ ਹੋਏ ਹਰ ਸਾਲ ਵੱਡਾ ਸਮਾਗਮ ਕਰ ਕੇ ਜਿਥੇ ਉੱਘੇ ਸਾਬਕਾ ਖਿਡਾਰੀਆਂ ਦਾ ਸਨਮਾਨ ਕਰਦੇ, ਉਥੇ ਹੀ ਨਵੇਂ ਖਿਡਾਰੀਆਂ ਤੇ ਖੇਡਾਂ ਨਾਲ ਜੁੜੇ ਪ੍ਰਮੋਟਰਾਂ ਦਾ ਵੀ ਸਨਮਾਨ ਕਰਦੇ। ਬਲਬੀਰ ਸਿੰਘ ਸੀਨੀਅਰ ਵਰਗੇ ਧਨੰਤਰ ਖਿਡਾਰੀ ਵੀ ਆਪ ਜੀ ਦੀ ਮਹਿਮਾਨ ਨਿਵਾਜ਼ੀ ਤੇ ਖੇਡਾਂ ਪ੍ਰਤੀ ਜਾਨੂੰਨ ਦੇ ਕਾਇਲ ਸਨ।

ਆਪ ਕਈ ਵੱਡੇ ਖੇਡ ਮੁਕਾਬਲਿਆਂ ਦੀ ਮੇਜ਼ਬਾਨੀ ਕਰ ਚੁੱਕੇ ਹਨ, ਜਿਨ੍ਹਾਂ ਵਿਚ ਭਾਰਤ-ਰੂਸ ਤੇ ਪੰਜਾਬ-ਪੋਲੈਂਡ ਹਾਕੀ ਮੈਚ, ਕੌਮੀ ਖੇਡਾਂ, ਸਰਵ ਭਾਰਤੀ ਪੁਲੀਸ ਖੇਡਾਂ, ਹਿੰਦ-ਪਾਕਿ ਪੰਜਾਬ ਖੇਡਾਂ, ਵੱਖ-ਵੱਖ ਖੇਡਾਂ ਦੀਆਂ ਕੌਮੀ ਚੈਂਪੀਅਨਸ਼ਿਪਾਂ ਆਦਿ ਸ਼ਾਮਲ ਹਨ। ਖੇਡ ਜਗਤ ਆਪ ਜੀ ਨੂੰ ਪੁਲੀਸ ਅਧਿਕਾਰੀ ਵਜੋਂ ਘੱਟ ਪਰ ਖਿਡਾਰੀਆਂ ਦੇ ਖ਼ੈਰ-ਖਵਾਹ ਵਜੋਂ ਵੱਧ ਜਾਣਦਾ ਹੈ। ਆਪ ਜੀ ਨੇ ਪੰਜਾਬ ਪੁਲੀਸ ਦੀਆਂ ਖੇਡ ਪ੍ਰਾਪਤੀਆਂ ਬਾਰੇ ਵੱਡ-ਆਕਾਰੀ ਪੁਸਤਕ 'ਗਰਿੱਟ ਐਂਡ ਗਲੋਰੀ' ਲਿਖ ਕੇ ਮਿਸਾਲ ਕਾਇਮ ਕੀਤੀ ਹੈ, ਜਿਸ ਨੂੰ ਖੇਡਾਂ ਦਾ ਗ੍ਰੰਥ ਵੀ ਕਹਿ ਸਕਦੇ ਹਾਂ। ਅਸੀਂ ਦੁਆ ਕਰਦੇ ਹਾਂ ਕਿ ਆਪ ਪੁਲਿਸ ਮਹਿਕਮੇ ਵਿਚੋਂ ਸੇਵਾਮੁਕਤ ਹੋਣ ਪਿੱਛੋਂ ਵੀ ਖਿਡਾਰੀਆਂ ਦੇ ਰਹਿਬਰ ਬਣੇ ਰਹੋਗੇ ਤੇ ਖੇਡ ਜਗਤ ਦੀਆਂ ਖੁਸ਼ੀਆਂ ਪ੍ਰਾਪਤ ਕਰੋਗੇ।

*

ਵਰਣਨਯੋਗ ਹੈ ਕਿ 2001 ਦੀਆਂ ਕੌਮੀ ਖੇਡਾਂ ਸਮੇਂ ਰਾਜਦੀਪ ਸਿੰਘ ਗਿੱਲ ਪੰਜਾਬ ਦੇ ਖੇਡ ਦਲ ਦਾ ਚੀਫ਼ ਡੀ ਮਿਸ਼ਨ ਸੀ। ਉਦੋਂ ਪੰਜਾਬ ਦੇ ਖਿਡਾਰੀਆਂ ਨੇ 62 ਸੋਨੇ, 44 ਚਾਂਦੀ ਤੇ 57 ਤਾਂਬੇ ਦੇ ਤਗ਼ਮੇ ਜਿੱਤ ਕੇ ਓਵਰਆਲ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ ਸੀ। 2002 ਵਿਚ ਵੀ ਉਹ ਪੰਜਾਬ ਦਲ ਦਾ ਮੋਹਰੀ ਸੀ, ਜਿਸ ਦੀ ਅਗਵਾਈ ਹੇਠ ਪੰਜਾਬ ਦੇ ਖਿਡਾਰੀਆਂ ਨੇ 54 ਸੋਨੇ, 37 ਚਾਂਦੀ ਤੇ 55 ਤਾਂਬੇ ਦੇ ਤਗ਼ਮੇ ਜਿੱਤ ਕੇ ਭਾਰਤ ਭਰ ਵਿਚ ਦੂਜਾ ਸਥਾਨ ਹਾਸਲ ਕੀਤਾ ਸੀ।

ਰਾਜਦੀਪ ਸਿੰਘ ਗਿੱਲ ਨੇ ਸੈਂਕੜੇ ਖਿਡਾਰੀ ਪੰਜਾਬ ਪੁਲਿਸ ਵਿਚ ਭਰਤੀ ਕੀਤੇ ਤੇ ਕਰਵਾਏ ਸਨ, ਜਿਨ੍ਹਾਂ ਵਿਚੋਂ 61 ਖਿਡਾਰੀ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਚੈਂਪੀਅਨ ਅਤੇ 67 ਨੈਸ਼ਨਲ ਖੇਡਾਂ ਦੇ ਚੈਂਪੀਅਨ ਬਣੇ। ਉਸ ਦੀ ਪ੍ਰਧਾਨਗੀ ਵਿਚ ਪੰਜਾਬ ਬਾਸਕਟਬਾਲ ਐਸੋਸੀਏਸ਼ਨ ਵੱਲੋਂ ਤਿਆਰ ਕੀਤੀਆਂ ਪੰਜਾਬ ਦੀਆਂ ਟੀਮਾਂ ਨੇ ਨੈਸ਼ਨਲ ਪੱਧਰ 'ਤੇ 20 ਸੋਨ, 31 ਚਾਂਦੀ ਤੇ 17 ਤਾਂਬੇ ਦੇ ਮੈਡਲ ਜਿੱਤੇ। 1987 ਵਿਚ ਪੰਜਾਬ ਸਰਕਾਰ ਤੇ ਪੰਜਾਬ ਓਲੰਪਿਕ ਐਸੋਸੀਏਸ਼ਨ ਨੇ ਉਸ ਦਾ ਮਾਣ-ਸਨਮਾਨ ਕੀਤਾ ਅਤੇ 1990 ਵਿਚ ਉਸ ਨੂੰ ਪ੍ਰੈਜ਼ੀਡੈਂਟ ਪੁਲਿਸ ਮੈਡਲ ਮਿਲਿਆ। 2002 ਵਿਚ ਉਸ ਨੂੰ ਮਿਸਾਲੀ ਸੇਵਾਵਾਂ ਲਈ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਨਮਾਨਿਆ ਗਿਆ। ਉਸ ਨੇ ਹੋਰਨਾਂ ਕਾਰਜਾਂ ਤੋਂ ਇਲਾਵਾ ਪੰਜਾਬ ਦੇ ਪਿੰਡਾਂ ਵਿਚ ਲੋਕਾਂ ਦੇ ਸਹਿਯੋਗ ਨਾਲ ਖੇਡਾਂ ਲਈ 300 ਖੇਡ ਮੈਦਾਨ ਤਿਆਰ ਕਰਵਾਏ ਤੇ ਚਿੱਤਰਾਂ ਦੀਆਂ ਨੁਮਾਇਸ਼ਾਂ ਲਗਵਾਈਆਂ। ਜਿੱਥੇ ਉਸ ਦੇ ਹਿਰਦੇ ਵਿਚ ਖੇਡਾਂ ਦੀ ਰੂਹ ਹੈ, ਉਥੇ ਹੀ ਸੂਖਮ ਕਲਾਵਾਂ ਦਾ ਵੀ ਵਾਸ ਹੈ। ਖੇਡ ਸੰਸਥਾਵਾਂ ਸਮੇਤ ਉਹ ਕਲਾ ਕੇਂਦਰਾਂ ਨਾਲ ਵੀ ਜੁੜਿਆ ਹੋਇਆ ਹੈ। *(ਬਾਕੀ ਅਗਲੇ ਸਫੇ 'ਤੇ)*

# ਪੰਜਾਬੀ ਦੀ ਪਹਿਲੀ ਕੌਫੀ ਟੇਬਲ ਬੁੱਕ 'ਜਦੋਂ ਤੁਰੇ ਸੀ'

ਅੰਗਰੇਜ਼ੀ ਵਿਚ ਕਾਫੀ ਟੇਬਲ ਬੁੱਕ ਦੀ ਵੱਖਰੀ ਪਰੰਪਰਾ ਹੈ ਪਰ ਪੰਜਾਬੀ ਭਾਸ਼ਾ ਵਿਚ ਮੇਰੀ ਨਜ਼ਰ ਵਿਚ ਤਾਂ ਅਜਿਹੀ ਕੋਈ ਟੇਬਲ ਬੁੱਕ ਨਜ਼ਰ ਨਹੀਂ ਪਈ। ਜੇ ਛਪੀ ਹੋਵੇ ਤਾਂ ਮੈਨੂੰ ਉਸ ਦੀ ਜਾਣਕਾਰੀ ਨਹੀਂ। ਹਰਕੀਰਤ ਸਿੰਘ ਸੰਧਰ ਆਸਟ੍ਰੇਲੀਆ ਵਸਦਾ ਉੱਦਮੀ ਅਤੇ ਸਾਹਿਤਕ ਮੱਸ ਰੱਖਣ ਵਾਲਾ ਨੌਜੁਆਨ ਹੈ। ਉਹ ਆਪਣਾ ਦੇਸ਼ ਛੱਡ ਕੇ ਪ੍ਰਦੇਸ ਤਾਂ ਹੋਰਾਂ ਵਾਂਗ ਹੀ ਆਪਣਾ ਭਵਿੱਖ ਸੁਧਾਰਨ ਗਿਆ ਸੀ, ਪਰ ਉਥੇ ਜਾ ਕੇ ਉਸ ਦੀ ਖੋਜੀ ਰੁਚੀ ਨੂੰ ਜਦੋਂ ਇਹ ਭਿਣਕ ਪਈ ਕਿ ਸਾਡੇ ਦੇਸ਼ ਵਾਸੀਆਂ ਦੀ ਆਮਦ ਇਸ ਧਰਤੀ 'ਤੇ ਕੋਈ ਨਵੀਂ ਨਹੀਂ ਬਲਕਿ ਚਾਰ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਹੈ ਤਾਂ ਉਸ ਦੇ ਦਿਲ ਵਿਚ ਇਸ ਸਬੰਧੀ ਵਿਸਥਾਰ



**ਰਵਿੰਦਰ ਸਿੰਘ ਸੋਢੀ**

ਵਿਚ ਜਾਣਨ ਦੀ ਇੱਛਾ ਪੈਦਾ ਹੋਈ। ਉਸ ਨੇ ਕਿਤੇ ਪੜ੍ਹਿਆ ਕਿ ਫਸਟ ਫਲੀਟ (1788) ਨੇ ਜਦੋਂ ਆਸਟ੍ਰੇਲੀਆ ਦੀ ਧਰਤੀ ਵੱਲ ਚਾਲੇ ਪਾਏ ਸੀ ਤਾਂ ਉਸ ਵਿਚ ਸਾਡੇ ਮੁਲਕ ਦੇ ਵੀ ਕੁਝ ਬਾਸ਼ਿੰਦੇ ਸਨ। ਜਦੋਂ ਉਸ ਦੀ ਖੋਜੀ ਬਿਰਤੀ ਨੇ ਇਤਿਹਾਸ ਦੇ ਵਰਕਿਆਂ ਨੂੰ ਫਰੋਲਣਾ ਸ਼ੁਰੂ ਕੀਤਾ ਤਾਂ ਇਹ ਜਾਣ ਕੇ ਹੈਰਾਨ ਰਹਿ ਗਿਆ ਕਿ ਸਾਡਾ ਡੀ.ਐਨ.ਏ. ਤਾਂ ਆਸਟ੍ਰੇਲੀਆ ਦੇ ਮੂਲ ਨਿਵਾਸੀਆਂ ਵਿਚ ਵੀ ਮਿਲ ਰਿਹਾ ਹੈ। ਉਸ ਨੂੰ ਅਗਲੇਰੀ ਖੋਜ ਵਲ ਇਸ ਪੱਖ ਨੇ ਪ੍ਰੇਰਿਆ ਕਿ ਸਾਡੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਧਰਤੀ 'ਤੇ ਆਪਣੇ ਗੌਰਵਮਈ ਪਿਛੋਕੜ ਦਾ ਪਤਾ ਚੱਲ ਸਕੇ। ਇਸ ਲਈ ਉਸ ਨੇ ਤਕਰੀਬਨ ਇਕ ਦਹਾਕੇ ਦੀ ਖੋਜ ਤੋਂ ਬਾਅਦ ਆਪਣੀ ਜਾਣਕਾਰੀ ਨੂੰ ਕਾਫੀ ਟੇਬਲ ਬੁੱਕ 'ਜਦੋਂ ਚੱਲੇ ਸੀ' ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾ ਕੇ ਇਕ ਇਤਿਹਾਸਕ ਦਸਤਾਵੇਜ਼ ਪੇਸ਼ ਕੀਤਾ ਹੈ। ਇਸ ਕੰਮ ਵਿਚ ਲੰਮੀਆਂ ਅਤੇ ਅਕਾਊ ਯਾਤਰਾਵਾਂ ਦੌਰਾਨ ਉਸ ਦੀ ਜੀਵਨ ਸਾਥਣ ਸੁਖਮਨਦੀਪ ਕੌਰ ਨੇ ਉਸ ਦਾ ਸਾਥ ਹੀ ਨਹੀਂ ਦਿੱਤਾ, ਸਗੋਂ ਮੋਢੇ ਨਾਲ ਮੋਢਾ ਲਾ ਕੇ ਸਹਾਇਤਾ ਵੀ ਕੀਤੀ।

ਇਥੇ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਆਮ ਜਾਣਕਾਰੀ ਦੀਆਂ, ਸਾਹਿਤਕ, ਵਿਦਿਆਰਥੀਆਂ ਦੀਆਂ ਪਾਠ ਪੁਸਤਕਾਂ, ਖੋਜ ਪੁਸਤਕਾਂ ਅਤੇ ਕਾਫੀ ਟੇਬਲ ਬੁੱਕ ਵਿਚ ਬੁਨਿਆਦੀ ਅੰਤਰ ਕੀ ਹੁੰਦਾ ਹੈ? ਆਮ ਕਿਤਾਬ ਕਿਸੇ ਵੀ ਵਿਸ਼ੇ ਜਾਂ ਸਾਹਿਤਕ ਵਿਧਾ ਦੇ ਕਿਸੇ ਵਿਸ਼ੇਸ਼ ਰੂਪ ਨਾਲ ਸਬੰਧਤ ਹੋ ਸਕਦੀ ਹੈ। ਖੋਜ ਨਾਲ ਸਬੰਧਤ ਕਿਤਾਬ ਵਿਚ ਕਿਸੇ ਵਿਸ਼ੇਸ਼ ਖੇਤਰ ਸਬੰਧੀ ਖੋਜ ਜਾਂ ਖੋਜਾਂ ਦੀ ਵਿਸਥਾਰ ਜਾਣਕਾਰੀ ਦਿੱਤੀ ਜਾਂਦੀ ਹੈ। ਕਾਫੀ ਟੇਬਲ ਬੁੱਕ ਵਿਚ ਕਿਸੇ ਵਿਅਕਤੀ ਵਿਸ਼ੇਸ਼, ਸਥਾਨ, ਸੰਸਥਾ ਆਦਿ ਸਬੰਧੀ ਮੁਢਲੀ ਜਾਣਕਾਰੀ ਸੰਖੇਪ ਵਿਚ ਹੀ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਇਹ ਸਚਿੱਤਰ ਹੁੰਦੀ ਹੈ ਭਾਵ ਯੋਗ ਤਸਵੀਰਾਂ ਸਮੇਤ। ਇਸ ਦਾ ਮਕਸਦ ਪਾਠਕ ਨੂੰ ਉਸ ਵਿਸ਼ੇ ਸਬੰਧੀ ਹੋਰ ਵਿਸਥਾਰ ਵਿਚ ਜਾਣਕਾਰੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨਾ ਹੁੰਦਾ ਹੈ। ਇਨ੍ਹਾਂ ਵਿਚ ਕਈ ਵਾਰ ਪੜ੍ਹਨ ਸਮੱਗਰੀ ਘੱਟ ਹੁੰਦੀ ਹੈ ਪਰ ਤਸਵੀਰਾਂ ਰਾਹੀਂ ਜ਼ਿਆਦਾ ਗੱਲ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੀ ਛਪਾਈ ਵੀ ਦੂਜੀਆਂ ਕਿਤਾਬਾਂ ਦੇ ਮੁਕਾਬਲੇ ਉੱਤਮ ਦਰਜੇ ਦੀ ਹੁੰਦੀ ਹੈ।

ਕਾਫੀ ਟੇਬਲ ਬੁੱਕ ਕਿਸੇ ਦੇ ਵੀ ਘਰ ਦੇ ਡਰਾਇੰਗ ਰੂਮ (ਬੈਠਕ) ਦਾ ਸ਼ਿੰਗਾਰ ਇਸ ਲਈ ਬਣਦੀ ਹੈ ਤਾਂ ਜੋ ਘਰ ਆਏ ਮਹਿਮਾਨ ਨੂੰ ਜੇ ਕੁਝ ਦੇਰ ਲਈ ਮੇਜ਼ਬਾਨ ਦਾ ਇੰਤਜ਼ਾਰ ਕਰਨਾ ਪਵੇ ਤਾਂ ਉਹ ਕਾਫੀ ਟੇਬਲ ਬੁੱਕ ਦੀਆਂ ਤਸਵੀਰਾਂ ਜਾਂ ਇਕ ਅੱਧਾ ਅਧਿਆਇ ਪੜ੍ਹ ਕੇ ਸਮਾਂ ਬਤੀਤ ਕਰ ਸਕਦਾ ਹੈ ਅਤੇ ਆਪਣੀ ਜਾਣਕਾਰੀ ਵਿਚ ਵਾਧਾ ਕਰ ਸਕਦਾ ਹੈ। ਅਖਬਾਰ ਤਾਂ ਸਾਰਿਆਂ ਦੇ ਹੀ ਘਰ ਆਉਂਦੇ ਹਨ ਅਤੇ ਦੂਜਾ ਟੀ ਵੀ ਚੈਨਲਾਂ ਦੀ ਭਰਮਾਰ ਕਰਕੇ ਖਬਰਾਂ ਦਾ ਸਭ ਨੂੰ ਹੀ ਪਤਾ ਹੁੰਦਾ ਹੈ, ਇਸ ਲਈ ਅਜਿਹੀ ਪੁਸਤਕ ਸਮਾਂ ਲੰਘਾਉਣ ਲਈ ਵਧੀਆ ਹੁੰਦੀ ਹੈ।

'ਜਦੋਂ ਤੁਰੇ ਸੀ', 130 ਪੰਨਿਆਂ ਦੀ ਕਿਤਾਬ ਹੈ ਅਤੇ ਇਸ ਵਿਚ ਆਸਟ੍ਰੇਲੀਆ ਨਾਲ ਸਬੰਧਤ 58 ਅਧਿਆਇ ਹਨ। ਵਿਦਵਾਨ ਲੇਖਕ ਨੇ ਬੜੀ ਮਿਹਨਤ ਕਰ ਕੇ ਕੁਝ ਦੁਰਲੱਭ ਜਾਣਕਾਰੀ ਅਤੇ ਤਸਵੀਰਾਂ ਇਸ ਵਿਚ ਸ਼ਾਮਲ ਕੀਤੀਆਂ ਹਨ। ਕੁਝ ਚੈਪਟਰਾਂ ਦੇ ਸਿਰਲੇਖ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਲੇਖਕ ਨੇ ਬੜੀ ਸੂਝਬੂਝ ਨਾਲ ਪਾਠਕਾਂ ਦੇ ਸਾਹਮਣੇ ਆਪਣੇ ਵੱਲੋਂ ਇਕੱਠੀ ਕੀਤੀ ਜਾਣਕਾਰੀ ਨੂੰ ਸਾਂਝਾ ਕੀਤਾ ਹੈ, ਆਸਟ੍ਰੇਲੀਆ ਵਿਚ ਆਪਣੇ, ਭਾਰਤ ਆਸਟ੍ਰੇਲੀਆ ਸਫਰ, ਐਬੋਰਿਜੀਨਲ ਪਰਿਵਾਰ ਬਨਾਮ ਸਿੱਖ ਪਰਿਵਾਰ, ਆਸਟ੍ਰੇਲੀਆ ਅੰਦਰ ਵਸਿਆ ਪੰਜਾਬ, ਕਲਕੱਤੇ (ਹੁਣ ਕੋਲਕਤਾ) ਤੋਂ ਆਇਆ ਸਮੁੰਦਰੀ ਬੇੜਾ, ਭਾਰਤੀਆਂ ਦੀ ਦਸਤਕ, ਬੈਂਕ ਵਿਚ ਪਹਿਲਾ ਖਾਤਾ ਖੁਲ੍ਹਵਾਉਣ ਵਾਲਾ ਸਿੱਖ ਕਰੋਪੀ ਸਿੰਘ, ਆਸਟ੍ਰੇਲੀਆ ਵਿਚ ਭਾਰਤੀ ਭਾਸ਼ਾਵਾਂ, ਆਸਟ੍ਰੇਲੀਆ ਵਿਚ ਪੰਜਾਬੀ ਭਾਸ਼ਾ, ਆਸਟ੍ਰੇਲੀਆ ਵਿਚ ਗੁਰਦੁਆਰੇ, ਆਸਟ੍ਰੇਲੀਆ ਵਿਚ ਮੰਦਰ, ਆਸਟ੍ਰੇਲੀਆ ਵਿਚ ਪਹਿਲਾ ਅਖੰਡ ਪਾਠ, ਰੇਸ਼ਮ ਸਿੰਘ ਪਹਿਲੇ ਪਗੜੀਧਾਰੀ ਐਂਬੂਲੈਂਸ ਵਿਚ, ਪਹਿਲਾ ਸਿੱਖ ਐਲਡਰਮੈਨ ਕੌਂਸਲਰ, ਪਹਿਲਾ ਸਿੱਖ ਪਾਰਲੀਮੈਂਟ ਮੈਂਬਰ, ਆਸਟ੍ਰੇਲੀਆ ਵਿਚ ਊਠ ਅਤੇ ਭਾਰਤੀ, ਵਿਦਿਆਰਥੀ, ਆਸਟ੍ਰੇਲੀਆ ਵਿਚ ਪਹਿਲੀਆਂ ਪੰਜਾਬੀ ਔਰਤਾਂ, ਆਸਟ੍ਰੇਲੀਆ ਵਿਚ ਭਾਰਤੀ ਸੰਸਥਾਵਾਂ ਤੇ ਸਤਿਕਾਰਤ ਲੋਕ, ਆਸਟ੍ਰੇਲੀਆ ਵਿਚ ਪੰਜਾਬੀ ਅਖਬਾਰਾਂ, ਵੈਸਟਰਨ ਆਸਟ੍ਰੇਲੀਆ ਆਦਿ। ਇਸ ਪੁਸਤਕ ਦੀ ਖਾਸੀਅਤ ਇਹ ਹੈ ਕਿ ਲੇਖਕ ਨੇ ਬੜੀ ਮਿਹਨਤ ਨਾਲ ਪੁਰਾਣੀਆਂ ਦੁਰਲੱਭ ਤਸਵੀਰਾਂ ਇਕੱਠੀਆਂ ਕੀਤੀਆਂ ਹਨ, ਜਿਸ ਨਾਲ ਪੇਸ਼ ਕੀਤੀ ਜਾ ਰਹੀ ਜਾਣਕਾਰੀ ਦੀ ਭਰੋਸੇਯੋਗਤਾ ਹੋਰ ਵੀ ਵਧਦੀ ਹੈ। ਪਾਠਕ ਪੁਰਾਣੀਆਂ ਤਸਵੀਰਾਂ ਸਬੰਧੀ ਜਾਣਕਾਰੀ ਪੜ੍ਹਨ ਨੂੰ ਪ੍ਰੇਰਿਤ ਹੁੰਦਾ ਹੈ। ਲੇਖਕ ਨੇ ਆਮ ਪਾਠਕ ਨੂੰ ਸਮਝ ਆ ਜਾਣ ਵਾਲੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਆਰਟ ਪੇਪਰ ਅਤੇ ਚਾਰ ਰੰਗੀ ਛਪਾਈ ਨੇ ਇਸ ਪੁਸਤਕ ਨੂੰ ਅੰਤਰ-ਰਾਸ਼ਟਰੀ ਪੱਧਰ ਦੀਆਂ ਪੁਸਤਕਾਂ ਦੀ ਸ਼੍ਰੇਣੀ ਵਿਚ ਲੈ ਆਂਦਾ ਹੈ।






*ਪੁਸਤਕ 'ਜਦੋਂ ਤੁਰੇ ਸੀ' ਦਾ ਮੁਖੜਾ ਤੇ ਲੇਖਕ ਹਰਕੀਰਤ ਸਿੰਘ ਸੰਧਰ*

ਲੇਖਕ ਨੇ ਆਮ ਪੰਜਾਬੀਆਂ ਵਲੋਂ ਕੁਝ ਵਿਦੇਸ਼ੀ ਸ਼ਬਦਾਂ ਦੇ ਉਚਾਰਨ ਨੂੰ ਪੰਜਾਬੀ ਛੋਹ ਜਾਂ ਰੰਗਤ ਪ੍ਰਦਾਨ ਕਰਨ ਦੀ ਆਦਤ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹ। ਰੂਟੀ ਹਿੱਲ ਨੂੰ ਰੋਟੀ ਹਿਲ ਕਹਿਣਾ। ਪਹਿਲੇ ਪੂਰ ਵਿਚ ਆਸਟ੍ਰੇਲੀਆ ਪਹੁੰਚੇ ਅਨਪੜ੍ਹ ਪੰਜਾਬੀ ਆਸਟ੍ਰੇਲੀਆ ਨੂੰ ਤੇਲੀਆ ਹੀ ਕਹਿੰਦੇ ਸਨ। ਜਦੋਂ ਤੋਂ ਇਸ ਦੇਸ਼ ਦੇ ਇਕ ਇਲਾਕੇ ਨੂੰ ਨਵਾਂ ਆਸਟ੍ਰੇਲੀਆ ਕਰਕੇ ਜਾਣਿਆ ਜਾਣ ਲੱਗਿਆ ਹੈ ਤਾਂ ਪੰਜਾਬੀਆਂ ਲਈ ਨਵਾਂ ਤੇਲੀਆ ਅਤੇ ਪੁਰਾਣਾ ਤੇਲੀਆ, ਦੋ ਹਿੱਸੇ ਬਣ ਗਏ ਹਨ। ਇਸ ਤੋਂ ਇਲਾਵਾ ਕੁਝ ਇਲਾਕਿਆਂ ਦੇ ਭਾਰਤੀ ਨਾਂ, ਕੁਝ ਸ਼ਹਿਰਾਂ ਦੀਆਂ ਗਲੀਆਂ ਦੇ ਨਾਂ ਵੀ ਭਾਰਤੀ ਜਾਂ ਪੰਜਾਬੀ ਹਨ। ਆਸਟ੍ਰੇਲੀਆ ਦੇ ਇਕ ਹਿੱਸੇ ਵਿਚ ਵਗਦੇ ਪੰਜ ਦਰਿਆਵਾਂ ਕਰਕੇ ਉਸ ਇਲਾਕੇ ਜਾ ਨਾਂ ਪੰਜਾਬ ਰੱਖ ਦਿੱਤਾ ਗਿਆ। ਉਸ ਇਲਾਕੇ ਵਿਚ ਰਾਵੀ, ਚਨਾਬ ਵੀ ਹਨ, ਮਾਲਵਾ ਖੇਤਰ ਵੀ ਹੈ। ਅਜਿਹੀ ਵਧੀਆ ਅਤੇ ਨਿਵੇਕਲੀ ਪੁਸਤਕ ਦੇ ਲੇਖਕ ਦੀ ਜਾਣਕਾਰੀ ਵੀ ਪਾਠਕਾਂ ਲਈ ਲਾਹੇਵੰਦ ਹੋਵੇਗੀ।

ਧੰਨ ਹੈ ਪਿੰਡ ਭਾਨਾ (ਜਿਲ੍ਹਾ ਹੁਸ਼ਿਆਰਪੁਰ) ਦਾ ਜੰਮਪਲ, ਸੋਹਣਾ ਸੁਨੱਖਾ ਨੌਜਵਾਨ ਹਰਕੀਰਤ ਸਿੰਘ ਸੰਧਰ, ਜੋ ਸੰਨ 2006 ਵਿਚ ਚੰਗੇ ਭਵਿੱਖ ਦੀ ਆਸ ਵਿਚ ਸਿਡਨੀ (ਆਸਟ੍ਰੇਲੀਆ) ਆਇਆ। ਅਜੇ ਉਸ ਦਾ ਨਵੇਂ ਦੇਸ਼ ਵਿਚ ਪੂਰੀ ਤਰ੍ਹਾਂ ਦਿਲ ਵੀ ਨਹੀਂ ਸੀ ਲੱਗਿਆ ਕਿ ਪਤਾ ਨਹੀਂ ਉਸ ਨੂੰ ਕਿਥੋਂ ਪਤਾ ਲੱਗ ਗਿਆ ਕਿ ਆਸਟ੍ਰੇਲੀਆ ਅਤੇ ਭਾਰਤ ਦੇ ਆਪਸੀ ਰਿਸ਼ਤੇ ਤਾਂ 42 ਸਦੀਆਂ ਤੋਂ ਵੀ ਵੱਧ ਪੁਰਾਣੇ ਹਨ। ਭਾਰਤ ਦੇ ਕਈ ਜਾਨਵਰ, ਪੰਛੀ ਆਦਿ ਵੀ ਇਸ ਧਰਤੀ 'ਤੇ ਮਿਲਦੇ ਹਨ। ਕਿਤਾਬਾਂ ਪੜ੍ਹਨ ਦਾ ਸ਼ੌਕ ਤਾਂ ਉਸ ਨੂੰ ਬਚਪਨ ਤੋਂ ਹੀ ਸੀ। ਮੁਢਲੀ ਪੜ੍ਹਾਈ ਅਤੇ ਕਾਲਜ ਦੀ ਪੜ੍ਹਾਈ ਉਸ ਨੇ ਗੜ੍ਹਦੀਵਾਲ ਤੋਂ ਕਰ ਕੇ ਫਾਰਮੇਸੀ ਦੀ ਪੜ੍ਹਾਈ ਵੀ ਕੀਤੀ। ਸਾਹਿਤਕ ਮੱਸ ਪੂਰੀ ਕਰਨ ਲਈ ਐਮ.ਏ. ਪੰਜਾਬੀ ਕੀਤੀ। ਦਿਲ ਵਿਚ ਤਾਂਘ ਤਾਂ ਪੀ. ਐਚਡੀ ਕਰਨ ਦੀ ਵੀ ਸੀ ਪਰ ਕਿਸਮਤ ਆਸਟ੍ਰੇਲੀਆ ਲੈ ਆਈ। ਸਾਹਿਤਕ ਰੁਝਾਨ ਕਾਰਨ ਉਹ ਪੱਤਰਕਾਰੀ ਦੇ ਖੇਤਰ ਵਿਚ ਆ ਗਿਆ। ਚਲੰਤ ਅਤੇ ਭਖਵੇਂ ਮਸਲਿਆਂ 'ਤੇ ਲੇਖ ਲਿਖਣਾ ਉਸ ਦਾ ਸ਼ੌਕ ਹੈ। ਸਥਾਨਕ ਅਤੇ ਪੰਜਾਬ ਦੇ ਅਖਬਾਰ ਉਸ ਦੇ ਲੇਖ ਖੁਸ਼ੀ ਖੁਸ਼ੀ ਛਾਪਦੇ ਹਨ, ਪਾਠਕ ਉਨ੍ਹਾਂ ਨੂੰ ਨੀਝ ਨਾਲ ਪੜ੍ਹਦੇ ਹਨ।

ਉਹ ਪਿਛਲੇ ਇਕ ਦਹਾਕੇ ਤੋਂ ਆਪਣੇ ਦੇਸ਼ ਵਾਸੀਆਂ, ਖਾਸਕਰ ਪੰਜਾਬੀਆਂ ਦੀਆਂ ਦੱਬ ਚੁੱਕੀਆਂ ਪੈੜਾਂ ਨੂੰ ਲੱਭਣ ਦੇ ਦੁਰਗਮ ਰਾਹ 'ਤੇ ਤੁਰਿਆ ਹੋਇਆ ਹੈ। ਉਸ ਦਾ ਵਿਚਾਰ ਹੈ ਕਿ ਜੇ ਅਸੀਂ ਆਪਣੇ ਪੂਰਵਜਾਂ ਦੀਆਂ ਪੈੜਾਂ ਨੂੰ ਨਾ ਭਾਲਿਆ ਅਤੇ ਧੁੰਧਲੀਆਂ ਪੈ ਚੁੱਕੀਆਂ ਪੈੜਾਂ ਸਮੇਂ ਦੀ ਗਰਦ ਵਿਚ ਗੁਆਚ ਗਈਆਂ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਵੀ ਮੁਆਫ ਨਹੀਂ ਕਰ ਸਕਣਗੀਆਂ। ਆਪਣੀ ਰੋਜ਼ੀ-ਰੋਟੀ ਲਈ ਕੰਮ ਧੰਦੇ ਕਰਦਾ, ਹਰਕੀਰਤ ਜਦੋਂ ਵੀ ਸਮਾਂ ਮਿਲਦਾ ਆਸਟ੍ਰੇਲੀਆ ਦੀ ਧਰਤੀ 'ਚ ਲੁਕੇ ਤੱਥਾਂ ਦੀ ਖੋਜ ਵਿਚ ਨਿਕਲ ਜਾਂਦਾ ਹੈ। ਕਈ ਉਸ ਨੂੰ ਖਬਤੀ, ਸਿਰੜੀ ਆਦਿ ਵਿਸ਼ੇਸ਼ਣਾਂ ਨਾਲ ਬੁਲਾਉਂਦੇ ਪਰ ਆਪਣੀ ਧੁਨ ਦਾ ਪੱਕਾ ਇਹ ਸੁਹਿਰਦ ਖੋਜਾਰਥੀ ਆਪਣੇ ਰਾਹ ਤੁਰਿਆ ਰਿਹਾ। ਸਖਤ ਘਾਲਣਾ ਘਾਲ ਕੇ ਲਿਖੀ ਕੌਫੀ ਟੇਬਲ ਬੁੱਕ 'ਜਦੋਂ ਤੁਰੇ ਸੀ', ਸਿਡਨੀ ਪਾਰਲੀਮੈਂਟ ਵਿਚ ਮੰਤਰੀ ਵੱਲੋਂ ਲੋਕ ਅਰਪਣ ਕੀਤੀ ਗਈ ਤਾਂ ਪੰਜਾਬੀਆਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਦਾ ਵਤਨੀ ਤਾਂ ਕੋਈ ਖਾਸ ਬੰਦਾ ਹੈ। ਮੇਰਾ ਨਿੱਜੀ ਵਿਚਾਰ ਹੈ ਕਿ 'ਜਦੋਂ ਤੁਰੇ ਸੀ' ਕਾਫੀ ਟੇਬਲ ਬੁੱਕ ਆਸਟ੍ਰੇਲੀਆ ਵਿਚ ਰਹਿੰਦੇ ਹਰ ਪੰਜਾਬੀ ਦੇ ਘਰ ਦਾ ਸ਼ਿੰਗਾਰ ਹੋਣੀ ਚਾਹੀਦੀ ਹੈ।

---

ਪੁਸਤਕ 'ਗ੍ਰਿਟ ਐਂਡ ਗਲੋਰੀ' ਵਿਚ ਪੰਜਾਬ ਪੁਲਿਸ ਦੇ ਸੈਂਕੜੇ ਖਿਡਾਰੀਆਂ ਬਾਰੇ ਤੱਥਗਤ ਜਾਣਕਾਰੀ ਦਿੱਤੀ ਗਈ ਹੈ। ਮਸਲਨ ਖਿਡਾਰੀਆਂ ਨੇ ਕਿਹੜੀ-ਕਿਹੜੀ ਖੇਡ ਵਿਚ ਹਿੱਸਾ ਲਿਆ, ਕਿੰਨੇ ਮੈਡਲ ਜਿੱਤੇ, ਕਿੰਨੇ ਰਿਕਾਰਡ ਬਣਾਏ, ਪੰਜਾਬ ਚੈਂਪੀਅਨਸ਼ਿਪ ਤੋਂ ਲੈ ਕੇ ਓਲੰਪਿਕ ਖੇਡਾਂ ਤਕ ਕਿੰਨੇ ਖੇਡ ਮੁਕਾਬਲਿਆਂ ਵਿਚ ਭਾਗ ਲਿਆ ਤੇ ਕਿਹੜੇ-ਕਿਹੜੇ ਮਾਣ ਸਨਮਾਨ ਹਾਸਲ ਕੀਤੇ। 1978 ਤੋਂ 1995 ਤਕ ਪੰਜਾਬ ਪੁਲਿਸ ਦੇ 30 ਖਿਡਾਰੀਆਂ ਨੂੰ ਪੰਜਾਬ ਸਰਕਾਰ ਦਾ ਖੇਡ ਐਵਾਰਡ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਮਿਲਿਆ। ਭਾਰਤ ਸਰਕਾਰ ਦਾ ਵਿਸ਼ੇਸ਼ ਖੇਡ ਪੁਰਸਕਾਰ 'ਅਰਜਨਾ ਐਵਾਰਡ' 1961 ਤੋਂ ਸ਼ੁਰੂ ਹੋਇਆ ਸੀ, ਜੋ 2000 ਤਕ ਪੰਜਾਬ ਪੁਲਿਸ ਦੇ 26 ਖਿਡਾਰੀਆਂ ਨੇ ਹਾਸਲ ਕੀਤਾ। ਉਨ੍ਹਾਂ ਵਿਚ ਉਹ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਪੰਜਾਬ ਪੁਲਿਸ ਵਿਚ ਭਰਤੀ ਹੋਣ ਤੋਂ ਪਹਿਲਾਂ ਜਾਂ ਪੁਲਿਸ ਛੱਡਣ ਪਿੱਛੋਂ ਇਹ ਐਵਾਰਡ ਮਿਲਿਆ।

ਪੰਜਾਬ ਪੁਲਿਸ ਨਾਲ ਸਬੰਧਤ ਅਰਜਨਾ ਐਵਾਰਡੀ ਹਨ, ਪ੍ਰਿਥੀਪਾਲ ਸਿੰਘ, ਨ੍ਰਿਪਜੀਤ ਸਿੰਘ ਬੇਦੀ, ਚਰਨਜੀਤ ਸਿੰਘ, ਊਧਮ ਸਿੰਘ, ਗੁਰਬਚਨ ਸਿੰਘ ਭੰਗੂ, ਗੁਰਦੇਵ ਸਿੰਘ, ਕਰਤਾਰ ਸਿੰਘ ਢਿੱਲੋਂ, ਸੁਰਿੰਦਰ ਸਿੰਘ ਸੋਢੀ, ਜਗਦੀਸ਼ ਸਿੰਘ, ਸੁਰਜੀਤ ਸਿੰਘ, ਨਰਿੰਦਰ ਸਿੰਘ, ਬਲਜੀਤ ਸਿੰਘ ਢਿੱਲੋਂ, ਬਲਬੀਰ ਸਿੰਘ ਜੂਨੀਅਰ, ਰਮਨਦੀਪ ਸਿੰਘ, ਬਲਵਿੰਦਰ ਸਿੰਘ, ਸੁਖਪਾਲ ਸਿੰਘ, ਦਲਬੀਰ ਸਿੰਘ, ਸੱਜਣ ਸਿੰਘ, ਜਗਜੀਤ ਸਿੰਘ, ਬਲਵੰਤ ਸਿੰਘ, ਪ੍ਰੇਮ ਚੰਦ ਡੋਗਰਾ, ਸੁਨੀਤਾ ਰਾਣੀ, ਜੈਪਾਲ ਸਿੰਘ, ਹਰਦੀਪ ਸਿੰਘ, ਪਰਗਟ ਸਿੰਘ ਤੇ ਕੌਰ ਸਿੰਘ। ਦਰਜਨ ਤੋਂ ਵੱਧ ਖੇਡਾਂ ਦੇ ਹਜ਼ਾਰ ਤੋ ਵੱਧ ਖਿਡਾਰੀਆਂ ਦੇ ਵੇਰਵਿਆਂ ਤੇ ਤਸਵੀਰਾਂ ਨਾਲ ਇਹ ਪੁਸਤਕ ਭਰੀ ਪਈ ਹੈ।

ਬਤੌਰ ਖਿਡਾਰੀ ਜਿਨ੍ਹਾਂ ਨੂੰ ਪਦਮ ਸ੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ, ਉਨ੍ਹਾਂ ਵਿਚੋਂ ਪੰਜਾਬ ਪੁਲਿਸ ਨਾਲ ਸਬੰਧਤ ਅੱਠ ਖਿਡਾਰੀ ਹਨ। ਬਲਬੀਰ ਸਿੰਘ ਸੀਨੀਅਰ ਨੂੰ 1957 ਵਿਚ ਪਦਮ ਸ੍ਰੀ ਪੁਰਸਕਾਰ ਦਿੱਤਾ ਗਿਆ। ਉਸ ਨੂੰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿਕ' ਵਾਲਾ ਬਲਬੀਰ ਵੀ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਅਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ ਕੁਲ 9 ਗੋਲਾਂ 'ਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਉਥੇ ਹਾਲੈਂਡ ਵਿਰੁੱਧ ਫਾਈਨਲ ਮੈਚ ਵਿਚ ਉਸ ਦੇ 5 ਗੋਲ ਸਨ, ਜੋ ਓਲੰਪਿਕ ਖੇਡਾਂ ਦਾ ਸੱਤ ਦਹਾਕੇ ਪੁਰਾਣਾ ਰਿਕਾਰਡ ਹੈ। ਉਸ ਨੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਭਾਰਤ ਨੂੰ ਵਿਸ਼ਵ ਹਾਕੀ ਕੱਪ ਅਤੇ ਛੇ ਮੈਡਲ ਜਿਤਾਏ। ਹਾਕੀ ਦੀ ਕੋਚਿੰਗ ਬਾਰੇ 'ਦਿ ਗੋਲਡਨ ਯਾਰਡ ਸਟਿੱਕ' ਪੁਸਤਕ ਵੀ ਲਿਖੀ। ਭਾਰਤ-ਚੀਨ ਜੰਗ ਵੇਲੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਰਿਲੀਫ਼ ਫੰਡ ਲਈ ਦਾਨ ਕੀਤੇ। ਫਿਰ ਆਪਣੀਆਂ ਖੇਡ ਨਿਸ਼ਾਨੀਆਂ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਸਪੁਰਦ ਕਰ ਦਿੱਤੀਆਂ, ਜੋ ਸਾਈ ਨੇ ਪਤਾ ਨਹੀਂ ਕਿਥੇ 'ਗੁਆ' ਛੱਡੀਆਂ, ਜੋ ਹੁਣ ਮਿਲ ਨਹੀਂ ਰਹੀਆਂ।

ਬਲਬੀਰ ਸਿੰਘ 31 ਦਸੰਬਰ, 1923 ਤੋਂ 25 ਮਈ, 2020 ਤਕ ਜੀਵਿਆ। ਉਹਦਾ ਸਟੇਟ ਸਨਮਾਨ ਸਹਿਤ ਚੰਡੀਗੜ੍ਹ ਵਿਚ ਸਸਕਾਰ ਹੋਇਆ। ਉਸ ਮੌਕੇ ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਕਿ ਮੁਹਾਲੀ ਦੇ ਹਾਕੀ ਸਟੇਡੀਅਮ ਦਾ ਨਾਂ ਬਲਬੀਰ ਸਿੰਘ ਹਾਕੀ ਸਟੇਡੀਅਮ ਰੱਖਿਆ ਜਾਵੇਗਾ। ਪੰਜਾਬ ਸਰਕਾਰ ਭਾਰਤ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰੇਗੀ ਕਿ ਵਿਸ਼ਵ ਦੇ ਸਿਰਮੌਰ ਹਾਕੀ ਖਿਡਾਰੀ, ਆਇਕਾਨਿਕ ਓਲੰਪੀਅਨ ਬਲਬੀਰ ਸਿੰਘ ਨੂੰ ਭਾਰਤ ਰਤਨ ਪੁਰਸਕਾਰ ਨਾਲ ਨਿਵਾਜੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਐਲਾਨ ਕੀਤਾ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤਾ ਜਾਵੇਗਾ। ਤਸੱਲੀ ਦੀ ਗੱਲ ਹੈ ਕਿ ਉਸ ਦੀ ਪਹਿਲੀ ਬਰਸੀ 'ਤੇ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਦਾ ਉਦਘਾਟਨ ਕਰ ਦਿੱਤਾ ਗਿਆ ਹੈ ਪਰ ਗੁਰਸਿੱਖ ਖਿਡਾਰੀ ਦਾ ਚਿੱਤਰ ਅਜੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਨਹੀਂ ਹੋਇਆ ਤੇ ਨਾ ਹੀ ਭਾਰਤ ਰਤਨ ਦੀ ਗੱਲ ਅੱਗੇ ਤੁਰੀ ਹੈ।

ਚਰਨਜੀਤ ਸਿੰਘ ਨੂੰ 1964 ਵਿਚ ਪਦਮ ਸ੍ਰੀ ਦੀ ਉਪਾਧੀ ਦਿੱਤੀ ਗਈ। ਉਹ ਉਨ੍ਹਾਂ ਖਿਡਾਰੀਆਂ 'ਚੋਂ ਸੀ, ਜੋ ਖੇਡਾਂ 'ਚ ਮੱਲਾਂ ਮਾਰਨ ਨਾਲ ਪੜ੍ਹਾਈ ਵਿਚ ਵੀ ਹੁਸ਼ਿਆਰ ਰਹੇ। ਉਹ ਟੋਕੀਓ ਦੀਆਂ ਓਲੰਪਿਕ ਖੇਡਾਂ-1964 ਵਿਚੋਂ ਗੋਲਡ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ। ਉਸ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨੇਹੜੀ ਵਿਚ 2 ਫਰਵਰੀ, 1931 ਨੂੰ ਹੋਇਆ ਸੀ। ਪੰਜਾਬ ਪੁਲਿਸ ਨੂੰ ਛੱਡ ਕੇ ਉਹ ਹਿਮਾਚਲ ਯੂਨੀਵਰਸਿਟੀ ਸ਼ਿਮਲਾ ਚਲਾ ਗਿਆ ਸੀ, ਜਿੱਥੇ ਡਾਇਰੈਕਟਰ ਦੇ ਅਹੁਦੇ ਤੋਂ ਰਿਟਾਇਰ ਹੋਇਆ ਸੀ।

ਪ੍ਰਿਥੀਪਾਲ ਸਿੰਘ ਨੂੰ 1967 ਵਿਚ ਪਦਮ ਸ੍ਰੀ ਪੁਰਸਕਾਰ ਮਿਲਿਆ। ਉਹ ਤਿੰਨ ਓਲੰਪਿਕਸ ਖੇਡਿਆ ਤੇ ਤਿੰਨਾਂ ਵਿਚ ਹੀ ਸਭ ਤੋਂ ਵੱਧ ਗੋਲ ਕੀਤੇ। ਉਸ ਨੂੰ ਪੈਨਲਟੀ ਕਾਰਨਰ ਦਾ ਬਾਦਸ਼ਾਹ ਕਿਹਾ ਜਾਂਦਾ ਸੀ। ਉਹ ਨਨਕਾਣਾ ਸਾਹਿਬ ਦਾ ਜੰਮਪਲ ਸੀ, ਜਿਸ ਕਰਕੇ ਮੈਂ ਉਹਦੇ ਬਾਰੇ ਉਲੀਕੇ ਸ਼ਬਦ ਚਿੱਤਰ ਦਾ ਨਾਂ 'ਗੁਰੂ ਨਾਨਕ ਦਾ ਗਰਾਈਂ' ਰੱਖਿਆ ਸੀ। ਮਈ 1983 ਵਿਚ ਜਦੋਂ ਪੰਜਾਬ ਵਿਚ ਦਹਿਸ਼ਤੀ ਦੌਰ ਸ਼ੁਰੂ ਹੋਇਆ ਤਾਂ ਖੇਤੀਬਾੜੀ ਯੂਨੀਵਰਸਿਟੀ ਵਿਚ ਉਹਦੇ ਦਫਤਰ ਮੂਹਰੇ ਗੋਲੀਆਂ ਮਾਰ ਕੇ ਉਸ ਨੂੰ ਕਤਲ ਕਰ ਦਿੱਤਾ ਗਿਆ ਸੀ।

ਮੁੱਕੇਬਾਜ਼ ਕੌਰ ਸਿੰਘ ਨੂੰ 1983 ਵਿਚ ਪਦਮ ਸ੍ਰੀ ਪੁਰਸਕਾਰ ਦਿੱਤਾ ਗਿਆ। ਉਹ ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ-1982 ਵਿਚ ਹੈਵੀ ਵੇਟ ਮੁੱਕੇਬਾਜ਼ੀ ਦਾ ਚੈਂਪੀਅਨ ਸੀ। ਪਹਿਲਵਾਨ ਕਰਤਾਰ ਸਿੰਘ ਢਿੱਲੋਂ ਨੂੰ 1986-87 ਵਿਚ ਪਦਮ ਸ੍ਰੀ ਦੇ ਖ਼ਿਤਾਬ ਨਾਲ ਸਨਮਾਨਿਆ ਗਿਆ। ਉਹ ਪਿੰਡ ਸੁਰ ਸਿੰਘ ਦਾ ਜੰਮਪਲ ਹੈ। ਉਸ ਨੇ 1973 ਤੋਂ 2010 ਤਕ ਕੁਲ ਦੁਨੀਆ ਗਾਹੀ ਅਤੇ ਸੈਂਕੜੇ ਕੁਸ਼ਤੀਆਂ ਤੇ ਦਰਜਨਾਂ ਗੁਰਜਾਂ ਜਿੱਤੀਆਂ। ਏਸ਼ਿਆਈ ਖੇਡਾਂ 'ਚੋਂ ਦੋ ਸੋਨੇ, ਇਕ ਚਾਂਦੀ, ਕਾਮਨਵੈਲਥ ਖੇਡਾਂ 'ਚੋਂ ਤਿੰਨ ਤਗ਼ਮੇ ਤੇ ਵਿਸ਼ਵ ਵੈਟਰਨ ਚੈਂਪੀਅਨਸ਼ਿਪਾਂ ਦੇ 16 ਸੋਨ ਤਗ਼ਮੇ ਜਿੱਤੇ। ਉਹ ਪੰਜਾਬ ਪੁਲਿਸ 'ਚੋਂ ਬਤੌਰ ਆਈਜੀ ਰਿਟਾਇਰ ਹੋਇਆ। ਬਾਡੀ ਬਿਲਡਰ ਪ੍ਰੇਮ ਚੰਦ ਦੇਗੜਾ ਨੂੰ 1990 ਵਿਚ ਪਦਮ ਸ੍ਰੀ ਪੁਰਸਕਾਰ ਮਿਲਿਆ। ਪਰਗਟ ਸਿੰਘ ਨੂੰ 1996-97 ਦਾ ਪਦਮ ਸ੍ਰੀ ਪੁਰਸਕਾਰ ਪ੍ਰਦਾਨ ਕੀਤਾ ਗਿਆ। ਉਹ ਓਲੰਪਿਕ ਖੇਡਾਂ ਵਿਚ ਭਾਰਤ ਹਾਕੀ ਟੀਮਾਂ ਦਾ ਦੋ ਵਾਰ ਕਪਤਾਨ ਬਣਿਆ ਸੀ। ਪੁਲਿਸ ਵਿਚ ਐੱਸਪੀ ਤੇ ਪੰਜਾਬ ਦਾ ਸਪੋਰਟਸ ਡਾਇਰੈਕਟਰ ਰਹਿਣ ਪਿੱਛੋਂ ਸਿਆਸਤ ਵਿਚ ਗਿਆ ਤੇ ਅੱਜ-ਕੱਲ੍ਹ ਪੰਜਾਬ ਦਾ ਸਿੱਖਿਆ, ਖੇਡਾਂ ਤੇ ਯੁਵਕ ਭਲਾਈ ਵਿਭਾਗਾਂ ਦਾ ਮੰਤਰੀ ਹੈ।

ਸੁਨੀਤਾ ਰਾਣੀ ਨੂੰ 2001 ਵਿਚ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਆ ਗਿਆ। ਉਸ ਦਾ ਜਨਮ ਸੁਨਾਮ ਨੇੜੇ ਪਿੰਡ ਤੋਲਾਵਾਲ ਵਿਚ 4 ਦਸੰਬਰ, 1979 ਨੂੰ ਹੋਇਆ ਸੀ। ਉਸ ਨੇ ਲੰਮੀਆਂ ਦੌੜਾਂ ਵਿਚ ਪੰਜ ਨੈਸ਼ਨਲ ਰਿਕਾਰਡ ਰੱਖੇ, ਇਕ ਏਸ਼ੀਆ ਦਾ ਰਿਕਾਰਡ ਕਾਇਮ ਕੀਤਾ ਤੇ ਕੌਮਾਂਤਰੀ ਮੁਕਾਬਲਿਆਂ ਦੇ ਵੀਹ ਤੋਂ ਵੱਧ ਮੈਡਲ ਜਿੱਤੇ। ਪੰਜਾਬ ਪੁਲਿਸ ਨੇ ਉਸ ਨੂੰ ਡੀਐੱਸਪੀ ਭਰਤੀ ਕੀਤਾ ਸੀ। ਉਹ ਅਜਿਹੀ ਅਥਲੀਟ ਹੈ, ਜਿਸ ਨੇ ਆਮ ਘਰਾਂ ਦੀਆਂ ਲੜਕੀਆਂ ਵਿਚ ਦੌੜਾਂ ਦੌੜਨ ਦਾ ਉਤਸ਼ਾਹ ਭਰਿਆ ਕਿ ਉਹ ਵੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਜਿੱਤਾਂ ਜਿੱਤ ਸਕਦੀਆਂ ਹਨ। ਉਹਦੇ ਬਾਰੇ ਵੈਟਰਨ ਅਥਲੀਟ ਤ੍ਰਿਲੋਕ ਸਿੰਘ ਨੇ 'ਸੁਨਾਮ ਸ਼ਹਿਰ ਦੀ ਨਾਮਵਰ ਦੌੜਾਕ ਸੁਨੀਤਾ ਰਾਣੀ' ਨਾਂ ਦੀ ਕਿਤਾਬ ਲਿਖੀ, ਜਿਸ ਵਿਚ ਉਹਦੀ ਪੂਰੀ ਜੀਵਨੀ ਪੇਸ਼ ਕੀਤੀ ਗਈ। ਵੇਖਦੇ ਹਾਂ ਪੰਜਾਬ ਪੁਲਿਸ ਦੇ ਖਿਡਾਰੀਆਂ ਦਾ ਇਤਿਹਾਸ ਪੰਜਾਬੀ ਵਿਚ ਕਦੋਂ ਛਪਦੈ?

# ਆਖਰੀ ਲਾਹੌਰ ਦਰਬਾਰ: 29 ਮਾਰਚ 1949

***ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ ਵਿਚ ਬੜਾ ਉਚਾ ਮੁਕਾਮ ਹੈ। ਉਸ ਦਾ ਸਭ ਤੋਂ ਵੱਡਾ ਹਾਸਲ ਇਹ ਸੀ ਕਿ ਉਸ ਨੇ ਹਮਲਾਵਰ ਅਫਗਾਨ ਸ਼ਾਸਕ ਡੱਕ ਦਿੱਤੇ। ਉਸ ਤੋਂ ਪਹਿਲਾਂ ਅਫਗਾਨ ਸ਼ਾਸਕ ਪੰਜਾਬ ਵਿਚੋਂ ਲੰਘਦੇ ਸਭ ਕੁਝ ਲਤਾੜਦੇ ਜਾਂਦੇ ਸਨ। ਉਸ ਨੇ ਅਫਗਾਨ ਸ਼ਾਸਕਾਂ ਦੇ ਇਹ ਹਮਲੇ ਡੱਕੇ ਜਾਂ ਠੱਲ੍ਹੇ ਹੀ ਨਹੀਂ ਸਗੋਂ ਅਫਗਾਨਾਂ ਨੂੰ ਜੰਗ ਦੇ ਮੈਦਾਨ ਵਿਚ ਲਲਕਾਰਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਅਮਨ ਅਤੇ ਖੁਸ਼ਹਾਲੀ ਸੀ। ਉਦੋਂ ਲੋਕਾਂ ਦਾ ਮੁੱਖ ਕਿੱਤਾ ਖੇਤੀ ਸੀ, ਪੰਜਾਬ ਦੀ ਉਪਜਾਊ ਜ਼ਮੀਨ ਅਤੇ ਸਿੰਜਾਈ ਦੇ ਸਾਧਨਾਂ ਕਰਕੇ ਪੰਜਾਬ ਭਾਰਤ ਦਾ ਸਭ ਤੋਂ ਅਮੀਰ ਸੂਬਾ ਸੀ। ਬਹੁਤ ਸਾਰੇ ਮਾਮਲਿਆਂ ਵਿਚ ਮਹਾਰਾਜਾ ਰਣਜੀਤ ਸਿੰਘ ਦੂਰ-ਅੰਦੇਸ਼ ਬਹੁਤ ਸੀ ਪਰ ਆਪਣੇ ਆਖਰੀ ਦਿਨਾਂ ਦੌਰਾਨ ਬਿਮਾਰੀ ਦੇ ਹੱਲੇ ਤੋਂ ਪਿੱਛੋਂ ਉਹ ਆਪਣੇ ਮਗਰੋਂ ਰਾਜ ਪ੍ਰਬੰਧ ਚਲਾਉਣ ਦਾ ਕੋਈ ਪੁਖਤਾ ਪ੍ਰਬੰਧ ਨਾ ਕਰ ਸਕਿਆ। ਸਿੱਟੇ ਵਜੋਂ ਉਸ ਤੋਂ ਛੇਤੀ ਹੀ ਬਾਅਦ ਇੰਨਾ ਮਜ਼ਬੂਤ ਸ਼ਾਸਨ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੋ ਗਿਆ। ਅੰਗਰੇਜ਼ ਤਾਂ ਪਹਿਲਾਂ ਹੀ ਅਜਿਹੇ ਕਿਸੇ ਮੌਕੇ ਦੀ ਤਲਾਸ਼ ਵਿਚ ਸਨ। ਉਨ੍ਹਾਂ ਛੇਤੀ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਭਾਗ ਉਤੇ ਕਬਜ਼ਾ ਕਰ ਲਿਆ। ਡਾ. ਐਸ.ਐਸ. ਛੀਨਾ ਆਪਣੇ ਇਸ ਲੇਖ ਵਿਚ ਲਾਹੌਰ ਵਿਚ ਲੱਗੇ ਆਖਰੀ ਦਰਬਾਰ ਬਾਰੇ ਗੱਲ ਕੀਤੀ ਹੈ।***



**ਐਸ. ਐਸ. ਛੀਨਾ**

ਆਖਰੀ ਲਾਹੌਰ ਦਰਬਾਰ 29 ਮਾਰਚ 1849 ਦੀ ਸਵੇਰ ਨੂੰ 7 ਵਜੇ ਹੋਇਆ। ਮਹਾਰਾਜਾ ਦਲੀਪ ਸਿੰਘ ਦਰਬਾਰ ਵਿਚ ਆਇਆ ਅਤੇ ਉਹ ਆਪਣੇ ਬਾਪ ਦੇ ਤਖਤ 'ਤੇ ਆਖਰੀ ਵਾਰ ਬੈਠਾ। ਕੌਂਸਲ ਦੇ ਹੋਰ ਮੈਂਬਰ ਵੀ ਦਰਬਾਰ ਵਿਚ ਆਏ। ਇਹ ਬੜਾ ਹੀ ਤਰਸਯੋਗ ਸੀਨ ਸੀ ਕਿਉਂਜੋ ਲਾਹੌਰ ਦਰਬਾਰ ਦੀ ਪੁਰਾਣੀ ਸ਼ਾਨ ਇਸ ਵਿਚ ਨਜ਼ਰ ਨਹੀਂ ਸੀ ਆ ਰਹੀ। ਦਰਬਾਰੀਆਂ ਨੇ ਕੀਮਤੀ ਗਹਿਣੇ ਅਤੇ ਚਮਕੀਲੇ ਪਹਿਰਾਵੇ ਨਹੀਂ ਸਨ ਪਾਏ ਹੋਏ। ਇਹ ਉਹ ਮੀਟਿੰਗ ਸੀ ਜਿਸ ਵਿਚ ਨਿਰਾਸ਼ਾ ਵਿਚ ਡੁੱਬੇ ਜਜ਼ਬਾਤ ਅਤੇ ਅਪ੍ਰਸੰਨਤਾ ਦੀਆਂ ਭਾਵਨਾਵਾਂ ਨੂੰ ਦੇਖਿਆ ਜਾ ਸਕਦਾ ਸੀ। ਮਿਸਟਰ ਇਲੀਅਟ ਅਤੇ ਹੈਨਰੀ ਲਾਰੈਂਸ ਦਰਬਾਰ ਵਿਚ ਆਏ। ਮਹਾਰਾਜਾ ਅਤੇ ਹੋਰ ਦਰਬਾਰੀ ਉਨ੍ਹਾਂ ਨੂੰ ਮਹਿਲ ਦੇ ਬਾਹਰਲੇ ਗੇਟ 'ਤੇ 'ਜੀ ਆਇਆਂ' ਕਹਿਣ ਗਏ। ਮਹਾਰਾਜਾ ਤਖਤ 'ਤੇ ਬੈਠਾ ਅਤੇ ਉਸ ਦੇ ਨਾਲ ਹੋਰ ਅੰਗਰੇਜ਼ ਅਧਿਕਾਰੀ ਬੈਠੇ। ਪੰਜਾਬ ਦੇ ਸਰਦਾਰ ਉਨ੍ਹਾਂ ਦੇ ਖੱਬੇ ਹੱਥ ਬੈਠੇ। ਦਰਬਾਰ ਵਿਚ ਡੂੰਘੀ ਚੁੱਪ ਛਾਈ ਹੋਈ ਸੀ। ਕੌਂਸਲ ਦੇ ਮੈਂਬਰਾਂ ਦੇ ਚਿਹਰਿਆਂ ਉੱਤੇ ਉਦਾਸ ਭਾਵਨਾਵਾਂ ਅਸਾਨੀ ਨਾਲ ਦੇਖੀਆਂ ਜਾ ਸਕਦੀਆਂ ਸਨ ਜਿਹੜੇ ਇਹ ਬਿਲਕੁਲ ਵੀ ਨਹੀਂ ਸਨ ਜਾਣਦੇ ਕਿ ਅਜੇ ਭਵਿਖ ਵਿਚ ਕੀ-ਕੀ ਹੋਣਾ ਹੈ। ਜਦੋਂ ਹਰ ਕੋਈ ਆਪੋ-ਆਪਣੀ ਸੀਟ 'ਤੇ ਬੈਠ ਗਿਆ ਤਾਂ ਮਿਸਟਰ ਇਲੀਅਟ ਉਠ ਖੜ੍ਹਾ ਹੋਇਆ ਤਾਂ ਜੋ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਦਾ ਜਾਰੀ ਕੀਤਾ ਐਲਾਨਨਾਮਾ ਪੜ੍ਹ ਸਕੇ।

ਇਸ ਐਲਾਨਨਾਮੇ ਵਿਚ ਇਹ ਦੱਸਿਆ ਗਿਆ ਸੀ ਕਿ ਪਹਿਲੀ ਐਂਗਲੋ-ਸਿੱਖ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਅੰਗਰੇਜ਼ਾਂ ਅਤੇ ਸਿੱਖਾਂ ਵਿਚ ਸਦਭਾਵਨਾ ਵਾਲੇ ਚੰਗੇ ਰਿਸ਼ਤੇ ਸਨ। ਅੰਗਰੇਜ਼ ਸਰਕਾਰ ਚਾਹੁੰਦੀ ਸੀ ਕਿ ਮਹਾਰਾਜਾ ਰਣਜੀਤ ਸਿਂਘ ਦੇ ਵਾਰਸਾਂ ਨਾਲ ਵੀ ਉਹੋ ਜਿਹੇ ਚੰਗੇ ਸੰਬੰਧ ਬਣੇ ਰਹਿੰਦੇ ਪਰ ਕੁਝ ਸਿੱਖ ਸਰਦਾਰ ਇਹ ਭੁੱਲ ਗਏ ਅਤੇ ਉਨ੍ਹਾਂ ਨੇ ਅੰਗਰੇਜ਼ਾਂ ਖਿਲਾਫ ਜੰਗ ਛੇੜ ਦਿੱਤੀ। ਉਹ ਜੰਗ ਸਤਲੁਜ ਦੇ ਦੂਸਰੇ ਕੰਢੇ 'ਤੇ ਲੜੀ ਗਈ ਅਤੇ ਸਿੱਖ ਫੌਜਾਂ ਨੂੰ ਲਾਹੌਰ ਤੱਕ ਪਿੱਛੇ ਧੱਕ ਦਿੱਤਾ ਗਿਆ। ਤਦ ਮਹਾਰਾਜਾ ਨੇ ਅੰਗਰੇਜ਼ ਸਰਕਾਰ ਦੀ ਅਧੀਨਗੀ ਮੰਨ ਲਈ। ਲਾਹੌਰ ਦਾ ਰਾਜਾ ਬਹਾਲ ਰੱਖਿਆ ਗਿਆ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਫਿਰ ਤਖਤ 'ਤੇ ਬਿਠਾਇਆ ਗਿਆ। ਦੋਵਾਂ ਸਰਕਾਰਾਂ ਵਿਚ ਸੁਲ੍ਹਾ ਹੋਈ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਦੀ ਸੁਰੱਖਿਆ ਲਈ ਫੌਜ ਭੇਜੀ ਅਤੇ ਪੈਸੇ ਨਾਲ ਵੀ ਉਸ ਦੀ ਮਦਦ ਕੀਤੀ ਗਈ। ਫੌਜ ਦੀ ਹਾਲਤ ਨੂੰ ਸੁਧਾਰਿਆ ਗਿਆ ਅਤੇ ਉਹ ਉਸ ਕਿਸੇ ਵੀ ਖੇਤਰ ਵਿਚ ਦਾਖਲ ਨਾ ਹੋਵੇ ਜਿਸ ਲਈ ਸਮਝੌਤਾ ਨਹੀਂ ਸੀ ਹੋਇਆ।...

... ਕੁਝ ਸਮੇਂ ਬਾਅਦ ਹੀ ਅਮਨ ਅਤੇ ਆਪਸੀ ਮਿਲਵਰਤਣ ਵਾਲਾ ਉਹ ਵਾਤਾਵਰਨ ਖਤਮ ਹੋ ਗਿਆ ਸੀ। ਅੰਗਰੇਜ਼ ਅਫਸਰਾਂ ਨਾਲ ਔਰਤਾਂ ਅਤੇ ਬੱਚਿਆਂ ਨੂੰ ਕੈਦੀ ਬਣਾ ਗਿਆ। ਕਈ ਅੰਗਰੇਜ਼ ਅਫਸਰ ਮਾਰੇ ਗਏ। ਇਸ ਦੇ ਬਾਵਜੂਦ ਲਾਹੌਰ ਦੀ ਸਰਕਾਰ ਨੇ ਦੋਸ਼ੀਆਂ ਨੂੰ ਕੋਈ ਸਜ਼ਾ ਨਾ ਦਿੱਤੀ। ਫੌਜ ਨੇ ਹੁਕਮ ਨਾ ਮੰਨਿਆ ਸਗੋਂ ਅੰਗਰੇਜ਼ਾਂ ਖਿਲਾਫ ਹਥਿਆਰ ਉਠਾ ਲਏ। ਅੰਗਰੇਜ਼ ਸਰਕਾਰ ਨੇ ਕਈ ਵਾਰ ਦੁਹਰਾਇਆ ਕਿ ਉਹ ਕਿਸੇ ਹੋਰ ਖੇਤਰ 'ਤੇ ਕਬਜ਼ਾ ਨਹੀਂ ਕਰਨਾ ਚਾਹੁੰਦੇ। ਅੰਗਰੇਜ਼ ਸਰਕਾਰ ਨੂੰ ਮਜਬੂਰ ਕੀਤਾ ਗਿਆ ਕਿ ਉਹ ਭਵਿੱਖ ਵਿਚ ਆਮ ਜਨਤਾ ਦੇ ਹਿੱਤਾਂ ਖਿਆਲ ਰੱਖਦੀ।

ਮਿਸਟਰ ਇਲੀਅਟ ਨੇ ਐਲਾਨਨਾਮਾ ਪੜ੍ਹਨਾ ਜਾਰੀ ਰੱਖਿਆ ਜਿਸ ਵਿਚ ਉਸ ਨੇ ਇਹ ਦੱਸਿਆ ਕਿ ਗਵਰਨਰ ਜਨਰਲ ਨੇ ਫੈਸਲਾ ਕੀਤਾ ਹੈ ਕਿ ਲਗਾਤਾਰ ਦੀ ਜੰਗ ਨੂੰ ਬੰਦ ਕੀਤਾ ਜਾਵੇ ਕਿਉਂ ਜੋ ਪਿਛਲੀ ਘਟਨਾ ਨੇ ਇਹ ਦਿਖਾ ਦਿੱਤਾ ਹੈ ਕਿ ਜਿੰਨਾ ਚਿਰ ਉਨ੍ਹਾਂ ਦੀ ਸੁਤੰਤਰ ਸਰਕਾਰ ਰਹੇਗੀ, ਉਹ ਜੰਗ ਕਰਨ ਤੋਂ ਨਹੀਂ ਝਿਜਕਣਗੇ। ਪਹਿਲੀ ਜੰਗ ਲਈ ਮਹਾਰਾਜਾ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ ਕਿਉਂ ਜੋ ਉਹ ਜੰਗ ਉਸ ਦੇ ਲੋਕਾਂ ਨੇ ਸ਼ੁਰੂ ਕੀਤੀ ਜਿਨ੍ਹਾਂ ਨੂੰ ਉਹ ਕਾਬੂ ਨਾ ਰੱਖ ਸਕਿਆ; ਇਸ ਦੀ ਸਜ਼ਾ ਵਜੋਂ ਚੰਗੇ ਪ੍ਰਾਂਤਾਂ ਨੂੰ ਉਸ ਕੋਲੋਂ ਲੈ ਲਿਆ ਗਿਆ। ਹੁਣ ਗਵਰਨਰ ਜਨਰਲ ਨੂੰ ਇਸ ਗੱਲ ਤੋਂ ਰੋਕਿਆ ਨਹੀਂ ਜਾ ਸਕਦਾ ਕਿ ਉਹ ਲਗਾਤਾਰ ਅਮਨ ਬਣਾਉਣ ਅਤੇ ਜਨਤਾ ਦੀ ਭਲਾਈ ਲਈ ਕੋਈ ਕਾਰਵਾਈ ਕਰੇ।

ਐਲਾਨਨਾਮਾ ਪੜ੍ਹਨ ਤੋਂ ਬਾਅਦ ਇਸ ਨੂੰ ਪਰਸ਼ੀਅਨ (ਫਾਰਸੀ) ਵਿਚ ਪੜ੍ਹਿਆ ਗਿਆ ਅਤੇ ਫਿਰ ਉਸ ਦੇ ਅਰਥਾਂ ਦਾ ਹਿੰਦੀ ਵਿਚ ਅਨੁਵਾਦ ਕੀਤਾ ਗਿਆ। ਜਦੋਂ ਇਲੀਅਟ ਉਹ ਐਲਾਨਨਾਮਾ ਪੜ੍ਹ ਰਿਹਾ ਸੀ ਤਾਂ ਮੀਟਿੰਗ ਵਿਚ ਬਿਲਕੁਲ ਚੁਪ-ਚਾਂ ਸੀ ਪਰ ਦੇਸੀ ਮੈਂਬਰਾਂ ਦੇ ਦਿਲਾਂ ਵਿਚ ਤੂਫਾਨ ਉਠ ਰਹੇ ਸਨ। ਉਂਜ, ਉਸ ਹਾਲਤ ਵਿਚ ਉਹ ਮਜਬੂਰ ਨਜ਼ਰ ਆ ਰਹੇ ਸਨ। ਫਿਰ ਵੀ ਦੀਵਾਨ ਦੀਨਾ ਨਾਥ ਉਠਿਆ, ਉਸ ਦੀਆਂ ਅੱਖਾਂ ਵਿਚੋਂ ਅਥਰੂ ਵਹਿ ਰਹੇ ਸਨ; ਉਸ ਨੇ ਕਿਹਾ ਕਿ ਅੰਗਰੇਜ਼ ਸਰਕਾਰ ਨੂੰ ਬਾਲਕ ਮਹਾਰਾਜਾ 'ਤੇ ਰਹਿਮ ਕਰਨਾ ਚਾਹੀਦਾ ਹੈ ਪਰ ਇਲੀਅਟ ਨੇ ਸਖਤ ਸ਼ਬਦਾਂ ਵਿਚ ਕਿਹਾ ਕਿ ਫਰਾਖਦਿਲੀ ਅਤੇ ਰਹਿਮ ਦਾ ਵਕਤ ਗੁਜ਼ਰ ਚੁੱਕਾ ਹੈ। ਉਸ ਮੀਟਿੰਗ ਦੌਰਾਨ ਭਾਵੇਂ ਡੂੰਘੀ ਚੁੱਪ ਪਸਰੀ ਹੋਈ ਸੀ ਅਤੇ ਕਿਸੇ ਨੇ ਵੀ ਬੋਲਣ ਦਾ ਹੌਸਲਾ ਨਾ ਕੀਤਾ ਪਰ ਦੀਵਾਨ ਦੀਨਾ ਨਾਥ ਨੇ ਫਿਰ ਕਿਹਾ ਕਿ ਨਪੋਲੀਅਨ ਬੋਨਾਪਾਰਟ ਨੇ ਜਦੋਂ ਆਪਣਾ ਦੇਸ ਹਾਰਿਆ ਸੀ ਤਾਂ ਉਸ ਵੇਲੇ ਫਰਾਂਸ ਦੀ 30 ਕਰੋੜ ਫਰਾਂਕ ਸਾਲਾਨਾ ਆਮਦਨ ਸੀ ਪਰ ਉਹ ਉਸ ਦੇ ਅਸਲ ਵਾਰਸਾਂ ਨੂੰ ਦੇ ਦਿੱਤਾ ਗਿਆ। ਉਸ ਨੇ ਅੱਗੇ ਹੋਰ ਕਿਹਾ ਕਿ ਦੂਸਰੀ ਤਰਫ ਪੰਜਾਬ ਦੀ ਸਾਲਾਨਾ ਆਮਦਨ ਸਿਰਫ 3 ਕਰੋੜ ਰੁਪਏ ਹੈ, ਇਸ ਨੂੰ ਮਹਾਰਾਜਾ ਦਲੀਪ ਸਿੰਘ ਨੂੰ ਦੇ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਲਗਦਾ ਸੀ ਕਿ ਦੀਵਾਨ ਦੀਨਾ ਨਾਥ ਦੀ ਇਸ ਦਲੀਲ 'ਤੇ ਇਲੀਅਟ ਨੂੰ ਗੁੱਸਾ ਆ ਗਿਆ ਅਤੇ ਉਸ ਨੇ ਬੜੇ ਸਖਤ ਲਫਜ਼ਾਂ ਵਿਚ ਚਿਤਾਵਨੀ ਦਿੱਤੀ ਕਿ ਆਪਣੀ ਜ਼ਬਾਨ ਬੰਦ ਰੱਖ, ਨਹੀਂ ਤਾਂ ਤੈਨੂੰ ਅੰਡੇਮਾਨ ਭੇਜ ਦਿੱਤਾ ਜਾਵੇਗਾ। ਇਸ ਤਰ੍ਹਾਂ ਦਾ ਸਖਤ ਅਤੇ ਰੁੱਖਾ ਜਵਾਬ ਜਿਹੜਾ ਦੀਵਾਨ ਦੀਨਾ ਨਾਥ ਨੂੰ ਮਿਲਿਆ, ਉਸ ਤੋਂ ਬਾਅਦ ਕਿਸੇ ਨੇ ਵੀ ਕੁਝ ਕਹਿਣ ਦੀ ਹਿੰਮਤ ਨਾ ਕੀਤੀ।

ਫਿਰ ਉਹ ਕਾਗਜ਼ ਰਾਜਾ ਤੇਜ ਸਿੰਘ ਨੂੰ ਦਿਤੇ ਗਏ। ਉਨ੍ਹਾਂ ਨੇ ਉਹ ਕਾਗਜ਼ ਮਹਾਰਾਜਾ ਦਲੀਪ ਸਿੰਘ ਦੇ ਹੱਥਾਂ ਵਿਚ ਫੜਾਏ ਜਿਨ੍ਹਾਂ 'ਤੇ ਮਹਾਰਾਜਾ ਨੇ ਇਕਦਮ ਦਸਤਖਤ ਕਰ ਦਿਤੇ। ਜਿਸ ਤੇਜ਼ੀ ਨਾਲ ਮਹਾਰਾਜਾ ਨੇ ਉਨ੍ਹਾਂ ਕਾਗਜ਼ਾਂ 'ਤੇ ਦਸਤਖਤ ਕੀਤੇ, ਉਸ ਤੋਂ ਲਗਦਾ ਸੀ ਕਿ ਉਸ ਨੂੰ ਪਹਿਲਾਂ ਹੀ ਇਹ ਚਿਤਾਵਨੀ ਦਿਤੀ ਗਈ ਸੀ ਕਿ ਜੇ ਉਸ ਨੇ ਉਨ੍ਹਾਂ 'ਤੇ ਦਸਤਖਤ ਕਰਨ ਤੋਂ ਦੇਰੀ ਕੀਤੀ ਤਾਂ ਹੋਰ ਸ਼ਰਤਾਂ ਲਾਈਆਂ ਜਾ ਸਕਦੀਆਂ ਹਨ। ਬੱਚਾ ਹੋਣ ਕਰਕੇ ਉਹ ਨਹੀਂ ਸੀ ਸਮਝ ਰਿਹਾ ਕਿ ਇਹ ਦਸਤਖਤ ਕਰਕੇ ਉਹ ਪੰਜਾਬ ਦੇ ਤਖਤ ਨੂੰ ਛੱਡ ਰਿਹਾ ਹੈ ਅਤੇ ਖਾਲਸਾ ਰਾਜ ਖਤਮ ਹੋ ਰਿਹਾ ਹੈ ਪਰ ਉਸ ਹਾਲਤ ਵਿਚ ਉਸ ਕੋਲ ਹੋਰ ਕੋਈ ਬਦਲ ਵੀ ਨਹੀਂ ਸੀ। ਅੰਗਰੇਜ਼ ਸਰਕਾਰ ਨੇ ਪੰਜਾਬ ਵਰਗੇ ਵੱਡੇ ਦੇਸ ਉਤੇ ਕਬਜ਼ਾ ਕਰ ਲਿਆ ਜਿਥੇ ਮਹਾਰਾਜਾ ਰਣਜੀਤ ਸਿੰਘ ਦਾ 10 ਸਾਲ ਪਹਿਲਾਂ ਬੜਾ ਹਰਮਨ ਪਿਆਰਾ ਰਾਜ ਸੀ ਅਤੇ ਇਹ ਭਾਰਤੀ ਉਪ ਮਹਾਦੀਪ ਦਾ ਬਹੁਤ ਮਹੱਤਵਪੂਰਨ ਹਿੱਸਾ ਸੀ।





*ਮਹਾਰਾਜਾ ਦਲੀਪ ਸਿੰਘ ਦੀਆਂ 1849 ਅਤੇ 1859 ਦੀਆਂ ਦੋ ਤਸਵੀਰਾਂ।*

ਉਸ ਤੋਂ ਬਾਅਦ ਇਕ ਤਰਫ ਮਹਾਰਾਜਾ ਅਤੇ ਉਸ ਦੀ ਕੌਂਸਲ ਦੇ ਮੈਂਬਰਾਂ ਤੇ ਦੂਸਰੀ ਤਰਫ ਅੰਗਰੇਜ਼ਾਂ ਦੇ ਅਧਿਕਾਰੀਆਂ ਵਿਚਕਾਰ ਸੁਲ੍ਹਾਨਾਮੇ 'ਤੇ ਦਸਤਖਤ ਹੋਏ। ਇਹ ਉਹ ਆਖਰੀ ਸੁਲ੍ਹਾਨਾਮਾ ਸੀ ਜਿਸ ਦੀਆਂ ਮੁੱਖ ਸ਼ਰਤਾਂ ਸਨ ਕਿ ਮਹਾਰਾਜਾ ਦਲੀਪ ਸਿੰਘ ਆਪਣੇ ਅਤੇ ਆਪਣੇ ਵਾਰਸਾਂ ਦੇ ਪੰਜਾਬ ਦੇ ਰਾਜ ਤੋਂ ਸਾਰੇ ਹੱਕ ਅਤੇ ਦਾਅਵੇ ਛੱਡ ਰਿਹਾ ਹੈ।

ਜੰਗ ਦੇ ਖਰਚਿਆਂ ਦੇ ਮੁਆਵਜ਼ੇ ਵਜੋਂ ਰਾਜ ਦੀ ਸਾਰੀ ਜਾਇਦਾਦ ਜਿਥੇ ਵੀ ਹੋਵੇ, ਅੰਗਰੇਜ਼ ਸਰਕਾਰ ਜ਼ਬਤ ਕਰ ਲਵੇਗੀ। ਕੋਹੇਨੂਰ ਹੀਰਾ ਮਹਾਰਾਜਾ ਵੱਲੋਂ ਇੰਗਲੈਂਡ ਦੀ ਮਲਿਕਾ ਨੂੰ ਦਿੱਤਾ ਜਾਵੇਗਾ। ਮਹਾਰਾਜਾ ਅਤੇ ਉਸ ਦੇ ਰਿਸ਼ਤੇਦਾਰਾਂ ਨੂੰ ਈਸਟ ਇੰਡੀਆ ਕੰਪਨੀ ਪੈਨਸ਼ਨ ਦੇਵੇਗੀ ਜਿਹੜੀ 4 ਲੱਖ ਰੁਪਏ ਤੋਂ ਘੱਟ ਨਹੀਂ ਅਤੇ 5 ਲੱਖ ਰੁਪਏ ਤੋਂ ਵਧ ਨਹੀਂ ਹੋਵੇਗੀ। ਮਹਾਰਾਜਾ ਦਾ ਸਤਿਕਾਰ ਬਣਿਆ ਰਹੇਗਾ ਅਤੇ ਉਸ ਕੋਲ 'ਮਹਾਰਾਜਾ ਦਲੀਪ ਸਿੰਘ ਬਹਾਦਰ' ਦਾ ਖਿਤਾਬ ਰਹੇਗਾ। ਉਂਜ, ਇਸ ਦੇ ਨਾਲ ਹੀ ਹੋਰ ਸ਼ਰਤਾਂ ਵੀ ਲਾਈਆਂ ਗਈਆਂ ਕਿ ਜੇ ਉਹ ਅੰਗਰੇਜ਼ਾਂ ਦਾ ਵਫਾਦਾਰ ਰਹੇਗਾ ਤਾਂ ਉਹ ਸਾਰੀ ਉਮਰ ਆਪਣੀ ਪੈਨਸ਼ਨ ਲੈਂਦਾ ਰਹੇਗਾ ਅਤੇ ਉਸ ਜਗ੍ਹਾ 'ਤੇ ਰਹੇ ਜਿਹੜਾ ਗਵਰਨਰ ਜਨਰਲ ਉਸ ਲਈ ਨਿਸ਼ਚਤ ਕਰੇ।

ਇਨ੍ਹਾਂ ਧਾਰਾਵਾਂ ਅਤੇ ਸ਼ਰਤਾਂ 'ਤੇ ਲਾਰਡ ਡਲਹੌਜੀ, ਇਲੀਅਟ ਅਤੇ ਹੈਨਰੀ ਲਾਰੈਂਸ ਨੇ ਈਸਟ ਇੰਡੀਆ ਕੰਪਨੀ ਦੀ ਤਰਫ ਤੋਂ ਦਸਤਖਤ ਕੀਤੇ ਜਦੋਂ ਕਿ ਮਹਾਰਾਜਾ ਦਲੀਪ ਸਿੰਘ, ਰਾਜਾ ਤੇਜ ਸਿੰਘ, ਦੀਵਾਨ ਦੀਨਾ ਨਾਥ, ਨੂਰ-ਉਦ-ਦੀਨ ਅਤੇ ਭਾਈ ਨਿਧਾਨ ਸਿੰਘ ਨੇ ਲਾਹੌਰ ਦਰਬਾਰ ਦੀ ਤਰਫ ਤੋਂ ਦਸਖਤਤ ਕੀਤੇ। ਇਸ ਸੁਲ੍ਹਾਨਾਮੇ 'ਤੇ 29 ਮਾਰਚ 1849 ਨੂੰ ਦਸਤਖਤ ਕੀਤੇ ਗਏ ਜਿਸ ਨਾਲ ਅੰਗਰੇਜ਼ ਆਖਰਕਾਰ ਪੰਜਾਬ ਦੇ ਹਾਕਮ ਬਣ ਗਏ ਅਤੇ ਲਾਹੌਰ ਦਰਬਾਰ 'ਤੇ ਸਿੱਖਾਂ ਦਾ ਰਾਜ ਖਤਮ ਹੋ ਗਿਆ; ਸਿੱਖਾਂ ਦੇ ਝੰਡੇ ਨੂੰ ਲਾਹ ਦਿੱਤਾ ਗਿਆ। ਪੰਜਾਬ ਦੀ ਜਨਤਾ ਵਾਸਤੇ ਇਹ ਬੜਾ ਮੰਦਭਾਗਾ ਦਿਨ ਸੀ ਜਦੋਂ ਪੰਜਾਬ ਸੁਤੰਤਰ ਰਾਜ ਤੋਂ ਅੰਗਰੇਜ਼ਾਂ ਦਾ ਗੁਲਾਮ ਬਣ ਗਿਆ।

ਹੁਣ ਮਹਾਰਾਜਾ ਅਤੇ ਹੋਰ ਸਰਦਾਰਾਂ ਦੀ ਕਿਸਮਤ ਅੰਗਰੇਜ਼ਾਂ ਦੇ ਰਹਿਮ 'ਤੇ ਨਿਰਭਰ ਸੀ ਅਤੇ ਉਹ ਕਿਸੇ ਵੀ ਸ਼ਰਤ ਨੂੰ ਮਨਵਾ ਸਕਦੇ ਸਨ ਜਿਹੜੀ ਉਨ੍ਹਾਂ ਨੂੰ ਠੀਕ ਲਗਦੀ ਹੋਵੇ। ਮਹਾਰਾਜਾ ਉਦੋਂ ਤਕ ਲਾਹੌਰ ਰਿਹਾ ਜਦੋਂ ਤਕ ਉਸ ਨੂੰ ਫਤਿਹਗੜ੍ਹ ਨਹੀਂ ਬਦਲਿਆ ਗਿਆ। ਉਹ 21 ਦਸੰਬਰ, 1849 ਨੂੰ ਫਤਿਹਗੜ੍ਹ ਵੱਲ ਚਲਿਆ। ਲਾਹੌਰ ਦੀ ਜਨਤਾ ਬਹੁਤ ਵੱਡੀ ਗਿਣਤੀ ਵਿਚ ਉਸ ਨੂੰ ਭਵਿੱਖ ਦੇ ਸਫਰ ਵੱਲ ਤੋਰਨ ਲਈ ਉਸ ਸਵੇਰ ਉਥੇ ਆਈ। ਉਨ੍ਹਾਂ ਸਾਰਿਆਂ ਦੀਆਂ ਅੱਖਾਂ ਵਿਚ ਹੰਝੂ ਸਨ ਅਤੇ ਮਨ ਵਿਚ ਦੱਬੇ ਹੋਏ ਬੇਅੰਤ ਜਜ਼ਬਾਤ ਸਨ।



*ਉਘੇ ਚਿੱਤਰਕਾਰ ਸੋਭਾ ਸਿੰਘ ਦਾ ਬਣਾਇਆ ਮਹਾਰਾਜਾ ਰਣਜੀਤ ਸਿੰਘ ਦਾ ਚਿੱਤਰ।*

---

## ਨਵੇਂ ਸਾਲ ਨੂੰ ਸਮਰਪਿਤ

### ਨਵਾਂ ਸਾਲ ?

ਵਧਾਈ ਹੋਵੇ ਵਧਾਈ।
ਮੁੱਕ ਗਈ ਦੁਹਾਈ
ਚੁੱਪ-ਚਾਪ ਹੋਏ ਸਾਰੇ
ਸਾਰੇ ਨੇ ਲੱਗੇ ਆਹਰੇ।

ਵੰਡੀਆਂ ਸੌਗਾਤਾਂ ਦੀ
ਪਰਖੀਆਂ ਔਕਾਤਾਂ ਦੀ
ਮੁੱਕ ਗਈ ਬੱਲੇ ਬੱਲੇ
ਹੈ ਖੋਤੀ ਬੋਹੜ ਥੱਲੇ।

ਨਾ ਹੀ ਮਨੁੱਖ ਬਦਲੇ
ਨਾ ਹੀ ਰੁੱਖ ਬਦਲੇ
ਨਾ ਹੀ ਦੁੱਖ ਬਦਲੇ
ਨਾ ਹਵਾ ਰੁਖ ਬਦਲੇ।

ਫਿਰ ਕੀ ਰੰਗ ਬਦਲੇ?
ਨੇਤਾ ਨੇ ਢੰਗ ਬਦਲੇ
ਨਵੇਂ ਢਕਵੰਜ ਬਦਲੇ
ਡਾਢੇ ਨਾ ਸੰਗ ਬਦਲੇ।

ਕਿਸਾਨ ਕਾਮਾ ਰੋਂਦੇ ਨੇ।
ਬੱਸ ਜੀਵਨ ਢੋਂਹਦੇ ਨੇ।
ਦਿੱਲੀ ਸੜਕੀਂ ਸੌਂਦੇ ਸੀ।
ਨਾਜ਼ਮ ਨੂੰ ਨਾ ਪੌਂਹਦੇ ਸੀ।

ਆਖਰ ਜਿੱਤੇ ਸੱਚ ਹੱਕ
ਜ਼ਾਲਮਾਂ ਦੀ ਵੱਢੀ ਨੱਕ।
ਆਇਆ ਹੈ ਵੀਹ ਬਾਈ
ਫਿਰ ਵੀ ਸਭ ਨੂੰ ਵਧਾਈ।

***-ਸੇਵਾ ਸਿੰਘ 'ਨੂਰਪੁਰੀ'***

---

### ਨਵਾਂ ਵਰ੍ਹਾ

ਖੁਸ਼ੀਆਂ ਦੇਣ ਵਾਲਾ ਹੋਵੇ, ਨਵਾਂ ਵਰ੍ਹਾ,
ਚੌਵੀ ਕੈਰਟ ਸੋਨੇ ਵਾਂਗ ਨਿਕਲੇ ਖਰਾ।
ਕਰੋਨਾ ਵਿਚ ਰੁਲਿਆ ਵੀਹ ਤੇ ਇੱਕੀ,
ਜ਼ਿੰਦਗੀ ਹੋ ਚੁੱਕੀ ਸੀ ਬਿਲਕੁਲ ਫਿੱਕੀ।
ਖਰੋਚ ਨਾ ਆਏ ਅੱਲ੍ਹਾ, ਕਿਸੇ ਨੂੰ ਜ਼ਰਾ,
ਖੁਸ਼ੀਆਂ ਦੇਣ ਵਾਲਾ...

ਦੋ ਵਰ੍ਹੇ ਚੜ੍ਹ ਗਏ ਕਰੋਨਾ ਦੀ ਭੇਟ,
ਦੇਸ਼ ਦੀ ਤਰੱਕੀ ਦੇ ਬੰਦ ਹੋਏ ਗੇਟ।
ਸੰਕਟ ਦੇ ਹੱਲ ਲਈ ਮੱਤ ਵੀ ਦੇ ਜ਼ਰਾ,
ਖੁਸ਼ੀਆਂ ਦੇਣ ਵਾਲਾ...।

ਬੱਚਿਆਂ ਦੀ ਸਾਰੀ ਪੜ੍ਹਾਈ ਰੁਲ ਗਈ,
ਨਕਲਾਂ ਮਾਰ ਮਾਰ ਡਿਗਰੀ ਮਿਲ ਗਈ।
ਪ੍ਰੈਕਟੀਕਲ ਘਾਟਾ ਏਹਦਾ ਹੋਵੇ ਨਾ ਬੜਾ,
ਖੁਸ਼ੀਆਂ ਦੇਣ ਵਾਲਾ...।

ਆਲਸ ਦੀ ਜਗ੍ਹਾ ਮਿਹਨਤ ਦੀਆਂ ਗੱਲਾਂ,
ਤਾਂਹੀ ਵੱਜ ਸਕਣਗੀਆਂ ਵੱਡੀਆਂ ਮੱਲਾਂ।
ਸ਼ੌਰਟ ਕੱਟ ਭੁਲਾ ਕੇ ਸਹੀ ਮਾਰਗ ਫੜਾ,
ਖੁਸ਼ੀਆਂ ਦੇਣ ਵਾਲਾ...।

ਸਿਹਤ ਦਾ ਰੱਖਣਾ ਪਊ ਪੂਰਾ ਖਿਆਲ,
ਓਮੀਕਰੋਨ ਵਾਇਰਸ ਫਿਰੇ ਸਾਡੇ ਨਾਲ।
ਕਰੋਨਾ ਬਿਮਾਰੀ ਨੂੰ ਰੱਬਾ ਕਰਦੇ ਪਰ੍ਹਾਂ,
ਖੁਸ਼ੀਆਂ ਦੇਣ ਵਾਲਾ...।
ਨਸ਼ਿਆਂ ਦੀ ਲਤ ਤੋਂ ਹੋਜੇ ਛੁਟਕਾਰਾ,
ਈਮਾਨਦਾਰੀ ਦਾ ਹੀ ਗੂੰਜੇ ਨਾਅਰਾ।
ਇਹੀ ਉਮੀਦਾਂ ਮੈਂ ਤੇਰੇ ਕੋਲੋਂ ਕਰਾਂ,
ਖੁਸ਼ੀਆਂ ਦੇਣ ਵਾਲਾ ਹੋਵੇ, ਨਵਾਂ ਵਰ੍ਹਾ,
ਚੌਵੀ ਕੈਰਟ ਸੋਨੇ ਵਾਂਗ ਨਿਕਲੇ ਖਰਾ।

***-ਚਮਨਦੀਪ ਸ਼ਰਮਾ***
***ਫੋਨ: 95010-33005***

# ਵਰਤੋਂ ਕੰਪਿਊਟਰ ਦੀ

**ਲੜੀ ਨੰਬਰ 1**

ਪੰਜਾਬੀ ਸੰਸਾਰ ਵਿਚ ਕੰਪਿਊਟਰ ਦੀ ਵਰਤੋਂ ਦਿਨੋ-ਦਿਨ ਵਧ ਰਹੀ ਹੈ, ਜਿਸ ਦੀ ਨਾ ਕੋਈ ਚਰਮ ਸੀਮਾ ਹੈ ਅਤੇ ਨਾ ਹੀ ਕੋਈ ਅੰਤ। ਕੰਪਿਊਟਰ ਉੱਤੇ ਹੋਣ ਵਾਲ਼ੇ ਕਈ ਕੰਮ ਹੁਣ ਮੋਬਾਈਲ ਨੇ ਵੀ ਸੰਭਾਲ਼ ਲਏ ਹਨ। ਅੱਜ ਗੁਰਮੁਖੀ ਲਿੱਪੀ, ਜੋ ਕੰਪਿਊਟਰ ਅਤੇ ਮੋਬਾਈਲ ਦੋਹਾਂ ਉੱਤੇ ਲਿਖੀ ਜਾ ਸਕਦੀ ਹੈ, ਦੀ ਵਰਤੋਂ ਨੇ ਪੰਜਾਬੀ ਬੋਲੀ ਦੀਆਂ ਸੰਭਾਵਨਾਵਾਂ ਵੀ ਅਸੀਮ ਬਣਾ ਦਿੱਤੀਆਂ ਹਨ। ਇਸ ਮੁੱਦੇ ਨੂੰ ਹੋਰ ਵਿਸਥਾਰ ਨਾ ਦਿੰਦੇ ਹੋਏ ਇਹੋ ਹੀ ਸਲਾਹ ਦਿੱਤੀ ਜਾਂਦੀ ਹੈ ਕਿ ਆਪਣੀ ਲੋੜ ਅਨੁਸਾਰ ਹਰ ਪੰਜਾਬੀ ਨੂੰ ਕੰਪਿਊਟਰ ਦੀ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ, ਜੋ ਉਸਨੂੰ ਸਦਾ ਸਹਾਈ ਹੋਵੇਗੀ। ਇਹ ਜਾਣਕਾਰੀ ਦੇਣ ਲਈ ਲੇਖਾਂ ਦੀ ਇਕ ਲੜੀ

**ਕਿਰਪਾਲ ਸਿੰਘ ਪੰਨੂੰ**
**ਫੋਨ: 365-994-8850,**
**ਡਾ. ਰਾਜਵਿੰਦਰ ਸਿੰਘ**
**ਫੋਨ: 94633-27683**

ਆਰੰਭ ਕੀਤੀ ਜਾ ਰਹੀ ਹੈ। ਆਸ ਹੈ ਕਿ ਇਹ ਪਾਠਕਾਂ ਲਈ ਲਾਹੇਵੰਦ ਰਹੇਗੀ।

**ਭਾਗ ਪਹਿਲਾ ਕੰਪਿਊਟਰ ਚਲਾਉਣਾ**

ਇਹ ਗੂੰਟੀ ਨਾਲ਼ ਕਿਹਾ ਜਾ ਸਕਦਾ ਹੈ ਕਿ ਕੰਪਿਊਟਰ ਸਿੱਖਣਾ ਬੱਚਿਆਂ ਦੀ ਖੇਡ ਹੈ। ਲੋੜ ਹੈ ਇਸ ਦਾ ਹਊਆ ਦੂਰ ਕਰਨ ਦੀ ਅਤੇ ਆਪਣੇ ਮਨ ਵਿਚ ਪ੍ਰਬਲ ਇੱਛਾ ਪੈਦਾ ਕਰਨ ਦੀ। ਮੈਂ ਆਪਣੇ ਅਨੁਭਵ ਤੋਂ ਕਹਿ ਸਕਦਾ ਹਾਂ ਕਿ 1000 ਵਿਚੋਂ 999 ਵਿਅਕਤੀ ਆਪਣੀ ਲੋੜ ਪੂਰੀ ਕਰ ਸਕਣ ਵਾਲ਼ਾ ਕੰਪਿਊਟਰ ਸੌਖਿਆਂ ਹੀ ਸਿੱਖ ਸਕਦੇ ਹਨ। ਸੋ, ਆਓ! ਅੱਗੇ ਵਧੀਏ ਤਾਂ ਕਿ ਸਮੇਂ ਨਾਲ਼ ਕਦਮ ਮੇਲ ਸਕੀਏ।

ਸਹੀ ਗੱਲ ਗੱਜ ਵੱਜ ਕੇ, ਆ ਜਾ ਕਹੀਏ ਹਾਣੀਆਂ।

ਕਿ ਹਾਣੀ ਸਮੇਂ ਦੇ ਹੀ ਬਣੇ, ਸਦਾ ਰਹੀਏ ਹਾਣੀਆਂ।

**ਸਟਾਰਟ ਕਰਨਾ:** ਕੰਪਿਊਟਰ ਸਟਾਰਟ ਕਰਨ ਲਈ ਉਸ ਉੱਤੇ ਇੱਕ ਔਨ ਬਟਨ ਬਣਿਆ ਹੁੰਦਾ ਹੈ। ਜਿਸ ਦਾ ਆਈਕਨ (ਚਿੰਨ੍ਹ ਤਸਵੀਰ 1) ਗੋਲ਼ ਚੱਕਰ ਵਿਚ ਡੰਡੀ ਹੁੰਦਾ ਹੈ। ਉਸ ਨੂੰ ਦਬਾਉਣ ਨਾਲ਼ ਕੰਪਿਊਟਰ ਨੂੰ ਬਿਜਲੀ ਦੀ ਸਪਲਾਈ ਆਰੰਭ ਹੋ ਜਾਂਦੀ ਹੈ ਅਤੇ ਬੰਦ ਪਿਆ ਕੰਪਿਊਟਰ ਸਤਰਕ ਹੋ ਜਾਂਦਾ ਹੈ, ਜਿਸ ਨਾਲ਼ ਔਨ ਲਾਈਟ ਵੀ ਜਗ ਪੈਂਦੀ ਹੈ। ਜੇ ਕੰਪਿਊਟਰ ਔਨ ਨਹੀਂ ਹੁੰਦਾ ਤਾਂ ਕੰਪਿਊਟਰ ਤੋਂ ਲੈ ਕੇ ਮੇਨ ਪਾਵਰ ਤਕ ਕੁਨੈਕਸ਼ਨ ਚੈੱਕ ਕਰ ਲਵੋ ਕਿ ਕਿਧਰੇ ਵਿਚਕਾਰ ਕੋਈ ਸਵਿੱਚ ਆਫ ਤਾਂ ਨਹੀਂ ਜਾਂ ਤੁਹਾਡਾ ਮੇਨ ਪਲੱਗ ਹੀ ਖਰਾਬ ਤਾਂ ਨਹੀਂ।

ਪਾਵਰ ਕੰਪਿਊਟਰ ਦੇ ਸਿਸਸਟਮ ਵਿਚ ਜਾਣ ਨਾਲ਼ ਪਹਿਲਾਂ ਕੰਪਿਊਟਰ ਦੀ ਹਾਰਡ ਡਿਸਕ ਸਟਾਰਟ ਕਰਨ ਦਾ ਕੰਮ ਕਰਦੀ ਹੈ, ਕੰਮ ਮੁਕਾ ਲੈਣ ਪਿੱਛੋਂ ਉਹ ਅਗਲੀ ਕਾਰਵਾਈ ਅਪਰੇਟਿੰਗ ਸਿਸਟਮ (ਵਿੰਡੋ) ਨੂੰ ਸੌਂਪ ਦਿੰਦੀ ਹੈ, ਜੋ ਆਪਣੀ ਲੋੜੀਂਦੀ ਤਿਆਰੀ ਕਰ ਕੇ ਤੁਹਾਤੋਂ ਪਾਸਵਰਡ (ਗੁਪਤ ਸ਼ਬਦ) ਪੁੱਛਦੀ ਹੈ। ਉੱਤਰ ਸਹੀ ਮਿਲ ਜਾਣ ਉੱਤੇ ਤੁਹਾਡੇ ਸਾਹਮਣੇ 'ਡੈਸਕ ਟਾਪ' ਖੋਲ੍ਹ ਦਿੰਦੀ ਹੈ। ਅੱਗੇ ਤੁਸੀਂ ਲੋੜੀਂਦੀ ਐਪਲੀਕੇਸ਼ਨ (ਐਪ) ਚਲਾ ਕੇ ਆਪਣਾ ਇੱਛਤ ਕੰਮ ਕਰ ਸਕਦੇ ਹੋ। ਯਾਦ ਰਹੇ ਪਾਵਰ ਆਨ ਕਰਨ ਤੋਂ ਲੈ ਕੇ ਪਾਸਵਰਡ ਪੁੱਛਣ ਤਕ ਕੰਪਿਊਟਰ ਜੋ ਕਾਰਵਾਈ ਕਰਦਾ ਹੈ, ਉਸ ਨੂੰ ਬੂਟ ਕਰਨਾ ਕਹਿੰਦੇ ਹਨ। ਇਹ ਕਾਰਵਾਈ ਕੰਪਿਊਟਰ ਦੀ ਸਮਰੱਥਾ ਅਤੇ ਸਪੀਡ ਅਨੁਸਾਰ ਵੱਖੋ-ਵੱਖਰਾ ਸਮਾਂ ਲੈਂਦੀ ਹੈ। ਇਸ ਸਮੇਂ ਕੰਪਿਊਟਰ ਨਾਲ਼ ਬੇਲੋੜੀ ਛੇੜਛਾੜ ਨਹੀਂ ਕਰਨੀ ਚਾਹੀਦੀ। ਧੀਰਜ ਰੱਖਣੀ ਚਾਹੀਦੀ ਹੈ। ਕਾਹਲ਼ੀ ਅੱਗੇ ਟੋਏ ਹੀ ਹੁੰਦੇ ਹਨ। ਕੰਪਿਊਟਰ ਸਟੱਕ ਹੋ ਸਕਦਾ ਹੈ। ਉਸ ਨੂੰ ਦੁਬਾਰਾ ਸਟਾਰਟ ਕਰਨਾ ਪੈ ਸਕਦਾ ਹੈ, ਜਿਸ ਨਾਲ਼ ਸਮਾਂ ਹੋਰ ਵੱਧ ਲੱਗੇਗਾ।




**ਕੰਪਿਊਟਰ ਬੰਦ ਕਰਨਾ:** ਯਾਦ ਰਹੇ ਕਿ ਜਿਸ ਬਟਨ ਨਾਲ਼ ਕੰਪਿਊਟਰ ਆਨ ਕੀਤਾ ਗਿਆ ਸੀ, ਉਸੇ ਬਟਨ ਨਾਲ਼ ਆਫ ਨਹੀਂ ਕੀਤਾ ਜਾਂਦਾ। ਇਸ ਨੂੰ ਬੰਦ ਕਰਨ ਦੀ ਹੋਰ ਅਤੇ ਸਹੀ ਵਿਧੀ ਹੈ। ਜੇ ਸਬੱਬ ਨਾਲ਼ ਸਾਰੀਆਂ ਸਹੀ ਵਿਧੀਆਂ ਵਰਤਣ 'ਤੇ ਵੀ ਕੰਪਿਊਟਰ ਬੰਦ ਨਹੀਂ ਹੁੰਦਾ ਤਾਂ ਅਖੀਰਲੇ ਹਥਿਆਰ ਵਜੋਂ ਆਨ ਬਟਨ ਨੂੰ ਦੱਬ ਕੇ ਆਫ ਕਰਨਾ ਪੈਂਦਾ ਹੈ, ਜਿਸ ਦੀ ਸੰਭਾਵਨਾ ਕੰਪਿਊਟਰ ਸਟੱਕ ਹੋ ਜਾਣ ਉੱਤੇ ਕਦੇ-ਕਦੇ ਹੀ ਬਣਦੀ ਹੈ। ਇਹ ਵੀ ਯਾਦ ਰਹੇ ਕਿ ਕੰਪਿਊਟਰ ਬੰਦ ਕਰਨ ਤੋਂ ਪਹਿਲੋਂ ਇੱਕ-ਇੱਕ ਕਰ ਕੇ ਆਪਣੇ ਸਾਰੇ ਖੁੱਲ੍ਹੇ ਡਾਕੂਮੈਂਟ, ਫਾਈਲਾਂ, ਫੋਲਡਰ ਅਤੇ ਐਪਸ ਬੰਦ ਕਰ ਲੈਣੇ ਚਾਹੀਦੇ ਹਨ। ਮਾਨੀਟਰ ਨੂੰ ਡੈਸਕ ਟਾਪ ਦੀ ਸਥਿਤੀ ਵਿਚ ਲਿਜਾ ਕੇ ਹੀ ਕੰਪਿਊਟਰ ਨੂੰ ਬੰਦ ਕਰਨਾ ਚਾਹੀਦਾ ਹੈ। ਜੇ ਕਦੀ ਕੋਈ ਐਪ ਜਾਂ ਫਾਈਲ ਕਿਸੇ ਅਣਜਾਣੇ ਕਾਰਨ ਕਰਕੇ ਬੰਦ ਹੋਵੇ ਹੀ ਨਾ ਤਾਂ ਹੁਕਮੀਆ ਕਮਾਂਡ, ਥ੍ਰੀ ਫਿੰਗਰ ਸਲਿਊਟ (ਕੰਟਰੌਲ + ਆਲਟ + ਡੀਲੀਟ) ਦੇ ਕੇ ਬੰਦ ਕਰ ਦੇਣਾ ਚਾਹੀਦਾ ਹੈ।

**ਕੰਪਿਊਟਰ ਬੰਦ ਕਰਨ ਦੀ ਵਿਧੀ:** ਕੀਅ ਬੋਰਡ ਉੱਤੇ ਵਿੰਡੋ ਦੀ ਸ਼ਕਲ (ਤਸਵੀਰ 2) ਵਾਲ਼ੀ ਕੀਅ (ਇਹ ਕੀਅ ਕੀ ਬੋਰਡ ਉੱਤੇ ਤੁਹਾਡੇ ਖੱਬੇ ਪਾਸੇ ਕੰਟਰੋਲ ਅਤੇ ਆਲਟ ਕੀਆਂ ਦੇ ਵਿਚਕਾਰ ਹੈ) ਨੂੰ ਇੱਕ ਵੇਰ ਦਬਾਓ (ਦੱਬੀ ਨਹੀਂ ਰੱਖਣੀ) ਸੂਚਨਾ: ਇਹ ਕਮਾਂਡ ਬਟਨ 'ਸਟਾਰਟ' ਮਾਨੀਟਰ ਦੇ ਖੱਬੇ ਅਤੇ ਥੱਲੇ ਵੀ ਬਣਿਆ ਹੋਇਆ ਹੈ, ਇਸ ਨੂੰ ਵੀ ਮਾਊਸ ਨਾਲ਼ ਕਲਿੱਕ ਕੀਤਾ ਜਾ ਸਕਦਾ ਹੈ। ਮਾਨੀਟਰ ਉੱਤੇ ਕੁੱਝ ਕੁ ਕਮਾਂਡਾਂ ਉਜਾਗਰ ਹੋ ਜਾਣਗੀਆਂ। ਉਨ੍ਹਾਂ ਵਿਚੋਂ ਤੁਹਾਡੇ ਖੱਬੇ ਹੱਥ ਦੇ ਸਭ ਤੋਂ ਹੇਠਲੇ ਪਾਵਰ ਆਈਕਨ (ਤਸਵੀਰ 1) ਨੂੰ ਕਲਿੱਕ ਕਰੋ। ਤਿੰਨ ਕਮਾਂਡ ਆਈਕਨ, 'ਸਲੀਪ, ਸ਼ਟਡਾਊਨ ਅਤੇ ਰੀਸਟਾਰਟ' ਉਜਾਗਰ ਹੋ ਜਾਣਗੇ, ਉਨ੍ਹਾਂ ਵਿਚੋਂ ਸ਼ਟ ਡਾਊਨ ਨੂੰ ਕਲਿੱਕ ਕਰੋ। ਕੰਪਿਊਟਰ ਬੰਦ ਹੋ ਜਾਏਗਾ। ਯਾਦ ਰਹੇ ਇੱਥੋਂ ਕੰਪਿਊਟਰ ਨੂੰ ਸਲੀਪ ਅਤੇ ਰੀਸਟਾਰਟ ਵੀ ਕੀਤਾ ਜਾ ਸਕਦਾ ਹੈ।

**ਕੰਪਿਊਟਰ ਉੱਤੇ ਕਾਰਜ ਕਰਨਾ:** ਉੱਪਰ ਦੱਸੀ ਹੋਈ ਵਿਧੀ ਨਾਲ਼ ਕੰਪਿਊਟਰ ਨੂੰ ਸਟਾਰਟ ਕਰੋ। ਡੈੱਸਕਟਾਪ ਦੀ ਹਾਲਤ ਵਿਚ ਪਹੁੰਚਣ ਪਿੱਛੋਂ ਆਪਣੀ ਲੋੜ ਅਨੁਸਾਰ ਐਪ ਖੋਲ੍ਹੋ। ਜਾਣਕਾਰੀ ਲਈ ਇੱਥੇ ਬਹੁਤੀ ਵਰਤੋਂ ਵਾਲ਼ਾ ਮਾਈਕਰੋਸਾਫਟ ਵਰਡ ਖੋਲ੍ਹਿਆ ਜਾਏਗਾ। ਨਵਾਂ ਡਾਕੂਮੈਂਟ ਖੋਲ੍ਹਣ ਨਾਲ਼ ਸਾਹਮਣੇ ਆ ਗਏ ਖਾਲੀ ਪੇਪਰ ਉੱਤੇ ਤੁਸੀਂ ਆਪਣਾ ਕਾਰਜ ਕਰ ਸਕਦੇ ਹੋ।

**ਕੁੱਝ ਕੁ ਸ਼ਬਦਾਂ ਦਾ ਵਿਸਥਾਰ:** ਆਈਕਨ-ਕਮਾਂਡ ਨੂੰ ਦਰਸਾਉਂਦੀ ਹੋਈ ਮਾਨੀਟਰ ਉੱਤੇ ਨਿੱਕੀ ਜਿਹੀ ਤਸਵੀਰ। ਹਾਰਡ ਡਿਸਕ-ਕੰਪਿਊਟਰ ਦੇ ਢਾਂਚੇ ਅੰਦਰ ਪ੍ਰੋਗਰਾਮ ਕੀਤੀ ਹੋਈ ਇੱਕ ਮਹੱਤਵਪੂਰਨ ਡਿਸਕ ਜੋ ਕੰਪਿਊਟਰ ਨੂੰ ਚਲਾਉਣਾ ਅਰੰਭ ਕਰਦੀ ਹੈ। ਇਸ ਵਿਚ ਵਿਗਾੜ ਆ ਜਾਣ ਨਾਲ਼ ਕੰਪਿਊਟਰ ਸਟਾਰਟ ਨਹੀਂ ਹੁੰਦਾ। ਅਪਰੇਟਿੰਗ ਸਿਸਟਮ-ਇਸ ਦਾ ਛੋਟਾ ਨਾਮ 'ਓਐੱਸ' ਹੈ। ਮਾਈਕਰੋਸਾਫਟ ਕੰਪਨੀ ਇਸ ਨੂੰ ਵਿੰਡੋ ਕਹਿੰਦੀ ਹੈ। ਇਹ ਪ੍ਰੋਗਰਾਮ ਅੱਗੇ ਕਿਸੇ ਵੀ ਐਪਲੀਕੇਸ਼ਨ ਨੂੰ ਆਪਣਾ ਕੰਮ ਕਰਨ ਦੇ ਯੋਗ ਬਣਾਉਂਦਾ ਹੈ। ਜੋ ਇਸ ਤੋਂ ਬਗੈਰ ਸੰਭਵ ਨਹੀਂ ਹੈ। ਪਾਸ ਵਰਡ -ਇੱਕ ਗੁਪਤ ਸ਼ਬਦ ਜਿਸ ਰਾਹੀਂ ਕੰਪਿਊਟਰ ਆਪਣੇ ਮਾਲਕ ਨੂੰ ਪਛਾਣਦਾ ਹੈ। ਇਸ ਤੋਂ ਬਗੈਰ ਕੰਪਿਊਟਰ ਅੱਗੇ ਕੋਈ ਵੀ ਕੰਮ ਨਹੀਂ ਕਰਦਾ। ਇਹ ਕੇਵਲ ਅਰੰਭ ਵਿਚ ਇੱਕ ਵੇਰ ਪਾਉਣਾ ਹੁੰਦਾ ਹੈ। ਡੈਸਕ ਟਾਪ-ਤਿੰਨਾਂ ਚੀਜ਼ਾਂ ਦਾ ਇਹ ਸਾਂਝਾ ਨਾਮ ਹੈ।

1. ਪਰਸਨਲ ਕੰਪਿਊਟਰ (ਪੀ ਸੀ) ਨੂੰ, ਜੋ ਡੈਸਕ ਦੀ ਟਾਪ ਉੱਤੇ ਰੱਖਿਆ ਜਾ ਸਕੇ।
2. ਮਾਨੀਟਰ ਦੀ ਉਹ ਸਥਿਤੀ ਜਦੋਂ ਉਸ ਉੱਤੇ ਕੇਵਲ ਵਿੰਡੋ (ਅਪ੍ਰੇਟਿੰਗ ਸਿਸਟਮ) ਖੁੱਲ੍ਹੀ ਹੋਵੇ) ਅਤੇ ਕੋਈ ਵੀ ਐਪ ਦਿਖਾਈ ਨਾ ਦਿੰਦਾ ਹੋਵੇ।
3. ਡੈਸਕਟਾਪ ਦਾ ਆਈਕਨ।

ਐਪਲੀਕੇਸ਼ਨ-ਕੀਤੇ ਜਾਣ ਵਾਲ਼ੇ ਕਾਰਜ ਲਈ ਢੁਕਵਾਂ ਪ੍ਰੋਗਰਾਮ। ਅਪਰੇਟਿੰਗ ਸਿਸਟਮ ਦੀ ਸਹਾਇਤਾ ਅਤੇ ਢੁਕਵੇਂ ਐਪਲੀਕੇਸ਼ਨ ਨਾਲ਼ ਹੀ ਆਪਣਾ ਕੰਮ ਸਿਰੇ ਚਾੜ੍ਹਿਆ ਜਾ ਸਕਦਾ ਹੈ। ਸਟੱਕ ਹੋਣਾ- ਜਦੋਂ ਕੰਪਿਊਟਰ ਸਾਡਾ ਹੁਕਮ ਮੰਨਣਾ ਬੰਦ ਕਰ ਦੇਵੇ। ਕੀਅ ਬੋਰਡ ਅਤੇ ਮਾਊਸ ਦੀ ਵਰਤੋਂ ਨਾ ਕੀਤੀ ਜਾ ਸਕਦੀ ਹੋਵੇ, ਉਸ ਹਾਲਤ ਨੂੰ ਸਟੱਕ ਹੋਣਾ ਕਹਿੰਦੇ ਹਨ। ਹੁਕਮੀਆ ਕਮਾਂਡ-ਫੋਰਸ ਕਮਾਂਡ ਦਾ ਅਨੁਵਾਦ।

***(ਚਲਦਾ)***

# ਸਤਿ ਸ੍ਰੀ ਅਕਾਲ ਦਾ ਕਮਾਲ !

ਹਰਭਜਨ ਮਾਨ ਦੇ ਘਰ ਕੁਝ ਦਿਨ ਪਹਿਲਾਂ ਜਦੋਂ ਨਵਾਂ ਆਇਆ ਸੇਵਾਦਾਰ 'ਰਾਮ ਜੀ' ਸਵੇਰੇ-ਸਵੇਰੇ ਚੁੱਪ-ਚੁਪੀਤੇ ਚਾਹ ਦਾ ਕੱਪ ਮੇਜ਼ ਉਤੇ ਰੱਖ ਕੇ ਮੁੜਨ ਲੱਗਾ ਤਾਂ ਮੁਸਕੁਰਾਉਂਦੇ ਹੋਏ ਹਰਭਜਨ ਮਾਨ ਨੇ ਆਵਾਜ਼ ਦੇ ਕੇ ਕਿਹਾ, ਰਾਮ ਜੀ ਕੁਝ ਭੁੱਲ ਤਾਂ ਨਹੀਂ ਗਏ ਤੁਸੀਂ? ਰਾਮ ਜੀ ਨੇ ਮੇਜ਼ ਉਤੇ ਦੇਖਦੇ ਹੋਏ ਕਿਹਾ, 'ਨਹੀਂ ਬਾਈ ਜੀ ਆਪਕੀ ਚਾਏ ਤੋ ਵੋਹ ਰਖ ਦੀ ਮੈਨੇ!' ਹਰਭਜਨ ਮਾਨ ਨੇ ਫਿਰ ਕਿਹਾ, ਚਾਹ ਦੇ ਨਾਲ ਕੁਝ ਹੋਰ ਵੀ ਦਈਦੈ ਸਵੇਰੇ-ਸਵੇਰੇ, ਉਹ ਹੈ 'ਰਾਮ ਜੀ, ਸਤਿ ਸ੍ਰੀ ਅਕਾਲ'! ਇੰਨਾ ਸੁਣ ਕੇ ਰਾਮ ਜੀ ਨੇ ਸਾਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਅਤੇ ਅਸੀਂ ਵੀ ਉਸ ਨੂੰ ਹੱਥ ਜੋੜ ਕੇ ਮੁੜ ਕਿਹਾ 'ਰਾਮ ਜੀ, ਸਤਿ ਸ੍ਰੀ ਅਕਾਲ'। ਸਾਡੇ



**ਡਾ. ਵਿਕਰਮ ਸੰਗਰੂਰ**
**ਫੋਨ: 98884-13836**

ਮੂੰਹੋਂ ਦੋ ਵਾਰ 'ਸਤਿ ਸ੍ਰੀ ਅਕਾਲ' ਸੁਣ ਕੇ ਰਾਮ ਜੀ ਮੁਸਕਰਾਉਂਦਾ ਹੋਇਆ ਕਮਰੇ ਵਿਚੋਂ ਤੁਰ ਗਿਆ। ਉਸ ਦੇ ਜਾਣ ਪਿੱਛੋਂ ਹਰਭਜਨ ਮਾਨ ਨੇ ਕਿਹਾ ਕਿ ਅੱਜ ਇੰਜ ਲੱਗਾ ਜਿਵੇਂ ਰਾਮ ਜੀ ਸਤਿ ਸ੍ਰੀ ਅਕਾਲ ਦੇ ਨਾਲ ਮੈਨੂੰ ਮੁਸਕਾਨ ਅਤੇ ਉਸ ਪਲ ਦੀ ਯਾਦ ਵੀ ਦੇ ਗਿਆ, ਜਦੋਂ ਕਈ ਸਾਲ ਪਹਿਲਾਂ ਮੈਨੂੰ ਮਾਸਟਰ ਬੋਹੜ ਸਿੰਘ ਮੱਲਨ ਜੀ ਨੇ 'ਸਤਿ ਸ੍ਰੀ ਅਕਾਲ' ਬੁਲਾਉਣੀ ਸਿਖਾਈ ਸੀ।

ਹਰਭਜਨ ਮਾਨ ਆਪਣੀਆਂ ਯਾਦਾਂ ਚੇਤੇ ਕਰਦੇ ਹੋਏ ਦੱਸਣ ਲੱਗੇ ਕਿ ਛੋਟੇ ਹੁੰਦਿਆਂ ਜਦੋਂ ਪਿੰਡ ਖੇਮੂਆਣੇ ਰਹਿੰਦੇ ਸੀ ਤਾਂ ਸਾਡੇ ਪਿਤਾ ਜੀ ਸ. ਹਰਨੇਕ ਸਿੰਘ ਮਾਨ, ਜਿਨ੍ਹਾਂ ਨੂੰ ਅਸੀਂ ਸਭ ਭੈਣ-ਭਰਾ 'ਬਾਈ ਜੀ' ਆਖਦੇ ਸਾਂ, ਦਾ ਕਵੀਸ਼ਰੀ ਨਾਲ ਬੇਹੱਦ ਲਗਾਓ ਸੀ। ਓਦੋਂ ਮੈਂ ਕਰੀਬ ਬਾਰ੍ਹਾਂ ਕੁ ਵਰ੍ਹਿਆਂ ਦਾ ਸੀ ਜਦੋਂ ਮੇਰੀ ਮਾਂ ਵਿਛੋੜਾ ਦੇ ਗਈ। ਸਭ ਭੈਣ-ਭਰਾਵਾਂ ਦਾ ਪਾਲਣ-ਪੋਸ਼ਣ ਬਾਈ ਜੀ ਨੇ ਹੀ ਕੀਤਾ। ਬਾਈ ਜੀ ਨੇ ਸਾਨੂੰ ਜਿੱਥੇ ਨੈਤਿਕਤਾ ਦਾ ਪਾਠ ਪੜ੍ਹਾਇਆ, ਉਥੇ ਮੇਰੇ ਅਤੇ ਗੁਰਸੇਵਕ ਵਿਚ ਗਾਇਕੀ ਪ੍ਰਤੀ ਖਿੱਚ ਨੂੰ ਦੇਖ ਕੇ ਸਾਨੂੰ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਜੀ ਦੇ ਚੇਲੇ ਬਣਾ ਦਿੱਤਾ। ਹਰ ਵਾਰ-ਐਤਵਾਰ ਜਦੋਂ ਸਾਡੇ ਪਿੰਡ ਦੇ ਨੇੜੇ-ਤੇੜੇ ਕਵੀਸ਼ਰਾਂ ਨੇ ਆਉਣਾ ਹੁੰਦਾ ਤਾਂ ਬਾਈ ਜੀ ਸਾਨੂੰ ਉਥੇ ਜ਼ਰੂਰ ਲੈਕੇ ਜਾਂਦੇ। ਵਾਪਸੀ 'ਤੇ ਬਾਈ ਜੀ ਸਾਨੂੰ ਕਵੀਸ਼ਰਾਂ ਵੱਲੋਂ ਸੁਣਾਏ ਧਾਰਮਿਕ, ਸਮਾਜਕ ਅਤੇ ਆਜ਼ਾਦੀ ਨਾਲ ਸਬੰਧਤ ਯੋਧਿਆਂ ਦੇ ਛੰਦਾਂ ਪਿਛਲੇ ਇਤਿਹਾਸ ਦੀਆਂ ਬਾਤਾਂ ਸੁਣਾਉਂਦੇ। ਉਹ ਕਹਿੰਦੇ, ਸਾਨੂੰ ਹਮੇਸ਼ਾ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਅਤੇ ਛੋਟਿਆਂ ਨੂੰ ਪਿਆਰ ਕਰਨਾ ਚਾਹੀਦਾ ਹੈ। ਜੇ ਤੁਸੀਂ ਦੂਜਿਆਂ ਨੂੰ ਪਿਆਰ-ਸਤਿਕਾਰ ਦੇਵੋਗੇ ਤਾਂ ਤੁਹਾਨੂੰ ਇਹ ਦੂਣਾ ਹੋ ਕੇ ਮਿਲੇਗਾ।



ਆਪਣੇ ਬਾਈ ਜੀ ਦੀਆਂ ਬਾਤਾਂ ਨੂੰ ਚੇਤੇ ਕਰਦੇ ਹਰਭਜਨ ਮਾਨ ਨੇ ਆਪਣੀਆਂ ਨਮ ਅੱਖਾਂ ਉਤੇ ਹੱਥ ਫੇਰਿਆ। ਕੁਝ ਪਲਾਂ ਦੀ ਚੁੱਪੀ ਪਿੱਛੋਂ ਉਹ ਮੁੜ ਕਹਿਣ ਲੱਗੇ; ਮੇਰੇ ਨਾਨਕੇ ਭਗਤਾ ਭਾਈ ਕੇ ਨੇ, ਜਿੱਥੇ ਨੇੜੇ ਹੀ 'ਕੋਠੇ ਗੁਰੂ ਕੇ' ਮੇਰੀ ਭੈਣ ਮੰਗੀ ਸੀ। ਉਨ੍ਹਾਂ ਦਿਨਾਂ ਵਿਚ ਬਾਈ ਜੀ ਨੂੰ ਕਿਧਰੋਂ ਪਤਾ ਲੱਗਾ ਕਿ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਜੀ ਦੇ ਸ਼ਾਗਿਰਦ ਮਾਸਟਰ ਬੋਹੜ ਸਿੰਘ ਮੱਲਨ ਦਾ ਜਥਾ 'ਕੋਠੇ ਗੁਰੂ ਕੇ' ਆ ਰਿਹਾ ਹੈ। ਸਾਨੂੰ ਦੋਹਾਂ ਭਰਾਵਾਂ ਨੂੰ ਸਕੂਟਰ 'ਤੇ ਬਿਠਾ ਕੇ ਨਾਨਕੇ ਲੈ ਗਏ। ਸਾਨੂੰ ਜਿੱਥੇ ਨਾਨਕੇ ਜਾਣ ਦਾ ਚਾਅ ਸੀ, ਉਥੇ ਮਾਸਟਰ ਬੋਹੜ ਸਿੰਘ ਮੱਲਨ ਜੀ ਨੂੰ ਸੁਣਨ ਦਾ ਚਾਅ ਵੀ ਸੀ ਤੇ ਨਾਲੋ-ਨਾਲ ਥੋੜ੍ਹਾ ਡਰ ਵੀ ਸੀ, ਕਿਉਂਕਿ ਮਾਸਟਰ ਬੋਹੜ ਸਿੰਘ ਜੀ ਨੇ ਸਾਨੂੰ ਸਕੂਲ ਵਿਚ ਪੜ੍ਹਾਇਆ ਵੀ ਸੀ। ਗੁਰਦੁਆਰਾ ਸਾਹਿਬ ਵਿਚ ਮਾਸਟਰ ਜੀ ਅਤੇ ਉਨ੍ਹਾਂ ਦੇ ਜਥੇ ਨੂੰ ਅਸੀਂ ਰੱਜ ਕੇ ਸੁਣਿਆ ਅਤੇ ਖ਼ੁਸ਼ ਵੀ ਹੋਏ ਕਿ ਮਾਸਟਰ ਜੀ ਨੇ ਸਾਨੂੰ ਦੇਖਿਆ ਨਹੀਂ! ਪਰ ਉਸ ਵੇਲੇ ਅਸੀਂ ਘਬਰਾ ਗਏ ਜਦੋਂ ਨਾਨਕੇ ਪਿੰਡ ਵਾਪਸ ਪਰਤਦੇ ਹੋਏ ਬਾਈ ਜੀ ਨੇ ਸਾਨੂੰ ਦੱਸਿਆ ਕਿ ਮਾਸਟਰ ਸਾਹਿਬ ਆਪਣੇ ਘਰ ਦੇ ਨਾਲ ਵਾਲੇ ਘਰ ਵਿਚ ਰੁਕੇ ਹੋਏ ਹਨ ਅਤੇ ਸਵੇਰੇ ਉਨ੍ਹਾਂ ਨੂੰ ਮਿਲ ਕੇ ਹੀ ਪਿੰਡ ਵਾਪਸ ਜਾਵਾਂਗੇ। ਬੇਸ਼ੱਕ ਮਾਸਟਰ ਜੀ ਸਾਨੂੰ ਬਹੁਤ ਪਿਆਰ ਨਾਲ ਪੜ੍ਹਾਉਂਦੇ ਸਨ ਅਤੇ ਅਸੀਂ ਵੀ ਉਨ੍ਹਾਂ ਦਾ ਦਿਲੀਂ ਸਤਿਕਾਰ ਕਰਦੇ ਸਾਂ ਪਰ ਉਸ ਵੇਲੇ ਅਧਿਆਪਕ-ਵਿਦਿਆਰਥੀ ਦਰਮਿਆਨ ਇੱਕ ਡਰ ਵਾਲੀ ਲਕੀਰ ਹੁੰਦੀ ਸੀ।

ਅਗਲੀ ਸਵੇਰ ਜਦੋਂ ਮੈਂ ਆਪਣੇ ਨਾਨਕੇ ਘਰੋਂ ਉਠ ਕੇ ਕਿੱਕਰ ਦੀ ਦਾਤਣ ਮੂੰਹ ਵਿਚ ਪਾ ਕੇ ਬਾਹਰ ਖੇਤਾਂ ਵੱਲ ਜਾ ਰਿਹਾ ਸਾਂ ਤਾਂ ਅੱਗੋਂ ਮੈਨੂੰ ਘੁੰਮਦੇ ਹੋਏ ਮਾਸਟਰ ਬੋਹੜ ਸਿੰਘ ਜੀ ਦਿਖਾਈ ਦਿੱਤੇ। ਮੈਂ ਦੇਖ ਕੇ ਘਬਰਾ ਗਿਆ! ਪਿੱਛੇ ਮੁੜ ਨਹੀਂ ਸੀ ਸਕਦਾ ਕਿਉਂਕਿ ਮਾਸਟਰ ਜੀ ਨੇ ਮੈਨੂੰ ਦੂਰੋਂ ਦੇਖ ਲਿਆ ਸੀ! ਮੈਂ ਦਾਤਣ ਘੁਮਾਉਂਦਾ ਹੋਇਆ ਸਿਰ ਦੀ ਨੀਵੀਂ ਪਾ ਕੇ ਉਨ੍ਹਾਂ ਦੇ ਕੋਲੋਂ ਦੀ ਲੰਘ ਗਿਆ। ਹਾਲੇ ਮੈਂ ਕੁਝ ਕਦਮ ਹੀ ਅੱਗੇ ਵਧਿਆ ਕਿ ਪਿੱਛੋਂ ਕਿਸੇ ਨੇ ਮੇਰਾ ਕੰਨ ਜ਼ੋਰ ਦੀ ਪੁੱਟ ਲਿਆ। ਜਦੋਂ ਮੈਂ ਪਿੱਛੇ ਮੁੜ ਕੇ ਮਾਸਟਰ ਜੀ ਨੂੰ ਦੇਖਿਆ ਤਾਂ ਮੇਰੇ ਤਰੇਲੀਆਂ ਆ ਗਈਆਂ। ਮਾਸਟਰ ਜੀ ਨੇ ਮੈਨੂੰ ਕਿਹਾ, ਕਾਕੇ ਮੈਂ ਤੈਨੂੰ ਦੇਖ ਤਾਂ ਗੁਰਦੁਆਰੇ ਵਿਚ ਹੀ ਲਿਆ ਸੀ, ਪਰ ਕੱਲ੍ਹ ਦੀ ਛੱਡ, ਤੈਨੂੰ ਇਹ ਨਹੀਂ ਪਤਾ, ਜਦੋਂ ਸਵੇਰੇ-ਸਵੇਰੇ ਕੋਈ ਵੱਡਾ ਮਿਲਦਾ ਹੈ ਤਾਂ ਕੀ ਕਰੀਦੈ? ਮੈਂ ਔਖੇ ਹੋ ਕੇ 'ਨਾਂਹ' ਵਿਚ ਸਿਰ ਹਿਲਾਇਆ। ਮਾਸਟਰ ਜੀ ਨੇ ਮੇਰਾ ਕੰਨ ਥੋੜ੍ਹਾ ਹੋਰ ਖਿੱਚ ਕੇ ਕਿਹਾ, ਜੇ ਨਹੀਂ ਪਤਾ ਤਾਂ ਹੁਣ ਸੁਣ ਲਾ ਕੰਨ ਖੋਲ੍ਹ ਕੇ ਚੰਗੀ ਤਰ੍ਹਾਂ ਕਾਕੇ! ਜਦੋਂ ਕਦੀ ਸਵੇਰੇ-ਸਵੇਰੇ ਤੁਹਾਡੇ ਤੋਂ ਵੱਡਾ ਮਿਲੇ ਤਾਂ ਉਸ ਨੂੰ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਬੁਲਾਈ ਦੀ ਏ! ਸਮਝਿਆ ਹੁਣ! ਚੱਲ ਬੋਲ ਮਾਸਟਰ ਜੀ ਸਤਿ ਸ੍ਰੀ ਅਕਾਲ! ਮਾਸਟਰ ਜੀ ਨੇ ਮੇਰਾ ਕੰਨ ਜ਼ਰਾ ਢਿੱਲਾ ਛੱਡਿਆ ਅਤੇ ਮੇਰੇ ਮੂੰਹੋਂ ਦਾਤਣ ਨਿਕਲ ਕੇ ਆਪਣੇ ਆਪ ਭੁੰਜੇ ਡਿਗ ਗਈ ਤੇ ਮੂੰਹ ਵਿਚੋਂ ਬਸ ਇੰਨਾ ਨਿਕਲਿਆ, 'ਮਾਸਟਰ ਜੀ ਸਤਿ ਸ੍ਰੀ ਅਕਾਲ'। ਉਹ ਦਿਨ ਅਤੇ ਅੱਜ ਦਾ ਦਿਨ ਮੈਂ ਹੁਣ ਤੱਕ ਆਪਣੇ ਤੋਂ ਵੱਡੇ ਨੂੰ ਪਹਿਲਾਂ ਸਤਿ ਸ੍ਰੀ ਅਕਾਲ ਬੁਲਾਉਣਾ ਨਹੀਂ ਭੁੱਲਿਆ! ਤੇ ਮਾਸਟਰ ਜੀ ਦੀ ਸਿਖਾਈ ਇਸੇ ਹੀ ਸਤਿ ਸ੍ਰੀ ਅਕਾਲ ਦਾ ਕਮਾਲ ਹੈ ਕਿ ਮੈਨੂੰ ਆਪਣੇ ਤੋਂ ਵੱਡਿਆਂ ਅਤੇ ਛੋਟਿਆਂ ਦਾ ਸਭ ਤੋਂ ਵੱਧ ਪਿਆਰ ਮਿਲ ਰਿਹਾ ਹੈ।

ਹਰਭਜਨ ਮਾਨ ਜਦੋਂ ਆਪਣੀਆਂ ਯਾਦਾਂ ਸਾਂਝੀਆਂ ਕਰ ਹਟੇ ਤਾਂ ਮੈਂ ਸੋਚ ਰਿਹਾ ਸੀ ਕਿ ਬੇਸ਼ੱਕ ਤਬਦੀਲੀ ਹਰ ਸਮਾਜ ਦਾ ਹਿੱਸਾ ਹੈ ਪਰ ਸਾਡੇ ਸਮਾਜ ਵਿਚ 'ਸਤਿ ਸ੍ਰੀ ਅਕਾਲ' ਦਾ ਬਹੁਤ ਵੱਡਾ ਮਹੱਤਵ ਹੈ। ਇਹ ਸਿਰਫ਼ 'ਸਿਰ ਦਾ ਹਿਲਾਉਣਾ' ਜਾਂ 'ਹੱਥਾਂ ਨੂੰ ਜੋੜਨ' ਦਾ ਨਾਮ ਨਹੀਂ ਹੈ। ਇਹ ਤਾਂ ਇੱਕ ਜ਼ਰੀਆ ਹੈ, ਦਿਲ ਨੂੰ ਦਿਲ ਨਾਲ ਜੋੜਨ ਦਾ, ਦੂਜੇ ਨਾਲ ਸਾਂਝ ਬਣਾਉਣ ਦਾ, ਜਿਸ ਦੀ ਅੱਜ ਸਮਾਜ ਨੂੰ ਸਭ ਤੋਂ ਵੱਧ ਲੋੜ ਹੈ। ਅੱਜ ਜੇ ਤੁਸੀਂ ਵੱਡੇ ਸ਼ਹਿਰਾਂ ਦੀਆਂ ਵੱਡੀਆਂ ਕਾਲੋਨੀਆਂ ਵਿਚੋਂ ਲੰਘੋ ਤਾਂ ਪਹਿਲੀ ਗੱਲ ਤੁਹਾਨੂੰ ਬਾਹਰ ਬੈਠੇ ਜਾਂ ਘੁੰਮਦੇ ਲੋਕ ਬਹੁਤ ਘੱਟ ਦਿਖਾਈ ਦੇਣਗੇ। ਜੇ ਕੋਈ ਘੁੰਮਦਾ ਦਿਖਾਈ ਦੇ ਵੀ ਜਾਵੇ ਤਾਂ ਜ਼ਿਆਦਾਤਰ ਲੋਕ ਇੱਕ ਦੂਜੇ ਕੋਲੋਂ ਇੰਜ ਲੰਘ ਜਾਂਦੇ ਹਨ, ਜਿਵੇਂ ਉਹ ਇੱਕ ਦੂਜੇ ਨੂੰ ਜਾਣਦੇ ਹੀ ਨਾ ਹੋਣ। ਖ਼ਾਸ ਕਰ ਬੱਚਿਆਂ ਵਿਚ ਦੂਜੇ ਨੂੰ 'ਸਤਿ ਸ੍ਰੀ ਅਕਾਲ' ਬੁਲਾਉਣ ਦੀ ਆਦਤ ਪੈਦਾ ਕਰਨਾ ਬਹੁਤ ਹੀ ਜ਼ਰੂਰੀ ਹੈ ਤਾਂ ਜੋ ਉਹ ਸਮਾਜ ਵਿਚ ਰਚ-ਮਿਚ ਜਾਣ। ਸਾਡੇ ਬਚਪਨ ਵਿਚ ਹਰ ਇੱਕ ਵੱਡਾ, ਗਲੀ-ਗੁਆਂਢ ਦੇ ਬੱਚਿਆਂ ਉਤੇ ਆਪਣਾ ਹੱਕ ਸਮਝ ਕੇ, ਕੰਨ ਪੁੱਟ ਕੇ ਵੀ ਉਨ੍ਹਾਂ ਨੂੰ ਨੈਤਿਕਤਾ ਦਾ ਸਬਕ ਪੜ੍ਹਾਉਂਦਾ ਸੀ ਪਰ ਅੱਜ-ਕੱਲ੍ਹ ਪ੍ਰੋ. ਮੋਹਨ ਸਿੰਘ ਜੀ ਦੀ ਕਵਿਤਾ 'ਛੱਤੋ ਦੀ ਬੇਰੀ' ਦੀਆਂ ਇਨ੍ਹਾਂ ਸਤਰਾਂ 'ਅੱਜ ਓਏ ਜੇ ਕੋਈ ਆਖੇ, ਅਸੀਂ ਹੋਈਏ ਲੋਹੇ ਲਾਖੇ' ਵਾਲੀ ਗੱਲ ਹੁੰਦੀ ਜਾ ਰਹੀ ਹੈ। ਬੇਸ਼ੱਕ ਇਹ ਥੋੜ੍ਹਾ ਮੁਸ਼ਕਲ ਹੈ ਪਰ ਔਖਾ ਨਹੀਂ। ਸਤਿ ਸ੍ਰੀ ਅਕਾਲ ਬੁਲਾਉਣ ਨਾਲ ਤੁਹਾਡੇ ਚਿਹਰੇ ਅਤੇ ਦੂਜੇ ਦੇ ਚਿਹਰੇ ਉਤੇ ਆਈ ਮੁਸਕਾਨ ਤੁਹਾਡੀ ਅਤੇ ਦੂਜੇ ਦੀ ਉਦਾਸ ਜ਼ਿੰਦਗੀ ਵਿਚ ਵੀ ਮੁਸਕਾਨ ਭਰ ਸਕਦੀ ਹੈ।

ਸ਼ਾਇਦ ਇਸੇ ਸਦਕਾ ਮੈਨੂੰ ਹੁਣ ਤੋਂ ਹੀ ਕੱਲ੍ਹ ਸਵੇਰ ਦੇ ਉਸ ਪਲ ਦੀ ਉਡੀਕ ਸੀ, ਜਦੋਂ ਰਾਮ ਜੀ ਚਾਹ ਦੇਣ ਵੇਲੇ ਮੁਸਕੁਰਾਉਂਦੇ ਹੋਏ ਆਖੇਗਾ 'ਸਤਿ ਸ੍ਰੀ ਅਕਾਲ ਬਾਈ ਜੀ' ਤੇ ਬਾਈ ਜੀ ਵੀ ਮੁਸਕੁਰਾਉਂਦੇ ਹੋਏ ਉਸ ਨੂੰ ਕਹਿਣਗੇ 'ਰਾਮ ਜੀ ਸਤਿ ਸ੍ਰੀ ਅਕਾਲ'! ਇੱਕ ਦੂਜੇ ਨੂੰ ਮੁਸਕੁਰਾ ਕੇ ਆਖੇ 'ਸਤਿ ਸ੍ਰੀ ਅਕਾਲ' ਦੇ ਇਨ੍ਹਾਂ ਚੰਦ ਸ਼ਬਦਾਂ ਦਾ ਕਮਾਲ ਇਨ੍ਹਾਂ ਦੇ ਸਾਰੇ ਦਿਨ ਦੀ ਹਰ ਇੱਕ ਮਿਲਣੀ ਵਿਚ ਮੁਸਕਾਨ ਦਾ ਅਰਕ ਘੋਲ ਜਾਵੇਗਾ।

# ਓ. ਹੈਨਰੀ ਦੀ ਕਹਾਣੀ 'ਆਖਰੀ ਪੱਤਾ' ਅਤੇ ਕਿਸਾਨ

***ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲੜਨ ਦੇ ਫੈਸਲੇ ਬਾਰੇ ਬੜੀਆਂ ਤਿੱਖੀਆਂ ਪ੍ਰਤੀਕਿਰਿਆਵਾਂ ਆ ਰਹੀਆਂ ਹਨ। ਕੁਝ ਲੋਕਾਂ ਦਾ ਆਖਣਾ ਹੈ ਕਿ ਕਿ ਸਿਆਸਤ ਨੂੰ ਬਦਲਣ ਲਈ ਅਜਿਹੀਆਂ ਧਿਰਾਂ ਦਾ ਚੋਣ ਮੈਦਾਨ ਵਿਚ ਆਉਣਾ ਸ਼ੁਭ ਸ਼ਗਨ ਹੈ ਪਰ ਬਹੁਤੇ ਲੋਕਾਂ ਦੀ ਰਾਇ ਹੈ ਕਿ ਜਿਸ ਤਰ੍ਹਾਂ ਦੀ ਸਿਆਸਤ ਪੂਰੇ ਮੁਲਕ ਵਿਚ ਚੱਲ ਰਹੀ ਹੈ, ਉਸ ਨੂੰ ਨੱਥ ਪਾ ਕੇ ਰੱਖਣ ਲਈ ਸੰਯੁਕਤ ਕਿਸਾਨ ਮੋਰਚੇ ਵਰਗੇ ਮੰਚਾਂ ਅਤੇ ਸੰਘਰਸ਼ਾਂ ਦੀ ਅਲਹਿਦਾ ਹੋਂਦ ਬਰਕਰਾਰ ਰਹਿਣੀ ਚਾਹੀਦੀ ਹੈ। ਇਸ ਪ੍ਰਸੰਗ ਵਿਚ ਅਸੀਂ ਡਾ. ਕੁਲਦੀਪ ਸਿੰਘ ਦੀਪ ਅਤੇ ਸ਼ਮੀਲ ਦੇ ਲੇਖ ਛਾਪ ਰਹੇ ਹਾਂ।***

ਸੰਸਾਰ ਪ੍ਰਸਿੱਧ ਅਮਰੀਕੀ ਲਿਖਾਰੀ ਓ. ਹੈਨਰੀ ਦੀ ਕਹਾਣੀ 'ਦਿ ਲਾਸਟ ਲੀਫ' ਵਿਚ ਆਪਣੇ ਘਰ ਦੇ ਬੈੱਡ 'ਤੇ ਬਿਮਾਰ ਪਈ ਕੁੜੀ ਖਿੜਕੀ ਵਿਚੋਂ ਦਰਖ਼ਤ ਦੇ ਪੱਤਿਆਂ ਨੂੰ ਇਕ-ਇਕ ਕਰਕੇ ਝੜਦਿਆਂ ਵੇਖਦੀ ਹੈ ਅਤੇ ਹਰ ਟੁੱਟਦੇ ਪੱਤੇ ਨਾਲ ਉਹ ਮੌਤ ਦੇ ਇਕ ਕਦਮ ਹੋਰ ਨੇੜੇ ਹੋ ਜਾਂਦੀ ਹੈ। ਉਸ ਨੂੰ ਲਗਦਾ ਹੈ ਕਿ ਜਿਸ ਦਿਨ ਆਖਰੀ ਪੱਤਾ ਝੜ ਗਿਆ, ਉਸ ਦਿਨ ਉਹ ਵੀ ਮੁੱਕ ਜਾਏਗੀ। ਇਕ ਰਾਤ ਹਨੇਰੀ ਆਈ।

ਕੁਲਦੀਪ ਸਿੰਘ ਦੀਪ (ਡਾ.)

ਕੁੜੀ ਦੇ ਅੰਦਰ ਵੀ ਭੂਚਾਲ ਉੱਠ ਪਿਆ। ਉਸ ਨੂੰ ਲਗਦਾ ਹੈ ਕਿ ਅੱਜ ਉਸ ਦੀ ਆਖਰੀ ਰਾਤ ਹੈ, ਕਿਉਂਕਿ ਇਸ ਹਨੇਰੀ ਵਿਚ ਕੋਈ ਪਤਾ ਨਹੀਂ ਬਚੇਗਾ। ਉਹ ਸਵੇਰੇ ਦੇਖਦੀ ਹੈ ਕਿ ਸਾਰੇ ਪੱਤੇ ਝੜ ਗਏ ਪਰ ਇਕ ਪੱਤਾ ਅਜੇ ਵੀ ਸ਼ਾਨ ਨਾਲ ਲਟਕ ਰਿਹਾ ਹੈ। ਉਹ ਕੁੜੀ ਜੀਅ ਪੈਂਦੀ ਹੈ। ਉਸ ਨੂੰ ਲਗਦਾ ਹੈ ਕਿ ਜੇ ਏਨੀ ਹਨੇਰੀ ਵਿਚ ਵੀ ਇਕ ਪੱਤਾ ਬਚ ਗਿਆ ਤਾਂ ਜ਼ਿੰਦਗੀ ਵੀ ਮੁੱਕਣ ਵਾਲੀ ਨਹੀਂ।


ਦਰਅਸਲ, ਉਹ ਆਖਰੀ ਪੱਤਾ ਉਸ ਦੌਰ ਦੇ ਪ੍ਰਸਿੱਧ ਚਿਤਰਕਾਰ ਨੇ ਪੇਂਟ ਕਰਕੇ ਉੱਥੇ ਲਾਇਆ ਸੀ ਤਾਂ ਜੋ ਕੁੜੀ ਦੇ ਅੰਦਰ ਜਿਊਣ ਦੀ ਆਸ ਪੈਦਾ ਕੀਤੀ ਜਾ ਸਕੇ।

ਕਿਸਾਨ ਜਥੇਬੰਦੀਆਂ ਦਾ ਸੰਘਰਸ਼ ਅਤੇ ਜਿੱਤ ਰੁੰਡ-ਮਰੁੰਡ ਰੁੱਖ ਤੇ ਖੜ੍ਹੇ ਉਸ ਆਖਰੀ ਪੱਤੇ ਵਰਗੀ ਹੈ, ਜਿਸ ਦਾ ਬਚਿਆ ਰਹਿਣਾ ਬਹੁਤ ਜ਼ਰੂਰੀ ਹੈ। ਜਿਸ ਤਰ੍ਹਾਂ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਕਾਫੀ ਜਥੇਬੰਦੀਆਂ ਦੁਆਰਾ ਵੱਖਰਾ ਸਿਆਸੀ ਮੁਹਾਜ਼ ਬਣਾ ਕੇ ਚੋਣਾਂ ਲੜਨ ਦੀਆਂ ਕਨਸੋਆਂ ਹਨ, ਮੇਰੀ ਸਮਝ ਅਨੁਸਾਰ ਇਹ ਆਤਮ-ਘਾਤੀ ਫੈਸਲਾ ਹੋਵੇਗਾ। ਫਿਲਹਾਲ ਸੰਯੁਕਤ ਕਿਸਾਨ ਮੋਰਚਾ ਬਹੁਤ ਪੱਖਾਂ ਤੋਂ ਸਿਆਸਤ ਦੇ ਮੈਦਾਨ ਵਚ ਕੁੱਦਣ ਦੇ ਸਮਰੱਥ ਨਹੀਂ। ਚੋਣਾਂ ਵਿਚ ਸਿਰਫ਼ ਕੁਝ ਦਿਨ ਬਾਕੀ ਹਨ ਅਤੇ ਏਨੇ ਕੁ ਦਿਨਾਂ ਵਿਚ ਕੋਈ ਸਿਆਸੀ ਸੰਗਠਨ ਖੜ੍ਹਾ ਨਹੀਂ ਕੀਤਾ ਜਾ ਸਕਦਾ। ਸੰਘਰਸ਼ ਲੜਨਾ ਹੋਰ ਗੱਲ ਹੈ, ਸਿਆਸੀ ਪਾਰਟੀ ਦੇ ਤੌਰ 'ਤੇ ਲੋਕਾਂ ਵਿਚ ਜਾ ਕੇ ਸੱਤਾ ਤੱਕ ਪਹੁੰਚਣਾ ਹੋਰ ਗੱਲ ਹੈ ਅਤੇ ਸੱਤਾ ਤੱਕ ਪਹੁੰਚ ਕੇ ਲੋਕਪੱਖੀ ਸਿਫ਼ਤੀ ਤਬਦੀਲੀ ਲਿਆਉਣਾ ਬਿਲਕੁਲ ਹੀ ਹੋਰ ਗੱਲ ਹੈ...।

ਕਿਸਾਨ ਸੰਘਰਸ਼ ਦਾ ਨਿਸ਼ਾਨਾ ਬਿੱਲਕੁਲ ਸਿੱਧਾ ਸੀ: ਤਿੰਨ ਕਾਲੇ ਕਾਨੂੰਨ ਖ਼ਤਮ ਕਰਾਉਣਾ। ਇਹ ਕਾਨੂੰਨ ਏਨੇ ਕੁ ਘਾਤਕ ਸਨ ਕਿ ਹਰ ਕਿਸਾਨ ਨੂੰ ਲਗਦਾ ਸੀ ਕਿ ਜੇ ਇਹ ਲਾਗੂ ਹੋ ਗਏ ਤਾਂ ਕਿਸਾਨੀ ਤਬਾਹ ਹੋ ਜਾਣੀ ਹੈ। 'ਡਰ ਕੇ ਆਗੇ ਜੀਤ ਹੈ' ਦੇ ਸਿਧਾਂਤ ਅਨੁਸਾਰ, ਕਾਰਪੋਰੇਟ ਦੁਆਰਾ ਦਿੱਤੀ ਮੌਤ ਮਰਨ ਨਾਲੋਂ ਕਿਸਾਨਾਂ ਨੇ ਲੜ ਕੇ ਮਰਨਾ ਬਿਹਤਰ ਸਮਝਿਆ ਅਤੇ ਇਸ ਲਈ ਉਹਨਾਂ ਨੇ ਇਹ ਸੰਘਰਸ਼ 'ਕਰੋ ਜਾਂ ਮਰੋ' ਦੀ ਨੀਤ ਅਤੇ ਨੀਤੀ ਨਾਲ ਲੜਿਆ ਅਤੇ ਜਿੱਤਿਆ।

ਸਿਆਸਤ ਲੌਂਗ ਟਰਮ ਏਜੰਡਾ ਹੈ। ਇਹ ਕਿਸੇ ਕਾਨੂੰਨ ਨੂੰ ਬਦਲਣ ਦੀ ਲੜਾਈ ਨਹੀਂ, ਬਲਕਿ ਵਿਵਸਥਾ ਨੂੰ ਬਦਲਣ ਦੀ ਲੜਾਈ ਹੈ। ਇਸ ਵਿਚ ਇੱਕਲੇ ਕਿਸਾਨ ਨਹੀਂ ਬਲਕਿ ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਅਤੇ ਹੋਰ ਹਰ ਪ੍ਰਕਾਰ ਦੇ ਲੋਕ ਹਨ ਅਤੇ ਪੂਰੇ ਪੰਜਾਬ ਦੇ ਸਾਹਮਣੇ ਅਨੇਕ ਆਰਥਕ, ਸਮਾਜਕ, ਸੱਭਿਆਚਾਰਕ ਅਤੇ ਸਿਆਸੀ ਸੰਕਟ ਹਨ ਜਿਨ੍ਹਾਂ ਦੀ ਤਾਸੀਰ ਅਤੇ ਇਲਾਜ ਬਹੁਤ ਗੁੰਝਲਦਾਰ ਹੈ।





*ਸੰਘਰਸ਼ ਕਰਦੇ ਕਿਸਾਨ ਅਤੇ (ਸੱਜੇ) 'ਦਿ ਲਾਸਟ ਲੀਫ' ਬਾਰੇ ਚਿੱਤਰ।*

ਜੇਕਰ ਤੁਸੀਂ ਸਿਰਫ਼ ਚੋਣ ਲੱੜਨ ਅਤੇ ਜਿੱਤਣ ਦੇ ਏਜੰਡੇ ਨਾਲ ਸਿਆਸਤ ਵਿਚ ਆਉਣਾ ਹੈ ਤਾਂ ਫੇਰ ਠੀਕ ਹੈ। ਜਾਓ ਚੋਣ ਲੜਨ ਦਾ ਫੈਸਲਾ ਕਰੋ... ਏ.ਬੀ.ਸੀ. ਵਿਚੋਂ ਕਿਸੇ ਵੀ ਰਵਾਇਤੀ ਪਾਰਟੀ ਨਾਲ ਸਮਝੌਤਾ ਕਰੋ ਅਤੇ ਹਾਰੋ ਜਾਂ ਜਿੱਤੋ... ਤੁਸੀਂ ਵੀ ਫੇਰ ਏ.ਬੀ. ਜਾਂ ਸੀ. ਵਰਗੇ ਹੋਵੋਗੇ... ਬਹੁਤ ਮਾੜੇ, ਘੱਟ ਮਾੜੇ ਜਾਂ ਥੋੜੇ ਚੰਗੇ... ਅਸਲ ਵਿਚ ਉਦੇਸ਼ ਤੈਅ ਕਰਨਾ ਪੈਣਾ ਹੈ... ਕਿ ਤੁਸੀਂ ਸਿਰਫ਼ ਸੱਤਾ ਤੱਕ ਪਹੁੰਚਣ ਦਾ ਰਾਸਤਾ ਤੈਅ ਕਰਨਾ ਚਾਹੁੰਦੇ ਹੋ ਜਾਂ ਸਚਮੁਚ ਲੋਕ ਪੱਖੀ ਏਜੰਡਿਆਂ ਤੇ ਕੰਮ ਕਰਕੇ ਵਿਵਸਥਾ ਪਰਿਵਰਤਨ ਕਰਨਾ ਚਾਹੁੰਦੇ ਹੋ।

ਮੰਨ ਲਉ, ਤੁਸੀਂ ਅੱਧ-ਪਚੱਧ ਕਿਸਾਨ ਜਥੇਬੰਦੀਆਂ ਨੂੰ ਨਾਲ ਲੈ ਕੇ ਕਿਸੇ ਵੀ ਏ.ਬੀ.ਸੀ. ਸਿਆਸੀ ਪਾਰਟੀ ਨਾਲ ਗੱਠਜੋੜ ਕਰਕੇ ਸਰਕਾਰ ਬਣਾਉਣ ਵਿਚ ਵੀ ਕਾਮਯਾਬ ਹੋ ਗਏ, ਠੀਕ ਹੈ... ਤੇ ਇਹ ਵੀ ਮੰਨ ਲਉ ਕਿ ਕੇਂਦਰ ਨੇ ਫੇਰ ਤੋੜ-ਮਰੋੜ ਕੇ ਕਿਸੇ ਰੂਪ ਵਿਚ ਕਾਰਪੋਰੇਟ ਪੱਖੀ ਖੇਤੀ ਕਾਨੂੰਨ ਬਣਾ ਦਿੱਤੇ (ਜਿਸ ਦੀ ਕਿ ਪੂਰੀ-ਪੂਰੀ ਸੰਭਾਵਾਨ ਹੈ), ਫਿਰ ਤੁਸੀਂ ਕੀ ਕਰੋਗੇ?

ਪਿੱਛੇ ਰਹਿ ਗਈਆਂ ਕਿਸਾਨ ਜਥੇਬੰਦੀਆਂ ਨਾਲ ਰਲ ਕੇ ਤੁਸੀਂ ਸੰਘਰਸ਼ ਕਰ ਨਹੀਂ ਸਕੋਗੇ... ਸੱਤਾ ਦੇ ਵਿਚ ਰਹਿ ਕੇ ਤੁਸੀਂ ਓਨਾ ਕੁ ਹੀ ਕੁਝ ਕਰ ਸਕੋਗੇ ਜਿੰਨਾ ਹੁਣ ਅਕਾਲੀ ਦਲ (ਬਾਦਲ), ਕਾਂਗਰਸ ਜਾਂ ਆਮ ਆਦਮੀ ਪਾਰਟੀ ਨੇ ਤਿੰਨ ਕਾਨੂੰਨ ਰੱਦ ਕਰਾਉਣ ਲਈ ਕੀਤਾ ਹੈ... ਉਲਟਾ ਇਹ ਹੋਣਾ ਹੈ ਕਿ ਬਾਕੀ ਕਿਸਾਨ ਜਥੇਬੰਦੀਆਂ ਲਈ ਤੁਸੀਂ ਵੀ ਸੱਤਾਧਾਰੀ ਧਿਰ ਹੋਵੇਗੇ ਤੇ ਉਹਨਾਂ ਨੂੰ ਹੋ ਸਕਦਾ ਹੈ ਕਿ ਤੁਹਾਨੂੰ ਵੀ ਵਿਰੋਧੀਆਂ ਦੀ ਕਤਾਰ ਵਿਚ ਖੜ੍ਹਾ ਕਰਨਾ ਪੈ ਜਾਏ।

ਇਸ ਵੇਲੇ ਸਭ ਤੋਂ ਵੱਡਾ ਏਜੰਡਾ ਚੋਣਾਂ ਲੜਨਾ ਨਹੀਂ ਹੈ, ਸੰਯੁਕਤ ਕਿਸਾਨ ਮੋਰਚੇ ਨੂੰ ਬਣਾ ਕੇ ਰੱਖਣਾ ਅਤੇ ਇਸ ਨੂੰ ਦਲਿਤਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਛੋਟੇ ਦੁਕਾਨਦਾਰਾਂ ਤੇ ਵਪਾਰੀਆਂ ਦੇ ਨਾਲ ਜੋੜ ਕੇ ਇਕ ਵੱਡਾ ਤੇ ਵਿਆਪਕ ਮੋਰਚਾ ਕਾਇਮ ਕਰਨਾ ਹੈ। ਇਸ ਵਿਆਪਕ ਮੋਰਚੇ ਲਈ ਬਹੁਤ ਵੱਡੇ ਪੱਧਰ ਤੇ ਸੰਗਠਨਾਤਮਕ ਤਿਆਰੀ ਕਰਨ ਦੀ ਜ਼ਰੂਰਤ ਹੈ। ਸਮਾਜ ਦੇ ਇਹਨਾਂ ਵਰਗਾਂ ਦੇ ਅੰਦਰ ਪਏ ਵਿਆਪਕ ਅੰਤਰ-ਵਿਰੋਧਾਂ ਨੂੰ ਐਡਰੈਸ ਕਰਨ ਦੀ ਜ਼ਰੂਰਤ ਹੈ; ਮਸਲਨ ਕਿਸਾਨ ਅਤੇ ਮਜ਼ਦੂਰ ਭਵਿੱਖ ਦੀ ਸਾਂਝੀ ਲੜਾਈ ਦੇ ਬਹੁਤ ਵੱਡੇ ਥੰਮ੍ਹ ਹਨ। ਵਿਵਸਥਾ ਨੂੰ ਬਦਲਣ ਲਈ ਕਾਰਜਸ਼ੀਲ ਕੋਈ ਵੀ ਸਿਆਸੀ ਮੰਚ ਇਹਨਾਂ ਨੂੰ ਨਾਲ ਤੋਰੇ ਬਿਨਾ ਸੱਤਾ ਵਿਚ ਤਾਂ ਸ਼ਾਇਦ ਆ ਜਾਵੇ ਪਰ ਕੋਈ ਸਿਫ਼ਤੀ ਤਬਦੀਲੀ ਨਹੀਂ ਲਿਆ ਸਕਦਾ। ਸੰਯੁਕਤ ਕਿਸਾਨ ਮੋਰਚੇ ਨੂੰ ਇਹਨਾਂ ਦੀ ਸਾਂਝ ਅਤੇ ਇਹਨਾਂ ਨਾਲ ਸਾਂਝੇ ਪਲੇਟਫਾਰਮ ਬਣਾ ਕੇ ਕੰਮ ਕਰਨ ਲਈ ਆਧਾਰ ਤਿਆਰ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਸਮਾਜ ਦੇ ਕਿਰਤਜੀਵੀ ਬਾਕੀ ਵਰਗਾਂ ਨਾਲ ਸਾਝੀਆਂ ਸਮਝਾਂ ਵਿਕਸਿਤ ਕਰਕੇ ਵੱਡਾ ਮੁਹਾਜ਼ ਤਿਆਰ ਕਰਨਾ ਚਾਹੀਦਾ ਹੈ ਅਤੇ ਫੇਰ ਆਪਣੇ ਦਮ ਤੇ ਸਿਆਸੀ ਸੱਤਾ ਰਾਹੀਂ ਲੋਕ ਪੱਖੀ ਏਜੰਡਿਆਂ ਤੇ ਕੰਮ ਕਰਦੇ ਹੋਏ ਸਿਫ਼ਤੀ ਤਬਦੀਲੀ ਦੇ ਰਾਹ ਪੈਣਾ ਚਾਹੀਦਾ ਹੈ। ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਯਾਦ ਰੱਖਣਾ, ਲੋਕਾਂ ਨੇ ਜਿੰਨਾ ਵੱਡਾ ਸਮਰਥਨ ਤੁਹਾਨੂੰ ਦਿੱਤਾ ਹੈ ਅਤੇ ਤੁਹਾਡੇ 'ਤੇ ਜਿੰਨਾ ਵਿਸ਼ਵਾਸ ਕੀਤਾ ਹੈ ਅਤੇ ਤੁਹਾਡੇ ਤੋਂ ਜਿੰਨੀ ਆਸ ਰੱਖੀ ਹੈ... ਇਹ 'ਦਿ ਲਾਸਟ ਲੀਫ' ਕਹਾਣੀ ਦੇ ਆਖਰੀ ਪੱਤੇ ਵਾਂਗ ਹੈ...

ਜੇ ਤੁਸੀਂ ਵੀ ਕਿਸੇ ਵੀ ਮਜਬੂਰੀ ਜਾਂ ਲਾਲਚ ਵਿਚ ਲੋਕਾਂ ਦਾ ਵਿਸ਼ਵਾਸ ਅਤੇ ਧਰਵਾਸ ਤੋੜਿਆ ਤਾਂ ਸ਼ਾਇਦ ਆਖਰੀ ਪੱਤੇ ਦੇ ਡਿੱਗ ਜਾਣ ਵਰਗੀ ਸਥਿਤੀ ਹੋ ਸਕਦੀ ਹੈ... ਸੋਚੋ... ਬਹੁਤ ਸੋਚੋ... ਬਹੁਤ ਤੋਂ ਵੀ ਬਹੁਤ ਸੋਚੋ... ਲੱਖਾਂ ਲੋਕਾਂ ਦੇ ਧਰਵਾਸ, ਵਿਸ਼ਵਾਸ ਅਤੇ ਆਸ ਦਾ ਧਿਆਨ ਧਰ ਕੇ ਸੋਚੋ...।

ਆਖਰੀ ਪੱਤਾ ਕਿਸੇ ਵੀ ਹਾਲਤ ਵਿਚ ਨਹੀਂ ਟੁੱਟਣਾ ਚਾਹੀਦਾ...।

# ਕਿਸਾਨ ਅਤੇ ਚੋਣਾਂ ਬਨਾਮ ਖਤਰਾ ਅਤੇ ਲਾਲਸਾ

ਕਿਸਾਨ ਗਰੁੱਪਾਂ ਦਾ ਚੋਣਾਂ ਲੜਨ ਦਾ ਪਲੈਨ ਬਹੁਤ ਖਤਰੇ ਅਤੇ ਲਾਲਸਾ ਵਾਲਾ ਹੈ। ਇਸ ਵਿਚ ਮੂਰਖਾਨਾ ਹੱਦ ਤੱਕ ਲਾਲਸਾ ਝਲਕ ਰਹੀ ਹੈ। ਕਿਸਾਨ ਲੀਡਰਾਂ ਦੀ ਜੋ ਇਜ਼ਤ ਪਿਛਲੇ ਸਮੇਂ ਵਿਚ ਬਣੀ ਹੈ, ਉਹ ਉਨ੍ਹਾਂ ਚੰਦ ਦਿਨਾਂ ਵਿਚ ਮਿੱਟੀ ਵਿਚ ਮਿਲਾ ਲੈਣੀ ਹੈ। ਲੱਗਦਾ ਹੈ ਕਿ ਬਲਬੀਰ ਸਿੰਘ ਰਾਜੇਵਾਲ ਹੋਰਾਂ ਨੇ ਜਾਂਦੀ ਵਾਰ ਸਿਰ ਵਿਚ ਸੁਆਹ ਪੁਆਉਣ ਦੀ ਪੱਕੀ ਠਾਣੀ ਹੈ। ਜਿੰਨਾ ਇਜ਼ਤ-ਮਾਣ ਕਿਸਾਨ ਅੰਦੋਲਨ ਦੌਰਾਨ ਕਿਸਾਨ ਲੀਡਰਾਂ ਨੂੰ ਮਿਲਿਆ, ਉਸ ਤਰਾਂ ਦਾ ਸਨਮਾਨ

ਸ਼ਮੀਲ

ਇਤਿਹਾਸ ਵਿਚ ਕਦੇ-ਕਦੇ ਕਿਸੇ ਦੇ ਹਿੱਸੇ ਆਉਂਦਾ ਹੈ। ਉਸ ਨੂੰ ਸੰਭਾਲਣ ਦੀ ਬਜਾਇ, ਉਸ ਸਨਮਾਨ ਨੂੰ ਕਾਇਮ ਰੱਖਣ ਦੀ ਬਜਾਏ ਉਹ ਖੁਦਕੁਸ਼ੀ ਦੇ ਰਾਹ ਤੁਰ ਪਏ ਹਨ। ਕੁਝ ਨੁਕਤੇ ਵਿਚਾਰ ਲਈ ਸ਼ੇਅਰ ਕਰਨਾ ਚਾਹ ਰਿਹਾ ਹਾਂ:

ਤੁਹਾਡਾ ਅੰਦੋਲਨ ਅਜੇ ਖਤਮ ਨਹੀਂ ਹੋਇਆ। ਅਜੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਅਤੇ ਹੋਰ ਮੰਗਾਂ 'ਤੇ ਗੱਲ ਚੱਲ ਰਹੀ ਹੈ। ਇਸ਼ਾਰੇ ਪਹਿਲਾਂ ਹੀ ਇਹ ਮਿਲਣੇ ਸ਼ੁਰੂ ਹੋ ਗਏ ਹਨ ਕਿ ਸਰਕਾਰ ਖੇਤੀ ਕਾਨੂੰਨ ਵਾਪਿਸ ਲਿਆ ਸਕਦੀ ਹੈ। ਸਿਆਸੀ ਪਾਰਟੀ ਬਣਾਉਣ ਤੋਂ ਬਾਅਦ ਤੁਸੀਂ ਕਿਹੜੇ ਮੂੰਹ ਨਾਲ ਕਿਸਾਨਾਂ ਦੇ ਨੁਮਾਇੰਦੇ ਬਣ ਕੇ ਸਰਕਾਰ ਨਾਲ ਗੱਲ ਕਰੋਗੇ?

ਹਰ ਅੰਦੋਲਨ ਵਿਚੋਂ ਸਿਆਸੀ ਲੋਕ ਵੀ ਨਿਕਲਦੇ ਹਨ ਅਤੇ ਜੇ ਕੁਝ ਲੋਕ ਕਿਸਾਨ ਸੰਗਠਨਾਂ ਨੂੰ ਛੱਡ ਕੇ ਸਿਆਸਤ ਵਿਚ ਚਲੇ ਜਾਂਦੇ ਤਾਂ ਇਸ ਨਾਲ ਕਿਸੇ ਨੂੰ ਕੋਈ ਸਮੱਸਿਆ ਨਹੀਂ ਸੀ ਹੋਣੀ ਪਰ ਅਜੇ ਕੱਲ੍ਹ ਤੁਹਾਡਾ ਅੰਦੋਲਨ ਖਤਮ ਹੋਇਆ ਹੈ ਅਤੇ ਹੁਣੇ ਤੁਸੀਂ ਪਾਰਟੀ ਬਣਾਉਣ ਦੇ ਰਾਹ ਤੁਰ ਪਏ ਹੋ। ਕੁਝ ਤਾਂ ਸ਼ਰਮ ਤੁਹਾਨੂੰ ਕਰਨੀ ਚਾਹੀਦੀ ਹੈ।

ਕਿਸਾਨ ਲੀਡਰਾਂ ਨੂੰ ਪੰਜਾਬ ਦੇ ਅਤੇ ਮੁਲਕ ਦੇ ਲੋਕਾਂ ਨੇ ਸਨਮਾਨ ਦਿਤਾ ਪਰ ਇਹ ਗੱਲ ਉਨ੍ਹਾਂ ਨੂੰ ਸਮਝਣੀ ਚਾਹੀਦੀ ਹੈ ਕਿ ਜਦੋਂ ਵੋਟ ਪਾਉਣ ਦੀ ਗੱਲ ਆਉਣੀ ਹੈ ਤਾਂ ਗੱਲ ਹੋਰ ਹੋ ਜਾਣੀ ਹੈ। ਗੈਰ-ਜੱਟ ਵੋਟ ਕਿਸਾਨ ਲੀਡਰਾਂ ਨੂੰ ਐਨੀ ਅਸਾਨੀ ਨਾਲ ਨਹੀਂ ਪੈਣੀ, ਜਿੰਨੀ ਇਸ ਵੇਲੇ ਉਨ੍ਹਾਂ ਨੂੰ ਲੱਗਦੀ ਹੈ। ਇਹ ਬੜਾਂ ਗੰਭੀਰ ਨੁਕਤਾ ਹੈ। ਇਸ ਬਾਰੇ ਉਨ੍ਹਾਂ ਨੂੰ ਠੰਢੇ ਦਿਮਾਗ ਨਾਲ ਸੋਚਣਾ ਚਾਹੀਦਾ ਹੈ।

ਮੋਦੀ-ਅਮਿਤ ਸ਼ਾਹ ਦੀ 'ਵੰਡੋ ਅਤੇ ਰਾਜ ਕਰੋ' ਦੀ ਨੀਤੀ ਨੇ ਵੀ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਨੇ ਇਕ ਪਾਸੇ ਪੰਜਾਬ ਵਿਚ ਗਰਮ-ਖਿਆਲ ਸਿੱਖ ਸਿਆਸਤ ਨੂੰ ਸ਼ਹਿ ਦੇ ਕੇ ਅਤੇ ਡਰ ਦਾ ਮਹੌਲ ਪੈਦਾ ਕਰਕੇ ਪੰਜਾਬ ਦੇ ਹਿੰਦੂ ਵੋਟਰ ਨੂੰ ਇਕ ਪਾਸੇ ਇਕੱਠਾ ਕਰਨਾ ਹੈ ਅਤੇ ਦੂਜੇ ਪਾਸੇ ਬਾਕੀ ਵੋਟਾਂ ਨੂੰ ਕਈ ਹਿੱਸਿਆਂ ਵਿਚ ਵੰਡਣਾ ਹੈ। ਅਜਿਹੇ ਮਾਹੌਲ ਵਿਚ ਕਿਸਾਨ ਲੀਡਰਾਂ ਦਾ ਆਪਣੀ ਪਾਰਟੀ ਬਣਾਉਣਾ ਸਿੱਧੇ ਤੌਰ ਤੇ ਮੋਦੀ-ਅਮਿਤ ਸ਼ਾਹ ਦੀ ਚਾਲ ਵਿਚ ਫਸਣਾ ਹੋਵੇਗਾ ਅਤੇ ਜਿਸ ਮੋਦੀ ਨੂੰ ਉਹ ਦਿੱਲੀ ਵਿਚ ਬੜੀ ਸ਼ਾਨ ਨਾਲ ਹਰਾ ਕੇ ਆਏ ਨੇ, ਉਸੇ ਮੋਦੀ ਨੂੰ ਪੰਜਾਬ ਵਿਚ ਜਿਤਾਉਣ ਦਾ ਕਾਰਨ ਬਣਨਗੇ।




*ਸੰਯੁਕਤ ਸਮਾਜ ਮੋਰਚਾ ਦੀ ਪ੍ਰੈੱਸ ਕਾਨਫਰੰਸ ਦੀ ਝਲਕ।*

ਕਿਸਾਨ ਅੰਦੋਲਨ ਦੀ ਕਾਮਯਾਬੀ ਵੱਡੀ ਇਤਿਹਾਸਕ ਕਾਮਯਾਬੀ ਹੈ। ਅਜੇ ਸਟੱਡੀ ਕਰਨ ਵਾਲੇ ਲੋਕਾਂ ਨੇ ਪੂਰੇ ਮੁਲਕ ਵਿਚ ਇਸ 'ਤੇ ਕੰਮ ਸ਼ੁਰੂ ਕਰਨਾ ਹੈ। ਲੋਕ ਕਿਸਾਨ ਲੀਡਰਸ਼ਿਪ ਨੂੰ ਵੱਡੇ-ਵੱਡੇ ਸਨਮਾਨ ਦਿਵਾਉਣ ਦੀਆਂ ਗੱਲਾਂ ਕਰ ਰਹੇ ਨੇ। ਕੁਝ ਲੋਕਾਂ ਨੇ ਤਾਂ ਸੰਯੁਕਤ ਕਿਸਾਨ ਮੋਰਚੇ ਨੂੰ ਨੋਬੇਲ ਅਮਨ ਇਨਾਮ ਦੀ ਵੀ ਗੱਲ ਕੀਤੀ। ਇਸ ਤਰ੍ਹਾਂ ਦੀ ਗੱਲ ਤੁਰਨਾ ਵੀ ਆਪਣੇ ਆਪ ਵਿਚ ਵੱਡੀ ਪ੍ਰਾਪਤੀ ਹੈ ਪਰ ਜਿਸ ਪਾਸੇ ਕਿਸਾਨ ਲੀਡਰ ਤੁਰ ਪਏ ਹਨ, ਉਨ੍ਹਾਂ ਦੀ ਹਾਲਤ ਪੁਰਾਣੇ ਮੁਹਾਵਰੇ 'ਉਹ ਫਿਰੇ ਨੱਥ ਘੜਾਉਣ ਨੂੰ, ਉਹ ਫਿਰੇ ਨੱਕ ਵਢਾਉਣ ਨੂੰ' ਵਾਲੀ ਹੋ ਗਈ ਹੈ।

ਇਹ ਤਸੱਲੀ ਵਾਲੀ ਗੱਲ ਹੈ ਕਿ ਜੋਗਿੰਦਰ ਸਿੰਘ ਉਗਰਾਹਾਂ ਅਤੇ ਕੁਝ ਹੋਰ ਕਿਸਾਨ ਲੀਡਰ ਆਪਣੇ ਆਪ ਨੂੰ ਇਸ ਲਾਲਸਾ ਤੋਂ ਪਾਸੇ ਰੱਖ ਰਹੇ ਨੇ। ਇਸ ਨਾਲ ਉਨ੍ਹਾਂ ਦਾ ਸਨਮਾਨ ਹੋਰ ਉੱਚਾ ਹੋਵੇਗਾ। ਇਕ ਕਿਸਾਨ ਜਥੇਬੰਦੀ ਦੇ ਰੂਪ ਵਿਚ ਸੰਯੁਕਤ ਕਿਸਾਨ ਮੋਰਚੇ ਨੂੰ ਬਚਾ ਕੇ ਰੱਖਣ ਲਈ ਅਜਿਹੇ ਲੀਡਰਾਂ ਨੂੰ ਖੁੱਲ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਅਤੇ ਲਾਲਸਾ ਵਸ ਡੋਲੇ ਕੁਝ ਕਿਸਾਨ ਲੀਡਰਾਂ ਤੋਂ ਆਪਣੇ ਆਪ ਨੂੰ ਵੱਖ ਕਰਨਾ ਚਾਹੀਦਾ ਹੈ।

ਬਲਬੀਰ ਸਿੰਘ ਰਾਜੇਵਾਲ ਹੋਰਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਚੋਣਾਂ ਵਿਚ ਜਿੱਤਣ ਦੀ ਜਾਂ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਦੀ ਕੋਈ ਗਾਰੰਟੀ ਉਨ੍ਹਾਂ ਨੂੰ ਨਹੀਂ ਦੇ ਸਕਦਾ। ਆਪਣੀ ਜ਼ਿੰਦਗੀ ਦੇ ਇਸ ਪੜਾਅ 'ਤੇ ਉਹ ਕਿਉਂ ਐਨਾ ਵੱਡਾ ਰਿਸਕ ਲੈ ਰਹੇ ਨੇ ਕਿ ਜੋ ਕੁਝ ਪਿਛਲੇ ਸਾਲ ਵਿਚ ਬਣਿਆ ਹੈ, ਉਸ ਨੂੰ ਮਿੱਟੀ ਵਿਚ ਮਿਲਾਉਣ ਦੇ ਰਾਹ 'ਤੇ ਤੁਰ ਪਏ ਨੇ?

ਅਜੇ ਵੀ ਕੁਝ ਨਹੀਂ ਵਿਗੜਿਆ। ਇਕ ਪ੍ਰੈਸ਼ਰ-ਗਰੁੱਪ ਦੇ ਤੌਰ 'ਤੇ ਕਿਸਾਨ ਮੋਰਚਾ ਚੋਣਾਂ ਦੌਰਾਨ ਸਰਗਰਮ ਰਹਿ ਸਕਦਾ ਹੈ ਪਰ ਉਨ੍ਹਾਂ ਨੂੰ ਆਪਣੀ ਵੱਖਰੀ ਅਤੇ ਆਜ਼ਾਦ ਪਛਾਣ ਕਾਇਮ ਰੱਖਣੀ ਚਾਹੀਦੀ ਹੈ। ਚੋਣਾਂ ਵਿਚ ਸ਼ਾਮਲ ਹੋ ਕੇ ਅਤੇ ਕਿਸੇ ਪਾਰਟੀ ਨਾਲ ਜੁੜ ਕੇ ਉਹ ਆਪਣੀ ਇਜ਼ਤ ਅਤੇ ਅਸਰ ਗਵਾ ਲੈਣਗੇ। ਮੋਦੀ-ਅਮਿਤ ਸ਼ਾਹ ਤੰਤਰ ਨੂੰ ਚੈਲੰਜ ਕਰਨ ਵਾਲੇ ਇਕ ਗਰੁੱਪ ਦੇ ਤੌਰ 'ਤੇ ਮੁਲਕ ਵਿਚ ਸੰਯੁਕਤ ਕਿਸਾਨ ਮੋਰਚੇ ਦਾ ਕਾਇਮ ਰਹਿਣਾ ਬਹੁਤ ਜ਼ਰੂਰੀ ਹੈ।

ਅਰਵਿੰਦ ਕੇਜਰੀਵਾਲ ਕਾਮਯਾਬ ਸਿਆਸਤਦਾਨ ਹੈ ਪਰ ਇਹ ਹਕੀਕਤ ਹੈ ਕਿ ਉਹ ਤਾਂ ਉਨ੍ਹਾਂ ਲੋਕਾਂ 'ਤੇ ਵੀ ਭਰੋਸਾ ਨਹੀਂ ਕਰਦਾ, ਜਿਹੜੇ ਪਹਿਲੇ ਦਿਨ ਤੋਂ ਉਸ ਨਾਲ ਤੁਰੇ ਹੋਏ ਨੇ। ਕਈ ਕਹਿੰਦੇ ਕਹਾਉਂਦਿਆਂ ਨੂੰ ਪਾਰਟੀ ਵਿਚੋਂ ਕੱਢ ਚੁੱਕਾ ਹੈ। ਉਸ ਦੀ ਮਾਨਸਿਕਤਾ ਵੱਡੇ ਬਾਦਲ ਵਾਲੀ ਹੈ। ਕੇਜਰੀਵਾਲ ਆਪਣੇ ਤੋਂ ਸਿਵਾ ਹੋਰ ਕਿਸੇ ਨੂੰ ਅੱਗੇ ਨਹੀਂ ਆਉਣ ਦੇਣਾ ਚਾਹੁੰਦਾ। ਉਹ ਕਿਸਾਨ ਲੀਡਰਾਂ ਦਾ ਕੀ ਹਾਲ ਕਰੇਗਾ, ਅੰਦਾਜ਼ਾ ਹੁਣ ਤੋਂ ਹੀ ਲਾ ਲੈਣਾ ਚਾਹੀਦਾ ਹੈ।

ਜੇ ਕੁਝ ਸਮਾਂ ਲੰਘ ਜਾਂਦਾ ਤਾਂ ਗੱਲ ਹੋਰ ਹੁੰਦੀ ਪਰ ਇਸ ਵਕਤ ਚੋਣਾਂ ਵਿਚ ਸ਼ਾਮਲ ਹੋਣ ਦਾ ਕਿਸਾਨ ਲੀਡਰਾਂ ਦਾ ਫੈਸਲਾ ਬਹੁਤ ਹੀ ਵੱਡਾ ਰਿਸਕ ਹੈ। ਹੈਰਾਨੀ ਹੁੰਦੀ ਹੈ ਕਿ ਕੁਰਸੀ ਦੀ ਲਾਲਸਾ ਨੇ ਉਨ੍ਹਾਂ ਦੀਆਂ ਅੱਖਾਂ 'ਤੇ ਐਨਾ ਵੱਡਾ ਪਰਦਾ ਪਾ ਦਿੱਤਾ ਹੈ ਕਿ ਉਨ੍ਹਾਂ ਨੂੰ ਕਿਸਾਨ ਮੋਰਚੇ ਅਤੇ ਆਪਣੇ ਨਿੱਜੀ ਮਾਣ-ਸਨਮਾਨ ਲਈ ਐਨਾ ਵੱਡਾ ਰਿਸਕ ਨਜ਼ਰ ਨਹੀਂ ਆ ਰਿਹਾ। ਆਖਰ ਅਜਿਹਾ ਕੀ ਹੈ, ਜਿਸ ਵਾਸਤੇ ਉਹ ਐਨਾ ਵੱਡਾ ਰਿਸਕ ਲੈ ਰਹੇ ਨੇ?

# ਵਧਦੀ ਉਮਰ, ਵਧਦੀ ਲੋਕਪ੍ਰਿਯਤਾ

**ਮੇਰੀ ਫਿਲਮੀ ਆਤਮ-ਕਥਾ**



ਬਲਰਾਜ ਸਾਹਨੀ

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ। ਇਸ ਦੀ ਅਗਲੀ ਕਿਸ਼ਤ ਹਾਜ਼ਰ ਹੈ।***

ਉਹ ਪ੍ਰੋਡਿਊਸਰ ਅਤੇ ਮੈਂ ਕਿਸੇ ਜ਼ਮਾਨੇ ਕਾਲਜ ਵਿਚ ਇਕੱਠੇ ਪੜ੍ਹੇ ਸਾਂ। ਮੇਰੇ ਦਿਲ ਵਿਚ ਦੋਸਤੀ ਦੀ ਬੜੀ ਡੂੰਘੀ ਕਦਰ ਹੈ, ਏਸੇ ਲਈ ਜਿਤਨਾ ਹੋ ਸਕੇ, ਦੋਸਤਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਹਾਂ। ਇਤਨੇ ਵਰ੍ਹਿਆਂ ਤੋਂ ਅਸੀਂ ਦੋਵੇਂ ਆਪਣੀ-ਆਪਣੀ ਵੱਖਰੀ ਨੁੱਕਰੇ ਸਫਲਤਾ ਦੀ ਪੜਸਾਂਗ ਚੜ੍ਹ ਰਹੇ ਸਾਂ। ਖੌਰੇ ਕਿਹੜੇ ਮਨਹੂਸ ਦਿਨ ਮੈਂ ਉਸ ਦੇ ਢਹੇ ਚੜ੍ਹ ਗਿਆ।

ਹਰ ਮੁਮਕਿਨ ਢੰਗ ਨਾਲ ਮੈਂ ਦੋਸਤੀ ਉਪਰ ਹਰਫ ਨਾ ਆਉਣ ਦੇਣ ਦੀ ਕੋਸ਼ਿਸ਼ ਕੀਤੀ ਸੀ। ਪੈਸਿਆਂ ਦੀ ਆਪਣੇ ਮੂੰਹੋਂ ਕਦੇ ਗੱਲ ਨਹੀਂ ਸੀ ਕੀਤੀ। ਜੋ ਉਸ ਦਿਤੇ, ਲੈ ਲਏ - ਦੂਜਿਆਂ ਕੋਲੋਂ ਜੋ ਲੈਂਦਾ ਹਾਂ, ਉਸ ਦਾ ਅੱਧ-ਪਚੱਧ। ਵੇਲੇ-ਕੁਵੇਲੇ ਜਦੋਂ ਵੀ ਉਸ ਨੇ ਬੁਲਾਇਆ, ਦੂਜਿਆਂ ਦਾ ਕੰਮ ਛਡ ਕੇ ਪਹਿਲਾਂ ਉਸ ਦਾ ਕੰਮ ਕੀਤਾ। ਫੇਰ ਵੀ, ਜ਼ਾਲਮ ਦਾ ਜੀਅ ਨਹੀਂ ਭਰਿਆ। ਮਸਾਂ ਰਾਈ ਦੇ ਦਾਣੇ ਜਿਤਨਾ ਹੁਣ ਕੰਮ ਬਾਕੀ ਰਹਿ ਗਿਆ ਸੀ, ਤੇ ਐਨ ਏਸ ਵੇਲੇ ਉਹਨੇ ਪਿਛੋਂ ਲੱਤ ਕੱਢ ਮਾਰੀ ਮੈਨੂੰ। ਚੰਗਾ, ਉਹ ਵੀ ਕੀ ਯਾਦ ਕਰੇਗਾ। ਹੇਠੀ ਸਹਿਣਾ ਤਾਂ ਮੈਂ ਵੀ ਨਹੀਂ ਸਿੱਖਿਆ ਪਰ ਕਾਰਨ ਕੀ ਉਸ ਦੇ ਇੰਜ ਕਰਨ ਦਾ? ਸਮਝ ਨਹੀਂ ਸੀ ਆ ਰਿਹਾ।

ਰਾਤੀਂ ਮੈਂ ਕਿਤਨਾ ਚਿਰ ਸੌਂ ਨਹੀਂ ਸਾਂ ਸਕਿਆ। ਸਵੇਰੇ ਉਠਦਿਆਂ ਸਾਰ ਫੇਰ ਦਿਮਾਗ ਖੌਲ ਪਿਆ ਸੀ। ਤਨ-ਬਦਨ ਇੰਜ ਤਪ ਰਿਹਾ ਸੀ, ਜਿਵੇਂ ਠੂਏਂ ਨੇ ਡੰਗ ਮਾਰਿਆ ਹੋਵੇ।

ਕੱਲ੍ਹ ਘਰੋਂ ਨਿਕਲਣ ਤੋਂ ਪਹਿਲਾਂ ਡਾਇਰੀ ਵੇਖੀ ਸੀ। ਸੈਕਰੇਟਰੀ ਨੇ ਲਿਖਿਆ ਹੋਇਆ ਸੀ ਕਿ ਚੈਂਬੂਰ ਦੀ ਸ਼ੂਟਿੰਗ ਪਿਛੋਂ ਸ਼ਾਮੀਂ ਸਤ ਤੋਂ ਦਸ ਵਜੇ ਤਕ ਦਾਦਰ ਦੇ ਉਸ ਦੋਸਤ ਪ੍ਰੋਡਿਊਸਰ ਦੀ ਪਿਕਚਰ ਦੇ ਦੋ ਸ਼ਾਟ ਦੇਣ ਜਾਣਾ ਹੈ। ਠੀਕ ਵਕਤ ਸਿਰ ਮੈਂ ਥੱਕਿਆ-ਹਾਰਿਆ ਉਸ ਦੀ ਹਾਜ਼ਰੀ ਭਰਨ ਜਾ ਪੁੱਜਿਆ ਸਾਂ। ਅੱਗੇ ਵੇਖਿਆ, ਉਹ ਨਿਸ਼ਚਿੰਤ ਹੋ ਕੇ ਸਟੂਡੀਓ ਦੇ ਹਾਤੇ ਵਿਚ ਕਿਸੇ ਹੋਰ ਆਰਟਿਸਟ ਦੇ ਸ਼ਾਟ ਲੈ ਰਿਹਾ ਸੀ। ਮੇਰੇ ਵਲ ਉਹਨੇ ਇੰਜ ਮੁੜ ਕੇ ਵੇਖਿਆ, ਜਿਵੇਂ ਬਿਨਾ ਦਸਤਕ ਦਿਤੇ ਉਸ ਦੇ ਸੌਣ-ਕਮਰੇ ਵਿਚ ਵੜ ਆਇਆ ਹੋਵਾਂ। ਫੇਰ, ਕਿਤਨਾ ਚਿਰ ਉਹ ਏਧਰ-ਉਧਰ ਦੀਆਂ ਮਾਰਦਾ ਰਿਹਾ - ਕਦੇ ਹੀਰੋਇਨ ਨਾਲ, ਕਦੇ ਹੀਰੋ ਨਾਲ। ਅਸਲੀ ਗੱਲ ਦਾ ਜ਼ਿਕਰ ਤਕ ਨਹੀਂ। ਮੇਰਾ ਸ਼ਾਟ ਕਦੋਂ ਲੈਣਾ ਹੈ, ਲੈਣਾ ਵੀ ਹੈ ਕਿ ਨਹੀਂ, ਜਾਂ ਮੈਨੂੰ ਖਾਹ-ਮਖਾਹ ਬੁਲਾ ਲੈਣ ਦਾ ਕੋਈ ਅਫਸੋਸ ਈ ਹੋਵੇ। ਉਸ ਦੇ ਅਮਲੇ ਨੇ ਵੀ ਕੋਈ ਪੁਛ-ਪ੍ਰਤੀਤ ਨਹੀਂ ਸੀ ਕੀਤੀ। ਉਵੇਂ ਹੀ ਮੂੰਹ ਚੁੱਕ ਕੇ ਮੈਂ ਵਾਪਸ ਤੁਰ ਆਇਆ ਸਾਂ।

ਰਾਹ ਵਿਚ ਸੋਚਿਆ, ਸ਼ਾਇਦ ਮੇਰੇ ਆਪਣੇ ਵਲੋਂ ਗਲਤੀ ਹੋ ਗਈ ਹੋਵੇ। ਮੈਂ ਡਾਇਰੀ ਗਲਤ ਪੜ੍ਹੀ ਹੋਵੇ। ਘਰ ਆ ਕੇ ਤਸਦੀਕ ਕੀਤੀ ਸੀ। ਨਾ ਮੈਂ ਤੇ ਨਾ ਮੇਰੇ ਸੈਕਰੇਟਰੀ ਨੇ ਕੋਈ ਗਲਤੀ ਕੀਤੀ ਸੀ। ਮੇਰੇ ਅੰਦਰ ਗੁੱਸੇ ਦਾ ਭਾਂਬੜ ਜਿਹਾ ਬਲ ਪਿਆ ਸੀ।

ਖਾਣੇ ਦੀ ਮੇਜ਼ ਉਤੇ ਪਰੀਕਸ਼ਤ ਆਪਣੇ ਇਕ ਦੋਸਤ ਨੂੰ ਦੱਸ ਰਿਹਾ ਸੀ, ਕਿਵੇਂ ਰੂਸੀ ਫਿਲਮ ਸਟਾਰਾਂ ਨੂੰ ਉਤਨੀ ਹੀ ਤਨਖਾਹ ਮਿਲਦੀ ਹੈ, ਜਿਤਨੀ ਕਿਸੇ ਇੰਜੀਨੀਅਰ ਜਾਂ ਪ੍ਰੋਫੈਸਰ ਨੂੰ। ਸਾਧਾਰਨ ਲੋਕਾਂ ਵਾਂਗ ਹੀ ਉਹ ਬੱਸਾਂ-ਟਰੇਨਾਂ ਵਿਚ ਬੈਠ ਕੇ ਆਉਂਦੇ-ਜਾਂਦੇ ਹਨ। ਕਿਸੇ ਵਿਰਲੇ ਕੋਲ ਮੋਟਰ ਹੋਵੇਗੀ। ਨਾ ਕੋਈ ਉਹਨਾਂ ਦੇ ਕੰਮ ਨੂੰ ਅਤੇ ਨਾ ਹੀ ਉਹਨਾਂ ਦੀ ਸ਼ਖਸੀਅਤ ਨੂੰ ਗੈਰ-ਮਾਮੂਲੀ ਅਹਿਮੀਅਤ ਦੇਂਦਾ ਹੈ ਸਗੋਂ ਫਿਲਮਾਂ ਦੇ ਲੇਖਕ ਜਾਂ ਡਾਇਰੈਕਟਰ ਉਹਨਾਂ ਤੋਂ ਕਿਤੇ ਜ਼ਿਆਦਾ ਪੈਸੇ ਲੈਂਦੇ ਹਨ।

ਮੈਂ ਵਿਚੇ ਬੋਲ ਪਿਆ, "ਉੱਥੋਂ ਦੀ ਤੇ ਸਾਡੀ ਸਮਾਜਕ ਬਣਤਰ ਦਾ ਬੜਾ ਫਰਕ ਹੈ। ਇਥੇ ਹਿੰਦੁਸਤਾਨ ਵਿਚ ਝੂਠੀ ਸ਼ਾਨ ਵਿਖਾਏ ਬਗੈਰ ਇਨਸਾਨ ਦੀ ਆਪਣੇ ਘਰ ਵਿਚ ਕਦਰ ਨਹੀਂ ਹੁੰਦੀ, ਬਾਹਰ ਦਾ ਕੀ ਆਖ।"

ਪਰੀਕਸ਼ਤ ਅਤੇ ਉਸ ਦਾ ਦੋਸਤ ਹੈਰਾਨ ਹੋ ਕੇ ਮੇਰੇ ਵਲ ਵੇਖਣ ਲਗ ਪਏ ਸਨ।

ਕੁਝ ਸਮੇਂ ਤੋਂ ਮੇਰਾ ਉਹ ਦੋਸਤ ਪ੍ਰੋਡਿਊਸਰ ਆਪਣੀ ਅਗਲੀ ਪਿਕਚਰ ਦੇ ਕਾਂਟਰੈਕਟ ਬਾਰੇ ਇਸ਼ਾਰਿਆਂ ਨਾਲ ਗੱਲ ਤੋਰ ਰਿਹਾ ਸੀ। ਬੜੀ ਸ਼ਾਨਦਾਰ ਕਹਾਣੀ ਹੈ। ਬੜਾ ਸ਼ਾਨਦਾਰ ਰੋਲ ਹੈ ਪਰ ਮੈਂ ਮਸ਼ਟੋ ਮਾਰ ਜਾਂਦਾ ਸਾਂ। ਜਿਸ ਥਾਂ ਰੂਹ ਤਕੱਲਫਾਂ ਵਿਚ ਟੰਗੀ ਰਹੇ, ਉਥੇ ਕੰਮ ਕਰਨ ਦਾ ਸੁਆਦ ਨਹੀਂ ਆਉਂਦਾ। ਸ਼ੈਦ ਉਸ ਨੇ ਮੇਰੀ ਖਾਮੋਸ਼ੀ ਦਾ ਮਤਲਬ ਆਕੜ ਕੱਢਿਆ ਹੋਵੇ। ਸ਼ੈਦ ਸੋਚਿਆ ਹੋਵੇ ਕਿ ਮੈਂ ਪੈਸੇ ਵਧ ਮੰਗਣ ਦਾ ਮਨਸੂਬਾ ਬੰਨ੍ਹ ਰਿਹਾ ਹਾਂ। ਏਸੇ ਕਰਕੇ ਮੈਨੂੰ ਹੌਲਿਆਂ ਪਾਣ ਦਾ ਉਹਨੇ ਇਹ ਤਰੀਕਾ ਕੱਢਿਆ ਹੋਵੇ। ਕਿਤਨੀ ਹੋਛੀ ਹਰਕਤ ਸੀ। ਚੰਗਾ ਪੋਚਾ ਫੇਰਿਆ ਤੀਹ ਵਰ੍ਹੇ ਪੁਰਾਣੀ ਦੋਸਤੀ ਉੱਪਰ!


ਹੁਣ ਮੈਂ ਸਟੂਡੀਓ ਦੀ ਕੈਂਟੀਨ ਕੋਲੋਂ ਲੰਘ ਰਿਹਾ ਸਾਂ। ਕਿਚਨ ਦੀ ਬਾਰੀ ਵਿਚੋਂ ਦੋ ਕਰਮਚਾਰੀ ਮੁੰਡੇ ਬਾਹਰ ਝਾਕ ਰਹੇ ਸਨ। ਇਕ ਸੋਲ੍ਹਾਂ ਕੁ ਵਰ੍ਹਿਆਂ ਦਾ, ਇਕ ਵੀਹਾਂ ਪੰਝੀਆਂ ਦਾ। ਉਹਨਾਂ ਨੂੰ ਵੇਖ ਕੇ ਦੂਰੋਂ ਹੀ ਮੈਂ ਆਪਣੀ ਫੌਜੀ ਜੰਗਲ-ਹੈਟ ਦਰੁਸਤ ਕਰਨੀ ਸ਼ੁਰੂ ਕਰ ਦਿਤੀ ਸੀ। "ਹੈਲੋ ਬਲਰਾਜ", ਨਿੱਕੇ ਮੁੰਡੇ ਨੇ 'ਵਾਜ ਮਾਰੀ, ਜਿਵੇਂ ਮੈਂ ਉਸ ਦੇ ਹਾਣ ਦਾ ਹੀ ਹੋਵਾਂ। "ਹੈਲੋ", ਮੈਂ ਲਾਪਰਵਾਹੀ ਨਾਲ ਹਸ ਕੇ ਜਵਾਬ ਦਿਤਾ, ਤੇ ਅਗੇ ਲੰਘ ਗਿਆ। ਚਾਲ ਰਤਾ ਕੁ ਹੋਰ ਚੁਸਤ ਹੋ ਗਈ। "ਧਰਮਿੰਦਰ ਕਾ ਬਾਪ!" ਦੂਜੇ ਨੇ ਨਾਹਰਾ ਗੁੰਜਾਇਆ। ਮੇਰੀ ਚਾਲ ਰਤਾ ਕੁ ਢਿੱਲੀ ਪੈ ਗਈ।

ਅਜੀਬ ਅਧ-ਵਿਚਾਲੀ ਹਾਲਤ ਹੈ ਅੱਜ ਕੱਲ੍ਹ ਮੇਰੀ। ਰਵੇਲ ਸਾਹਬ ਦੀ ਪਿਕਚਰ 'ਸੰਘਰਸ਼' ਵਿਚ ਵਿਜੰਤੀਮਾਲਾ ਦੇ ਆਸ਼ਿਕੇ-ਜ਼ਾਰ ਦਾ ਰੋਲ ਕਰ ਰਿਹਾ ਹਾਂ। ਦਲੀਪ ਕੁਮਾਰ ਮੇਰਾ ਰਕੀਬ ਹੈ। ਤੇ ਸ਼ਾਮ ਬਹਿਲ ਸਾਹਬ ਦੀ ਪਿਕਚਰ 'ਦੁਨੀਆ' ਵਿਚ ਉਹੀ ਵਿਜੰਤੀਮਾਲਾ ਮੇਰੀ ਲੜਕੀ ਬਣੀ ਹੋਈ ਹੈ। ਅੱਧੀਆਂ ਪਿਕਚਰਾਂ ਵਿਚ ਜਵਾਨ, ਅੱਧੀਆਂ ਵਿਚ ਬੁੱਢਾ। ਪਿਕਚਰ ਦੇ ਪਹਿਲੇ ਹਿੱਸੇ ਵਿਚ ਜਵਾਨ, ਪਿਛਲੇ ਵਿਚ ਬੁੱਢਾ।

ਇਕ ਗੱਲ ਅਵੱਸ਼ ਪ੍ਰੋਡਿਊਸਰਾਂ ਨੂੰ ਚੁਭਦੀ ਹੋਵੇਗੀ ਕਿ ਉਮਰ ਢਲਣ ਦੇ ਬਾਵਜੂਦ ਮੇਰੀ 'ਮਾਰਕਿਟ' ਢਹਿੰਦੀਆਂ ਕਲਾਂ ਵਲ ਜਾਣ ਦਾ ਨਾਂ ਨਹੀਂ ਲੈਂਦੀ ਸਗੋਂ ਰੁਮਾਂਸ ਦੇ ਰੋਲ ਜੋ ਜਵਾਨੀ ਵਿਚ ਨਹੀਂ ਸਨ ਕੀਤੇ, ਮੈਂ ਅੱਜ ਕੱਲ੍ਹ ਕਰ ਰਿਹਾ ਹਾਂ।

ਜਵਾਨੀ ਦੇ ਦਿਨੀਂ ਪਰਵਾਨਿਆਂ ਨੇ ਆਪਣੇ ਖਤਾਂ ਵਿਚ ਮੇਰੀ ਖੂਬਸੂਰਤੀ ਦਾ ਕਦੇ ਜ਼ਿਕਰ ਨਹੀਂ ਸੀ ਕੀਤਾ। ਹੁਣ ਕੁੜੀਆਂ ਲਿਖਦੀਆਂ ਹਨ- 'ਆਏ ਦਿਨ ਬਹਾਰ ਕੇ' ਮੇਂ ਸਫੇਦ ਸੂਟ ਪਹਿਨ ਕਰ ਆਪ ਕਿਤਨੇ ਅੱਛੇ ਲਗਤੇ ਹੈਂ! ਕਿਆ ਆਪ ਉਸ ਪੋਜ਼ ਮੇਂ ਮੁਝੇ ਅਪਨਾ ਏਕ ਰੰਗੀਨ ਫੋਟੋ ਭੇਜ ਸਕੇਂਗੇ?' ਤੇ ਮੈਂ ਸੋਚਣ ਤੇ ਮਜਬੂਰ ਹੋ ਜਾਂਦਾ ਹਾਂ ਕਿ ਕੀ ਮੈਂ ਓਹੀ ਕਲਾਕਾਰ ਹਾਂ ਜਿਸ ਨੇ 'ਦੋ ਬਿਘਾ ਜ਼ਮੀਨ' ਵਰਗੀਆਂ ਪਿਕਚਰਾਂ ਵਿਚ ਕੰਮ ਕੀਤਾ ਸੀ?





*ਇਕ ਫਿਲਮ ਦੇ ਇਕ ਦ੍ਰਿਸ਼ ਵਿਚ ਬਲਰਾਜ ਸਾਹਨੀ ਅਤੇ (ਸੱਜੇ) ਆਪਣੇ ਪੁੱਤਰ ਪਰੀਕਸ਼ਤ ਨਾਲ।*

ਉਸ ਪ੍ਰੋਡਿਊਸਰ ਦੋਸਤ ਦੀ ਪਿਕਚਰ ਵਿਚ ਵੀ ਤਾਂ ਮੈਂ ਜਵਾਨ ਆਦਮੀ ਦਾ ਹੀ ਰੋਲ ਕਰ ਰਿਹਾ ਹਾਂ। ਸ਼ੈਦ ਉਹ ਖਾਰ ਖਾ ਗਿਆ ਹੋਵੇ ਮੇਰੀ ਵਧਦੀ ਸ਼ੁਹਰਤ ਤੋਂ, ਮੇਰੀ ਲਮਕਦੀ ਫਿਲਮੀ ਜਵਾਨੀ ਤੋਂ। ਸੋਚਦਾ ਹੋਵੇ, ਇਹ ਦੂਜਾ ਅਸ਼ੋਕ ਕੁਮਾਰ ਕਿੱਥੋਂ ਪੈਦਾ ਹੋ ਗਿਆ? ਮੇਰਾ ਅਪਮਾਨ ਕਰਕੇ ਸ਼ੈਦ ਉਸ ਨੇ ਆਪਣਾ ਅਹਿਸਾਸੇ-ਕਮਤਰੀ ਸਹਿਲਾਇਆ ਹੋਵੇ? ਤਾਂ ਤੇ ਬਹੁਤੀ ਮਾੜੀ ਗੱਲ ਨਹੀਂ। ਦਿਲ ਕੁਝ ਹੋਰ ਬਸ਼ਾਸ਼ ਹੋ ਗਿਆ। ਚਾਲ ਵਿਚ ਫੇਰ ਵਾਧੂ ਚੁਸਤੀ ਆ ਗਈ। ਦਿਮਾਗ ਉੱਚੀਆਂ ਉਡਾਰੀਆਂ ਮਾਰਨ ਲਗ ਪਿਆ। ਆਗੇ ਆਗੇ ਦੇਖੀਏ ਹੋਤਾ ਹੈ ਕਿਆ। ਹਾਲੀਵੁਡ ਵਿਚ ਤਾਂ ਮੇਰੀ ਉਮਰੇ ਪਹੁੰਚ ਕੇ ਹੀ ਫਿਲਮ ਐਕਟਰ ਸਿਖਰਾਂ ਛੂੰਹਦੇ ਹਨ। ਕੀ ਪਤਾ ਉਲਟੀ ਗੰਗਾ ਇਸ ਦੇਸ਼ ਵਿਚ ਵਹਾਣ ਦੀ ਜ਼ਿੰਮੇਦਾਰੀ ਮੇਰੇ ਮੋਢਿਆਂ 'ਤੇ ਹੀ ਪੈਣੀ ਹੋਵੇ? ਜੇ ਇੰਜ ਹੀ ਹੋਣੀ ਵਾਪਰ ਗਈ ਤਾਂ ਦਲੀਪ ਕੁਮਾਰ, ਰਾਜ ਕਪੂਰ ਤੇ ਦੇਵ ਆਨੰਦ ਦੀ ਕੀ ਹਾਲਤ ਹੋਵੇਗੀ? ਉਹ ਤਾਂ ਸਾਰੇ ਮੈਥੋਂ ਦਸ-ਦਸ, ਬਾਰਾਂ-ਬਾਰਾਂ ਵਰ੍ਹੇ ਛੋਟੇ ਹਨ? ਉਹਨਾਂ ਦਾ ਤਾਂ ਖਾਣਾ, ਪੀਣਾ, ਸੌਣਾ, ਉੱਠਣਾ, ਬੈਠਣਾ ਹਰਾਮ ਹੋ ਜਾਏਗਾ।

ਬੜੀ ਮੁਸ਼ਕਿਲ ਨਾਲ ਆਪਣੇ ਆਪ ਨੂੰ ਸ਼ੇਖਚਿੱਲੀਪੁਣੇ ਵਿਚੋਂ ਖਿਚ ਕੇ ਬਾਹਰ ਲਿਆਂਦਾ। ਕਿੱਥੇ ਜਾ ਪੁਜਿਆ ਏਂ ਮਨਾਂ? ਜ਼ਾਤ ਦੀ ਕੋਹੜ ਕਿਰਲੀ, ਸ਼ਤੀਰੀਆਂ ਨੂੰ ਜੱਫੇ? ਜਿਤਨੀ ਸ਼ੁਹਰਤ ਉਹਨਾਂ ਅਦਾਕਾਰਾਂ ਨੇ ਹੰਡਾਈ ਹੈ, ਉਹ ਤੇਰੇ ਸੁਪਨਿਆਂ ਵਿਚ ਨਹੀਂ ਆ ਸਕਦੀ। ਜ਼ਰਾ ਹੋਸ਼ ਠਿਕਾਣੇ ਤਾਂ ਕਰ ਆਪਣੇ।


ਅਹਾਤੇ ਵਿਚ ਬੇਕਾਰ ਹੋਏ ਪੁਰਾਣੇ ਸੈੱਟਾਂ ਦੇ, ਧਾਰਮਕ ਪਿਕਚਰਾਂ ਦੇ ਦੇਵੀ ਦੇਵਤਿਆਂ ਦੇ ਥਾਂ-ਥਾਂ ਢੇਰ ਲਗੇ ਹੋਏ ਸਨ। ਕਦੇ ਨਾ ਕਦੇ ਏਸੇ ਕਿਸੇ ਢੇਰ ਹੇਠ ਬਲਰਾਜ ਦੀਆਂ ਹੱਡੀਆਂ ਵੀ ਰੁਲਦੀਆਂ ਮਿਲਣਗੀਆਂ - ਮਨ ਵਿਚ ਖਿਆਲ ਉੱਠਿਆ। ਕਿੱਥੇ ਗਿਆ ਸਹਿਗਲ, ਤੇ ਕਿੱਥੇ ਗਈਆਂ ਕਾਨਨ ਬਾਲਾ, ਪਹਾੜੀ ਸਾਨਯਾਲ, ਜਮੁਨਾ, ਬਰੂਆ, ਅਤੇ ਚੰਦਰ ਮੋਹਨ ਦੀਆਂ ਸ਼ੁਹਰਤਾਂ? ਇਕ ਨਾ ਇਕ ਦਿਨ ਮੇਰੇ ਪ੍ਰੋਡਿਊਸਰ ਦੋਸਤ ਨੇ ਵੀ ਓਸੇ ਮੁਕਾਮ ਉਤੇ ਪਹੁੰਚਣਾ ਹੈ, ਜਿੱਥੇ ਨਿਊ ਥੇਟਰਜ਼ ਅਤੇ ਪ੍ਰਭਾਤ ਫਿਲਮ ਕੰਪਨੀ ਵਾਲੇ ਪਹੁੰਚ ਚੁੱਕੇ ਹਨ। ਕੋਈ ਦੋ ਦਿਨ ਪਹਿਲਾਂ, ਕੋਈ ਪਿੱਛੋਂ। ਹੁਣ ਤਾਂ ਬੰਬਈ ਵਿਚ ਸਟੂਡੀਓ ਵੀ ਹੌਲੀ-ਹੌਲੀ ਖਾਤਮੇ ਵਲ ਜਾ ਰਹੇ ਹਨ। ਸਰਕਾਰ ਗੁਰੂ ਦੱਤ ਦੇ ਸਟੂਡੀਓ ਵਿਚੋਂ ਦੀ ਸੜਕ ਕੱਢਣ ਉੱਤੇ ਤੁਲੀ ਹੋਈ ਹੈ। ਸੈਂਟਰਲ ਸਟੂਡੀਓ ਸਫਾਏ ਹਸਤੀ ਤੋਂ ਮਿਟ ਚੁੱਕਾ ਹੈ। ਉਸ ਦੀ ਥਾਂ ਦਸ-ਦਸ ਮੰਜ਼ਲ ਦੀਆਂ ਬਿਲਡਿੰਗਾਂ ਬਣ ਚੁੱਕੀਆਂ ਹਨ ਪਰ ਜਦੋਂ ਵੀ ਮੈਂ ਉਸ ਪਾਸਿਓਂ ਲੰਘਦਾ ਹਾਂ, ਉਹਨਾਂ ਬਿਲਡਿੰਗਾਂ ਵਿਚੋਂ ਅਣਗਿਣਤ ਯਾਦਾਂ ਉੱਠ ਕੇ ਮੇਰੇ ਚੁਤਰਫੀਂ ਉਡਣ ਲਗ ਪੈਂਦੀਆਂ ਹਨ - ਚੁੜੇਲਾਂ ਵਾਂਗ। ਮਰਨ ਤੋਂ ਕੁਝ ਦਿਨ ਪਹਿਲਾਂ ਏਸੇ ਸੈਂਟਰਲ ਸਟੂਡੀਓ ਵਿਚ ਯਾਕੂਬ ਨੇ ਮੇਰੇ ਨਾਲ ਆਪਣੀ ਅਖੀਰਲੀ ਸ਼ੂਟਿੰਗ ਕੀਤੀ ਸੀ। ਅਲ ਨਾਸਿਰ ਵੀ ਸੀ ਓਸੇ ਫਿਲਮ ਵਿਚ। ਉਹ ਕੁਝ ਅਰਸਾ ਪਹਿਲਾਂ ਮਰ ਗਿਆ ਸੀ। ਕਈ ਵਰ੍ਹੇ ਫਿਲਮ ਬੰਦ ਪਈ ਰਹੀ ਜੋ ਫੇਰ 'ਅਕੇਲਾ' ਦੇ ਨਾਂ ਹੇਠ ਨਸ਼ਰ ਹੋਈ ਸੀ। ਹਵਾ ਵਿਚ ਜਾਂ ਸਿਨੇਮਾ ਦੇ ਪਰਦੇ ਉਤੇ ਥਿਰਕਣ ਵਾਲੇ ਇਹੋ ਪਰਛਾਵੇਂ ਹੀ ਤਾਂ ਫਿਲਮੀ ਅਦਾਕਾਰ ਦੀ ਜ਼ਿੰਦਗੀ ਦੀ ਅਸਲੀਅਤ ਹਨ। ਸਟੂਡੀਓ ਨੂੰ ਮਸਮਾਰ ਕਰ ਕੇ ਉਹ ਅਸਲੀਅਤ ਸਾਥੋਂ ਖੋਹਣ ਦਾ ਉਹਨਾਂ ਨੂੰ ਕੀ ਅਧਿਕਾਰ ਸੀ? ਮੈਂ ਉਹਨਾਂ ਨੂੰ ਕਦੇ ਮਾਫ ਨਹੀਂ ਕਰ ਸਕਦਾ।

ਅਤੇ ਆਪਣੇ ਪ੍ਰੋਡਿਊਸਰ ਦੋਸਤ ਨੂੰ ਵੀ ਮੈਂ ਮੁਆਫ ਨਹੀਂ ਕਰ ਸਕਦਾ। ਉਹਨੇ ਅਪਮਾਨ ਸੱਚਮੁੱਚ ਕੀਤਾ, ਜਾਂ ਮੈਨੂੰ ਵਹਿਮ ਹੋਇਆ, ਬਦਲਾ ਤਾਂ ਮੈਂ ਜ਼ਰੂਰ ਲਵਾਂਗਾ। ਬੜੀ ਚੰਗੀ ਸਕੀਮ ਬਣਾਈ ਹੋਈ ਹੈ ਮੈਂ ਵੀ ਜਿਸ ਅਨੁਸਾਰ ਇਕ ਦਿਨ ਸਿਖਰ ਦੁਪਹਿਰੇ ਉਹ ਤੇ ਉਹਦਾ ਸਾਰਾ ਅਮਲਾ ਬੰਬਈ ਸ਼ਹਿਰ ਦੀਆਂ ਸੜਕਾਂ ਉਤੇ ਕੈਮਰਾ ਲਾ ਕੇ ਮੈਨੂੰ ਰੱਜ-ਰੱਜ ਕੇ ਉਡੀਕਣਗੇ ਅਤੇ ਮੈਂ ਓਸੇ ਸਮੇਂ ਦਿੱਲੀ ਦੀ ਹਵਾ ਖਾ ਰਿਹਾ ਹੋਵਾਂਗਾ। ਆਪੇ ਨਸੀਹਤ ਹੋ ਜਾਵੇਗੀ। ਪਹੁੰਚ ਗਿਆ ਟੈਲੀਫੋਨ ਕੋਲ। ਕੀ ਨੰਬਰ ਹੈ? 343...

ਆਓ, ਹੁਣ 'ਫਲੈਸ਼-ਬੈਕ' ਸ਼ੁਰੂ ਕਰੀਏ।

***(ਚੱਲਦਾ)***

# ਫੁਰਕਾਨ ਕੁਰੈਸ਼ੀ ਦੀ ਅਦਾਕਾਰੀ ਦਾ ਜਾਦੂ



ਪੰਜ ਮਈ 1988 ਦਾ ਜੰਮਿਆ ਫੁਰਕਾਨ ਕੁਰੈਸ਼ੀ ਪਾਕਿਸਤਾਨ ਦਾ ਟੈਲੀਵਿਜ਼ਨ ਅਦਾਕਾਰ ਹੈ। ਕਰਾਚੀ ਵਿਚ ਵੱਸਦੇ ਇਸ ਨੌਜਵਾਨ ਅਦਾਕਾਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ 'ਟੀ.ਵੀ. ਵੰਨ' ਉਤੇ ਨਸ਼ਰ ਹੁੰਦੇ ਪ੍ਰੋਗਰਾਮ 'ਸ਼ਾਇਸਤਾ ਸ਼ਾਇਸਤਾ' ਵਿਚ ਇਕ ਛੋਟੇ ਜਿਹੇ ਰੋਲ ਤੋਂ ਕੀਤੀ ਸੀ। ਅੱਜ ਕੱਲ੍ਹ ਉਸ ਦੀ ਅਦਾਕਾਰੀ ਦੀਆਂ ਹਰ ਪਾਸੇ ਧੁੰਮਾਂ ਪਈਆਂ ਹੋਈਆਂ ਹਨ।

ਫੁਰਕਾਨ ਕੁਰੈਸ਼ੀ ਨੂੰ ਪਹਿਲਾ ਵੱਡਾ ਮੌਕਾ ਯੂਥ ਸੀਰੀਜ਼ 'ਡਰੀਮਰਜ਼' ਵਿਚ ਮਿਲਿਆ। ਫਿਰ ਉਸ ਨੂੰ 'ਗੋਇਆ', 'ਮੁਕੱਦਸ' ਆਦਿ ਵਰਗੇ ਟੀ.ਵੀ. ਸੀਰੀਅਲਾਂ ਵਿਚ ਕੁਝ ਵੱਡੇ ਕਿਰਦਾਰਾਂ ਮਿਲਣੇ ਸ਼ੁਰੂ ਹੋਏ। ਫਿਰ ਉਸ ਦੀ ਮਿਹਨਤ ਰੰਗ ਲਿਆਈ ਅਤੇ ਉਸ ਨੂੰ ਪਹਿਲੀ ਵਾਰ '100 ਦਿਨ ਕੀ ਕਹਾਨੀ' ਵਿਚ ਲੀਡ ਰੋਲ ਨਿਭਾਉਣ ਦਾ ਮੌਕਾ ਮਿਲਿਆ। ਇਸ ਕਿਰਦਾਰ ਲਈ ਉਸ ਨੂੰ 'ਹਮ ਇਨਾਮ' ਵੀ ਮਿਲਿਆ। ਫਿਰ ਤਾਂ ਉਹ ਬਹੁਤ ਸਾਰੇ ਟੀ.ਵੀ. ਸੀਰੀਅਲਾਂ ਦਾ ਹਿੱਸਾ ਬਣਿਆ ਜਿਨ੍ਹਾਂ ਵਿਚ 'ਜ਼ਿੰਦਗੀ ਤੁਝ ਕੋ ਜੀਆ', 'ਖੁਦਾ ਮੇਰੇ ਭੀ ਹੈਂ', 'ਮੇਰਾ ਆਂਗਨ', 'ਰਿਸ਼ਤੇ ਕੱਚੇ ਧਾਗੋਂ ਕੇ', 'ਗਲੀ ਮੇਂ ਚਾਂਦ ਨਿਕਲਾ', 'ਦਾਸੀ', 'ਲੋਗ ਕਯਾ ਕਹੇਂਗੇ', 'ਔਲਾਦ', 'ਰਸਕ-ਏ-ਬਿਸਮਿਲ', 'ਅਜ਼ਮਾਇਸ਼', 'ਬਾਨੋ' ਆਦਿ ਸ਼ਾਮਿਲ ਹਨ। ਫੁਰਕਾਨ ਕੁਰੈਸ਼ੀ ਨੇ ਤਿੰਨ ਟੈਲੀ ਫਿਲਮਾਂ- 'ਸਬ ਸੇ ਮੁਸ਼ਕਿਲ ਸ਼ਾਦੀ' (2017), ਕੰਬਖਤ (2017) ਅਤੇ 'ਹਮ ਚਲੇ ਆਏ' (2028) ਵਿਚ ਵੀ ਕੰਮ ਕੀਤਾ। ਇਸ ਤੋਂ ਇਲਾਵਾ ਉਸ ਨੇ ਵੈੱਬ ਸੀਰੀਜ਼ 'ਏਕ ਝੂਠੀ ਲਵ ਸਟੋਰੀ' ਵਿਚ ਵੀ ਕੰਮ ਕੀਤਾ। ਇਸ ਵੈੱਬ ਸੀਰੀਜ਼ ਵਿਚ ਉਹਦੇ ਨਾਲ ਬਿਲਾਲ ਅੱਬਾਸ ਖਾਨ, ਸਈਦਾ ਮਦੀਹਾ ਇਮਾਮ, ਕਿਰਨ ਹੱਕ ਅਤੇ ਮਰੀਅਮ ਸਲੀਮ ਨੇ ਵੀ ਕੰਮ ਕੀਤਾ ਹੈ। ਇਹ ਕਹਾਣੀ ਦੋ ਜੀਆਂ ਦੁਆਲੇ ਘੁੰਦੀ ਹੈ ਜੋ ਮੁਕੰਮਲ ਜੀਵਨ ਸਾਥੀ ਦੀ ਤਲਾਸ਼ ਵਿਚ ਹਨ। ਉਹ ਸੋਸ਼ਲ ਮੀਡੀਆ ਉਤੇ ਫਰਜ਼ੀ ਖਾਤੇ ਖੋਲ੍ਹਦੇ ਹਨ।

ਫੁਰਕਾਨ ਕੁਰੈਸ਼ੀ ਦਾ ਕਹਿਣਾ ਹੈ ਕਿ ਉਹ ਅਦਾਕਾਰੀ ਦੀ ਦੁਨੀਆ ਵਿਚ ਬਹੁਤ ਉਚੀ ਪਰਵਾਜ਼ ਭਰਨਾ ਚਾਹੁੰਦਾ ਹੈ। ਉਸ ਮੁਤਾਬਿਕ ਉਸ ਦਾ ਉਮਦਾ ਕੰਮ ਤਾਂ ਅਜੇ ਆਉਣ ਵਾਲੇ ਸਮੇਂ ਵਿਚ ਲੋਕਾਂ ਨੇ ਦੇਖਣਾ ਹੈ। ***-ਆਮਨਾ ਕੌਰ***



ਸ. ਅਵਤਾਰ ਸਿੰਘ
ਫੋਨ: 937-206-4674

# ਸਾਲ 2022 ਮੁਬਾਰਕ !

## ਵਾਹਿਗੁਰੂ ਅੱਗੇ ਅਰਦਾਸ ਹੈ, ਨਵਾਂ ਸਾਲ ਸਭਨਾਂ ਲਈ ਖੁਸ਼ੀਆਂ-ਖੇੜਿਆਂ ਤੇ ਅਮਨ ਭਰਿਆ ਰਹੇ

## Happy New Year 2022

ਰੁੱਸਿਆਂ ਦਾ ਮੇਲ ਕਰੀਂ, ਭੁੱਲਿਆਂ ਨੂੰ ਮੱਤ ਦੇਵੀਂ,
ਭੁੱਖਿਆਂ ਨੂੰ ਰੋਟੀ ਦੇਵੀਂ, ਸਿਰੋਂ ਨੰਗਿਆਂ ਨੂੰ ਛੱਤ ਦੇਵੀਂ,












ਸਾਰਿਆਂ ਦਾ ਕਰੀਂ ਤੂੰ ਖਿਆਲ ਮੇਰੇ ਮਾਲਕਾ,
ਸੁੱਖਾਂ ਦਾ ਚੜ੍ਹਾਵੀਂ ਨਵਾਂ ਸਾਲ ਮੇਰੇ ਮਾਲਕਾ...
ਦੂਰ ਕਰੀਂ ਮਨਾਂ ਵਿਚੋਂ ਵੈਰ ਤੇ ਬੁਰਾਈਆਂ ਨੂੰ,
ਏਕਤਾ ਦੀ ਲੋਅ ਦੇਵੀਂ ਧਰਮੀ ਲੜਾਈਆਂ ਨੂੰ,
ਹੱਲ ਕਰੀਂ ਮਜ਼ਹਬਾਂ ਦੇ ਸੁਆਲ ਮੇਰੇ ਮਾਲਕਾ,
ਸੁੱਖਾਂ ਦਾ ਚੜ੍ਹਾਵੀਂ ਨਵਾਂ ਸਾਲ ਮੇਰੇ ਮਾਲਕਾ...
ਫੁੱਲਾਂ ਦਾ ਤੂੰ ਰੂਪ ਦੇ ਦੇ ਕੰਡਿਆਲੀਆਂ ਤਾਰਾਂ ਨੂੰ,
ਕਰ ਦੇਵੀਂ ਨਕਾਰੇ ਸਭ ਮਾਰੂ ਹਥਿਆਰਾਂ ਨੂੰ,
ਠੰਢੇ ਕਰੀਂ ਦਿਲਾਂ ਦੇ ਉਬਾਲ ਮੇਰੇ ਮਾਲਕਾ,
ਸੁੱਖਾਂ ਦਾ ਚੜ੍ਹਾਵੀਂ ਨਵਾਂ ਸਾਲ ਮੇਰੇ ਮਾਲਕਾ...
ਧੀ ਨਾ ਕੋਈ ਲਾਵੇ ਦਾਗ ਬਾਬਲੇ ਦੀ ਪੱਗ ਨੂੰ,
ਅਕਲਾਂ ਨਾਲ ਠਾਰਦੇ ਤੂੰ ਨਸ਼ਿਆਂ ਦੀ ਅੱਗ ਨੂੰ,
ਬਚ ਜਾਣਾ ਮਾਵਾਂ ਦੇ ਸੋਹਣੇ ਲਾਲ ਮੇਰੇ ਮਾਲਕਾ
ਸੁੱਖਾਂ ਦਾ ਚੜ੍ਹਾਵੀਂ ਨਵਾਂ ਸਾਲ ਮੇਰੇ ਮਾਲਕਾ।












**ਅਵਤਾਰ ਸਿੰਘ, ਸਪਰਿੰਗਫੀਲਡ (ਓਹਾਇਓ) ਅਤੇ ਪਰਿਵਾਰ**